PANJAB TIMES

# ਪੰਜਾਬ ਟਾਈਮਜ਼

£2

ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ

21st - 28th August 2025 • Issue No. 3094

Europe's Leading Panjabi Weekly Since 1965

Panjab Times, Bridle Gate Lane, Derby, DE24 0QW (UK) • Tel: 07966 388 388 • www.panjabtimes.uk • Email: panjabtimes@aol.com

IMMIGRATION ADVICE BUREAU
SPECIALISTS ESTD 1989
FOR FREE INITIAL ADVICE
Contact: S.S.RAI
ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!



Tel: 020 8571 6680
India:+91-181 5086389

# ਮੋਰਕੈਂਬ ਸ਼ਹਿਰ ਦਾ ਫੁੱਟਬਾਲ ਕਲੱਬ ਪੰਜਾਬ ਵਾਰੀਅਰਜ਼ ਨੇ ਸੰਭਾਲਿਆ






ਯੂ ਕੇ ਵਿੱਚ ਪਹਿਲੇ ਪੰਜਾਬੀ ਮੈਨੇਜਰ ਅਸ਼ਵੀਰ ਸਿੰਘ ਮੋਰਕੈਂਬ ਐਫ ਸੀ ਗਰਾਊਂਡ ਵਿਖੇ, ਫੁੱਟਬਾਲ ਕਲੱਬ ਦੇ ਮੁੱਖੀ ਅਤੇ ਸਮੂਹ ਆਗੂ

ਮੋਰਕੈਂਬ ਸ਼ਹਿਰ ਜੋ ਕਿ ਮਾਨਚੈਸਟਰ ਸ਼ਹਿਰ ਦੇ ਨੇੜੇ ਹੈ। ਇਸ ਸ਼ਹਿਰ ਦਾ ਮੋਰਕੈਂਬ ਐਫ ਸੀ ਫੁੱਟਬਾਲ ਕਲੱਬ ਕਈ ਸਾਲਾਂ ਤੋਂ ਚਲ ਰਿਹਾ ਸੀ। ਪਿਛਲੇ ਕੁਝ ਸਾਲਾਂ ਤੋਂ ਖਰਚ ਨਾਲੋਂ ਆਮਦਨ ਘੱਟ ਰਹੀ ਸੀ। ਹੁਣ ਪਿਛਲੇ ਸਾਲ ਤੋਂ ਪੰਜਾਬ ਵਾਰੀਅਰਜ਼ ਵੱਲੋਂ ਇਸ ਕਲੱਬ ਨੂੰ ਖਰੀਦਣ ਦੀ ਗੱਲ ਚੱਲ ਰਹੀ ਸੀ। ਕਈ ਮੁਸ਼ਕਲਾਂ ਵੀ ਆਈਆਂ। ਹੁਣ ਪੰਜਾਬ ਵਾਰੀਅਰਜ਼ ਨੇ ਸਾਰੀਆਂ ਮੁਸ਼ਕਲਾਂ ਹੱਲ ਕਰਨ ਉਪਰੰਤ ਕਲੱਬ ਦੀ ਸੇਵਾ ਸੰਭਾਲ ਲਈ ਹੈ। ਪੰਜਾਬ ਵਾਰੀਅਰਜ਼ ਦੇ ਨਵੇਂ ਚੀਫ਼ ਮੈਂਬਰ ਰਾਪਿੰਦਰ ਸਿੰਘ ਨੇ ਦੱਸਿਆ ਕਿ ਪਿਛਲੇ ਕਈ ਹਫ਼ਤਿਆਂ ਵਿੱਚ ਬਹੁਤ ਮਿਹਨਤ ਕਰਨੀ ਪਈ। ਬਹੁਤ ਮੁਸ਼ਕਲਾਂ ਸਨ। ਯੂ ਕੇ ਦੀ ਧਰਤੀ ਤੇ ਫੁੱਟਬਾਲ ਕਲੱਬ ਖਰੀਦਣਾ ਸਮੂਹ ਪੰਜਾਬੀਆਂ ਅਤੇ ਸਿੱਖਾਂ ਨੂੰ ਮਾਣ ਦੀ ਗੱਲ ਹੈ। ਅਦਾਰਾ ਪੰਜਾਬ ਟਾਈਮਜ਼ ਅਦਾਰੇ ਵੱਲੋਂ ਅਸੀਂ ਸਾਰੇ ਕਲੱਬ ਦੇ ਮੁੱਖੀਆਂ ਦਾ ਇਸ ਉੱਦਮ ਤੇ ਧੰਨਵਾਦ ਕਰਦੇ ਹਾਂ। ਹੁਣ ਕਲੱਬ ਨੂੰ ਅੱਗੇ ਲਿਜਾਣ ਲਈ ਸਮੂਹ ਮੋਰਕੈਂਬ ਨਿਵਾਸੀ ਤੇ ਯੂ ਕੇ ਦੇ ਸਮੂਹ ਕਾਰੋਬਾਰੀ ਪੰਜਾਬੀਆਂ ਨੂੰ ਰਲ ਕੇ ਸਹਿਯੋਗ ਦੇਣਾ ਚਾਹੀਦਾ ਹੈ।

# ਵੁਲਵਰਹੈਂਪਟਨ 'ਚ ਦੋ ਬਜ਼ੁਰਗ ਸਿੱਖਾਂ 'ਤੇ ਹੋਇਆ ਹਮਲਾ

## ਗੋਰੇ ਨੌਜਵਾਨ ਨੇ ਦੋ ਸਿੱਖ ਬਜ਼ੁਰਗਾਂ ਨਾਲ ਕੀਤੀ ਕੁੱਟਮਾਰ

ਲੰਡਨ : ਇੰਗਲੈਂਡ ਦੇ ਸ਼ਹਿਰ ਵੁਲਵਰਹੈਂਪਟਨ 'ਚ 2 ਸਿੱਖ ਬਜ਼ੁਰਗਾਂ 'ਤੇ ਹਮਲਾ ਹੋਇਆ ਹੈ। ਸ਼ੋਸ਼ਲ ਮੀਡੀਆ 'ਤੇ ਵਾਇਰਲ ਹੋਈ ਵੀਡੀਓ 'ਚ ਇਕ ਗੋਰਾ ਨੌਜਵਾਨ ਇਕ ਸਿੱਖ ਬਜ਼ੁਰਗ ਨਾਲ ਹੱਥੋਪਾਈ ਕਰਦਾ ਹੋਇਆ ਨਜ਼ਰ ਆਉਂਦਾ ਹੈ, ਜਦਕਿ ਦੂਜਾ ਬਜ਼ੁਰਗ ਇਕ ਕਾਰ ਅੱਗੇ ਡਿੱਗਾ ਦਿਖਾਈ ਦੇ ਰਿਹਾ ਹੈ। ਵੀਡੀਓ ਕਲਿੱਪ 'ਚ ਗੋਰਾ ਨੌਜਵਾਨ ਸਿੱਖ ਬਜ਼ੁਰਗਾਂ ਨੂੰ ਲੱਤਾਂ ਮਾਰਦਾ ਹੋਇਆ ਵੀ ਨਜ਼ਰ ਆਉਂਦਾ ਹੈ। ਕੁਝ ਲੋਕਾਂ ਨੇ ਆਰੋਪੀਆਂ ਨੂੰ ਭਜਾਉਣ ਦੀ ਕੋਸ਼ਿਸ਼ ਕੀਤੀ ਅਤੇ ਵੀਡੀਓ 'ਚ ਸੁਣਾਈ ਦੇ ਰਿਹਾ ਹੈ ਕਿ ਹੁਣ ਇਸ ਨੂੰ ਬੰਦ ਕਰੋ! ਇਨ੍ਹਾਂ ਦੋ ਸਿੱਖ ਬਜ਼ੁਰਗਾਂ ਨੂੰ ਇਨ੍ਹਾਂ ਗੋਰਿਆਂ ਨੇ ਹੁਣੇ ਹੀ ਕੁੱਟਿਆ ਹੈ, ਤੁਸੀਂ ਕੀ ਕਰ ਰਹੇ ਹੋ? ਤੁਸੀਂ ਮੂਰਖ ਹੋ ! ਇਹ ਸਭ ਰਿਕਾਰਡ ਹੈ। ਉਕਤ ਘਟਨਾ ਨੂੰ ਲੈ ਕੇ ਸਿੱਖ ਭਾਈਚਾਰੇ 'ਚ ਗੁੱਸੇ ਦੀ ਲਹਿਰ ਹੈ। ਸਿੱਖ ਭਾਈਚਾਰੇ ਵੱਲੋਂ ਇਸ ਨੂੰ ਨਸਲੀ ਹਮਲਾ ਕਰਾਰ ਦਿੱਤਾ ਗਿਆ ਹੈ ਅਤੇ



ਆਰੋਪੀਆਂ ਖਿਲਾਫ਼ ਸਖਤ ਕਾਨੂੰਨੀ ਕਾਰਵਾਈ ਕਰਨ ਦੀ ਮੰਗ ਕੀਤੀ ਹੈ।

# ਭਾਈ ਹਰਦੀਪ ਸਿੰਘ ਨਿੱਝਰ ਦੇ ਕਾਤਲਾਂ ਨੂੰ ਕੈਨੇਡੀਅਨ ਅਦਾਲਤ 'ਚ ਨਹੀਂ ਕੀਤਾ ਗਿਆ ਪੇਸ਼


## ਮਾਮਲੇ ਦੀ ਅਗਲੀ ਸੁਣਵਾਈ 2 ਅਕਤੂਬਰ ਨੂੰ

ਨਵੀਂ ਦਿੱਲੀ (ਮਨਪ੍ਰੀਤ ਸਿੰਘ ਖਾਲਸਾ):- ਸਿੱਖ ਕੌਮ ਲਈ ਸ਼ਹੀਦੀ ਪਾਉਣ ਵਾਲੇ ਅਤੇ ਗੁਰੂ ਨਾਨਕ ਸਿੱਖ ਗੁਰਦੁਆਰਾ ਸਰੀ ਦੇ ਪ੍ਰਧਾਨ ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ ਜਿਨਾਂ ਨੂੰ ਗੁਰੂ ਘਰ ਦੀ ਹਦੂਦ ਦੇ ਅੰਦਰ ਗੋਲੀਆਂ ਮਾਰਕੇ ਸ਼ਹੀਦ ਕੀਤਾ ਗਿਆ ਸੀ ਉਹਨਾਂ ਦੇ ਕਾਤਲਾਂ ਨੂੰ ਨਿਊ- ਵੈਸਟਮਿੰਸਟਰ ਅਦਾਲਤ ਵਿਚ ਪੇਸ਼ ਨਹੀਂ ਕੀਤਾ ਅਤੇ ਕਾਤਲਾਂ ਦੇ ਵਕੀਲ ਵੀਡੀਓ ਕਾਲ ਰਾਹੀਂ ਕੋਰਟ ਵਿੱਚ ਪੇਸ਼ ਹੋਏ ਸਨ। ਦੱਸਣਯੋਗ ਹੈ ਕਿ ਇਹ ਚਾਰ ਭਾਰਤੀ ਮੂਲ ਦੇ ਕਾਤਲ ਹਨ ਜਿਨ੍ਹਾਂ ਨੂੰ ਪਿੱਛਲੇ ਸਾਲ ਕੈਨੇਡਾ




ਲਾਅ-ਇਨਫੋਰਸਮੈਂਟ ਨੇ ਗ੍ਰਿਫ਼ਤਾਰ ਕੀਤਾ ਸੀ। ਮੀਡੀਆ ਨਾਲ ਗੱਲਬਾਤ ਕਰਦਿਆਂ ਭਾਈ ਗੁਰਮੀਤ ਸਿੰਘ ਤੂਰ ਨੇ ਦੱਸਿਆ ਕਿ ਉਹਨਾਂ ਨੂੰ ਕੈਨੇਡਾ ਸਰਕਾਰ ਅਤੇ ਨਿਆ-ਪ੍ਰਣਾਲੀ ਤੇ ਪੂਰਾ ਭਰੋਸਾ ਹੈ ਅਤੇ ਭਵਿੱਖ ਵਿਚ ਹੋਣ ਵਾਲੀਆਂ ਕਾਰਵਾਈਆਂ ਵਿਚ ਉਹਨਾਂ ਦਾ ਪੂਰਨ ਸਹਿਯੋਗ ਕਰਨਗੇ। ਉਹਨਾਂ ਕਿਹਾ ਕਿ ਇਹ ਕਾਤਲ ਪਿਆਦੇ ਹਨ। ਜਦਕਿ ਇਸ ਪਿੱਛੇ ਭਾਰਤੀ ਹਕੂਮਤ ਅਤੇ ਉਨ੍ਹਾਂ ਦੇ ਕਰਿੰਦੇਆਂ ਨੂੰ ਜਿੰਮੇਵਾਰ ਹਨ ਤੇ ਕਿਹਾ ਕਿ ਇਸ ਬਾਰੇ ਸਾਬਕਾ ਮੁੱਖਮੰਤਰੀ ਟਰੂਡੋ ਵੀਂ ਜਿਕਰ ਕਰ ਚੁੱਕੇ ਹਨ। ਭਾਰਤੀ ਹਕੂਮਤ ਦੇ ਕਰਿੰਦਿਆਂ ਤੇ ਬਣਦੀ ਕਾਰਵਾਈ ਹੋਣੀ ਚਾਹੀਦੀ ਹੈ ਅਤੇ ਕਠਹਿਰੇ ਵਿੱਚ ਖੜੇ ਕਰਨਾ ਚਾਹੀਦਾ ਹੈ ਉਹਨਾਂ ਦਾ ਨਾ ਕੇਵਲ ਭਾਈ ਹਰਦੀਪ ਸਿੰਘ ਨਿੱਜਰ ਦੇ ਕਤਲ ਵਿੱਚ ਹੱਥ ਹੈ ਸਗੋਂ ਵਰਤਮਾਨ ਦੇ ਵਿੱਚ ਵੀ ਜੋ ਸਿੱਖ ਅਜ਼ਾਦੀ ਦੀ ਗੱਲ ਕੈਨੇਡਾ ਵਰਗੇ ਦੇਸ਼ਾਂ ਵਿੱਚ ਰਹਿਕੇ ਕਰਦੇ ਹਨ ਉਹਨਾਂ ਨੂੰ ਵੀ ਭਾਰਤੀ ਹਕੂਮਤ ਆਪਣੇ ਨਿਸ਼ਾਨੇ ਤੇ ਰੱਖ ਰਹੀ ਹੈ।

# ਸਿਹਤ ਤੇ ਸੁੰਦਰਤਾ



## ਖਾਂਦੇ ਵਕਤ ਵੀ ਦੇਖਦੇ ਹੋ ਮੋਬਾਈਲ ਤਾਂ ਹੋ ਜਾਓ ਸਾਵਧਾਨ !



ਅੱਜ-ਕੱਲ੍ਹ ਜ਼ਿੰਦਗੀ 'ਚ ਸਮਾਰਟਫੋਨ ਦਾ ਦਖ਼ਲ ਇੰਨਾ ਵੱਧ ਗਿਆ ਹੈ ਕਿ ਲੋਕ ਖਾਣਾ ਖਾਂਦੇ ਸਮੇਂ ਤੇ ਟਾਇਲਟ 'ਚ ਵੀ ਆਪਣਾ ਸਮਾਰਟਫੋਨ ਨਹੀਂ ਛੱਡਦੇ। ਖਾਣਾ ਖਾਂਦੇ ਸਮੇਂ ਸਮਾਰਟਫੋਨ ਦੀ ਵਰਤੋਂ ਕਰਨ ਦੀ ਆਦਤ ਸਿਹਤ ਲਈ ਬਹੁਤ ਖ਼ਤਰਨਾਕ ਸਾਬਿਤ ਹੋ ਸਕਦੀ ਹੈ। ਇਸ ਆਦਤ ਕਾਰਨ ਲੋਕ ਆਪਣੇ ਖਾਣੇ ਵੱਲ ਧਿਆਨ ਨਹੀਂ ਦਿੰਦੇ, ਜਿਸ ਕਾਰਨ ਲੋੜ ਤੋਂ ਵੱਧ ਖਾਣਾ ਚੰਗੀ ਤਰ੍ਹਾਂ ਚਬਾਏ ਬਿਨਾਂ ਖਾਣ ਵਰਗੀਆਂ ਗਲਤੀਆਂ ਹੋ ਜਾਂਦੀਆਂ ਹਨ। ਇਸ ਦਾ ਸਿਹਤ 'ਤੇ ਬੁਰਾ ਪ੍ਰਭਾਵ ਪੈਂਦਾ ਹੈ। ਆਓ ਜਾਣਦੇ ਹਾਂ ਇਸ ਆਦਤ ਨਾਲ ਕਿਹੜੇ ਰੋਗਾਂ ਦਾ ਖ਼ਤਰਾ ਵਧਦਾ ਹੈ।

### ਖਾਣਾ ਖਾਂਦੇ ਸਮੇਂ ਸਮਾਰਟਫੋਨ ਦੀ ਵਰਤੋਂ ਕਰਨ ਦੇ ਖ਼ਤਰੇ

ਸ਼ੂਗਰ-ਖਾਂਦੇ ਸਮੇਂ ਸਮਾਰਟਫੋਨ ਦੀ ਵਰਤੋਂ ਕਰਨ ਦੀ ਆਦਤ ਸ਼ੂਗਰ ਦਾ ਖ਼ਤਰਾ ਵਧਾ ਸਕਦੀ ਹੈ। ਇਸ ਆਦਤ ਕਾਰਨ ਮੈਟਾਬੋਲਿਜ਼ਮ ਹੌਲੀ ਹੋ ਜਾਂਦਾ ਹੈ ਅਤੇ ਖਾਣਾ ਠੀਕ ਤਰ੍ਹਾਂ ਪ੍ਰੋਸੈੱਸ ਨਹੀਂ ਹੋ ਪਾਉਂਦਾ। ਜਿਸ ਕਾਰਨ ਭਾਰ ਵਧਣ ਲੱਗਦਾ ਹੈ। ਇਸ ਨਾਲ ਸ਼ੂਗਰ ਦਾ ਖ਼ਤਰਾ ਵਧ ਜਾਂਦਾ ਹੈ।

ਮੋਟਾਪਾ-ਖਾਂਦੇ ਸਮੇਂ ਫੋਨ 'ਤੇ ਰੁੱਝੇ ਰਹਿਣ ਨਾਲ ਵੀ ਮੋਟਾਪੇ ਦਾ ਖ਼ਤਰਾ ਵਧ ਜਾਂਦਾ ਹੈ। ਫੋਨ 'ਤੇ ਰੁੱਝੇ ਰਹਿਣ ਨਾਲ ਅਕਸਰ ਲੋਕ ਲੋੜ ਤੋਂ ਵੱਧ ਖਾਂਦੇ ਹਨ। ਇਹ ਜ਼ਿਆਦਾ ਖਾਣਾ ਮੋਟਾਪੇ ਦੇ ਰੂਪ 'ਚ ਪ੍ਰਗਟ ਹੁੰਦਾ ਹੈ।

ਪਾਚਨ ਪ੍ਰਣਾਲੀ 'ਤੇ ਪ੍ਰਭਾਵ-ਖਾਂਦੇ ਸਮੇਂ ਫ਼ੋਨ ਦੀ ਵਰਤੋਂ ਕਰਨ ਕਾਰਨ, ਲੋਕ ਅਕਸਰ ਆਪਣਾ ਭੋਜਨ ਸਹੀ ਢੰਗ ਨਾਲ ਨਹੀਂ ਚਬਾ ਪਾਉਂਦੇ। ਭੋਜਨ ਠੀਕ ਤਰ੍ਹਾਂ ਨਾਲ ਪਚਣ ਕਾਰਨ ਪੇਟ ਦਰਦ, ਕਬਜ਼ ਅਤੇ ਹੋਰ ਗੰਭੀਰ ਬੀਮਾਰੀਆਂ ਦਾ ਖ਼ਤਰਾ ਵਧ ਜਾਂਦਾ ਹੈ।

## ਗੁਰਦਿਆਂ ਨੂੰ ਸਿਹਤਮੰਦ ਰੱਖਣ ਲਈ ਕਿੰਨਾ ਪਾਣੀ ਪੀਣਾ ਚਾਹੀਦਾ ਹੈ



ਗੁਰਦੇ ਸਾਡੇ ਸਰੀਰ ਦੇ ਬਹੁਤ ਹੀ ਮਹੱਤਵਪੂਰਨ ਅੰਗ ਹਨ ਜੋ ਕਈ ਜ਼ਰੂਰੀ ਕੰਮ ਕਰਦੇ ਹਨ, ਜਿਵੇਂ ਕਿ ਸਰੀਰ ਵਿੱਚੋਂ ਜ਼ਹਿਰੀਲੇ ਪਦਾਰਥਾਂ ਨੂੰ ਬਾਹਰ ਕੱਢਣਾ, ਹਾਰਮੋਨ ਪੈਦਾ ਕਰਨਾ ਅਤੇ ਇਲੈਕਟ੍ਰੋਲਾਈਟਸ ਦਾ ਸੰਤੁਲਨ ਬਣਾਈ ਰੱਖਣਾ।

ਪਾਣੀ ਦੀ ਮਾਤਰਾ: ਕੀ ਹੈ ਸਹੀ ਗਿਣਤੀ ?-ਗੁਰਦਿਆਂ ਨੂੰ ਸਿਹਤਮੰਦ ਰੱਖਣ ਲਈ ਪਾਣੀ ਦੀ ਕੋਈ ਨਿਸ਼ਚਿਤ ਮਾਤਰਾ ਨਹੀਂ ਹੈ, ਪਰ ਮਾਹਰਾਂ ਦਾ ਕਹਿਣਾ ਹੈ ਕਿ ਸਰੀਰ ਦੀ ਲੋੜ ਅਨੁਸਾਰ ਪਾਣੀ ਪੀਣਾ ਚਾਹੀਦਾ ਹੈ। ਪਿਆਸ ਲੱਗਣਾ ਸਰੀਰ ਦਾ ਪਾਣੀ ਮੰਗਣ ਦਾ ਸਭ ਤੋਂ ਸਹੀ ਸੰਕੇਤ ਹੈ।

ਇੱਕ ਆਮ ਸਿਹਤਮੰਦ ਬਾਲਗ ਨੂੰ ਰੋਜ਼ਾਨਾ 2 ਤੋਂ 3 ਲੀਟਰ ਪਾਣੀ ਪੀਣਾ ਚਾਹੀਦਾ ਹੈ।

ਇਹ ਜ਼ਰੂਰੀ ਨਹੀਂ ਕਿ ਇਹ ਸਿਰਫ਼ ਸਾਦਾ ਪਾਣੀ ਹੀ ਹੋਵੇ। ਦੁੱਧ, ਜੂਸ ਜਾਂ ਲੱਸੀ ਵਰਗੇ ਤਰਲ ਪਦਾਰਥਾਂ ਰਾਹੀਂ ਵੀ ਸਰੀਰ ਨੂੰ ਪਾਣੀ ਮਿਲਦਾ ਹੈ।

ਪਾਣੀ ਦੀ ਲੋੜ ਵਿਅਕਤੀ ਦੀ ਉਮਰ, ਸਰੀਰਕ ਗਤੀਵਿਧੀ ਅਤੇ ਵਾਤਾਵਰਣ 'ਤੇ ਨਿਰਭਰ ਕਰਦੀ ਹੈ। ਗਰਮ ਮੌਸਮ ਵਿੱਚ ਜ਼ਿਆਦਾ ਪਾਣੀ ਪੀਣਾ ਚਾਹੀਦਾ ਹੈ।

ਗੁਰਦੇ ਜਾਂ ਦਿਲ ਦੀ ਬਿਮਾਰੀ ਵਾਲੇ ਮਰੀਜ਼ਾਂ ਲਈ ਪਾਣੀ ਦੀ ਮਾਤਰਾ ਸੀਮਤ ਹੋ ਸਕਦੀ ਹੈ, ਇਸ ਲਈ ਉਹਨਾਂ ਨੂੰ ਡਾਕਟਰ ਦੀ ਸਲਾਹ ਲੈਣੀ ਚਾਹੀਦੀ ਹੈ।

ਗੁਰਦਿਆਂ ਨੂੰ ਸਿਹਤਮੰਦ ਰੱਖਣ ਦੇ ਹੋਰ ਤਰੀਕੇ-ਪਾਣੀ ਤੋਂ ਇਲਾਵਾ, ਗੁਰਦਿਆਂ ਦੀ ਸਿਹਤ ਲਈ ਕੁਝ ਹੋਰ ਜ਼ਰੂਰੀ ਗੱਲਾਂ ਦਾ ਧਿਆਨ ਰੱਖਣਾ ਬਹੁਤ ਜ਼ਰੂਰੀ ਹੈ:

ਸੰਤੁਲਿਤ ਖੁਰਾਕ: ਖੁਰਾਕ ਵਿੱਚ ਜ਼ਿਆਦਾ ਲੂਣ ਅਤੇ ਖੰਡ ਦੀ ਵਰਤੋਂ ਤੋਂ ਬਚੋ। ਜ਼ਿਆਦਾ ਲੂਣ ਗੁਰਦਿਆਂ 'ਤੇ ਵਾਧੂ ਦਬਾਅ ਪਾਉਂਦਾ ਹੈ।

ਨਿਯਮਿਤ ਕਸਰਤ: ਸਰੀਰ ਦੇ ਭਾਰ ਨੂੰ ਕੰਟ੍ਰੋਲ ਵਿੱਚ ਰੱਖਣ ਲਈ ਸਰੀਰਕ ਤੌਰ 'ਤੇ ਸਰਗਰਮ ਰਹੋ।

ਡਾਕਟਰ ਦੀ ਸਲਾਹ ਬਿਨਾਂ ਦਵਾਈ ਨਾ ਖਾਓ: ਖਾਸ ਕਰਕੇ ਦਰਦ ਨਿਵਾਰਕ ਦਵਾਈਆਂ ਗੁਰਦਿਆਂ ਨੂੰ ਨੁਕਸਾਨ ਪਹੁੰਚਾ ਸਕਦੀਆਂ ਹਨ।


ਬਲੱਡ ਪ੍ਰੈਸ਼ਰ 'ਤੇ ਕੰਟਰੋਲ: ਹਾਈ ਬਲੱਡ ਪ੍ਰੈਸ਼ਰ ਦਾ ਸਿੱਧਾ ਅਸਰ ਗੁਰਦਿਆਂ 'ਤੇ ਪੈਂਦਾ ਹੈ। ਜੇ ਤੁਹਾਨੂੰ ਹਾਈ ਬਲੱਡ ਪ੍ਰੈਸ਼ਰ ਦੀ ਸਮੱਸਿਆ ਹੈ, ਤਾਂ ਇਸ ਨੂੰ ਦਵਾਈਆਂ ਨਾਲ ਕੰਟ੍ਰੋਲ ਵਿੱਚ ਰੱਖੋ।

ਤੰਬਾਕੂਨੋਸ਼ੀ ਛੱਡੋ: ਸਿਗਰਟਨੋਸ਼ੀ ਵੀ ਗੁਰਦਿਆਂ ਦੀ ਸਿਹਤ ਲਈ ਹਾਨੀਕਾਰਕ ਹੈ।

## * ਚੁੰਝਾਂ–ਪ੍ਹੌਂਚੇ *

ਲੇਖਕ - ਨਿਰਮਲ ਸਿੰਘ ਕੰਧਾਲਵੀ





***ਪੰਜਾਬ ਦੇ ਦਰਿਆਵਾਂ ਤੇ ਡੈਮਾਂ 'ਚ ਪਾਣੀ ਵਧਣ ਨਾਲ ਛੇ ਜ਼ਿਲ੍ਹਿਆਂ 'ਚ ਹੜ੍ਹਾਂ ਦੀ ਸਥਿਤੀ ਬਣੀ-ਇਕ ਖ਼ਬਰ**

-ਪੰਜਾਬ ਸਰਕਾਰ ਹੜ੍ਹਾਂ ਨਾਲ ਹੋਏ ਨੁਕਸਾਨ ਦਾ ਖ਼ਰਚਾ ਰਾਜਸਥਾਨ, ਦਿੱਲੀ ਅਤੇ ਹਰਿਆਣੇ ਤੋਂ ਵਸੂਲ ਕਰੇ।

***2027 ਦੀਆਂ ਵਿਧਾਨ ਸਭਾ ਚੋਣਾਂ ਲਈ ਸਿਆਸੀ ਹਲਚਲ ਹੋ ਗਈ ਸ਼ੁਰੂ- ਇਕ ਖ਼ਬਰ**

-ਵੱਜ ਗਏ ਢੋਲ ਨਗਾਰੇ, ਸਿਆਸੀ ਪਿੜ ਗਰਮ ਹੋਇਆ।



***ਹੜ੍ਹਾਂ ਨਾਲ਼ ਹੋਏ ਨੁਕਸਾਨ ਦਾ ਮੁਆਵਜ਼ਾ ਦੇਵੇ ਪੰਜਾਬ ਸਰਕਾਰ- ਪਰਗਟ ਸਿੰਘ**

-ਅਜੇ ਤਾਂ ਕੁੱਕੜ, ਬੱਕਰੀ, ਕਬੂਤਰ ਦਾ ਪਿਛਲਾ ਮੁਆਵਜ਼ਾ ਹੀ ਨਹੀਂ ਦਿਤਾ ਸਰਕਾਰ ਨੇ।



***ਸਾਡੇ ਲਈ ਨੀਤੀ ਨਾਲੋਂ ਕਿਸਾਨਾਂ ਦੀ ਖ਼ੁਸ਼ੀ ਵਧੇਰੇ ਮਹੱਤਵਪੂਰਨ ਹੈ- ਹਰਪਾਲ ਚੀਮਾ**

-ਚੀਮਾ ਸਾਹਿਬ, ਲੱਤਾਂ ਤਾਂ ਅਖ਼ੀਰ ਤੱਕ ਅੜਾਈਆਂ ਸਰਕਾਰ ਨੇ। ਕਿਸਾਨਾਂ ਦੀ ਖ਼ੁਸ਼ੀ ਹਾ ਹਾ ਹਾ।



***ਪਾਕਿ ਫ਼ੌਜ ਮੁਖੀ ਮੁਨੀਰ ਦੂਜੀ ਵਾਰ ਅਮਰੀਕਾ ਦੀ ਯਾਤਰਾ 'ਤੇ ਗਏ- ਇਕ ਖ਼ਬਰ**

-ਹੁਣ ਤਾਂ ਵਾਈਟ ਹਾਊਸ 'ਚ ਘਰ ਵਾਲ਼ੀ ਗੱਲ ਐ, ਜਦੋਂ ਮਰਜ਼ੀ ਮੁਨੀਰ ਆਵੇ ਜਾਵੇ।



***ਸਿਰਫ਼ 'ਆਪ' ਹੀ ਔਰਤਾਂ ਨੂੰ ਸਰਗਰਮ ਰਾਜਨੀਤੀ 'ਚ ਆਉਣ ਦਾ ਮੌਕਾ ਦਿੰਦੀ ਹੈ- ਕੇਜਰੀਵਾਲ**

-ਘਰ ਸੱਦ ਕੇ ਔਰਤਾਂ ਦੇ ਥੱਪੜ ਮਰਵਾਉਣ ਦਾ ਮੌਕਾ ਵੀ 'ਆਪ' ਹੀ ਦਿੰਦੀ ਹੈ।



***ਗਿਆਨੀ ਹਰਪ੍ਰੀਤ ਸਿੰਘ ਸ਼੍ਰੋਮਣੀ ਕਮੇਟੀ ਹਥਿਆਉਣ ਦੀਆਂ ਗ਼ੈਰਇਖ਼ਲਾਕੀ ਗੱਲਾਂ ਕਰ ਰਹੇ ਹਨ- ਧਾਮੀ**

-ਬਾਦਲ ਹਥਿਆਉਣ ਤਾਂ ਇਖ਼ਲਾਕ, ਜੇ ਪੰਥ ਦੁਆਰਾ ਚੁਣੇ ਗਏ ਨੁਮਾਇੰਦੇ ਹਥਿਆਉਣ ਤਾਂ ਗ਼ੈਰਇਖ਼ਲਾਕ, ਵਾਹ ਧਾਮੀ ਸਾਹਿਬ।



***ਦੋਵਾਂ ਅਕਾਲੀ ਦਲਾਂ ਵਿਚਕਾਰ ਹੁਣ ਛਿੜੇਗੀ ਕਾਨੂੰਨੀ ਕਾਰਵਾਈ ਦੀ ਲੜਾਈ- ਇਕ ਖ਼ਬਰ**

-ਕੁੰਢੀਆਂ ਦੇ ਸਿੰਙ ਫ਼ਸਣੇ, ਕੋਈ ਨਿੱਤਰੂ ਵੜੇਵੇਂ ਖਾਣੀ।



***ਪੰਜਾਬ ਮੰਤਰੀ ਮੰਡਲ ਨੇ ਲੈਂਡ ਪੂਲਿੰਗ ਨੀਤੀ ਕੀਤੀ ਰੱਦ- ਇਕ ਖ਼ਬਰ**

-ਨਾ ਰਹੇ ਬਾਂਸ, ਨਾ ਵੱਜੇ ਬੰਸਰੀ।



***ਚੋਣ ਕਮਿਸ਼ਨ ਨੇ ਕਿਸੇ ਵੀ ਸਵਾਲ ਦਾ ਅਰਥਪੂਰਣ ਜਵਾਬ ਨਹੀਂ ਦਿਤਾ- ਕਾਂਗਰਸ**

-ਰਾਂਝਾ ਕੀਲ ਕੇ ਪਟਾਰੀ ਵਿਚ ਪਾਇਆ, ਹੀਰ ਬੰਗਾਲਣ ਨੇ।



***ਝੀਂਡਾ ਨੇ ਸ਼੍ਰੋਮਣੀ ਕਮੇਟੀ ਨੂੰ ਧਮਕਾਇਆ ਜੇ ਮੰਗ ਨਾ ਮੰਨੀ ਤਾਂ ਅਦਾਲਤ 'ਚ ਘਸੀਟਾਂਗੇ- ਇਕ ਖ਼ਬਰ**

-ਜੇ ਕੋਈ ਹੋਰ ਲੈ ਆਇਆ ਤੇਰੀ ਜੰਞ ਨੀ, ਬਣੂ ਜੰਗ ਦਾ ਮੈਦਾਨ ਵੇਖੀਂ ਬੇਲਾ ਝੰਗ ਨੀ।



***ਜਥੇਦਾਰਾਂ 'ਚੋਂ ਸਿਰਫ਼ ਗਿਆਨੀ ਹਰਪ੍ਰੀਤ ਸਿੰਘ ਹੀ ਬਣੇ ਬਾਦਲ ਦਲ ਲਈ ਚੁਣੌਤੀ- ਇਕ ਖ਼ਬਰ**

-ਟੁੱਟ ਪੈਣੇ ਜੇਠ ਦਾ ਮੁੰਡਾ, ਚੀਰਾ ਬੰਨ੍ਹ ਕੇ ਸਾਹਮਣੇ ਬਹਿੰਦਾ।



***ਨੋਟਾਂ ਦੀਆਂ ਬੋਰੀਆਂ ਵਾਲ਼ੇ ਜਸਟਿਸ ਵਰਮਾ ਵਿਰੁੱਧ ਮਹਾਂਦੋਸ਼ ਮਤਾ ਪ੍ਰਵਾਨ- ਇਕ ਖ਼ਬਰ**

-ਢਿੱਡ ਛਿੱਲ ਲਿਆ ਬੋਸਕੀ ਵਰਗਾ, ਰੋੜਾਂ ਵਾਲ਼ੀ ਕੰਧ ਟੱਪ ਕੇ।

***14 ਸਾਲਾਂ ਬਾਅਦ ਵੀ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਹੋਣ ਦੀ ਸੰਭਾਵਨਾ ਹੋਈ ਰੱਦ- ਇਕ ਖ਼ਬਰ**

-ਬਾਜ਼ੀ ਮਾਰ ਗਿਆ ਬਠਿੰਡੇ ਵਾਲਾ ਗੱਭਰੂ, ਬਾਕੀ ਰਹਿ ਗਏ ਹਾਲ ਪੁੱਛਦੇ।



***ਪੰਜਾਬ ਦੇ ਹਿਤਾਂ ਦੀ ਲੜਾਈ ਲੋਕਾਂ ਨੂੰ ਨਾਲ਼ ਲੈ ਕੇ ਲੜਾਂਗੇ- ਗਿਆਨੀ ਹਰਪ੍ਰੀਤ ਸਿੰਘ**

ਜਿਹੜਾ ਮੂਹਰਲੀ ਗੱਡੀ ਦਾ ਬਾਬੂ, ਓ ਮੇਰਾ ਵੀਰ ਕੁੜੀਓ।

* *  * * * * *

# ਸੰਤ ਹਰਚੰਦ ਸਿੰਘ ਲੌਂਗੋਵਾਲ ਦੀ 40ਵੀਂ ਬਰਸੀ: ਸੰਗਰੂਰ ਵਿੱਚ ਵੱਡੇ ਸਮਾਗਮ, ਵੱਖ-ਵੱਖ ਪਾਰਟੀਆਂ ਨੇ ਦਿੱਤੀ ਸ਼ਰਧਾਂਜਲੀ

## ਬਾਦਲ ਦਲ ਇਕਠ ਵਿਚ ਆਪ ਤੇ ਨਵੇਂ ਅਕਾਲੀ ਦਲ ਨੂੰ ਪਛਾੜ ਗਿਆ






ਸੰਗਰੂਰ - ਪੰਜਾਬ ਦੇ ਸੰਗਰੂਰ ਜ਼ਿਲ੍ਹੇ ਦੇ ਸੁਨਾਮ ਨੇੜੇ ਲੌਂਗੋਵਾਲ ਵਿਖੇ ਅਮਰ ਸ਼ਹੀਦ ਸੰਤ ਹਰਚੰਦ ਸਿੰਘ ਲੌਂਗੋਵਾਲ ਜੀ ਦੀ 40ਵੀਂ ਬਰਸੀ ਨੂੰ ਪੂਰੇ ਜੋਸ਼ ਅਤੇ ਸ਼ਰਧਾ ਨਾਲ ਮਨਾਇਆ ਗਿਆ। ਇਸ ਮੌਕੇ ਵੱਖ-ਵੱਖ ਰਾਜਨੀਤਕ ਪਾਰਟੀਆਂ ਨੇ ਸਮਾਗਮ ਕਰਕੇ ਸੰਤ ਜੀ ਦੇ ਅਮਨ-ਸ਼ਾਂਤੀ ਅਤੇ ਪੰਜਾਬ ਦੀ ਸੇਵਾ ਲਈ ਕੀਤੇ ਯੋਗਦਾਨ ਨੂੰ ਯਾਦ ਕੀਤਾ। ਸ਼੍ਰੋਮਣੀ ਅਕਾਲੀ ਦਲ (ਬਾਦਲ), ਨਵਾਂ ਅਕਾਲੀ ਦਲ, ਆਮ ਆਦਮੀ ਪਾਰਟੀ (ਆਪ), ਕਾਂਗਰਸ ਅਤੇ ਭਾਜਪਾ ਨੇ ਵੱਖ-ਵੱਖ ਤਰੀਕਿਆਂ ਨਾਲ ਸੰਤ ਜੀ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ। ਪੰਜਾਬ ਸਰਕਾਰ ਵੱਲੋਂ ਜ਼ਿਲ੍ਹਾ ਸੰਗਰੂਰ ਵਿੱਚ ਲੋਕਲ ਛੁੱਟੀ ਘੋਸ਼ਿਤ ਕੀਤੀ ਗਈ ਸੀ, ਜਿਸ ਕਾਰਨ ਸਕੂਲ, ਦਫ਼ਤਰ ਅਤੇ ਹੋਰ ਅਦਾਰੇ ਬੰਦ ਰਹੇ।

**ਸ਼੍ਰੋਮਣੀ ਅਕਾਲੀ ਦਲ ਦਾ ਵਿਸ਼ਾਲ ਇਕੱਠ: ਸੁਖਬੀਰ ਬਾਦਲ ਨੇ ਕੀਤੀ ਅਗਵਾਈ**

ਸ਼੍ਰੋਮਣੀ ਅਕਾਲੀ ਦਲ (ਬਾਦਲ) ਨੇ ਸ਼ਹੀਦ ਭਾਈ ਮਨੀ ਸਿੰਘ ਕਾਲਜ, ਲੌਂਗੋਵਾਲ ਵਿਖੇ ਵਿਸ਼ਾਲ ਸ਼ਹਾਦਤ ਸਮਾਗਮ ਦਾ ਆਯੋਜਨ ਕੀਤਾ, ਜਿਸ ਵਿੱਚ ਹਜ਼ਾਰਾਂ ਵਰਕਰਾਂ ਅਤੇ ਸਮਰਥਕਾਂ ਨੇ ਸ਼ਮੂਲੀਅਤ ਕੀਤੀ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਇਸ ਇਕੱਠ ਦੀ ਅਗਵਾਈ ਕੀਤੀ ਅਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਧਰਮ ਯੁੱਧ ਮੋਰਚੇ ਅਤੇ ਐਮਰਜੈਂਸੀ ਦੌਰਾਨ ਪੰਜਾਬ ਦੀ ਅਗਵਾਈ ਨੂੰ ਯਾਦ ਕੀਤਾ। ਸੁਖਬੀਰ ਨੇ ਆਪਣੇ ਭਾਸ਼ਣ ਵਿੱਚ ਕਿਹਾ, "ਸੰਤ ਹਰਚੰਦ ਸਿੰਘ ਲੌਂਗੋਵਾਲ ਜੀ ਨੇ ਪੰਜਾਬ ਦੀ ਸ਼ਾਂਤੀ ਅਤੇ ਪੰਥਕ ਏਕਤਾ ਲਈ ਆਪਣਾ ਜੀਵਨ ਸਮਰਪਿਤ ਕੀਤਾ। ਉਨ੍ਹਾਂ ਦੀਆਂ ਸੇਵਾਵਾਂ ਅਤੇ ਜੁਝਾਰੂ ਲੀਡਰਸ਼ਿਪ ਸਾਡੇ ਲਈ ਸਦਾ ਪ੍ਰੇਰਨਾ ਸਰੋਤ ਰਹੇਗੀ।" ਸਮਾਗਮ ਵਿੱਚ ਮਹੇਸ਼ਇੰਦਰ ਸਿੰਘ ਗਰੇਵਾਲ, ਹੀਰਾ ਸਿੰਘ ਗਾਬੜੀਆ, ਪਰਮਜੀਤ ਸਿੰਘ ਸਰਨਾ, ਹਰਸਿਮਰਤ ਕੌਰ ਬਾਦਲ ਅਤੇ ਸਰਬਜੀਤ ਸਿੰਘ ਝਿੰਜਰ ਨੇ ਵੀ ਸੰਬੋਧਨ ਕੀਤਾ। ਇਸ ਇਕੱਠ ਵਿੱਚ ਭਾਜਪਾ ਵਿਰੋਧੀ ਸੁਰ ਪ੍ਰਮੁੱਖ ਰਿਹਾ ਅਤੇ ਪੰਜਾਬ ਦੇ ਅਧਿਕਾਰਾਂ ਤੇ ਅਨੰਦਪੁਰ ਸਾਹਿਬ ਮਤੇ ਦੀ ਪੂਰਤੀ ਦੀ ਮੰਗ ਕੀਤੀ ਗਈ। ਸੂਤਰਾਂ ਅਨੁਸਾਰ, ਇਸ ਸਮਾਗਮ ਵਿੱਚ ਲਗਭਗ 10,000-12,000 ਲੋਕ ਸ਼ਾਮਲ ਹੋਏ, ਜੋ ਨਵੇਂ ਅਕਾਲੀ ਦਲ ਦੇ ਇਕੱਠ ਨਾਲੋਂ ਕਿਤੇ ਵੱਡਾ ਸੀ।

**ਨਵਾਂ ਅਕਾਲੀ ਦਲ ਦਾ ਸਮਾਗਮ: ਗਿਆਨੀ ਹਰਪ੍ਰੀਤ ਸਿੰਘ ਨੇ ਕੇਂਦਰ ਸਰਕਾਰ 'ਤੇ ਸਾਧਿਆ ਨਿਸ਼ਾਨਾ**

ਨਵੇਂ ਅਕਾਲੀ ਦਲ, ਜਿਸ ਦੀ ਅਗਵਾਈ ਗਿਆਨੀ ਹਰਪ੍ਰੀਤ ਸਿੰਘ ਅਤੇ ਪੰਜ ਮੈਂਬਰੀ ਕਮੇਟੀ ਕਰ ਰਹੀ ਹੈ, ਨੇ ਲੌਂਗੋਵਾਲ ਦੀ ਅਨਾਜ ਮੰਡੀ ਵਿੱਚ ਸ਼ਹੀਦੀ ਸਮਾਗਮ ਕੀਤਾ। ਇਸ ਸਮਾਗਮ ਵਿੱਚ ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ, ਗੋਬਿੰਦ ਸਿੰਘ ਲੌਂਗੋਵਾਲ ਅਤੇ ਸਤਵੰਤ ਕੌਰ ਸਮੇਤ ਹੋਰ ਪੰਥਕ ਆਗੂ ਸ਼ਾਮਲ ਹੋਏ। ਸੂਤਰਾਂ ਮੁਤਾਬਕ, ਇਸ ਇਕੱਠ ਵਿੱਚ ਲਗਭਗ 3,000-4,000 ਲੋਕਾਂ ਨੇ ਸ਼ਮੂਲੀਅਤ ਕੀਤੀ, ਜੋ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਇਕੱਠ ਨਾਲੋਂ ਛੋਟਾ ਸੀ। ਗਿਆਨੀ ਹਰਪ੍ਰੀਤ ਸਿੰਘ ਨੇ ਆਪਣੇ ਭਾਸ਼ਣ ਵਿੱਚ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਰਾਜੀਵ-ਲੌਂਗੋਵਾਲ ਸਮਝੌਤੇ ਨੂੰ ਯਾਦ ਕਰਦਿਆਂ ਕੇਂਦਰ ਸਰਕਾਰ 'ਤੇ ਤਿੱਖਾ ਹਮਲਾ ਬੋਲਿਆ। ਉਨ੍ਹਾਂ ਨੇ ਕਿਹਾ, "ਸੰਤ ਜੀ ਨੇ ਪੰਜਾਬ ਦੀ ਸ਼ਾਂਤੀ ਲਈ ਰਾਜੀਵ ਗਾਂਧੀ ਨਾਲ ਸਮਝੌਤਾ ਕੀਤਾ, ਪਰ ਕੇਂਦਰ ਸਰਕਾਰ ਨੇ ਪੰਜਾਬ ਦੇ ਅਧਿਕਾਰਾਂ ਨੂੰ ਵਾਰ-ਵਾਰ ਠੇਸ ਪਹੁੰਚਾਈ। ਅਨੰਦਪੁਰ ਸਾਹਿਬ ਮਤੇ ਦੀਆਂ ਮੰਗਾਂ ਅਤੇ ਪੰਜਾਬ ਦੇ ਪਾਣੀਆਂ ਦੀ ਵੰਡ ਵਰਗੇ ਮੁੱਦਿਆਂ 'ਤੇ ਕੇਂਦਰ ਨੇ ਸਾਡੇ ਨਾਲ ਵਾਰ-ਵਾਰ ਧੋਖਾ ਕੀਤਾ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਬਉੱਚਤਾ ਅਤੇ ਪੰਥਕ ਏਕਤਾ ਨੂੰ ਮਜ਼ਬੂਤ ਕਰਨ ਦੀ ਲੋੜ ਹੈ।" ਗਿਆਨੀ ਹਰਪ੍ਰੀਤ ਸਿੰਘ ਨੇ ਸ਼੍ਰੋਮਣੀ ਅਕਾਲੀ ਦਲ ਦੀ ਮੌਜੂਦਾ ਲੀਡਰਸ਼ਿਪ 'ਤੇ ਵੀ ਸਵਾਲ ਉਠਾਏ ਅਤੇ ਪੰਥਕ ਸੰਸਥਾਵਾਂ ਨੂੰ ਵਿਅਕਤੀਗਤ ਸਵਾਰਥਾਂ ਤੋਂ ਉੱਪਰ ਉਠਕੇ ਕੰਮ ਕਰਨ ਦੀ ਅਪੀਲ ਕੀਤੀ।

ਇਸ ਸਮਾਗਮ ਵਿਚ ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ, ਨੇ ਪੰਜਾਬ ਦੀ ਆਰਥਿਕ ਸਥਿਤੀ 'ਤੇ ਚਿੰਤਾ ਜ਼ਾਹਰ ਕਰਦਿਆਂ ਕਿਹਾ ਕਿ ਰਾਜ ਨੂੰ "ਆਰਥਿਕ ਦੀਵਾਲੀਏਪਣ" ਵੱਲ ਧੱਕਿਆ ਜਾ ਰਿਹਾ ਹੈ। ਉਨ੍ਹਾਂ ਅਨੁਸਾਰ, ਪੰਜਾਬ 'ਤੇ ਪਹਿਲਾਂ ਹੀ 4 ਲੱਖ ਕਰੋੜ ਰੁਪਏ ਦਾ ਕਰਜ਼ਾ ਹੈ, ਜੋ ਹਰ ਦਿਨ ਵਧਦਾ ਜਾ ਰਿਹਾ ਹੈ। "

**ਹੋਰ ਪਾਰਟੀਆਂ ਦੀ ਸ਼ਮੂਲੀਅਤ:** ਆਪ ਨੇ ਰਕਤਦਾਨ ਕੈਂਪ ਲਗਾਇਆ, ਭਾਜਪਾ-ਕਾਂਗਰਸ ਨੇ ਸੋਸ਼ਲ ਮੀਡੀਆ ਰਾਹੀਂ ਸ਼ਰਧਾਂਜਲੀ ਦਿੱਤੀ

ਆਮ ਆਦਮੀ ਪਾਰਟੀ (ਆਪ) ਨੇ ਕੈਬਨਿਟ ਮੰਤਰੀ ਅਮਨ ਅਰੋੜਾ ਦੀ ਅਗਵਾਈ ਵਿੱਚ ਲੌਂਗੋਵਾਲ ਵਿੱਚ ਰਕਤਦਾਨ ਕੈਂਪ ਲਗਾਇਆ ਅਤੇ ਵਿਕਾਸ ਕਾਰਜਾਂ ਦੀ ਸ਼ੁਰੂਆਤ ਕਰਕੇ ਸੰਤ ਜੀ ਨੂੰ ਸ਼ਰਧਾਂਜਲੀ ਦਿੱਤੀ। ਇਸ ਸਮਾਗਮ ਵਿੱਚ ਸਥਾਨਕ ਆਗੂਆਂ ਅਤੇ ਸਮਰਥਕਾਂ ਨੇ ਹਿੱਸਾ ਲਿਆ, ਜਿਸ ਦੀ ਗਿਣਤੀ ਲਗਭਗ 1,000-1,500 ਦੱਸੀ ਜਾ ਰਹੀ ਹੈ। ਦੂਜੇ ਪਾਸੇ, ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਸੂਬਾ ਉਪ-ਪ੍ਰਧਾਨ ਅਰਵਿੰਦ ਖੰਨਾ ਨੇ ਵੱਖਰੇ ਤੌਰ 'ਤੇ ਸੰਤ ਜੀ ਨੂੰ ਸ਼ਰਧਾਂਜਲੀ ਦਿੱਤੀ, ਜਦਕਿ ਕਾਂਗਰਸ ਅਤੇ ਭਾਜਪਾ ਨੇ ਸੋਸ਼ਲ ਮੀਡੀਆ ਪਲੇਟਫਾਰਮਾਂ ਰਾਹੀਂ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਯਾਦ ਕੀਤਾ। ਇਨ੍ਹਾਂ ਸਮਾਗਮਾਂ ਦੀ ਗਿਣਤੀ ਅਤੇ ਪ੍ਰਭਾਵ ਸ਼੍ਰੋਮਣੀ ਅਕਾਲੀ ਦਲ (ਬਾਦਲ) ਅਤੇ ਨਵੇਂ ਅਕਾਲੀ ਦਲ ਦੇ ਇਕੱਠਾਂ ਨਾਲੋਂ ਘੱਟ ਸੀ।

**ਗਿਣਤੀ ਦੇ ਪੱਖੋਂ ਸਭ ਤੋਂ ਵੱਡਾ ਇਕੱਠ:**

ਸ਼੍ਰੋਮਣੀ ਅਕਾਲੀ ਦਲ (ਬਾਦਲ) ਦਾ ਸਮਾਗਮ ਸਭ ਤੋਂ ਵੱਡਾ ਰਿਹਾ, ਜਿਸ ਵਿੱਚ 10,000-12,000 ਲੋਕਾਂ ਦੀ ਸ਼ਮੂਲੀਅਤ ਨੇ ਇਸ ਨੂੰ ਸਭ ਤੋਂ ਪ੍ਰਭਾਵਸ਼ਾਲੀ ਬਣਾਇਆ। ਨਵੇਂ ਅਕਾਲੀ ਦਲ ਦੇ ਇਕੱਠ ਵਿੱਚ 3,000-4,000 ਅਤੇ ਆਪ ਦੇ ਸਮਾਗਮ ਵਿੱਚ 1,000-1,500 ਲੋਕ ਸ਼ਾਮਲ ਹੋਏ। ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਾਲੇ ਸਮਾਗਮ ਦਾ ਪ੍ਰਭਾਵ ਅਤੇ ਗਿਣਤੀ ਦੇ ਪੱਖੋਂ ਉਹ ਸਭ ਤੋਂ ਭਾਰੂ ਰਹੇ।

**ਸ਼੍ਰੋਮਣੀ ਅਕਾਲੀ ਦਲ ਦਾ ਵਿਸ਼ਾਲ ਇਕੱਠ:**



**ਨਵੇਂ ਅਕਾਲੀ ਦਲ ਦਾ ਸਮਾਗਮ:**



# ਗੁਰੂ ਨਾਨਕ ਦੇਵ ਯੂਨੀਰਵਸਿਟੀ ਦੇ ਵਾਈਸ ਚਾਂਸਲਰ ਅਕਾਲ ਤਖ਼ਤ ਵਿਖੇ ਤਲਬ

## ✪ ਕੋਚੀ ਵਿੱਚ ਹੋਏ ਇੱਕ ਸਮਾਗਮ ਵਿੱਚ ਆਰਐੱਸਐੱਸ ਦੇ ਮੁਖੀ ਸਾਹਮਣੇ ਗੁਰਬਾਣੀ ਨੂੰ ਵੇਦਾਂ ਨਾਲ ਜੋੜਨ ਦਾ ਮਾਮਲਾ



ਅੰਮ੍ਰਿਤਸਰ-ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਉਪ ਕੁਲਪਤੀ ਪ੍ਰੋਫੈਸਰ ਕਰਮਜੀਤ ਸਿੰਘ ਨੂੰ 15 ਦਿਨਾਂ ਵਿੱਚ ਆਪਣਾ ਸਪਸ਼ਟੀਕਰਨ ਸ੍ਰੀ ਅਕਾਲ ਤਖ਼ਤ ਵਿਖੇ ਨਿੱਜੀ ਰੂਪ ਵਿੱਚ ਪੇਸ਼ ਹੋ ਕੇ ਦੇਣ ਦੀ ਆਦੇਸ਼ ਦਿੱਤੇ ਹਨ। ਇਸ ਸਬੰਧ ਵਿੱਚ ਅਕਾਲ ਤਖ਼ਤ ਦੇ ਸਕੱਤਰੇਤ ਦੇ ਇੰਚਾਰਜ ਬਗੀਚਾ ਸਿੰਘ ਵੱਲੋਂ ਉਪ ਕੁਲਪਤੀ ਨੂੰ ਇੱਕ ਆਦੇਸ਼ ਪੱਤਰ ਜਾਰੀ ਕੀਤਾ ਗਿਆ।

ਜਿਸ ਵਿੱਚ ਦੋਸ਼ ਲਾਇਆ ਗਿਆ ਹੈ ਕਿ ਬੀਤੇ ਦਿਨੀਂ ਇੱਕ ਸਮਾਗਮ ਵਿੱਚ ਸਿੱਖ ਭਾਵਨਾਵਾਂ ਨੂੰ ਸੱਟ ਮਾਰਨ ਦੇ ਮੱਦੇਨਜ਼ਰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਉਨ੍ਹਾਂ ਦੇ ਖ਼ਿਲਾਫ਼ ਸ਼ਿਕਾਇਤਾਂ ਪੁੱਜੀਆਂ ਹਨ। ਜਿਨਾਂ ਨੂੰ ਘੋਖਣ ਮਗਰੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਕਰਮਜੀਤ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੇ ਆਦੇਸ਼ ਅਨੁਸਾਰ 15 ਦਿਨਾਂ ਦੇ ਵਿੱਚ ਆਪਣਾ ਲਿਖਤੀ ਸਪਸ਼ਟੀਕਰਨ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਨਿੱਜੀ ਰੂਪ ਵਿੱਚ ਪੇਸ਼ ਹੋ ਕੇ ਦੇਣ ਲਈ ਆਖਿਆ ਗਿਆ ਹੈ।

ਦੱਸਣ ਯੋਗ ਹੈ ਕਿ ਕੁਝ ਦਿਨ ਪਹਿਲਾਂ ਇੱਕ ਵੀਡੀਓ ਵਾਇਰਲ ਹੋਈ ਸੀ, ਜਿਸ ਵਿੱਚ ਯੂਨੀਵਰਸਿਟੀ ਦੇ ਉਪ ਕੁਲਪਤੀ ਕੋਚੀ ਵਿੱਚ ਹੋਏ ਇੱਕ ਸਮਾਗਮ ਵਿੱਚ ਆਰਐੱਸਐੱਸ ਦੇ ਮੁਖੀ ਸਾਹਮਣੇ ਗੱਲਬਾਤ ਕਰ ਰਹੇ ਸਨ। ਇਹ ਕੋਚੀ ਵਿੱਚ ਉਪ ਕੁਲਪਤੀਆਂ ਦਾ ਉੱਚ ਸਿੱਖਿਆ ਬਾਰੇ ਇੱਕ ਸਮਾਗਮ ਸੀ। ਉਹ ਯੂਨੀਵਰਸਿਟੀ ਵਿੱਚ ਸਿੱਖ ਚੇਅਰ ਸਥਾਪਿਤ ਕਰਨ ਅਤੇ ਇਸ ਦੇ ਰਾਹੀ ਰਿਗਵੇਦ ਅਤੇ ਸਿੱਖ ਧਰਮ ਨਾਲ ਆਪਸੀ ਸਬੰਧ ਸਥਾਪਿਤ ਕਰਨ ਬਾਰੇ ਗੱਲ ਕਰ ਰਹੇ ਸਨ। ਇਹ ਵੀਡੀਓ ਵਾਇਰਲ ਹੋਣ ਤੋਂ ਬਾਅਦ ਸਿੱਖ ਜਥੇਬੰਦੀਆਂ ਵੱਲੋਂ ਇਸ ਦਾ ਸਖ਼ਤ ਵਿਰੋਧ ਕੀਤਾ ਗਿਆ ਸੀ। ਯੂਨੀਵਰਸਿਟੀ ਵਿੱਚ ਵਿਦਿਆਰਥੀਆਂ ਦੀ ਜਥੇਬੰਦੀ ਵੱਲੋਂ ਵੀ ਇਸ ਦਾ ਵਿਰੋਧ ਕੀਤਾ ਗਿਆ ਸੀ ਅਤੇ ਸ੍ਰੀ ਅਕਾਲ ਤਖ਼ਤ ਵਿਖੇ ਸ਼ਿਕਾਇਤ ਪੱਤਰ ਦਿੱਤਾ ਗਿਆ ਸੀ। ਇਹ ਵੀਡੀਓ ਵਾਇਰਲ ਹੋਣ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਜਥੇਦਾਰਾਂ ਦੇ ਸੇਵਾ ਨਿਯਮ ਬਣਾਉਣ ਸਬੰਧੀ ਬਣਾਈ ਗਈ ਸਿੱਖ ਵਿਦਵਾਨਾਂ ਦੀ ਇੱਕ ਕਮੇਟੀ ਵਿੱਚੋਂ ਯੂਨੀਵਰਸਿਟੀ ਦੇ ਉਪ ਕੁਲਪਤੀ ਨੂੰ ਬਾਹਰ ਕਰ ਦਿੱਤਾ ਸੀ। ਦੂਜੇ ਪਾਸੇ ਇਸ ਸਬੰਧ ਵਿੱਚ ਯੂਨੀਵਰਸਿਟੀ ਦੇ ਲੋਕ ਸੰਪਰਕ ਵਿਭਾਗ ਵੱਲੋਂ ਇੱਕ ਬਿਆਨ ਜਾਰੀ ਕਰਕੇ ਲੱਗ ਰਹੇ ਦੋਸ਼ਾਂ ਨੂੰ ਬੇਬੁਨਿਆਦ ਅਤੇ ਨਿਰਾਧਾਰ ਦੱਸਿਆ ਗਿਆ ਸੀ।

## ਪ੍ਰਵਾਸੀ ਸਿੱਖ ਭਰਾਵਾਂ ਨੇ ਪਾਠੀ ਸਿੰਘ ਨੂੰ ਬਣਾ ਕੇ ਦਿੱਤਾ ਨਵਾਂ ਘਰ



ਸੰਗਰੂਰ-ਸੰਗਰੂਰ ਜ਼ਿਲ੍ਹੇ ਦੇ ਪਿੰਡ ਦੇਹ ਕਲਾਂ ਵਾਸੀਆਂ ਵੱਲੋਂ ਇੱਕ ਮਿਸਾਲ ਕਾਇਮ ਕੀਤੀ ਗਈ ਹੈ। ਐਨ. ਆਰ. ਆਈ. ਭਰਾਵਾਂ ਵੱਲੋਂ ਇੱਕ ਪਾਠੀ ਨੂੰ ਘਰ ਬਣਾ ਕੇ ਉਨ੍ਹਾਂ ਨੂੰ ਰਿਟਾਇਰਮੈਂਟ ਦਾ ਤੋਹਫਾ ਦਿੱਤਾ ਗਿਆ ਹੈ। ਪਿੰਡ ਦੇਹ ਕਲਾਂ ਦੇ ਗੁਰੂ ਘਰ ਵਿੱਚ 35 ਸਾਲਾਂ ਤੋਂ ਨਿਰੰਤਰ ਸੇਵਾ ਨਿਭਾਉਣ ਵਾਲੇ ਪਾਠੀ ਸਾਹਿਬ ਨੂੰ ਐਨ ਆਰ ਆਈ ਭਰਾਵਾਂ ਵੱਲੋਂ ਰਿਟਾਇਰਮੈਂਟ ਦੇ ਤੋਹਫੇ ਵਜੋਂ ਨਵਾਂ ਘਰ ਬਣਾ ਕੇ ਦਿੱਤਾ ਗਿਆ। ਪਾਠੀ ਸਾਹਿਬ ਦੀ ਆਪਣੀ ਜ਼ਮੀਨ 'ਤੇ ਬਣੇ ਇਸ ਘਰ ਦੀ ਉਸਾਰੀ ਲਈ ਐਨ ਆਰ ਆਈ ਭਰਾਵਾਂ ਨੇ ਪਿੰਡ ਵਾਸੀਆਂ ਨਾਲ ਸਲਾਹ-ਮਸ਼ਵਰੇ ਨਾਲ ਮਿਲ ਕੇ ਕਰੀਬ 14 ਲੱਖ ਰੁਪਏ ਖਰਚ ਕੀਤੇ। ਜਦੋਂ ਐਨ ਆਰ ਆਈ ਡਿੰਪੀ ਨਾਲ ਗੱਲਬਾਤ ਹੋਈ, ਉਨ੍ਹਾਂ ਦੱਸਿਆ ਕਿ ਪਾਠੀ ਸਾਹਿਬ ਦੀ ਇਮਾਨਦਾਰੀ ਅਤੇ ਲਗਨ ਨਾਲ ਕੀਤੀ ਸੇਵਾ ਨੂੰ ਸਨਮਾਨ ਦੇਣ ਲਈ ਇਹ ਘਰ ਬਣਵਾਇਆ ਗਿਆ। ਘਰ ਦੀਆਂ ਚਾਬੀਆਂ ਪਾਠੀ ਸਾਹਿਬ ਨੂੰ ਸੌਂਪੀਆਂ ਗਈਆਂ। ਪਾਠੀ ਸਾਹਿਬ ਨੇ ਖੁਸ਼ੀ ਜ਼ਾਹਰ ਕਰਦਿਆਂ ਕਿਹਾ ਕਿ ਉਨ੍ਹਾਂ ਦਾ ਪਰਿਵਾਰ ਅਤੇ ਪੂਰਾ ਪਿੰਡ ਇਸ ਤੋਹਫੇ ਤੋਂ ਬਹੁਤ ਖੁਸ਼ ਹੈ।

# ਦੁਬਈ ਵਿਚ ਧਰਮ ਪਰਿਵਰਤਨ ਦਾ ਵੱਡਾ ਕੇਂਦਰ: ਸੱਚ ਜਾਂ ਅਫਵਾਹ ?

ਖਾਸ ਖਬਰ

## ✪ ਦੁਬਈ ਵਿਚ 3600 ਤੋਂ ਵੱਧ ਲੋਕਾਂ ਨੇ ਅਪਣਾਇਆ ਇਸਲਾਮ



ਸੰਯੁਕਤ ਅਰਬ ਅਮੀਰਾਤ ਦਾ ਸ਼ਹਿਰ ਦੁਬਈ ਅੱਜਕੱਲ੍ਹ ਧਰਮ ਪਰਿਵਰਤਨ ਦੇ ਮਾਮਲੇ ਵਿਚ ਸੁਰਖੀਆਂ ਵਿਚ ਹੈ। ਇਕ ਰਿਪੋਰਟ ਮੁਤਾਬਕ, 2025 ਦੇ ਪਹਿਲੇ ਛੇ ਮਹੀਨਿਆਂ ਵਿਚ 3600 ਤੋਂ ਵੱਧ ਵਿਅਕਤੀਆਂ ਨੇ ਦੁਬਈ ਵਿਚ ਇਸਲਾਮ ਧਰਮ ਅਪਣਾਇਆ ਹੈ। ਇਹ ਸਾਰੀ ਪ੍ਰਕਿਰਿਆ ਮੁਹੰਮਦ ਬਿਨ ਰਾਸ਼ਿਦ ਇਸਲਾਮਿਕ ਕਲਚਰਲ ਸੈਂਟਰ ਦੀ ਨਿਗਰਾਨੀ ਹੇਠ ਹੋਈ, ਜੋ ਇਸਲਾਮਿਕ ਮਾਮਲਿਆਂ ਅਤੇ ਧਰਮਾਰਥ ਗਤੀਵਿਧੀਆਂ ਵਿਭਾਗ ਦੇ ਅਧੀਨ ਕੰਮ ਕਰਦਾ ਹੈ। ਇਸ ਸੈਂਟਰ ਦਾ ਮੁੱਖ ਮਕਸਦ ਇਸਲਾਮਿਕ ਸੱਭਿਆਚਾਰ ਨੂੰ ਪ੍ਰਫੁੱਲਤ ਕਰਨਾ ਅਤੇ ਧਾਰਮਿਕ ਜਾਗਰੂਕਤਾ ਵਧਾਉਣਾ ਹੈ। ਰਿਪੋਰਟ ਦੱਸਦੀ ਹੈ ਕਿ ਇਸਲਾਮ ਅਪਣਾਉਣ ਵਾਲੇ ਲੋਕ ਵੱਖ-ਵੱਖ ਧਰਮਾਂ ਨਾਲ ਸਬੰਧਤ ਸਨ, ਪਰ ਇਹ ਸਵਾਲ ਵੀ ਉੱਠਦਾ ਹੈ ਕਿ ਕੀ ਇਹ ਸਾਰੇ ਧਰਮ ਪਰਿਵਰਤਨ ਸਵੈ-ਇੱਛਾ ਨਾਲ ਹੋਏ ਜਾਂ ਇਸ ਪਿੱਛੇ ਕੋਈ ਜਬਰ ਜਾਂ ਲਾਲਚ ਸੀ ?

ਕੁਝ ਲੋਕਾਂ ਦਾ ਮੰਨਣਾ ਹੈ ਕਿ ਦੁਬਈ ਵਿਚ ਲੋਕਾਂ ਨੂੰ ਜਬਰਦਸਤੀ ਜਾਂ ਲਾਲਚ ਦੇ ਕੇ ਇਸਲਾਮ ਅਪਣਾਉਣ ਲਈ ਮਜਬੂਰ ਕੀਤਾ ਜਾ ਰਿਹਾ ਹੈ। ਪਰ ਇਸ ਸਬੰਧੀ ਕੋਈ ਪੁਖਤਾ ਸਬੂਤ ਨਹੀਂ ਮਿਲੇ। ਸੰਯੁਕਤ ਅਰਬ ਅਮੀਰਾਤ ਦੀ ਸਰਕਾਰ ਅਤੇ ਇਸਲਾਮਿਕ ਮਾਮਲਿਆਂ ਅਤੇ ਧਰਮਾਰਥ ਗਤੀਵਿਧੀਆਂ ਵਿਭਾਗ ਦਾ ਕਹਿਣਾ ਹੈ ਕਿ ਧਰਮ ਪਰਿਵਰਤਨ ਦੀ ਪ੍ਰਕਿਰਿਆ ਪੂਰੀ ਤਰ੍ਹਾਂ ਕਾਨੂੰਨੀ ਅਤੇ ਪਾਰਦਰਸ਼ੀ ਹੈ। ਜੋ ਵੀ ਵਿਅਕਤੀ ਇਸਲਾਮ ਅਪਣਾਉਣਾ ਚਾਹੁੰਦਾ ਹੈ, ਉਸ ਨੂੰ ਨਿਆਂ ਮੰਤਰਾਲੇ ਅਤੇ ਸਥਾਨਕ ਅਧਿਕਾਰੀਆਂ ਦੀਆਂ ਨਿਰਧਾਰਤ ਪ੍ਰਕਿਰਿਆਵਾਂ ਦਾ ਪਾਲਣ ਕਰਨਾ ਪੈਂਦਾ ਹੈ। ਇਸ ਤੋਂ ਬਾਅਦ ਇਸਲਾਮਿਕ ਮਾਮਲਿਆਂ ਅਤੇ ਧਰਮਾਰਥ ਗਤੀਵਿਧੀਆਂ ਵਿਭਾਗ ਵੱਲੋਂ ਧਰਮ ਪਰਿਵਰਤਨ ਦਾ ਸਰਟੀਫਿਕੇਟ ਜਾਰੀ ਕੀਤਾ ਜਾਂਦਾ ਹੈ।

ਮੁਹੰਮਦ ਬਿਨ ਰਾਸ਼ਿਦ ਇਸਲਾਮਿਕ ਕਲਚਰਲ ਸੈਂਟਰ ਨੇ ਨਾ ਸਿਰਫ ਧਰਮ ਪਰਿਵਰਤਨ ਵਿਚ ਅਹਿਮ ਭੂਮਿਕਾ ਨਿਭਾਈ, ਸਗੋਂ ਇਸਲਾਮਿਕ ਸਿੱਖਿਆ ਨੂੰ ਵੀ ਉਤਸ਼ਾਹਿਤ ਕੀਤਾ ਹੈ। ਸੈਂਟਰ ਵੱਲੋਂ 1300 ਤੋਂ ਵੱਧ ਵਿਦਿਆਰਥੀਆਂ ਨੇ ਇਸਲਾਮੀ ਮਾਨਤਾਵਾਂ ਅਤੇ ਪ੍ਰਥਾਵਾਂ 'ਤੇ ਅਧਾਰਤ ਕੋਰਸਾਂ ਵਿਚ ਰਜਿਸਟ੍ਰੇਸ਼ਨ ਕਰਵਾਇਆ। ਇਸ ਤੋਂ ਇਲਾਵਾ, 47 ਵਿੱਦਿਅਕ ਅਤੇ ਜਾਗਰੂਕਤਾ ਪ੍ਰੋਗਰਾਮਾਂ ਦਾ ਆਯੋਜਨ ਕੀਤਾ ਗਿਆ, ਜਿਨ੍ਹਾਂ ਵਿਚ 1400 ਤੋਂ ਵੱਧ ਲੋਕਾਂ ਨੇ ਹਿੱਸਾ ਲਿਆ। ਸੈਂਟਰ ਦਾ ਮੰਨਣਾ ਹੈ ਕਿ ਇਹ ਪ੍ਰੋਗਰਾਮ ਇਸਲਾਮ ਦੀ ਸਹੀ ਸਮਝ ਵਧਾਉਣ ਅਤੇ ਸਹਿਣਸ਼ੀਲਤਾ ਨੂੰ ਉਤਸ਼ਾਹਿਤ ਕਰਨ ਵਿਚ ਮਦਦ ਕਰਦੇ ਹਨ। ਨਵੇਂ ਧਰਮ ਅਪਣਾਉਣ ਵਾਲਿਆਂ ਨੂੰ ਸਮਾਜ ਵਿਚ ਏਕੀਕ੍ਰਿਤ ਹੋਣ ਲਈ ਸਰੋਤ ਅਤੇ ਮਾਰਗਦਰਸ਼ਨ ਵੀ ਮੁਹੱਈਆ ਕਰਵਾਇਆ ਜਾਂਦਾ ਹੈ।

## 14 ਸਾਲਾ ਬੱਚੇ ਨੇ ਖੇਡਦਿਆਂ ਖ਼ੁਦ ਨੂੰ ਮਾਰੀ ਗੋਲ਼ੀ



ਫਿਰੋਜ਼ਪੁਰ-ਬੀਤੇ ਦਿਨੀਂ 14 ਸਾਲਾ ਕਰੀਵਮ ਮਲਹੋਤਰਾ ਵੱਲੋਂ ਘਰ ਵਿੱਚ ਪਈ ਪਿਸਤੌਲ ਨਾਲ ਖੇਡਦਿਆਂ ਅਚਾਨਕ ਚੱਲੀ ਗੋਲ਼ੀ ਸਿੱਧੀ ਉਸਦੇ ਸਿਰ ਵਿੱਚ ਲੱਗ ਗਈ। ਜਾਣਕਾਰੀ ਅਨੁਸਾਰ, ਕਰੀਵਮ ਸਕੂਲੋਂ ਪੜ੍ਹ ਕੇ ਘਰ ਵਾਪਸ ਆਇਆ ਸੀ। ਜਦੋਂ ਉਹ ਅਲਮਾਰੀ ਵਿੱਚੋਂ ਕੱਪੜੇ ਕੱਢਣ ਗਿਆ ਤਾਂ ਉੱਥੇ ਪਈ ਪਿਸਤੌਲ ਉਸਦੇ ਹੱਥ ਲੱਗ ਗਈ। ਖੇਡਦਿਆਂ ਹੀ ਅਚਾਨਕ ਗੋਲ਼ੀ ਚੱਲ ਗਈ ਜੋ ਸਿੱਧੀ ਉਸ ਦੇ ਸਿਰ ਵਿੱਚ ਜਾ ਲੱਗੀ। ਡਾਕਟਰਾਂ ਮੁਤਾਬਕ ਬੱਚੇ ਦੇ ਸਿਰ ਵਿੱਚ ਗੋਲ਼ੀ ਫਸਣ ਕਾਰਨ ਉਸਦੀ ਹਾਲਤ ਬਹੁਤ ਨਾਜ਼ੁਕ ਹੈ ਅਤੇ ਉਸਨੂੰ ਵੈਂਟੀਲੇਟਰ 'ਤੇ ਰੱਖਿਆ ਗਿਆ ਹੈ। ਮੌਕੇ 'ਤੇ ਪਹੁੰਚੀ ਪੁਲਿਸ ਨੇ ਪਰਿਵਾਰਕ ਮੈਂਬਰਾਂ ਦੇ ਬਿਆਨ ਦਰਜ ਕਰਕੇ ਮਾਮਲੇ ਦੀ ਅੱਗੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਗਿਆਨੀ ਹਰਪ੍ਰੀਤ ਸਿੰਘ ਦੀ ਸਿਆਸੀ ਐਂਟਰੀ ਬਾਦਲ ਦਲ ਲਈ ਸੰਕਟ ਕਿਉਂ ਬਣੀ ?

**ਨਿਊਜ ਵਿਸ਼ਲੇਸ਼ਣ**

## ✪ ਜਥੇਦਾਰ ਗੜਗਜ ਤੇ ਗਿਆਨੀ ਰਘਬੀਰ ਸਿੰਘ ਕਿਉਂ ਹੋਏ ਗਿਆਨੀ ਹਰਪ੍ਰੀਤ ਸਿੰਘ ਵਿਰੁਧ ਸਰਗਰਮ ✪ ਆਖਿਰ ਪੰਥਕ ਸਿਆਸਤ ਕੂੜ ਲੀਡਰਸ਼ਿਪ ਵਿਚ ਕਿਉ ਬਦਲੀ ?





ਸਿੱਖ ਪੰਥ ਦੀ ਸਿਆਸਤ ਵਿੱਚ ਉਦੋਂ ਇੱਕ ਨਵਾਂ ਮੋੜ ਆਇਆ ਸੀ, ਜਦੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸ਼੍ਰੋਮਣੀ ਅਕਾਲੀ ਦਲ ਦੇ ਬਾਗੀ ਧੜੇ ਦੇ ਪ੍ਰਧਾਨ ਵਜੋਂ ਅਹੁਦਾ ਸੰਭਾਲ ਲਿਆ ਸੀ। ਇਸ ਫੈਸਲੇ ਨੇ ਨਾ ਸਿਰਫ਼ ਬਾਦਲ ਪਰਿਵਾਰ ਵੱਲੋਂ ਚਲਾਏ ਜਾ ਰਹੇ ਅਕਾਲੀ ਦਲ ਨੂੰ ਝੰਜੋੜ ਕੇ ਰੱਖ ਦਿੱਤਾ ਹੈ ਬਲਕਿ ਧਾਰਮਿਕ ਆਗੂਆਂ ਵਿੱਚ ਵੀ ਵੱਡੀ ਬਹਿਸ ਛੇੜ ਦਿੱਤੀ ਹੈ। ਖਾਸ ਕਰਕੇ ਸੱਚਖੰਡ ਸ੍ਰੀ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਅਤੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਇਸ ਨੂੰ ਲੈ ਕੇ ਤਿੱਖਾ ਇਤਰਾਜ਼ ਜਤਾਇਆ ਹੈ, ਜਿਸ ਨਾਲ ਪੰਥਕ ਸਿਆਸਤ ਵਿੱਚ ਨਵੇਂ ਸਵਾਲ ਖੜ੍ਹੇ ਹੋ ਗਏ ਹਨ। ਕੀ ਇਹ ਬਾਦਲ ਦਲ ਨੂੰ ਗਿਆਨੀ ਹਰਪ੍ਰੀਤ ਸਿੰਘ ਤੋਂ ਖਤਰਾ ਮਹਿਸੂਸ ਹੋ ਰਿਹਾ ਹੈ ? ਕੀ ਧਾਰਮਿਕ ਅਹੁਦੇ ਛੱਡ ਕੇ ਸਿਆਸਤ ਵਿੱਚ ਆਉਣਾ ਗਲਤ ਹੈ ? ਅਤੇ ਗਿਆਨੀ ਹਰਪ੍ਰੀਤ ਸਿੰਘ ਪਿੱਛੇ ਜਾਤੀ ਵਿਤਕਰੇ ਵਾਲੇ ਹਮਲੇ ਕਿਉਂ ?

ਗਿਆਨੀ ਹਰਪ੍ਰੀਤ ਸਿੰਘ, ਜੋ ਕਿ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਵੀ ਰਹਿ ਚੁੱਕੇ ਹਨ ਅਤੇ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਵਜੋਂ ਵੀ ਸੇਵਾ ਨਿਭਾਈ ਹੈ, ਨੇ ਹਾਲ ਹੀ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਬਾਗੀ ਧੜੇ ਨੂੰ ਲੀਡ ਕਰਨ ਦਾ ਫੈਸਲਾ ਕੀਤਾ ਹੈ। ਇਹ ਧੜਾ ਉਹਨਾਂ ਆਗੂਆਂ ਨੇ ਬਣਾਇਆ ਹੈ ਜੋ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਨੂੰ ਚੁਣੌਤੀ ਦੇ ਰਹੇ ਸਨ। ਬਾਗੀ ਆਗੂਆਂ ਨੇ ਦਸੰਬਰ 2024 ਵਿੱਚ ਅਕਾਲ ਤਖ਼ਤ ਵੱਲੋਂ ਜਾਰੀ ਹੁਕਮਨਾਮੇ ਦਾ ਹਵਾਲਾ ਦਿੱਤਾ ਹੈ, ਜਿਸ ਵਿੱਚ ਪਾਰਟੀ ਨੂੰ ਨਵੀਂ ਮੈਂਬਰਸ਼ਿਪ ਅਤੇ ਏਕਤਾ ਵੱਲ ਵਧਣ ਲਈ ਕਿਹਾ ਗਿਆ ਸੀ। ਪਰ ਬਾਦਲ ਧੜੇ ਨੇ ਇਸ ਨੂੰ ਨਜ਼ਰਅੰਦਾਜ਼ ਕਰ ਕੇ ਸੁਖਬੀਰ ਨੂੰ ਮੁੜ ਪ੍ਰਧਾਨ ਚੁਣ ਲਿਆ, ਜਿਸ ਨਾਲ ਬਾਗੀ ਗਰੁੱਪ ਨੇ ਵੱਖਰਾ ਰਾਹ ਅਪਣਾ ਲਿਆ। ਗਿਆਨੀ ਹਰਪ੍ਰੀਤ ਸਿੰਘ ਨੂੰ ਇਸ ਧੜੇ ਦੇ ਪ੍ਰਧਾਨ ਵਜੋਂ ਚੁਣੇ ਜਾਣ ਨਾਲ ਪੰਥਕ ਸਿਆਸਤ ਵਿੱਚ ਹਲਚਲ ਮਚ ਗਈ ਹੈ, ਕਿਉਂਕਿ ਉਹ ਇੱਕ ਦਲਿਤ ਬੈਕਗ੍ਰਾਊਂਡ ਵਾਲੇ ਆਗੂ ਹਨ ਅਤੇ ਪੰਜਾਬ ਵਿੱਚ ਅਕਾਲੀ ਦਲ ਨੂੰ ਨਵਾਂ ਰੰਗ ਦੇ ਸਕਦੇ ਹਨ।

ਪਰ ਇਸ ਫੈਸਲੇ ਨੇ ਬਾਦਲ ਦਲ ਨੂੰ ਚੁਣੌਤੀ ਦਿੱਤੀ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਖੁੱਲ੍ਹ ਕੇ ਗਿਆਨੀ ਹਰਪ੍ਰੀਤ ਸਿੰਘ ਨੂੰ ਨਿਸ਼ਾਨਾ ਬਣਾਇਆ ਹੈ। ਉਹਨਾਂ ਨੇ ਕਿਹਾ ਹੈ ਕਿ ਗਿਆਨੀ ਹਰਪ੍ਰੀਤ ਕੇਂਦਰੀ ਏਜੰਸੀਆਂ ਨਾਲ ਮਿਲ ਕੇ ਅਕਾਲੀ ਦਲ ਨੂੰ ਤੋੜਨ ਦੀ ਸਾਜ਼ਿਸ਼ ਰਚ ਰਹੇ ਹਨ ਅਤੇ ਇਹ ਸਿੱਖ ਪੰਥ ਦੀ ਸਿਆਸਤ ਨੂੰ ਕਮਜ਼ੋਰ ਕਰਨ ਵਾਲਾ ਕਦਮ ਹੈ। ਬਾਦਲ ਨੇ ਇਹ ਵੀ ਕਿਹਾ ਕਿ ਗਿਆਨੀ ਹਰਪ੍ਰੀਤ ਨੇ ਅਕਾਲ ਤਖ਼ਤ ਦੇ ਹੁਕਮਨਾਮੇ ਨੂੰ ਨਜ਼ਰਅੰਦਾਜ਼ ਕੀਤਾ ਹੈ ਜਿਸ ਵਿੱਚ ਵੱਖਰੇ ਧੜੇ ਬਣਾਉਣ ਤੋਂ ਮਨ੍ਹਾ ਕੀਤਾ ਗਿਆ ਸੀ। ਇਸ ਤੋਂ ਇਲਾਵਾ, ਬਾਦਲ ਧੜੇ ਦੇ ਆਗੂਆਂ ਨੇ ਗਿਆਨੀ ਹਰਪ੍ਰੀਤ ਨੂੰ ਬੀਜੇਪੀ ਨਾਲ ਗੁਪਤ ਸਮਝੌਤੇ ਦਾ ਦੋਸ਼ ਵੀ ਲਾਇਆ ਹੈ।

ਬਾਦਲ ਦਲ ਵਲੋਂ ਇਸ ਵਿਰੋਧਤਾ ਪਿੱਛੇ ਇੱਕ ਵੱਡਾ ਕਾਰਨ ਗਿਆਨੀ ਹਰਪ੍ਰੀਤ ਸਿੰਘ ਦੀ ਵਧਦੀ ਲੋਕਪ੍ਰਿਅਤਾ ਅਤੇ ਉਹਨਾਂ ਦੀ ਨਿਰਪੱਖ ਛਵੀ ਹੈ। ਗਿਆਨੀ ਹਰਪ੍ਰੀਤ ਨੇ ਜਥੇਦਾਰ ਵਜੋਂ ਕਈ ਵਿਵਾਦਾਂ ਵਿੱਚ ਨਿਰਪੱਖ ਫੈਸਲੇ ਲਏ ਹਨ, ਜਿਵੇਂ ਕਿ ਬਾਦਲ ਦਲ ਦੇ ਗੁਨਾਹਗਾਰ ਆਗੂਆਂ ਨੂੰ ਅਕਾਲ ਤਖਤ ਸਾਹਿਬ ਉਪਰ ਤਲਬ ਕਰਨਾ ਅਤੇ ਪੰਥਕ ਮਸਲਿਆਂ ਤੇ ਤਿੱਖੇ ਬਿਆਨ ਦੇਣਾ।

ਇਸ ਨਾਲ ਬਾਦਲ ਦਲ ਨੂੰ ਡਰ ਹੈ ਕਿ ਗਿਆਨੀ ਹਰਪ੍ਰੀਤ ਨਵੇਂ ਧੜੇ ਨੂੰ ਮਜ਼ਬੂਤ ਕਰ ਕੇ ਅਕਾਲੀ ਦਲ ਦੇ ਪੁਰਾਣੇ ਵੋਟ ਬੈਂਕ ਨੂੰ ਤੋੜ ਸਕਦੇ ਹਨ, ਖਾਸ ਕਰਕੇ ਦਲਿਤ ਅਤੇ ਪੰਥਕ ਵਰਗ ਵਿੱਚ।

### ਗਿਆਨੀ ਰਘਬੀਰ ਸਿੰਘ ਹੁਣ ਕਿਉਂ ਸਰਗਰਮ

ਗਿਆਨੀ ਰਘਬੀਰ ਸਿੰਘ, ਜੋ ਕਿ ਅਕਾਲ ਤਖ਼ਤ ਦੇ ਜਥੇਦਾਰ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਹਨ, ਨੇ ਗਿਆਨੀ ਹਰਪ੍ਰੀਤ ਦੇ ਸਿਆਸਤ ਵਿੱਚ ਆਉਣ ਨੂੰ ਗਲਤ ਠਹਿਰਾਇਆ ਹੈ। ਉਹਨਾਂ ਨੇ ਕਿਹਾ ਹੈ ਕਿ ਗੁਰੂ ਰਾਮਦਾਸ ਜੀ ਦੇ ਦਰ ਦੀ ਸੇਵਾ ਤੋਂ ਵੱਡੀ ਕੋਈ ਸੇਵਾ ਨਹੀਂ ਅਤੇ ਇਸ ਨੂੰ ਛੱਡ ਕੇ ਕਿਸੇ ਹੋਰ ਦੀ ਚਾਕਰੀ ਵਿੱਚ ਜਾਣਾ ਠੀਕ ਨਹੀਂ। ਉਹਨਾਂ ਨੇ ਬਾਬਾ ਬੁੱਢਾ ਜੀ ਨੂੰ ਉਦਾਹਰਣ ਵਜੋਂ ਪੇਸ਼ ਕੀਤਾ ਹੈ ਕਿ ਗ੍ਰੰਥੀ ਹੋ ਕੇ ਵੀ ਉਹ ਪੰਥਕ ਸੇਵਾ ਵਿੱਚ ਰਹੇ ਪਰ ਸਿਆਸੀ ਅਹੁਦੇ ਨਹੀਂ ਲਏ। ਗਿਆਨੀ ਰਘਬੀਰ ਨੇ ਕਿਹਾ ਕਿ ਜਥੇਦਾਰੀ ਦੀ ਪਦਵੀ ਪ੍ਰਧਾਨਗੀ ਨਾਲੋਂ ਵੱਡੀ ਹੈ ਅਤੇ ਗੁਰੂ ਦੇ ਦਰ ਨੂੰ ਛੱਡ ਕੇ ਸਿਆਸਤ ਵਿੱਚ ਜਾਣਾ ਅਸੰਭਵ ਹੈ। ਇਹ ਇਤਰਾਜ਼ ਭਾਵੇਂ ਧਾਰਮਿਕ ਨਜ਼ਰੀਏ ਤੋਂ ਹੈ ਪਰ ਇਸ ਨੂੰ ਬਾਦਲ ਧੜੇ ਨਾਲ ਜੋੜ ਕੇ ਵੀ ਵੇਖਿਆ ਜਾ ਰਿਹਾ ਹੈ, ਕਿਉਂਕਿ ਗਿਆਨੀ ਰਘਬੀਰ ਨੂੰ ਐੱਸਜੀਪੀਸੀ ਵੱਲੋਂ ਨਿਯੁਕਤ ਕੀਤਾ ਗਿਆ ਹੈ ਜੋ ਬਾਦਲ ਦਲ ਦੇ ਕੰਟਰੋਲ ਵਿਚ ਹੈ।

ਪਰ ਗਿਆਨੀ ਹਰਪ੍ਰੀਤ ਸਿੰਘ ਨੇ ਇਸ ਇਤਰਾਜ਼ ਨੂੰ ਤਿੱਖਾ ਜਵਾਬ ਦਿੱਤਾ ਹੈ। ਉਹਨਾਂ ਨੇ ਕਿਹਾ ਕਿ ਉਹ ਗੁਰੂ ਦੀ ਸੇਵਾ ਛੱਡ ਕੇ ਕੋਈ ਵਪਾਰ ਜਾਂ ਨਿੱਜੀ ਕੰਮ ਨਹੀਂ ਕਰ ਰਹੇ, ਹੋਟਲ ਨਹੀਂ ਖੋਲ੍ਹ ਰਹੇ, ਬਲਕਿ ਪੰਥ ਅਤੇ ਕੌਮ ਦੀ ਸੇਵਾ ਲਈ ਸਿਆਸਤ ਵਿੱਚ ਆਏ ਹਨ। ਉਹਨਾਂ ਨੇ ਕਿਹਾ ਕਿ ਜੇ ਵਿਅਕਤੀ ਦੀ ਸੇਵਾ ਵੱਡੀ ਹੁੰਦੀ ਤਾਂ ਉਹ ਅੱਜ ਵੀ ਜਥੇਦਾਰੀ ਕਰਦੇ ਹੁੰਦੇ ਪਰ ਪੰਥ ਦੀ ਸੇਵਾ ਉੱਥੇ ਵੀ ਕੀਤੀ ਅਤੇ ਇੱਥੇ ਵੀ ਕਰਨੀ ਹੈ। ਉਹਨਾਂ ਨੇ ਕਿਹਾ ਕਿ ਉਹ ਨਾ ਮੰਤਰੀ ਬਣਨਾ ਚਾਹੁੰਦੇ ਹਨ ਨਾ ਮੁੱਖ ਮੰਤਰੀ, ਸਿਰਫ਼ ਪੰਥ ਦੀ ਸੇਵਾ ਕਰਨੀ ਹੈ ਜਿੰਨੀ ਅਕਾਲ ਪੁਰਖ ਨੇ ਲਿਖੀ ਹੈ।


ਪੰਥਕ ਮਾਹਿਰਾਂ ਦਾ ਮੰਨਣਾ ਹੈ ਕਿ ਗਿਆਨੀ ਰਘਬੀਰ ਸਿੰਘ ਦਾ ਬਾਬਾ ਬੁਢਾ ਜੀ ਨੂੰ ਗ੍ਰੰਥੀਆਂ ਨਾਲ ਤੁਲਨਾ ਕਰਨਾ ਗਲਤ ਹੈ। ਬਾਬਾ ਬੁੱਢਾ ਜੀ ਨੂੰ ਸਿਰਫ ਦਰਬਾਰ ਸਾਹਿਬ ਦੇ ਗ੍ਰੰਥੀ ਨਹੀਂ ਸਨ। ਉਹਨਾਂ ਨੇ ਕਿਰਤ ਕਰਕੇ ਗੁਜ਼ਾਰਾ ਕੀਤਾ ਤੇ ਗੁਰਗੱਦੀ ਦੀ ਰੱਖਿਆ ਕੀਤੀ, ਗੁਰੂ ਹਰਗੋਬਿੰਦ ਸਾਹਿਬ ਨੂੰ ਮੀਰੀ-ਪੀਰੀ ਦੀਆਂ ਤਲਵਾਰਾਂ ਪਹਿਨਾਈਆਂ ਅਤੇ ਸਿੱਖ ਪੰਥ ਨੂੰ ਸ਼ਸਤਰ ਵਿੱਦਿਆ ਵੱਲ ਤੋਰਿਆ। ਪਰ ਕੀ ਅੱਜ ਦੇ ਗ੍ਰੰਥੀ ਅਜਿਹੀ ਅਗਵਾਈ ਦੇ ਸਮਰਥ ਹਨ। ਉਹ ਤਾਂ ਲੋਭ, ਲਾਲਚਾਂ ਕਾਰਣ ਸਿੱਖ ਸਿਧਾਂਤ ਤਿਆਗ ਕੇ ਪੰਥ ਨੂੰ ਪਿਠ ਦਿਖਾ ਜਾਂਦੇ ਹਨ। ਜਿਵੇਂ ਗਿਆਨੀ ਗੁਰਬਚਨ ਸਿੰਘ ਨੇ ਜਥੇਦਾਰ ਅਕਾਲ ਤਖਤ ਵਜੋਂ ਸਿਆਸੀ ਦਬਾਅ ਅਧੀਨ ਸੌਦਾ ਸਾਧ ਨੂੰ ਮਾਫ ਕੀਤਾ।

ਇਸ ਸਿਆਸਤ ਵਿੱਚ ਜਾਤੀ ਵਿਤਕਰੇ ਵਾਲਾ ਪਹਿਲੂ ਵੀ ਸਾਹਮਣੇ ਆ ਰਿਹਾ ਹੈ। ਬਾਦਲ ਧੜੇ ਦੀ ਮੀਟਿੰਗ ਵਿੱਚ ਇੱਕ ਆਗੂ ਨੇ ਗਿਆਨੀ ਹਰਪ੍ਰੀਤ ਨੂੰ ਮਿਰਾਸੀ ਜਾਤ ਦਾ ਕਿਹਾ ਹੈ ਅਤੇ ਐੱਸਜੀਪੀਸੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੀ ਮੌਜੂਦਗੀ ਵਿੱਚ ਇਹ ਬਿਆਨ ਦਿੱਤਾ ਗਿਆ ਪਰ ਧਾਮੀ ਨੇ ਕੁਝ ਨਹੀਂ ਬੋਲਿਆ। ਇਸ ਨੇ ਵੱਡੀ ਬਹਿਸ ਛੇੜ ਦਿੱਤੀ ਹੈ ਕਿ ਕੀ ਸਿਖ ਧਰਮ ਵਿਚ ਮਨੂ ਸਿਮਰਤੀ ਅਨੁਸਾਰ ਜਾਤੀ ਵਿਤਕਰੇ ਦਾ ਅਸੂਲ ਹੈ ਜਾਂ ਗੁਰੂ ਦੇ ਸਿਧਾਂਤ ਅਨੁਸਾਰ ਜਾਤ ਕੋਈ ਅਰਥ ਨਹੀਂ ਰਖਦੀ। ਇਸ ਜਾਤੀ ਹਉਮੈਂ ਤੇ ਵਿਤਕਰੇ ਕਾਰਣ ਸਿੱਖ ਸਿਆਸਤ ਨਿਘਰੀ ਹੈ। ਅਜਿਹਾ ਨੈਰੇਟਿਵ ਗੁਰੂ ਦੀ ਪਾਤਸ਼ਾਹੀ ਨੂੰ ਚੈਲਿੰਜ ਹੈ।

ਇਹ ਬਿਆਨ ਗੁਰੂ ਨਾਨਕ ਦੇ ਬਰਾਬਰੀ ਵਾਲੇ ਸਿਧਾਂਤ ਨੂੰ ਚੁਣੌਤੀ ਦਿੰਦਾ ਹੈ ਅਤੇ ਪੰਜਾਬ ਵਿੱਚ ਜਾਤੀ ਵਿਤਕਰੇ ਨੂੰ ਉਜਾਗਰ ਕਰਦਾ ਹੈ। ਗਿਆਨੀ ਹਰਪ੍ਰੀਤ ਇੱਕ ਦਲਿਤ ਆਗੂ ਵਜੋਂ ਉੱਭਰ ਰਹੇ ਹਨ ਜੋ ਅਕਾਲੀ ਦਲ ਨੂੰ ਨਵਾਂ ਆਧਾਰ ਦੇ ਸਕਦੇ ਹਨ ਪਰ ਬਾਦਲ ਧੜੇ ਨੂੰ ਇਹ ਪਸੰਦ ਨਹੀਂ। ਕੁਝ ਸਿਆਸੀ ਮਾਹਿਰਾਂ ਦਾ ਖਿਆਲ ਹੈ ਕਿ ਬਾਦਲ ਦਲ ਨੂੰ ਗਿਆਨੀ ਹਰਪ੍ਰੀਤ ਤੋਂ ਖਤਰਾ ਹੈ ਇਸ ਲਈ ਜਾਤੀ ਹਮਲੇ ਕੀਤੇ ਜਾ ਰਹੇ ਹਨ।

ਇਸ ਸਾਰੇ ਮਾਮਲੇ ਵਿੱਚ ਪੰਜਾਬ ਦੀ ਸਿਆਸਤ ਨੂੰ ਨਵਾਂ ਮੋੜ ਮਿਲ ਰਿਹਾ ਹੈ। ਬਾਦਲ ਦਲ ਦੀ ਵਿਰੋਧਤਾ ਅਤੇ ਅਕਾਲ ਤਖ਼ਤ ਜਥੇਦਾਰਾਂ ਦੇ ਇਤਰਾਜ਼ ਨੇ ਇਸ ਨੂੰ ਵਿਵਾਦੀ ਬਣਾ ਦਿੱਤਾ ਹੈ ਪਰ ਗਿਆਨੀ ਹਰਪ੍ਰੀਤ ਨੇ ਇਸ ਨੂੰ ਪੰਥਕ ਸੇਵਾ ਵਜੋਂ ਪੇਸ਼ ਕੀਤਾ ਹੈ। ਕੀ ਇਹ ਨਵਾਂ ਧੜਾ ਅਕਾਲੀ ਦਲ ਨੂੰ ਮੁੜ ਜਿਉਂਦਾ ਕਰੇਗਾ ਜਾਂ ਵੰਡ ਵਧਾਏਗਾ, ਇਹ ਵੇਖਣ ਵਾਲੀ ਗੱਲ ਹੈ।

## ਮਜੀਠੀਆ ਦੀ ਮੁਹਾਲੀ ਅਦਾਲਤ ਤੋਂ ਜ਼ਮਾਨਤ ਨਹੀਂ ਹੋਈ, ਹੁਣ ਜਾਵੇਗਾ ਹਾਈਕੋਰਟ



ਅੰਮ੍ਰਿਤਸਰ-ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਸਾਬਕਾ ਮੰਤਰੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਬਿਕਰਮ ਸਿੰਘ ਮਜੀਠੀਆ ਨੂੰ ਮੁਹਾਲੀ ਅਦਾਲਤ ਤੋਂ ਝਟਕਾ ਲੱਗਾ ਹੈ। ਅਦਾਲਤ ਨੇ ਉਨ੍ਹਾਂ ਦੀ ਪਟੀਸ਼ਨ ਰੱਦ ਕਰ ਦਿੱਤੀ ਹੈ। ਅਜਿਹੀ ਸਥਿਤੀ ਵਿੱਚ ਹੁਣ ਇਹ ਸਪੱਸ਼ਟ ਹੋ ਗਿਆ ਹੈ ਕਿ ਉਨ੍ਹਾਂ ਨੂੰ ਜ਼ਮਾਨਤ ਲਈ ਹਾਈ ਕੋਰਟ ਜਾਣਾ ਪਵੇਗਾ।

# ਬਰਤਾਨੀਆਂ ਦੇ ਫੁਟਬੱਲ ਇਤਿਹਾਸ ਵਿੱਚ ਸਿੱਖਾਂ ਦੀ ਨਵੀਂ ਸ਼ੁਰੂਆਤ

## ਪੰਜਾਬ ਵਾਰੀਅਰਜ਼ ਸਮੂਹ ਨੇ ਸੰਭਾਲਿਆ ਮੋਰਕੈਂਬ ਫੁੱਟਬਾਲ ਕਲੱਬ ਦਾ ਪ੍ਰਬੰਧ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਇੰਗਲਿਸ਼ ਫੁੱਟਬਾਲ ਅਤੇ ਦੁਨੀਆ ਭਰ ਵਿੱਚ ਵਸਦੇ ਪੰਜਾਬੀ ਭਾਈਚਾਰੇ ਲਈ ਇੱਕ ਬਹੁਤ ਹੀ ਮਾਣ ਵਾਲਾ ਪਲ ਹੈ ਕਿ ਪੰਜਾਬ ਵਾਰੀਅਰਜ਼ ਨੇ ਇੰਗਲੈਂਡ ਵਿੱਚ ਮੋਰਕੈਂਬ ਫੁੱਟਬਾਲ ਕਲੱਬ ਦਾ ਪ੍ਰਬੰਧ ਸੰਭਾਲ ਕੇ ਨਵਾਂ ਇਤਿਹਾਸ ਰਚਿਆ ਹੈ। ਇਸ ਨਾਲ ਪੰਜਾਬ ਵਾਰੀਅਰਜ਼ ਸਮੂਹ ਇੰਗਲੈਂਡ ਵਿੱਚ ਇੱਕ ਪੇਸ਼ੇਵਰ ਫੁੱਟਬਾਲ ਕਲੱਬ ਦੇ ਮਾਲਕ ਬਣਨ ਵਾਲਾ ਪਹਿਲਾ ਸਿੱਖ ਅਤੇ ਪੰਜਾਬੀ ਅਗਵਾਈ ਵਾਲਾ ਸਮੂਹ ਬਣ ਗਿਆ ਹੈ। ਜਿਸ ਦਾ ਪ੍ਰਬੰਧ ਬੀਤੇ ਦਿਨੀ ਸੰਭਾਲਿਆ ਹੈ ਇਸ ਮੌਕੇ ਕਲੱਬ ਨੇ ਨਵੇਂ ਸੀ ਈ ਓ ਰੁਪਿੰਦਰ ਸਿੰਘ,



ਮੋਰਕੈਂਬ ਫੁੱਟਬਾਲ ਕਲੱਬ ਦਾ ਪ੍ਰਬੰਧ ਸੰਭਾਲਣ ਮੌਕੇ ਪੰਜਾਬ ਵਾਰੀਅਰਜ਼ ਸਮੂਹ ਦੇ ਨੁਮਾਇੰ

ਗੁਰਪ੍ਰੀਤ ਸਿੰਘ ਅਤੇ ਹੋਰ ਨੁਮਾਇੰਦੇ ਹਾਜ਼ਰ ਸਨ। ਇੰਗਲਿਸ਼ ਫੁੱਟਬਾਲ ਲੀਗ ਵੱਲੋਂ ਰਸਮੀ ਪ੍ਰਵਾਨਗੀ ਮਿਲਣ ਤੋਂ ਬਾਅਦ ਇਹ ਸੌਦਾ ਪੱਕਾ ਹੋਇਆ ਸੀ ਅਤੇ ਪੰਜਾਬ ਵਾਰੀਅਰਜ਼ ਵੱਲੋਂ ਮੋਰਕੈਂਬ ਫੁੱਟਬਾਲ ਕਲੱਬ ਦੀ ਮਾਲਕੀ ਹਾਸਿਲ ਕਰਨਾ ਵਿਦੇਸ਼ਾਂ ਵਿੱਚ ਵੱਸਦੇ ਸਿੱਖਾਂ ਲਈ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਹੈ। ਜੋ ਸਿੱਖ ਪਛਾਣ ਦੀ ਵੱਧ ਰਹੀ ਮਾਨਤਾ ਦਾ ਸੰਕੇਤ ਹੈ। ਨਵੇਂ ਮਾਲਕੀ ਸਮੂਹ ਪੰਜਾਬ ਵਾਰੀਅਰਜ਼ ਅਨੁਸਾਰ ਬਰਤਾਨਵੀ ਫੁੱਟਬਾਲ ਦੀ ਦੁਨੀਆਂ ਵਿੱਚ ਸਿੱਖ ਅਤੇ ਪੰਜਾਬੀ ਭਾਈਚਾਰੇ ਦੀ ਨੁਮਾਇੰਦਗੀ ਲਈ ਇੱਕ ਵੱਡੀ ਪੁਲਾਂਘ ਹੈ। ਉਨ੍ਹਾਂ ਅਨੁਸਾਰ ਖੇਡਾਂ ਦੇ ਉੱਚ ਪੱਧਰ 'ਤੇ ਸਿੱਖ ਅਤੇ ਪੰਜਾਬੀ ਭਾਈਚਾਰਿਆਂ ਲਈ ਇਹਨਾਂ ਪਲਾਂ ਦੀ ਲੰਮੇ ਸਮੇਂ ਤੋਂ ਉਡੀਕ ਸੀ। ਪੰਜਾਬ ਵਾਰੀਅਰਜ਼ ਅਨੁਸਾਰ ਉਨ੍ਹਾਂ ਦਾ ਟੀਚਾ ਕਲੱਬ ਰਾਹੀਂ ਸਥਾਨਕ ਭਾਈਚਾਰੇ ਨਾਲ ਡੂੰਘੇ ਸਬੰਧ ਬਣਾਉਣਾ, ਸਿੱਖ ਅਤੇ ਪੰਜਾਬੀ ਨੌਜਵਾਨਾਂ ਲਈ ਖੇਡਾਂ ਅਤੇ ਖਾਸ ਕਰਕੇ ਫੁਟਬਾਲ ਵਿੱਚ ਨਵੇਂ ਮੌਕੇ ਪੈਦਾ ਕਰਨਾ ਅਤੇ ਅਗਲੀ ਪੀੜ੍ਹੀ ਨੂੰ ਪ੍ਰੇਰਿਤ ਕਰਨਾ ਹੈ।

# ਤਖ਼ਤ ਪਟਨਾ ਸਾਹਿਬ ਪ੍ਰਬੰਧਕ ਕਮੇਟੀ ਤੇ ਸਾਬਕਾ ਜਥੇਦਾਰ ਵਿਚਾਲੇ ਵਿਵਾਦ ਖ਼ਤਮ

## ਅਕਾਲ ਤਖ਼ਤ ਦੇ ਹੁਕਮਾਂ ਮਗਰੋਂ ਗਿਆਨੀ ਰਣਜੀਤ ਸਿੰਘ ਗੌਹਰ ਨੇ ਕਮੇਟੀ ਖ਼ਿਲਾਫ਼ ਕੇਸ ਵਾਪਸ ਲਿਆ



ਤਖ਼ਤ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਅਤੇ ਸਾਬਕਾ ਜਥੇਦਾਰ ਗਿਆਨੀ ਰਣਜੀਤ ਸਿੰਘ ਗੌਹਰ ਵਿਚਾਲੇ ਪਿਛਲੇ ਤਿੰਨ ਸਾਲਾਂ ਤੋਂ ਚੱਲ ਰਿਹਾ ਵਿਵਾਦ ਐਤਵਾਰ ਨੂੰ ਖ਼ਤਮ ਹੋ ਗਿਆ। ਇਹ ਮਾਮਲਾ ਅਕਾਲ ਤਖ਼ਤ ਤੋਂ 14 ਜੁਲਾਈ ਨੂੰ ਪੰਜ ਸਿੰਘ ਸਾਹਿਬਾਨ ਵੱਲੋਂ ਹੋਏ ਆਦੇਸ਼ ਅਨੁਸਾਰ ਮਿਲ-ਬੈਠ ਕੇ ਅਤੇ ਪੰਥਕ ਇਕਜੁੱਟਤਾ ਦੀ ਭਾਵਨਾ ਨਾਲ ਹੱਲ ਕੀਤਾ ਗਿਆ ਹੈ। ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਤਖ਼ਤ ਹਰਿਮੰਦਰ ਜੀ ਪਟਨਾ ਸਾਹਿਬ ਦੇ ਪੰਜ ਪਿਆਰੇ ਸਾਹਿਬਾਨ, ਪ੍ਰਬੰਧਕ ਕਮੇਟੀ ਅਤੇ ਸਾਬਕਾ ਜਥੇਦਾਰ ਗਿਆਨੀ ਰਣਜੀਤ ਸਿੰਘ ਗੌਹਰ ਨੇ ਅਕਾਲ ਤਖ਼ਤ ਦੀ ਸਰਬਉੱਚਤਾ ਨੂੰ ਸਮਰਪਿਤ ਹੁੰਦਿਆਂ ਇੱਥੋਂ ਹੋਏ ਆਦੇਸ਼ਾਂ ਦੀ ਪਾਲਣਾ ਕੀਤੀ। ਉਨ੍ਹਾਂ ਕਿਹਾ ਕਿ ਸਿੱਖ ਕੌਮ ਨੂੰ ਦਰਪੇਸ਼ ਚੁਣੌਤੀਆਂ ਦੇ ਮੱਦੇਨਜ਼ਰ ਮੌਜੂਦਾ ਸਮਾਂ ਸਿੱਖ ਸ਼ਕਤੀ ਨੂੰ ਇਕਜੁੱਟ ਕਰਨ ਅਤੇ ਸਿੱਖ ਸੰਸਥਾਵਾਂ ਨੂੰ ਪੰਥਕ ਏਕਤਾ ਦੀ ਭਾਵਨਾ ਅਨੁਸਾਰ ਮਜ਼ਬੂਤ ਕਰਨ ਦਾ ਹੈ। ਉਨ੍ਹਾਂ ਕਿਹਾ ਕਿ ਪੰਜ ਤਖ਼ਤਾਂ ਦਾ ਪੰਥਕ ਮਾਮਲਿਆਂ ਵਿਚ ਆਪਸੀ ਤਾਲਮੇਲ ਅਤੇ ਇਕਸੁਰਤਾ ਹੈ। ਤਖ਼ਤ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਗਜੋਤ ਸਿੰਘ ਨੇ ਦੱਸਿਆ ਕਿ ਸਾਲ 2022 ਵਿਚ ਤਤਕਾਲੀ ਪ੍ਰਧਾਨ ਅਵਤਾਰ ਸਿੰਘ ਹਿੱਤ ਵੱਲੋਂ ਕੁਝ ਕਾਰਨਾਂ ਕਰਕੇ ਜਥੇਦਾਰ ਰਣਜੀਤ ਸਿੰਘ ਗੌਹਰ ਦੀਆਂ ਸੇਵਾਵਾਂ 'ਤੇ ਰੋਕ ਲਗਾ ਦਿੱਤੀ ਗਈ ਸੀ, ਜਿਸ ਤੋਂ ਬਾਅਦ ਉਨ੍ਹਾਂ ਪ੍ਰਬੰਧਕ ਕਮੇਟੀ ਵਿਰੁੱਧ ਅਦਾਲਤ ਵਿਚ ਕੇਸ ਕੀਤਾ ਸੀ।

# ਪੰਜਾਬ ਪੁਲੀਸ ਵੱਲੋਂ ਬੱਬਰ ਖਾਲਸਾ ਦੇ ਦੋ ਬੰਦੇ ਗਰਨੇਡਾਂ ਤੇ ਪਿਸਤੌਲ ਸਣੇ ਗ੍ਰਿਫ਼ਤਾਰ

ਅੰਮ੍ਰਿਤਸਰ-ਆਜ਼ਾਦੀ ਦਿਹਾੜੇ ਤੋਂ ਇੱਕ ਦਿਨ ਪਹਿਲਾਂ ਕਾਊਂਟਰ ਇੰਟੈਲੀਜੈਂਸ (ਸੀਆਈ) ਫਿਰੋਜ਼ਪੁਰ ਨੇ ਬੱਬਰ ਖਾਲਸਾ ਇੰਟਰਨੈਸ਼ਨਲ (ਬੀਕੇਆਈ) ਦੇ ਦੋ ਕਾਰਕੁਨਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੰਜਾਬ ਦੇ ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਕਾਊਂਟਰ ਇੰਟੈਲੀਜੈਂਸ ਨੇ ਪਾਕਿਸਤਾਨ ਦੀ ਏਜੰਸੀ ਆਈਐਸਆਈ ਤੋਂ ਸ਼ਹਿ ਪ੍ਰਾਪਤ ਹਰਵਿੰਦਰ ਰਿੰਦਾ ਵੱਲੋਂ ਰਚੀ ਜਾ ਰਹੀ ਵੱਡੀ ਸਾਜ਼ਿਸ਼ ਨੂੰ ਨਾਕਾਮ ਕੀਤਾ ਹੈ। ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਦੀ ਪਛਾਣ ਹਰਪ੍ਰੀਤ ਸਿੰਘ ਪ੍ਰੀਤ ਵਾਸੀ ਪਿੰਡ ਭੁੱਲਰ, ਤਰਨ ਤਾਰਨ ਅਤੇ ਗੁਲਸ਼ਨ ਸਿੰਘ ਨੰਦੂ ਵਾਸੀ ਪਿੰਡ ਰਾਮਪੁਰਾ ਅੰਮ੍ਰਿਤਸਰ ਵਜੋਂ ਹੋਈ ਹੈ। ਪੁਲੀਸ ਦੀਆਂ ਟੀਮਾਂ ਨੇ ਗ੍ਰਿਫਤਾਰ ਵਿਅਕਤੀਆਂ ਦੇ ਕਬਜ਼ੇ 'ਚੋਂ ਦੋ 86 ਪੀ ਹੈਂਡ ਗਰਨੇਡ, ਇੱਕ 9 ਐਮ ਐਮ ਪਿਸਤੌਲ ਅਤੇ ਪੰਜ ਜ਼ਿੰਦਾ ਕਾਰਤੂਸ ਬਰਾਮਦ ਕੀਤੇ ਹਨ।

ਜ਼ਿਕਰਯੋਗ ਹੈ ਕਿ ਦੋ ਦਿਨ ਪਹਿਲਾਂ ਪੰਜਾਬ ਪੁਲੀਸ ਨੇ ਰਾਜਸਥਾਨ ਦੇ ਟੋਂਕ ਅਤੇ ਜੈਪੁਰ ਜ਼ਿਲ੍ਹਿਆਂ ਤੋਂ ਤਿੰਨ ਨਾਬਾਲਗਾਂ ਸਮੇਤ ਪੰਜ ਮੁਲਜ਼ਮਾਂ ਨੂੰ ਇੱਕ 86 ਪੀ ਹੈਂਡ-ਗਰਨੇਡ ਅਤੇ ਇੱਕ .30 ਬੋਰ ਪਿਸਤੌਲ ਸਮੇਤ ਗ੍ਰਿਫ਼ਤਾਰ ਕਰਕੇ ਬੀਕੇਆਈ ਮਾਡਿਊਲ ਦਾ ਪਰਦਾਫਾਸ਼ ਕੀਤਾ ਸੀ।

ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ



ਮੁੱਢਲੀ ਜਾਂਚ ਤੋਂ ਸਾਹਮਣੇ ਆਇਆ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਵਿਅਕਤੀ ਯੂਕੇ, ਅਮਰੀਕਾ ਅਤੇ ਯੂਰਪ ਵਿੱਚ ਬੈਠੇ ਆਪਣੇ ਵਿਦੇਸ਼ੀ ਹੈਂਡਲਰਾਂ ਦੇ ਨਿਰਦੇਸ਼ਾਂ ਤਹਿਤ ਕੰਮ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਜਾਂਚ ਦੌਰਾਨ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਸਰਹੱਦੀ ਸੂਬੇ ਦੀ ਸ਼ਾਂਤੀ ਨੂੰ ਭੰਗ ਕਰਨ ਲਈ ਸਰਕਾਰੀ ਇਮਾਰਤਾਂ ਅਤੇ ਪੁਲੀਸ ਅਦਾਰਿਆਂ ਨੂੰ ਗਰਨੇਡਾਂ ਨਾਲ ਨਿਸ਼ਾਨਾ ਬਣਾਉਣ ਦੀ ਸਾਜ਼ਿਸ਼ ਰਚ ਰਹੇ ਸਨ।

ਏਆਈਜੀ ਸੀਆਈ ਫਿਰੋਜ਼ਪੁਰ ਗੁਰਸੇਵਕ ਸਿੰਘ ਬਰਾੜ ਨੇ ਦੱਸਿਆ ਕਿ ਠੋਸ ਜਾਣਕਾਰੀ ਦੇ ਆਧਾਰ 'ਤੇ ਸੀਆਈ ਫਿਰੋਜ਼ਪੁਰ ਦੀਆਂ ਟੀਮਾਂ ਨੇ ਇੱਕ ਖੁਫੀਆ ਆਪਰੇਸ਼ਨ ਚਲਾਇਆ ਅਤੇ ਫਿਰੋਜ਼ਪੁਰ ਦੇ ਤਲਵੰਡੀ ਭਾਈ ਤੋਂ ਸ਼ੱਕੀ ਵਿਅਕਤੀਆਂ ਹਰਪ੍ਰੀਤ ਸਿੰਘ ਉਰਫ਼ ਪ੍ਰੀਤ ਅਤੇ ਗੁਲਸ਼ਨ ਸਿੰਘ ਨੰਦੂ ਨੂੰ ਕਾਬੂ ਕਰ ਲਿਆ।

# ਜਥੇਦਾਰ ਅਕਾਲ ਤਖਤ ਨੇ ਕਿਹਾ ਕਿ ਗਿਆਨੀ ਹਰਪ੍ਰੀਤ ਸਿੰਘ ਨੂੰ ਪ੍ਰਧਾਨ ਨਹੀਂ ਬਣਨਾ ਚਾਹੀਦਾ ਸੀ

## ✪ ਦੋ ਦਸੰਬਰ ਦੇ ਹੁਕਮਨਾਮੇ ਦੀ ਨਹੀਂ ਹੋਈ ਪਾਲਣਾ

ਅੰਮ੍ਰਿਤਸਰ-ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਅਕਾਲੀ ਦਲ ਦਾ ਪ੍ਰਧਾਨ ਬਣਨ 'ਤੇ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਉਨ੍ਹਾਂ ਨੂੰ ਨੈਤਿਕ ਤੌਰ 'ਤੇ ਅਕਾਲੀ ਦਲ ਦਾ ਪ੍ਰਧਾਨ ਨਹੀਂ ਬਣਨਾ ਚਾਹੀਦਾ ਸੀ। ਉਨ੍ਹਾਂ ਕਿਹਾ ਕਿ ਇਸ ਵੇਲੇ ਸਿੱਖ ਕੌਮ ਸਾਹਮਣੇ ਵੱਡੀਆਂ ਚੁਣੌਤੀਆਂ ਹਨ ਅਤੇ ਇਨ੍ਹਾਂ ਦਾ ਸਾਰਿਆਂ ਨੂੰ ਮਿਲ ਕੇ ਸਾਹਮਣਾ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਸ ਵੇਲੇ ਕੌਮ ਨੂੰ ਧੜਿਆਂ ਵਿੱਚ ਵੰਡਣ ਦੀ ਥਾਂ ਇੱਕਜੁੱਟ ਹੋਣਾ ਚਾਹੀਦਾ ਹੈ। ਜਥੇਦਾਰ ਗੜਗੱਜ ਇੱਥੇ ਖਾਲਸਾ ਕਾਲਜ ਵਿੱਚ ਅਰਦਾਸ ਸਮਾਗਮ 'ਚ ਸ਼ਾਮਲ ਹੋਣ ਲਈ ਪੁੱਜੇ ਸਨ। ਇਸ ਦੌਰਾਨ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਵਰਤੀ ਗਈ ਸ਼ਬਦਾਵਲੀ 'ਤੇ ਵੀ ਇਤਰਾਜ਼ ਜ਼ਾਹਿਰ ਕੀਤਾ ਹੈ। ਉਨ੍ਹਾਂ ਕਿਹਾ ਕਿ ਉਹ ਖ਼ੁਦ ਕੌਮ ਦੇ ਜਥੇਦਾਰ ਰਹੇ ਹਨ ਅਤੇ ਉਨ੍ਹਾਂ ਨੂੰ ਮਿੱਠ ਬੋਲੜਾ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜਿਹੜਾ ਅਕਾਲੀ ਦਲ ਪੰਜਾਬ ਦੀ ਗੱਲ ਕਰਦਾ ਹੈ, ਪੰਜਾਬ ਦੀ ਜ਼ਮੀਨ ਨੂੰ ਬਚਾਉਣ ਲਈ ਗੱਲ ਕਰਦਾ ਹੈ, ਸਿੱਖ ਪਛਾਣ ਅਤੇ ਸਿੱਖ ਮੁੱਦਿਆਂ ਦੀ ਗੱਲ ਕਰਦਾ ਹੈ, ਪੂਰੀ ਦੁਨੀਆ ਵਿੱਚ ਸਿੱਖੀ ਦੇ ਪ੍ਰਚਾਰ ਪ੍ਰਸਾਰ ਦੀ ਗੱਲ ਕਰਦਾ ਹੈ, ਉਹੀ ਅਸਲੀ ਅਕਾਲੀ ਦਲ ਹੈ।



ਉਨ੍ਹਾਂ ਕਿਹਾ ਕਿ ਦੋ ਦਸੰਬਰ ਨੂੰ ਅਕਾਲ ਤਖ਼ਤ ਤੋਂ ਜਾਰੀ ਕੀਤੇ ਹੁਕਮਨਾਮੇ ਦੀ ਮੂਲ ਭਾਵਨਾ ਸਭ ਨੂੰ ਇਕੱਠਿਆਂ ਕਰਨਾ ਸੀ ਪਰ ਇਸ ਦੀ ਇੰਨ-ਬਿੰਨ ਪਾਲਣਾ ਨਹੀਂ ਹੋਈ। ਬਿਨਾਂ ਕਿਸੇ ਦਾ ਨਾਂ ਲਏ ਉਨ੍ਹਾਂ ਦੋਸ਼ ਲਾਇਆ ਕਿ ਹਰੇਕ ਨੇ ਆਪਣੇ ਨਿੱਜੀ ਮੁਫ਼ਾਦ ਅੱਗੇ ਰੱਖੇ ਅਤੇ ਅਕਾਲ ਤਖ਼ਤ ਦੀ ਮਾਣ-ਮਰਿਆਦਾ ਵੱਲ ਧਿਆਨ ਨਹੀਂ ਦਿੱਤਾ। ਉਨ੍ਹਾਂ ਕਿਹਾ ਕਿ ਅਕਾਲੀ ਧੜਿਆਂ ਦੀ ਲੜਾਈ, ਪੰਥ ਦੀ ਲੜਾਈ ਨਹੀਂ ਸਗੋਂ ਇਹ ਧੜਿਆਂ ਦੀ ਲੜਾਈ ਹੈ। ਅਕਾਲੀ ਧੜੇ ਪਹਿਲਾਂ ਵੀ ਲੜਦੇ ਰਹੇ ਹਨ, ਧੜੇ ਪਹਿਲਾਂ ਵੀ ਨਵੇਂ ਬਣਦੇ ਰਹੇ ਹਨ। ਇਸ ਲਈ ਜੇ ਕੋਈ ਪ੍ਰਧਾਨ ਬਣਿਆ ਹੈ ਤਾਂ ਉਸਨੂੰ ਮੁਬਾਰਕ ਹੈ, ਪਰ ਇਸ ਵੇਲੇ ਕੌਮ ਉੱਤੇ ਬਾਹਰੋਂ ਹਮਲੇ ਹੋ ਰਹੇ ਹਨ, ਇਸ ਲਈ ਇਕੱਠੇ ਹੋ ਕੇ ਚੱਲਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਕੌਮ ਦੇ ਵੱਡੇ ਹਿੱਤਾਂ ਲਈ ਇੱਕਜੁੱਟ ਹੋਣ ਦੀ ਲੋੜ ਹੈ, ਵੱਖੋ-ਵੱਖਰੇ ਚੱਲਣਾ ਠੀਕ ਨਹੀਂ ਹੈ।

# 'ਆਪ' ਸਰਕਾਰ ਵਲੋਂ ਜਤਿੰਦਰ ਮਸੀਹ ਗੌਰਵ ਦੀ ਨਿਯੁਕਤੀ: ਪੈਂਟੀਕੋਸਟਲ ਚਰਚ ਦਾ ਵਧਦਾ ਪ੍ਰਭਾਵ

**ਖਾਸ ਰਿਪੋਟ**

## ✪ ਪ੍ਰਵਾਸੀ ਵੋਟ ਬੈਂਕ ਤੇ ਦਲਿਤ ਸਿਖਾਂ ਦੇ ਧਰਮ ਬਦਲੀ ਨਾਲ ਬਦਲਾਏ ਜਾ ਰਹੇ ਨੇ ਰਾਜਨੀਤਕ ਸਮੀਕਰਨ ✪ ਨਰੂਲਾ ਪਾਸਟਰ ਉਪਰ ਧਰਮ ਤਬਦੀਲੀਆਂ ਅਤੇ ਅੰਧ ਵਿਸ਼ਵਾਸ ਦੇ ਇਲਜ਼ਾਮ



ਪੰਜਾਬ ਸਰਕਾਰ ਨੇ ਹਾਲ ਹੀ ਵਿੱਚ ਇੱਕ ਅਜਿਹੀ ਨਿਯੁਕਤੀ ਕੀਤੀ ਹੈ ਜਿਸ ਨੇ ਪੰਜਾਬ ਦੇ ਰਾਜਨੀਤਕ ਅਤੇ ਸਿੱਖ ਹਲਕਿਆਂ ਵਿੱਚ ਤੂਫ਼ਾਨ ਖੜ੍ਹਾ ਕਰ ਦਿੱਤਾ ਹੈ। ਜੁਣੇ ਜਿਹੇ ਪ੍ਰਸਿੱਧ ਪੈਂਟੀਕੋਸਟਲ ਪਾਸਟਰ ਅੰਕੁਰ ਨਰੂਲਾ ਦੇ ਨਜ਼ਦੀਕੀ ਸਹਿਯੋਗੀ ਜਤਿੰਦਰ ਮਸੀਹ 'ਗੌਰਵ' ਨੂੰ ਪੰਜਾਬ ਸਟੇਟ ਮਾਈਨੋਰਿਟੀਜ਼ ਕਮਿਸ਼ਨ ਦਾ ਚੇਅਰਮੈਨ ਬਣਾਇਆ ਗਿਆ ਹੈ। ਇਹ ਪਹਿਲੀ ਵਾਰ ਹੈ ਜਦੋਂ ਪੰਜਾਬ ਵਿੱਚ ਉਭਰ ਰਹੇ ਪੈਂਟੀਕੋਸਟਲ ਚਰਚਾਂ ਨਾਲ ਜੁੜੇ ਕਿਸੇ ਵਿਅਕਤੀ ਨੂੰ ਇਸ ਅਹੁਦੇ 'ਤੇ ਨਿਯੁਕਤ ਕੀਤਾ ਗਿਆ ਹੈ। ਪਹਿਲਾਂ ਇਹ ਅਹੁਦਾ ਜ਼ਿਆਦਾਤਰ ਪੁਰਾਣੀ ਪ੍ਰੋਟੈਸਟੈਂਟ ਜਾਂ ਕੈਥੋਲਿਕ ਧਾਰਾਵਾਂ ਨਾਲ ਸਬੰਧਤ ਵਿਅਕਤੀਆਂ ਨੂੰ ਮਿਲਦਾ ਰਿਹਾ ਹੈ। ਇਸ ਨਿਯੁਕਤੀ ਨੇ ਸਿੱਖ ਭਾਈਚਾਰੇ ਵਿੱਚ ਵਿਰੋਧ ਅਤੇ ਚਿੰਤਾ ਵੀ ਵਧਾ ਦਿੱਤੀ ਹੈ। ਬਹੁਤੇ ਪੰਥਕ ਆਗੂ ਅਤੇ ਸੰਗਠਨ ਇਸ ਨੂੰ ਧਰਮ ਤਬਦੀਲੀਆਂ ਨੂੰ ਉਤਸ਼ਾਹਿਤ ਕਰਨ ਵਾਲੀ ਸਾਜ਼ਿਸ਼ ਵਜੋਂ ਵੇਖ ਰਹੇ ਹਨ, ਜਦਕਿ ਸਰਕਾਰ ਇਸ ਨੂੰ ਘੱਟ ਗਿਣਤੀ ਭਾਈਚਾਰੇ ਦੇ ਨੁਮਾਇੰਦੇ ਵਜੋਂ ਪੇਸ਼ ਕਰ ਰਹੀ ਹੈ।

ਜਤਿੰਦਰ ਮਸੀਹ ਗੌਰਵ ਗੁਰਦਾਸਪੁਰ ਜ਼ਿਲ੍ਹੇ ਦੇ ਕਲਾਨੌਰ ਨਾਲ ਸਬੰਧਤ ਹਨ ਅਤੇ ਬਾਲਮੀਕੀ-ਪ੍ਰੋਟੈਸਟੈਂਟ ਪਰਿਵਾਰ ਤੋਂ ਆਉਂਦੇ ਹਨ। ਉਹ ਲਗਭਗ ਇੱਕ ਦਹਾਕੇ ਤੋਂ ਪਾਸਟਰ ਅੰਕੁਰ ਨਰੂਲਾ ਨਾਲ ਜੁੜੇ ਹੋਏ ਹਨ ਅਤੇ ਅੰਕੁਰ ਨਰੂਲਾ ਮਿਨਿਸਟਰੀਜ਼ ਦੀ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਹਨ। ਇਸ ਤੋਂ ਇਲਾਵਾ, ਉਹ ਗਲੋਬਲ ਕ੍ਰਿਸਚੀਅਨ ਐਕਸ਼ਨ ਕਮੇਟੀ ਦੇ ਪ੍ਰਧਾਨ ਵੀ ਹਨ। ਨਿਯੁਕਤੀ ਤੋਂ ਬਾਅਦ, ਕਈ ਪੈਂਟੀਕੋਸਟਲ ਪਾਸਟਰਾਂ ਨੇ ਸੋਸ਼ਲ ਮੀਡੀਆ 'ਤੇ ਉਨ੍ਹਾਂ ਨੂੰ ਵਧਾਈ ਦਿੱਤੀ ਹੈ।

ਇਸ ਨਿਯੁਕਤੀ ਨੂੰ ਪੰਜਾਬ ਵਿੱਚ ਉਭਰ ਰਹੇ ਪੈਂਟੀਕੋਸਟਲ ਚਰਚਾਂ ਦੀ ਵਧਦੀ ਤਾਕਤ ਨਾਲ ਜੋੜ ਕੇ ਵੇਖਿਆ ਜਾ ਰਿਹਾ ਹੈ। ਅੰਕੁਰ ਨਰੂਲਾ ਮਿਨਿਸਟਰੀਜ਼ ਜਲੰਧਰ ਸਥਿਤ ਹੈ ਅਤੇ ਇਹ ਪੰਜਾਬ ਦਾ ਸਭ ਤੋਂ ਵੱਡਾ ਅਤੇ ਤੇਜ਼ੀ ਨਾਲ ਵਧ ਰਿਹਾ ਚਰਚ ਮੰਨਿਆ ਜਾਂਦਾ ਹੈ। ਸਤੰਬਰ 2022 ਵਿੱਚ ਗੌਰਵ ਨੇ ਦੱਸਿਆ ਸੀ ਕਿ ਖਾਂਬੜਾ ਵਿਖੇ ਬਣਾਈ ਜਾ ਰਹੀ ਚਰਚ ਦੀ ਇਮਾਰਤ ਏਸ਼ੀਆ ਦੀ ਸਭ ਤੋਂ ਵੱਡੀ ਚਰਚ ਹੋਵੇਗੀ, ਜੋ ਬਿਨਾਂ ਥੰਮ੍ਹਾਂ ਦੇ ਹੋਵੇਗੀ ਅਤੇ ਇੱਕ ਵਾਰ ਵਿੱਚ 50,000 ਲੋਕਾਂ ਨੂੰ ਸਮਾ ਸਕਦੀ ਹੈ। ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਦਾ ਚਰਚ ਪੰਜਾਬ ਭਰ ਤੋਂ ਲੋਕਾਂ ਨੂੰ ਆਕਰਸ਼ਿਤ ਕਰਦਾ ਹੈ, ਖਾਸ ਕਰ ਗੁਰਦਾਸਪੁਰ, ਅੰਮ੍ਰਿਤਸਰ, ਜਲੰਧਰ ਅਤੇ ਕਪੂਰਥਲਾ ਜ਼ਿਲ੍ਹਿਆਂ ਤੋਂ ਭਾਰੀ ਗਿਣਤੀ ਵਿਚ ਲੋਕ ਇਥੇ ਆਉਂਦੇ ਹਨ।

ਪੈਂਟੀਕੋਸਟਲ ਚਰਚ ਪੰਜਾਬ ਵਿੱਚ ਪਿਛਲੇ ਕੁਝ ਸਾਲਾਂ ਵਿੱਚ ਤੇਜ਼ੀ ਨਾਲ ਵਧੇ ਹਨ। ਇਹ ਚਰਚ ਵਿਅਕਤੀਗਤ ਪਾਸਟਰਾਂ ਦੀ ਅਗਵਾਈ ਵਿੱਚ ਚੱਲਦੇ ਹਨ ਅਤੇ ਨਾ ਸਿਰਫ਼ ਪੰਜਾਬ ਦੇ ਦਲਿਤ ਲੋਕਾਂ ਨੂੰ ਆਕਰਸ਼ਿਤ ਕਰ ਰਹੇ ਹਨ, ਸਗੋਂ ਦੂਜੇ ਰਾਜਾਂ ਤੋਂ ਆਏ ਪ੍ਰਵਾਸੀਆਂ ਨੂੰ ਵੀ। ਅੰਕੁਰ ਨਰੂਲਾ ਦੀਆਂ ਸਭਾਵਾਂ ਵਿੱਚ ਗੰਭੀਰ ਬਿਮਾਰੀਆਂ ਦੇ ਚਮਤਕਾਰੀ ਇਲਾਜ ਅਤੇ ਵਿੱਤੀ ਮੁਸ਼ਕਲਾਂ ਵਰਗੀਆਂ ਸਮੱਸਿਆਵਾਂ ਦੇ ਹੱਲ ਨੂੰ ਵੱਡਾ ਆਕਰਸ਼ਣ ਮੰਨਿਆ ਜਾਂਦਾ ਹੈ। ਇਸ ਬਾਰੇ ਯੂਟਿਊਬ ਬਾਰੇ ਫਿਲਮਾਂ ਦੇਖੀਆਂ ਜਾ ਸਕਦੀਆਂ ਹਨ।

ਹਾਲਾਂਕਿ ਅਧਿਕਾਰਤ ਅੰਕੜੇ ਉਪਲਬਧ ਨਹੀਂ ਹਨ, ਪਰ ਸਭਾਵਾਂ ਦੀ ਗਿਣਤੀ ਨੂੰ ਵੇਖਦਿਆਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਪੰਜਾਬ ਵਿੱਚ ਕੈਥੋਲਿਕ, ਪ੍ਰੋਟੈਸਟੈਂਟ ਅਤੇ ਐਂਗਲੀਕਨ ਚਰਚਾਂ ਨੂੰ ਪੈਂਟੀਕੋਸਟਲ ਧਾਰਾ ਨੇ ਸੰਖਿਆ ਵਿੱਚ ਪਛਾੜ ਦਿੱਤਾ ਹੈ। ਇੱਕ ਈਸਾਈ ਆਗੂ ਅਨੁਸਾਰ, ਪਹਿਲਾਂ ਜ਼ਿਆਦਾਤਰ ਚੇਅਰਮੈਨ ਪੁਰਾਣੇ ਪ੍ਰੋਟੈਸਟੈਂਟ ਭਾਈਚਾਰੇ ਵਿੱਚੋਂ ਚੁਣੇ ਜਾਂਦੇ ਸਨ। ਪਿਛਲੇ ਚੇਅਰਮੈਨ ਅਬਦੁਲ ਬਾਰੀ ਸਲਮਾਨੀ ਮੁਸਲਿਮ ਸਨ ਅਤੇ ਆਮ ਆਦਮੀ ਪਾਰਟੀ ਨਾਲ ਜੁੜੇ ਹੋਏ ਸਨ। ਉਨ੍ਹਾਂ ਨੇ ਜਨਵਰੀ 2024 ਵਿੱਚ ਅਹੁਦਾ ਸੰਭਾਲਿਆ ਸੀ ਪਰ ਹਾਲ ਹੀ ਵਿੱਚ ਅਸਤੀਫਾ ਦੇ ਕੇ ਮੁਸਲਿਮ ਵਿਕਾਸ ਬੋਰਡ ਦੇ ਚੇਅਰਮੈਨ ਬਣੇ ਹਨ।

### ਨਿਯੁਕਤੀ ਪਿੱਛੇ ਰਾਜਨੀਤਕ ਕਾਰਨ ਅਤੇ ਸਰਕਾਰ ਦਾ ਹੱਥ

ਇਸ ਨਿਯੁਕਤੀ ਨੂੰ ਰਾਜਨੀਤਕ ਹਲਕੇ ਵਿੱਚ ਆਪ ਪਾਰਟੀ ਦੀ ਰਣਨੀਤੀ ਨਾਲ ਜੋੜ ਕੇ ਵੇਖਿਆ ਜਾ ਰਿਹਾ ਹੈ। ਪੰਜਾਬ ਵਿੱਚ ਆਪ ਦੀ ਸਰਕਾਰ ਹੈ ਅਤੇ ਉਹ ਘੱਟਗਿਣਤੀਆਂ ਤੇ ਪ੍ਰਵਾਸੀ ਮਜ਼ਦੂਰਾਂ ਨੂੰ ਉਤਸ਼ਾਹਿਤ ਕਰਕੇ ਵੋਟ ਬੈਂਕ ਮਜ਼ਬੂਤ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਕਈ ਰਿਪੋਰਟਾਂ ਅਨੁਸਾਰ, ਅੰਕੁਰ ਨਰੂਲਾ ਮਿਨਿਸਟਰੀਜ਼ ਨੇ ਪਿਛਲੇ ਸਾਲਾਂ ਵਿੱਚ ਆਪ ਪਾਰਟੀ ਨੂੰ ਸਮਰਥਨ ਦਿੱਤਾ ਸੀ ਅਤੇ ਨਰੂਲਾ ਨੇ ਪਾਰਟੀ ਨੂੰ ਵਧਾਈ ਵੀ ਦਿੱਤੀ ਸੀ। ਇਸ ਤੋਂ ਇਲਾਵਾ, 2023 ਵਿੱਚ ਇਨਕਮ ਟੈਕਸ ਵਿਭਾਗ ਨੇ ਨਰੂਲਾ ਦੇ ਚਰਚਾਂ 'ਤੇ ਛਾਪੇ ਮਾਰੇ ਸਨ, ਜਿਸ ਤੋਂ ਬਾਅਦ ਪੈਂਟੀਕੋਸਟਲ ਚਰਚਾਂ ਨੇ ਯੁਨਾਈਟਿਡ ਪੰਜਾਬ ਪਾਰਟੀ ਬਣਾਈ ਸੀ ਅਤੇ ਆਪ ਨੂੰ ਸਮਰਥਨ ਦਿੱਤਾ ਸੀ।

ਚਰਚ ਵਲੰਟੀਅਰ ਡੋਨੇਸ਼ਨਾਂ ਨਾਲ ਚੱਲਣ ਦਾ ਦਾਅਵਾ ਕਰਦਾ ਹੈ, ਪਰ ਇਲਜ਼ਾਮ ਹਨ ਕਿ ਪੈਸਾ ਵਿਦੇਸ਼ੀ ਫੰਡਿੰਗ, ਐੱਫਸੀਆਰਏ ਵਾਇਲੇਸ਼ਨ ਅਤੇ ਹਵਾਲਾ ਰਾਹੀਂ ਆ ਰਿਹਾ ਹੈ। 2020 ਵਿੱਚ ਐੱਨਜੀਓ 'ਤੇ ਐੱਫਸੀਆਰਏ ਵਾਇਲੇਸ਼ਨ ਦੀ ਸ਼ਿਕਾਇਤ ਹੋਈ ਸੀ, ਜਿਸ ਵਿੱਚ 2.60 ਕਰੋੜ ਰੁਪਏ ਸ਼ੈੱਲ ਕੰਪਨੀ ਰਾਹੀਂ ਆਏ ਸਨ। ਪਰ ਚਰਚ ਨੇ ਇਨ੍ਹਾਂ ਦੋਸ਼ਾਂ ਨੂੰ ਨਕਾਰਿਆ ਸੀ। ਸਰਕਾਰੀ ਏਜੰਸੀਆਂ ਨੇ ਕਈ ਵਾਰ ਪੜਤਾਲ ਕੀਤੀ ਹੈ। 2023 ਵਿੱਚ ਇਨਕਮ ਟੈਕਸ ਵਿਭਾਗ ਨੇ ਨਰੂਲਾ ਦੇ ਚਰਚਾਂ, ਘਰ ਅਤੇ ਹੋਰ ਪ੍ਰਾਪਰਟੀਆਂ 'ਤੇ ਛਾਪੇ ਮਾਰੇ ਸਨ ਅਤੇ ਮਨੀ ਲਾਂਡਰਿੰਗ ਦੇ ਇਲਜ਼ਾਮ ਲਗਾਏ ਸਨ। ਈਡੀ ਅਤੇ ਹੋਰ ਏਜੰਸੀਆਂ ਨੇ ਵੀ ਜਾਂਚ ਕੀਤੀ ਸੀ। ਪਰ ਇਨ੍ਹਾਂ ਜਾਂਚਾਂ ਦਾ ਕੀ ਬਣਿਆ, ਕੁਝ ਵੀ ਪਤਾ ਨਹੀਂ ਲਗਿਆ।

ਹਿੰਦੁਸਤਾਨ ਟਾਈਮਜ਼ (26 ਅਪ੍ਰੈਲ 2023): ਅੰਕੁਰ ਨਰੂਲਾ ਦੇ ਜਲੰਧਰ ਸਥਿਤ 'ਚਰਚ ਆਫ ਸਾਈਨਜ਼ ਐਂਡ ਵੰਡਰਜ਼' ਅਤੇ ਹੋਰ ਟਿਕਾਣਿਆਂ 'ਤੇ ਇਨਕਮ ਟੈਕਸ ਵਿਭਾਗ ਦੇ ਛਾਪੇ, ਜੋ ਮਨੀ ਲਾਂਡਰਿੰਗ ਅਤੇ ਗੈਰ-ਕਾਨੂੰਨੀ ਨਕਦ ਲੈਣ-ਦੇਣ ਦੀਆਂ ਸ਼ਿਕਾਇਤਾਂ 'ਤੇ ਆਧਾਰਿਤ ਸਨ।

ਟਾਈਮਜ਼ ਆਫ ਇੰਡੀਆ (26 ਅਪ੍ਰੈਲ 2023): ਨਰੂਲਾ ਦੀਆਂ ਪ੍ਰਾਪਰਟੀਆਂ, ਜਿਵੇਂ ਚਰਚ, ਬਾਈਬਲ ਕਾਲਜ, ਅਤੇ ਸੁਪਰਸਟੋਰ 'ਤੇ ਛਾਪਿਆਂ ਦਾ ਜ਼ਿਕਰ ਹੈ।

ਦਿ ਟ੍ਰਿਬਿਊਨ (26 ਅਪ੍ਰੈਲ 2023): 12 ਤੋਂ ਵੱਧ ਟਿਕਾਣਿਆਂ 'ਤੇ ਛਾਪੇ, ਵਿਦੇਸ਼ੀ ਫੰਡਿੰਗ ਦੀ ਜਾਂਚ ਹੋਈ।

ਕਈ ਵਿਸ਼ਲੇਸ਼ਕਾਂ ਅਨੁਸਾਰ, ਇਹ ਨਿਯੁਕਤੀ ਪ੍ਰਵਾਸੀ ਵੋਟ ਬੈਂਕ ਨੂੰ ਉਤਸ਼ਾਹਿਤ ਕਰਨ ਵਾਲੀ ਰਣਨੀਤੀ ਦਾ ਹਿੱਸਾ ਹੈ। ਪੰਜਾਬ ਵਿੱਚ ਪ੍ਰਵਾਸੀਆਂ ਦੀ ਗਿਣਤੀ ਵਧ ਰਹੀ ਹੈ ਅਤੇ ਪੈਂਟੀਕੋਸਟਲ ਚਰਚ ਉਨ੍ਹਾਂ ਨੂੰ ਆਕਰਸ਼ਿਤ ਕਰ ਰਹੇ ਹਨ। ਇਹ ਚਰਚ ਦਲਿਤ ਅਤੇ ਗਰੀਬ ਵਰਗ ਨੂੰ ਲਾਲਚ ਦੇ ਕੇ ਧਰਮ ਤਬਦੀਲੀ ਵੱਲ ਖਿੱਚ ਰਹੇ ਹਨ, ਜਿਸ ਵਿੱਚ ਬਹੁਤੇ ਸਿੱਖ ਵੀ ਸ਼ਾਮਲ ਹਨ। ਸਿੱਖ ਆਗੂ ਇਸ ਨੂੰ ਸਿੱਖਾਂ ਦੇ ਸਿਆਸੀ ਆਧਾਰ ਨੂੰ ਖਤਮ ਕਰਨ ਵਾਲੀ ਸਾਜ਼ਿਸ਼ ਵਜੋਂ ਵੇਖਦੇ ਹਨ। ਪੰਜਾਬ ਵਿੱਚ ਸਿੱਖ ਆਬਾਦੀ 60% ਤੋਂ ਘਟ ਕੇ 54% ਤੱਕ ਪਹੁੰਚ ਗਈ ਹੈ, ਜਦਕਿ ਈਸਾਈ ਆਬਾਦੀ 1.5% ਤੋਂ ਵਧ ਕੇ 15% ਤੱਕ ਹੋ ਸਕਦੀ ਹੈ।

ਸਿੱਖ ਆਗੂਆਂ ਅਨੁਸਾਰ, ਇਹ ਚਰਚ ਅੰਧ ਵਿਸ਼ਵਾਸ ਫੈਲਾ ਰਹੇ ਹਨ ਅਤੇ ਕੈਂਸਰ ਵਰਗੀਆਂ ਬਿਮਾਰੀਆਂ ਨੂੰ ਚਮਤਕਾਰ ਨਾਲ ਠੀਕ ਕਰਨ ਦੇ ਨਾਂ 'ਤੇ ਲੋਕਾਂ ਨੂੰ ਠੱਗ ਰਹੇ ਹਨ। ਇਕ ਸਰਵੇਖਣ ਅਨੁਸਾਰ ਪੰਜਾਬ ਵਿੱਚ 65,000 ਈਸਾਈ ਪਾਦਰੀ 8,000 ਪਿੰਡਾਂ ਵਿੱਚ ਕੰਮ ਕਰ ਰਹੇ ਹਨ ਅਤੇ 3 ਲੱਖ ਤੋਂ ਵੱਧ ਸਿੱਖਾਂ ਨੇ ਧਰਮ ਬਦਲ ਲਿਆ ਹੈ। ਇਹ ਵਿਰੋਧ ਇਸ ਲਈ ਵੀ ਹੈ, ਕਿਉਂਕਿ ਸਿੱਖ ਆਪਣੀ ਪਛਾਣ ਨੂੰ ਖਤਰੇ ਵਿੱਚ ਵੇਖ ਰਹੇ ਹਨ।

### ਨਤੀਜੇ ਅਤੇ ਭਵਿੱਖੀ ਚਿੰਤਾਵਾਂ

ਇਹ ਨਿਯੁਕਤੀ ਪੰਜਾਬ ਵਿੱਚ ਧਾਰਮਿਕ ਅਤੇ ਰਾਜਨੀਤਕ ਤਣਾਅ ਵਧਾ ਰਹੀ ਹੈ। ਇੱਕ ਪਾਸੇ ਈਸਾਈ ਭਾਈਚਾਰਾ ਇਸ ਨੂੰ ਵੱਡੀ ਜਿੱਤ ਵਜੋਂ ਵੇਖ ਰਿਹਾ ਹੈ, ਜਦਕਿ ਸਿੱਖ ਇਸ ਨੂੰ ਆਪਣੀ ਪਛਾਣ ਲਈ ਖਤਰਾ ਮੰਨ ਰਹੇ ਹਨ। ਪੰਜਾਬ ਵਿੱਚ ਧਰਮ ਤਬਦੀਲੀਆਂ ਦੀ ਰਫ਼ਤਾਰ ਤੇਜ਼ ਹੈ ਅਤੇ ਇਹ ਸਿਆਸੀ ਖੇਡ ਦਾ ਹਿੱਸਾ ਬਣ ਰਹੀ ਹੈ। ਸਰਕਾਰ ਨੂੰ ਨਿਰਪੱਖਤਾ ਨਾਲ ਕੰਮ ਕਰਨਾ ਚਾਹੀਦਾ ਹੈ ਤਾਂ ਜੋ ਭਾਈਚਾਰਕ ਸਦਭਾਵਨਾ ਬਣੀ ਰਹੇ। ਹਾਲਾਂਕਿ, ਤੱਥ ਇਹ ਦੱਸਦੇ ਹਨ ਕਿ ਪੈਂਟੀਕੋਸਟਲ ਚਰਚਾਂ ਦੀ ਵਧਦੀ ਤਾਕਤ ਅਤੇ ਫੰਡਿੰਗ 'ਤੇ ਸਵਾਲ ਪੰਜਾਬ ਦੇ ਭਵਿੱਖ ਨੂੰ ਪ੍ਰਭਾਵਿਤ ਕਰ ਰਹੇ ਹਨ।

## ਪਟਨਾ ਸਾਹਿਬ ਕਮੇਟੀ ਤੇ ਸਾਬਕਾ ਜਥੇਦਾਰ ਗਿਆਨੀ ਰਣਜੀਤ ਸਿੰਘ ਗੌਹਰ ਵਿਚਾਲੇ ਹੋਇਆ ਸਮਝੌਤਾ



ਪਟਨਾ-ਤਖ਼ਤ ਸ੍ਰੀ ਪਟਨਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਰਣਜੀਤ ਸਿੰਘ ਗੌਹਰ-ਏ-ਮਸਕੀਨ ਅਤੇ ਪ੍ਰਬੰਧਕ ਕਮੇਟੀ ਦਰਮਿਆਨ ਚੱਲ ਰਿਹਾ ਤਿੰਨ ਸਾਲ ਪੁਰਾਣਾ ਵਿਵਾਦ ਸੁਲਝ ਗਿਆ ਹੈ। ਇਹ ਸਮਝੌਤਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਅਨੁਸਾਰ ਹੋਇਆ, ਜਿਸ ਤਹਿਤ ਜਥੇਦਾਰ ਗੌਹਰ-ਏ-ਮਸਕੀਨ ਨੇ ਅਦਾਲਤੀ ਕੇਸ ਵਾਪਸ ਲੈ ਲਏ ਹਨ ਅਤੇ ਕਮੇਟੀ ਨੇ ਉਨ੍ਹਾਂ ਨੂੰ ਬਕਾਇਆ ਰਕਮ ਦੇ ਕੇ ਸਨਮਾਨ ਨਾਲ ਵਿਦਾਈ ਦਿੱਤੀ ਹੈ।

# ਸੰਪਾਦਕੀ

ਵਿਚਾਰ :– ਜਿੰਨੇ ਚਿਰ ਵਿਚ ਸੱਚ ਜੁੱਤੀ ਪਾਉਂਦਾ ਹੈ ਉਨੇ ਚਿਰ ਵਿਚ ਝੂਠ ਸਾਰੀ ਦੁਨੀਆਂ ਘੁੰਮ ਆਉਂਦਾ ਹੈ। ਪਰ ਬਾਅਦ ਵਿਚ ਝੂਠ ਪੁੱਠਾ ਹੋ ਕੇ ਡਿਗਦਾ ਹੈ।



ਰਜਿੰਦਰ ਸਿੰਘ ਪੁਰੇਵਾਲ

## ਚੰਗੀ ਨੌਕਰੀ ਦੇ ਝਾਂਸੇ ਨਾਲ ਵਿਦੇਸ਼ਾਂ ਵਿੱਚ ਧੱਕੀਆਂ ਜਾ ਰਹੀਆਂ ਪੰਜਾਬਣਾਂ: ਇੱਕ ਸਮਾਜਿਕ ਸੰਕਟ

ਪੰਜਾਬ, ਦੀਆਂ ਧੀਆਂ ਇੱਕ ਵੱਡੇ ਰੈਕੇਟ ਦਾ ਸ਼ਿਕਾਰ ਬਣ ਰਹੀਆਂ ਹਨ। ਚੰਗੀ ਨੌਕਰੀ ਅਤੇ ਬਿਹਤਰ ਜ਼ਿੰਦਗੀ ਦੇ ਬਹਾਨੇ ਨਾਲ ਵਿਦੇਸ਼ ਭੇਜੀਆਂ ਜਾ ਰਹੀਆਂ ਪੰਜਾਬ ਦੀਆਂ ਕੁੜੀਆਂ ਨੂੰ ਉੱਥੇ ਜ਼ਬਰਦਸਤੀ ਘਰੇਲੂ ਨੌਕਰੀ ਜਾਂ ਦੇਹ ਵਪਾਰ ਵਿੱਚ ਧੱਕਿਆ ਜਾ ਰਿਹਾ ਹੈ। ਹਾਲ ਹੀ ਵਿੱਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਦਾਇਰ ਇੱਕ ਪਟੀਸ਼ਨ ਨੇ ਇਸ ਮੁੱਦੇ ਨੂੰ ਫਿਰ ਤੋਂ ਉਭਾਰਿਆ ਹੈ, ਜਿੱਥੇ ਜਲੰਧਰ ਦੀ ਹਰਪ੍ਰੀਤ ਕੌਰ ਦੇ ਕੇਸ ਨੂੰ ਲੈ ਕੇ ਅਦਾਲਤ ਨੇ ਪੰਜਾਬ ਸਰਕਾਰ ਅਤੇ ਕੇਂਦਰੀ ਗ੍ਰਹਿ ਸਕੱਤਰ ਨੂੰ ਨੋਟਿਸ ਜਾਰੀ ਕੀਤਾ ਹੈ। ਹਰਪ੍ਰੀਤ ਕੌਰ ਦਾ ਕੇਸ ਇਸ ਰੈਕੇਟ ਦੀ ਭਿਆਨਕ ਤਸਵੀਰ ਪੇਸ਼ ਕਰਦਾ ਹੈ। 2015 ਵਿੱਚ ਨੌਕਰੀ ਦੀ ਭਾਲ ਵਿੱਚ ਦੁਬਈ ਗਈ ਹਰਪ੍ਰੀਤ ਨੂੰ ਏਜੰਟਾਂ ਨੇ ਚੰਗੀ ਨੌਕਰੀ ਦਾ ਵਾਅਦਾ ਕੀਤਾ ਸੀ, ਪਰ ਉੱਥੇ ਪਹੁੰਚ ਕੇ ਉਸ ਨੂੰ ਘਰੇਲੂ ਨੌਕਰੀ ਵਿੱਚ ਧੱਕ ਦਿੱਤਾ ਗਿਆ ਅਤੇ ਫਿਰ ਇੱਕ ਸ਼ੇਖ ਦੇ ਮਹਿਲ ਵਿੱਚ ਵੇਚ ਦਿੱਤਾ ਗਿਆ। ਉਦੋਂ ਤੋਂ ਉਸ ਬਾਰੇ ਕੋਈ ਖ਼ਬਰ ਨਹੀਂ। ਉਸ ਦੇ ਭਰਾ ਸਤਨਾਮ ਨੇ 2021 ਵਿੱਚ ਵੀ ਅਦਾਲਤ ਵਿੱਚ ਪਟੀਸ਼ਨ ਦਾਇਰ ਕੀਤੀ ਸੀ, ਪਰ ਪੁਲਿਸ ਨੇ ਸਿਰਫ਼ ਰਸਮੀ ਕਾਰਵਾਈ ਕੀਤੀ। ਹੁਣ ਫਿਰ ਤੋਂ ਵਕੀਲ ਰੰਜਨ ਲਖਨਪਾਲ ਰਾਹੀਂ ਪਟੀਸ਼ਨ ਪਾਈ ਗਈ ਹੈ, ਜਿਸ ਵਿੱਚ ਸੀਬੀਆਈ ਜਾਂ ਸੁਤੰਤਰ ਏਜੰਸੀ ਨਾਲ ਜਾਂਚ ਦੀ ਮੰਗ ਕੀਤੀ ਗਈ ਹੈ। ਚੀਫ਼ ਜਸਟਿਸ ਸ਼ੀਲ ਨਾਗੂ ਅਤੇ ਜਸਟਿਸ ਸੰਜੀਵ ਬੇਰੀ ਦੇ ਬੈਂਚ ਨੇ ਇਸ 'ਤੇ ਸੁਣਵਾਈ ਕਰਦੇ ਹੋਏ ਨੋਟਿਸ ਜਾਰੀ ਕੀਤੇ ਹਨ, ਜੋ ਇੱਕ ਸਕਾਰਾਤਮਕ ਕਦਮ ਹੈ।

ਇਹ ਮਾਮਲਾ ਸਿਰਫ਼ ਇੱਕ ਵਿਅਕਤੀ ਨਾਲ ਨਹੀਂ ਜੁੜਿਆ, ਸਗੋਂ ਇੱਕ ਵਿਆਪਕ ਰੈਕੇਟ ਹੈ ਜੋ ਕਤਰ, ਸਾਊਦੀ ਅਰਬ ਤੱਕ ਫੈਲਿਆ ਹੋਇਆ ਹੈ। ਪਟੀਸ਼ਨ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਸਥਾਨਕ ਪੁਲਿਸ ਅਤੇ ਰਾਜਨੀਤਿਕ ਨੇਤਾ ਵੀ ਇਸ ਵਿੱਚ ਸ਼ਾਮਲ ਹਨ, ਜਿਸ ਕਾਰਨ ਸ਼ਿਕਾਇਤਾਂ ਨੂੰ ਦਬਾ ਦਿੱਤਾ ਜਾਂਦਾ ਹੈ। ਰਿਪੋਰਟਾਂ ਮੁਤਾਬਕ, ਪੰਜਾਬ ਵਿੱਚ ਮਨੁੱਖੀ ਤਸਕਰੀ ਦੇ ਕੇਸ ਵਧ ਰਹੇ ਹਨ। ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ (ਐੱਨਸੀਆਰਬੀ) ਦੇ ਅੰਕੜਿਆਂ ਅਨੁਸਾਰ, ਭਾਰਤ ਵਿੱਚ ਹਰ ਸਾਲ ਲੱਖਾਂ ਔਰਤਾਂ ਅਤੇ ਬੱਚੇ ਤਸਕਰੀ ਦਾ ਸ਼ਿਕਾਰ ਬਣਦੇ ਹਨ, ਜਿਨ੍ਹਾਂ ਵਿੱਚ ਪੰਜਾਬ ਦੀ ਵੱਡੀ ਗਿਣਤੀ ਸ਼ਾਮਲ ਹੈ। ਪੰਜਾਬ ਵਿੱਚ ਹੀ ਹਜ਼ਾਰਾਂ ਲੜਕੀਆਂ ਗੁੰਮ ਹਨ ਜਾਂ ਵਿਦੇਸ਼ਾਂ ਵਿੱਚ ਧੰਦੇ ਵਿੱਚ ਧੱਕੀਆਂ ਗਈਆਂ ਹਨ। ਉਦਾਹਰਨ ਵਜੋਂ, ਓਮਾਨ ਅਤੇ ਅਰਬ ਦੇਸ਼ਾਂ ਵਿੱਚ ਤਸਕਰੀ ਦੇ ਕਈ ਕੇਸ ਸਾਹਮਣੇ ਆਏ ਹਨ, ਜਿੱਥੇ ਔਰਤਾਂ ਨੂੰ ਘਰੇਲੂ ਨੌਕਰੀ ਦੇ ਨਾਂ 'ਤੇ ਵੇਚ ਦਿੱਤਾ ਜਾਂਦਾ ਹੈ। ਪੁਲਿਸ ਦੀ ਕਾਰਵਾਈ ਬਾਰੇ ਗੱਲ ਕਰੀਏ ਤਾਂ ਇਹ ਬਹੁਤ ਨਿਰਾਸ਼ਾਜਨਕ ਹੈ। ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਪੁਲਿਸ ਨੇ ਹਰਪ੍ਰੀਤ ਦੇ ਕੇਸ ਵਿੱਚ ਕੋਈ ਅਸਲ ਜਾਂਚ ਨਹੀਂ ਕੀਤੀ। ਰਾਜ ਵਿੱਚ ਫਰਜ਼ੀ ਟਰੈਵਲ ਏਜੰਸੀਆਂ ਖੁੱਲ੍ਹੇਆਮ ਕੰਮ ਕਰ ਰਹੀਆਂ ਹਨ, ਜੋ ਔਰਤਾਂ ਨੂੰ ਲਾਲਚ ਦੇ ਕੇ ਵਿਦੇਸ਼ ਭੇਜਦੀਆਂ ਹਨ। ਫੈਡਰਲ ਇਨਵੈਸਟੀਗੇਸ਼ਨ ਏਜੰਸੀ (ਐੱਫਆਈਏ) ਨੇ ਪੰਜਾਬ ਵਿੱਚ ਤਸਕਰੀ ਨਾਲ ਜੁੜੇ ਕਈ ਯੂਨਿਟ ਬਣਾਏ ਹਨ ਅਤੇ ਹਜ਼ਾਰਾਂ ਕੇਸਾਂ ਦੀ ਜਾਂਚ ਕੀਤੀ ਹੈ, ਪਰ ਨਤੀਜੇ ਨਾਕਾਫ਼ੀ ਹਨ। ਰਾਜਨੀਤਿਕ ਦਖਲ ਅਤੇ ਭ੍ਰਿਸ਼ਟਾਚਾਰ ਕਾਰਨ ਪੀੜਤ ਪਰਿਵਾਰਾਂ ਨੂੰ ਇਨਸਾਫ਼ ਨਹੀਂ ਮਿਲਦਾ। ਉਦਾਹਰਨ ਵਜੋਂ, ਓਮਾਨ ਵਿੱਚ ਤਸਕਰੀ ਹੋਈਆਂ ਔਰਤਾਂ ਨੂੰ ਵਾਪਸ ਲਿਆਉਣ ਲਈ ਪੁਲਿਸ ਨੇ ਕੁਝ ਰੈਸਕਿਊ ਆਪਰੇਸ਼ਨ ਕੀਤੇ ਹਨ, ਪਰ ਇਹ ਗਿਣਤੀ ਵਿੱਚ ਘੱਟ ਹਨ। ਭਾਰਤ ਵਿੱਚ ਤਸਕਰੀ ਵਿਰੋਧੀ ਕਾਨੂੰਨ ਹਨ, ਜਿਵੇਂ ਕਿ ਇਮੋਰਲ ਟ੍ਰੈਫਿਕਿੰਗ (ਪ੍ਰੀਵੈਨਸ਼ਨ) ਐਕਟ, ਪਰ ਉਨ੍ਹਾਂ ਦੀ ਅਮਲੀਕਰਨ ਵਿੱਚ ਕਮੀ ਹੈ।

ਹਾਈ ਕੋਰਟ ਨੇ ਇਸ ਮਾਮਲੇ ਵਿੱਚ ਨੋਟਿਸ ਜਾਰੀ ਕਰ ਕੇ ਚੰਗਾ ਕਦਮ ਚੁੱਕਿਆ ਹੈ। ਅਦਾਲਤ ਨੇ ਪੰਜਾਬ ਅਤੇ ਕੇਂਦਰ ਨੂੰ ਜਵਾਬ ਮੰਗਿਆ ਹੈ, ਜੋ ਇਸ ਨੂੰ ਗੰਭੀਰਤਾ ਨਾਲ ਲੈਣ ਦਾ ਸੰਕੇਤ ਹੈ। ਇਸ ਸੰਕਟ ਨੂੰ ਰੋਕਣ ਲਈ ਸਖ਼ਤ ਕਦਮ ਚੁੱਕਣੇ ਚਾਹੀਦੇ ਹਨ। ਪਹਿਲਾਂ ਤਾਂ ਟਰੈਵਲ ਏਜੰਸੀਆਂ ਨੂੰ ਨਿਯਮਤ ਕੀਤਾ ਜਾਵੇ ਅਤੇ ਫਰਜ਼ੀ ਏਜੰਟਾਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇ। ਸਕੂਲਾਂ ਅਤੇ ਕਾਲਜਾਂ ਵਿੱਚ ਜਾਗਰੂਕਤਾ ਪ੍ਰੋਗਰਾਮ ਚਲਾਏ ਜਾਣ। ਸੀਬੀਆਈ ਵਰਗੀ ਏਜੰਸੀ ਨੂੰ ਜਾਂਚ ਸੌਂਪੀ ਜਾਵੇ ਤਾਂ ਜੋ ਰੈਕੇਟ ਦੇ ਜੜ੍ਹਾਂ ਤੱਕ ਪਹੁੰਚਿਆ ਜਾ ਸਕੇ। ਸਰਕਾਰ ਨੂੰ ਪੀੜਤਾਂ ਨੂੰ ਵਾਪਸ ਲਿਆਉਣ ਲਈ ਅੰਤਰਰਾਸ਼ਟਰੀ ਸਹਿਯੋਗ ਵਧਾਉਣਾ ਚਾਹੀਦਾ ਹੈ।

## ਭਾਰਤ-ਚੀਨ ਨੇੜਤਾ: ਅਮਰੀਕਾ ਲਈ ਚਿੰਤਾ ਦਾ ਵਿਸ਼ਾ, ਜੀਓ ਰਾਜਨੀਤੀ ਵਿਚ ਬਦਲਾਅ ਆਵੇਗਾ

ਅੱਜ ਦੀ ਵਿਸ਼ਵ ਰਾਜਨੀਤੀ ਵਿੱਚ ਭਾਰਤ ਅਤੇ ਚੀਨ ਵਿਚਕਾਰ ਵਧਦੀ ਨੇੜਤਾ ਨੇ ਨਵੀਂ ਚਰਚਾ ਛੇੜ ਦਿੱਤੀ ਹੈ। 2020 ਵਿੱਚ ਗਲਵਾਨ ਘਾਟੀ ਵਿੱਚ ਹੋਏ ਸੰਘਰਸ਼ ਨੇ ਦੋਹਾਂ ਦੇਸਾਂ ਦੇ ਰਿਸ਼ਤੇ ਨੂੰ ਗਹਿਰੇ ਝਟਕੇ ਦਿੱਤੇ ਸਨ, ਪਰ ਹੁਣ ਤੱਕ ਦੇ ਘਟਨਾਕ੍ਰਮ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਸਮਾਂ ਬਦਲ ਰਿਹਾ ਹੈ। ਡੋਨਾਲਡ ਟਰੰਪ ਦੀ ਅਮਰੀਕੀ ਵਪਾਰ ਨੀਤੀਆਂ ਨੇ ਵਿਸ਼ਵ ਵਪਾਰ ਵਿੱਚ ਉਥਲ-ਪੁਥਲ ਮਚਾ ਕੇ ਭਾਰਤ ਨੂੰ ਆਪਣੀ ਰਣਨੀਤੀ ਬਦਲਣ ਲਈ ਮਜਬੂਰ ਕੀਤਾ ਹੈ। ਇਸ ਨੇੜਤਾ ਦੇ ਪਿੱਛੇ ਕਈ ਕਾਰਨ ਹਨ, ਜਿਨ੍ਹਾਂ ਵਿੱਚ ਸੀਮਾ ਵਪਾਰ ਮੁੜ ਸ਼ੁਰੂ ਕਰਨਾ, ਸਿੱਧੀਆਂ ਉਡਾਣਾਂ ਬਹਾਲ ਕਰਨਾ ਅਤੇ ਵੀਜ਼ਾ ਨਿਯਮਾਂ ਵਿੱਚ ਢਿੱਲ ਸਮੇਤ ਕਈ ਅਹਿਮ ਕਦਮ ਸ਼ਾਮਲ ਹਨ। ਹਾਲ ਹੀ ਵਿੱਚ ਚੀਨੀ ਵਿਦੇਸ਼ ਮੰਤਰੀ ਵਾਂਗ ਈ ਨੇ ਭਾਰਤ ਦਾ ਦੌਰਾ ਕੀਤਾ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਅਤੇ ਐੱਨਐੱਸਏ ਅਜੀਤ ਡੋਵਾਲ ਨਾਲ ਮੀਟਿੰਗਾਂ ਕੀਤੀਆਂ।

*ਬਾਕੀ ਹਿਸਾ ਸਫਾ 9 'ਤੇ ਪੜ੍ਹੋ* →

# NEWS & VIEWS

## *BRITISH* SIKH REGIMENT WOULD BE IN LINE WITH BRITISH ARMY TRADITION



Gurmukh Singh OBE

*There are 500,000 Sikhs in the United Kingdom. In the past, hundreds of thousands of Sikhs voluntarily fought with the British Army in the two World wars and many of them died in the cause of freedom. They were among the most highly decorated soldiers in history. Today, British Sikhs contribute a huge amount to the economy and to public life in the UK.* (Message from then Prime Minister Tony Blair on 1st November 2001, to the Maharajah Duleep Singh Centenary Trust.)

The background to the topic this week is a submission by the British Sikh Federation to the Defence Committee of the Parliament in support of creating a Sikh Regiment in the UK. One of the attachments to the submission is my research paper: *Anglo-Sikh Relations and the World Wars**.

Over two hundred years ago, history brought two nations tother. These were Britain and the Sikh Kingdom of greater Panjab. Their mutual respect for each other, first as warriors, and later, as allies, grew into lasting friendship. Sikhs became trustworthy allies of the British through better understanding and mutually shared values.

Yet, Sikhs had no hesitation in leading the freedom movement in India against British colonial rule in line with egalitarian Sikh ideology and the global freedom movement against colonial rule. True friendship has to be based on mutual respect as equals regarding culture, way of life and values.

When the time came, the Sikhs were the first in India to side with the Western powers against authoritarian regimes. Today, well over half a million Sikhs are loyal, law-abiding and hardworking citizens of the UK. They are net contributors to the UK economy and share British values and way of life while retaining own well-earned Sikh identity in the British plural society.

It is not surprising that, due to their proud military tradition, they also seek a distinct place in the defence of the country through the creation a British Sikh Regiment. However, as the British Sikh Federation submission points out, this is only in the context of some new regiments, to quote: *Some new UK regiments could be created and raised based on the present-day demographics and geographical background of groups of people, with UK prefixes and suffixes, for example, Midlands African Rifles Regiment, Midlands Sikh Regiment, Midlands Panjabi Regiment,* etc

The submission is appropriately headed: *Improving and Increasing the size of UK Armed Forces – thinking outside the traditional boxes.* It refers to *recent discussions in the House of Lords between Lords Vernon Coaker and Kuldip Singh Sahota, about improving and increasing the size of UK Armed Forces as desired in the recent Strategic Defence Review, and creating a Sikh Regiment.*

In the UK, we are going through a highly sensitive time. There is social unrest and there is a need for every community to earn British citizenship through loyalty, commitment to the defence of the country. The defence budget is being increased to meet current and future challenges. A Sikh Regiment will go a long way to further strengthen Anglo-Sikh relations while promoting distinct Sikh identity in British pluralism.

This column has always recommended full Sikh participation in British politics by joining Parties of own choice while also keeping in mind the *Sikh Manifesto***. Sikh values complement British democratic values based on rule of law and a just plural society.

Anglo-Sikh Relations and World Wars: https://library.gurmat.info/download/anglo-sikh-relations-and-the-world-wars-gurmukh-singh.pdf

Sikh Manifestos: Sikh Missionary Society (U.K.)

Gurmukh Singh OBE, Ret'd Principal Civil Servant (UK) sewauk2005@yahoo.co.uk

# ਕੀ ਮਨੀਸ਼ ਸਿਸੋਦੀਆ ਵਲੋਂ ਪੰਜਾਬੀਆਂ ਨੂੰ ਹਿੰਸਾ ਦੀ ਧਮਕੀ ਦਿੱਤੀ ਗਈ ?

## ✪ ਭਾਜਪਾ, ਅਕਾਲੀ ਅਤੇ ਕਾਂਗਰਸ ਦਾ ਸਿਸੋਦੀਆ ਖਿਲਾਫ ਹੱਲਾ ਬੋਲ: ਚੋਣ ਕਮਿਸ਼ਨ ਤੋਂ ਕਾਰਵਾਈ ਦੀ ਮੰਗ

## ✪ 2027 ਚੋਣਾਂ ਤੋਂ ਪਹਿਲਾਂ ਆਪ ਦੀ ਰਣਨੀਤੀ 'ਤੇ ਸਵਾਲ ਉਠੇ: ਕੀ ਪੰਜਾਬੀ ਵੋਟਰਾਂ ਦੀ ਅਣਖ ਜਾਗੇਗੀ ?

### ਨਿਊਜ ਸਟੋਰੀ

ਬਘੇਲ ਸਿੰਘ ਧਾਲੀਵਾਲ
99142-58142

ਹੁਣੇ ਜਿਹੇ ਆਮ ਆਦਮੀ ਪਾਰਟੀ (ਆਪ) ਦੇ ਸੀਨੀਅਰ ਲੀਡਰ ਅਤੇ ਪੰਜਾਬ ਦੇ ਇੰਚਾਰਜ ਮਨੀਸ਼ ਸਿਸੋਦੀਆ ਦੀ ਇੱਕ ਵੀਡੀਓ ਵਾਇਰਲ ਹੋਈ ਸੀ, ਜਿਸ ਵਿੱਚ ਉਹ 2027 ਵਿਧਾਨ ਸਭਾ ਚੋਣਾਂ ਜਿੱਤਣ ਲਈ 'ਸਾਮ, ਦਾਮ, ਦੰਡ, ਭੇਦ' ਵਰਗੇ ਸ਼ਬਦ ਵਰਤਦੇ ਨਜ਼ਰ ਆ ਰਹੇ ਸਨ। ਇਹ ਵੀਡੀਓ ਨੇ ਨਾ ਸਿਰਫ ਵਿਰੋਧੀ ਪਾਰਟੀਆਂ ਨੂੰ ਇੱਕ ਮੰਚ ਤੇ ਲਿਆਂਦਾ ਹੈ, ਬਲਕਿ ਪੰਜਾਬੀਆਂ ਦੇ ਸੁਭਾਅ ਅਤੇ ਅਣਖ ਨੂੰ ਵੀ ਚੁਣੌਤੀ ਵਾਂਗ ਵੇਖਿਆ ਜਾ ਰਿਹਾ ਹੈ।

ਪੰਜਾਬ ਦਾ ਇਤਿਹਾਸ ਗਵਾਹ ਹੈ ਕਿ ਜਦੋਂ ਵੀ ਕਿਸੇ ਨੇ ਇੱਥੇ ਦੀ ਅਣਖ ਨੂੰ ਵੰਗਾਰਨ ਦੀ ਕੋਸ਼ਿਸ਼ ਕੀਤੀ, ਉਹਨੂੰ ਮੂੰਹ ਦੀ ਖਾਣੀ ਪਈ ਹੈ। ਬਾਬਰ ਤੋਂ ਲੈ ਕੇ ਅਬਦਾਲੀ ਅਤੇ ਗੋਰੇ ਫਿਰੰਗੀਆਂ ਤੱਕ, ਪੰਜਾਬ ਨੇ ਕਦੇ ਵੀ ਆਪਣੀ ਅਜ਼ਾਦੀ ਅਤੇ ਸਵੈਮਾਣ ਨੂੰ ਝੁਕਣ ਨਹੀਂ ਦਿੱਤਾ। ਹੁਣ ਇਹ ਵੀਡੀਓ ਉਸੇ ਇਤਿਹਾਸ ਨੂੰ ਯਾਦ ਕਰਵਾ ਰਹੀ ਹੈ ਅਤੇ ਪੁੱਛ ਰਹੀ ਹੈ: ਕੀ ਦਿੱਲੀ ਦੀ ਨਵੀਂ ਸਿਆਸਤ ਦਾ ਚੈਲਿੰਜ ਪੰਜਾਬੀਆਂ ਨੂੰ ਮਨਜੂਰ ਹੈ ?

ਇਹ ਵੀਡੀਓ 13 ਅਗਸਤ ਨੂੰ ਮੋਹਾਲੀ ਵਿੱਚ ਆਪ ਦੀ ਮਹਿਲਾ ਵਿੰਗ ਵੱਲੋਂ ਕਰਵਾਈ ਗਈ ਵਰਕਸ਼ਾਪ ਵਿੱਚ ਰਿਕਾਰਡ ਕੀਤੀ ਗਈ ਸੀ। ਇਸ ਵਿੱਚ ਸਿਸੋਦੀਆ ਕਹਿ ਰਹੇ ਹਨ, "ਸਾਲ 2027 ਦੀਆਂ ਚੋਣਾਂ ਜਿੱਤਣ ਲਈ ਸਾਮ, ਦਾਮ, ਦੰਡ, ਭੇਦ, ਸੱਚ-ਝੂਠ, ਲੜਾਈ-ਝਗੜਾ ਜੋ ਕਰਨਾ ਪਿਆ ਕਰਾਂਗੇ। ਇਸ ਲਈ ਸਾਰੇ ਤਿਆਰ ਹਨ।" ਇਸ ਸਮੇਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਆਪ ਪੰਜਾਬ ਪ੍ਰਧਾਨ ਅਮਨ ਅਰੋੜਾ ਪਹਿਲੀ ਕਤਾਰ ਵਿੱਚ ਬੈਠੇ ਸਨ, ਅਤੇ ਵੀਡੀਓ ਵਿੱਚ ਮਾਨ ਨੂੰ ਹੱਸਦੇ ਵੀ ਵੇਖਿਆ ਜਾ ਸਕਦਾ ਹੈ। ਇਹ ਵੀਡੀਓ ਆਪ ਨੇ ਆਪਣੇ ਸੋਸ਼ਲ ਮੀਡੀਆ ਅਕਾਊਂਟਸ ਤੇ ਪੋਸਟ ਕੀਤੀ ਸੀ, ਪਰ ਵਾਇਰਲ ਹੋਣ ਤੋਂ ਬਾਅਦ ਵਿਰੋਧੀ ਪਾਰਟੀਆਂ ਨੇ ਇਸ ਨੂੰ ਫੜ੍ਹ ਲਿਆ ਅਤੇ ਆਪ ਨੂੰ ਘੇਰ ਲਿਆ।

ਪੰਜਾਬ ਵਿੱਚ ਆਪ ਦੀ ਸਰਕਾਰ ਬਣਨ ਨੂੰ ਸਾਢੇ ਤਿੰਨ ਸਾਲ ਹੋ ਚੁੱਕੇ ਹਨ। 2022 ਵਿਧਾਨ ਸਭਾ ਚੋਣਾਂ ਵਿੱਚ ਆਪ ਨੇ ਰਿਕਾਰਡਤੋੜ ਜਿੱਤ ਹਾਸਲ ਕੀਤੀ ਸੀ, ਜਿੱਥੇ ਲੋਕਾਂ ਨੇ ਕਾਂਗਰਸ ਅਤੇ ਅਕਾਲੀ-ਭਾਜਪਾ ਗਠਜੋੜ ਤੋਂ ਤੰਗ ਆ ਕੇ ਆਪ ਨੂੰ ਚੁਣਿਆ ਸੀ। ਲੋਕਾਂ ਨੂੰ ਆਸ ਸੀ ਕਿ ਆਪ ਪੰਜਾਬ ਵਿੱਚ ਬਦਲਾਅ ਲਿਆਵੇਗੀ, ਨੌਜਵਾਨਾਂ ਨੂੰ ਨੌਕਰੀਆਂ ਦੇਵੇਗੀ, ਨਸ਼ਿਆਂ ਤੇ ਰੋਕ ਲਾਵੇਗੀ ਅਤੇ ਵਿਕਾਸ ਦੇ ਨਵੇਂ ਰਾਹ ਖੋਲ੍ਹੇਗੀ। ਪਰ ਹਾਲਾਤ ਉਲਟ ਹੋ ਗਏ। ਨਸ਼ੇ ਵਧੇ, ਬੇਰੁਜ਼ਗਾਰੀ ਵਧੀ ਅਤੇ ਲੋਕਾਂ ਦਾ ਵਿਸ਼ਵਾਸ ਘਟਿਆ। ਹੁਣ ਇਹ ਵੀਡੀਓ ਆਪ ਦੀ ਲੀਡਰਸ਼ਿਪ ਨੂੰ ਨੰਗਾ ਕਰ ਰਹੀ ਹੈ, ਜਿਸ ਵਿੱਚ ਉਹ ਚੋਣਾਂ ਜਿੱਤਣ ਲਈ ਅਨੈਤਿਕ ਤਰੀਕਿਆਂ ਦੀ ਗੱਲ ਕਰ ਰਹੇ ਹਨ।

### ਕੀ ਸਿਸੋਦੀਆ ਨੇ ਪੰਜਾਬੀਆਂ ਨੂੰ ਹਿੰਸਾ ਦੀ ਧਮਕੀ ਦਿੱਤੀ ?

ਸਿਸੋਦੀਆ ਨੇ 'ਸਾਮ' (ਸਮਝੌਤਾ), 'ਦਾਮ' (ਪੈਸਾ), 'ਦੰਡ' (ਸਜ਼ਾ ਜਾਂ ਬਲ ਪ੍ਰਯੋਗ), 'ਭੇਦ' (ਫੁੱਟ ਪਾਉਣਾ), 'ਸੱਚ-ਝੂਠ', ਅਤੇ 'ਲੜਾਈ-ਝਗੜਾ' ਵਰਗੇ ਸ਼ਬਦ ਵਰਤੇ ਹਨ। ਇਹ ਸ਼ਬਦ ਚਾਣਕਿਆ ਨੀਤੀ ਤੋਂ ਲਏ ਗਏ ਹਨ, ਜਿੱਥੇ ਰਾਜ ਨੂੰ ਜਿੱਤਣ ਲਈ ਹਰ ਤਰ੍ਹਾਂ ਦੇ ਤਰੀਕੇ ਵਰਤੇ ਜਾਂਦੇ ਹਨ। ਪਰ ਵਿਰੋਧੀ ਪਾਰਟੀਆਂ ਨੇ ਇਸ ਨੂੰ ਹਿੰਸਾ ਅਤੇ ਅਸ਼ਾਂਤੀ ਫੈਲਾਉਣ ਵਜੋਂ ਵੇਖਿਆ ਹੈ। ਭਾਜਪਾ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ ਇਹ ਬਿਆਨ ਪੰਜਾਬ ਵਿੱਚ ਸ਼ਾਂਤੀ ਅਤੇ ਵਿਕਾਸ ਨੂੰ ਖਤਰੇ ਵਿੱਚ ਪਾਉਣ ਵਾਲਾ ਹੈ, ਅਤੇ ਇਹ ਵੋਟਰਾਂ ਨੂੰ ਡਰਾਉਣ ਅਤੇ ਵੈਰ-ਵਿਰੋਧ ਫੈਲਾਉਣ ਦਾ ਸਬੂਤ ਹੈ।

ਸ਼੍ਰੋਮਣੀ ਅਕਾਲੀ ਦਲ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਵੀ ਇਸ ਨੂੰ ਭਾਈਚਾਰਿਆਂ ਵਿੱਚ ਹਿੰਸਾ ਭੜਕਾਉਣ ਦੀ ਕੋਸ਼ਿਸ਼ ਕਿਹਾ ਅਤੇ ਸਿਸੋਦੀਆ ਦੀ ਜ਼ਮਾਨਤ ਰੱਦ ਕਰਨ ਦੀ ਮੰਗ ਕੀਤੀ।

ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਪੰਜਾਬ ਦਿੱਲੀ ਨਹੀਂ ਹੈ ਅਤੇ ਪੰਜਾਬੀ ਅਜਿਹੀ ਜ਼ਬਰਦਸਤੀ ਨੂੰ ਸਹਿਣ ਨਹੀਂ ਕਰਨਗੇ। ਉਹਨਾਂ ਨੇ ਇਤਿਹਾਸਕ ਉਦਾਹਰਣਾਂ ਦਿੰਦੇ ਹੋਏ ਕਿਹਾ ਕਿ ਪੰਜਾਬੀਆਂ ਨੇ ਹਮੇਸ਼ਾ ਅਜਿਹੇ ਲੋਕਾਂ ਨੂੰ ਸਬਕ ਸਿਖਾਇਆ ਹੈ। ਕਾਂਗਰਸੀ ਵਿਧਾਇਕ ਪ੍ਰਗਟ ਸਿੰਘ ਨੇ ਆਪ ਨੂੰ 'ਗੁੰਡਿਆਂ ਦਾ ਬ੍ਰਿਗੇਡ' ਕਿਹਾ ਅਤੇ ਕਿਹਾ ਕਿ ਇਹ ਪੰਜਾਬ ਅਤੇ ਲੋਕਤੰਤਰ ਲਈ ਸ਼ਰਮਨਾਕ ਹੈ।

ਵਿਸ਼ਲੇਸ਼ਕਾਂ ਮੁਤਾਬਕ, ਇਹ ਸਿੱਧੀ ਧਮਕੀ ਨਹੀਂ, ਪਰ ਇਸ ਨੇ ਪੰਜਾਬ ਵਰਗੇ ਸੰਵੇਦਨਸ਼ੀਲ ਸੂਬੇ ਵਿੱਚ ਡਰ ਪੈਦਾ ਕੀਤਾ ਹੈ। ਪੰਜਾਬ ਨੇ ਪਿਛਲੇ ਦਹਾਕਿਆਂ ਵਿੱਚ ਹਿੰਸਾ ਵੇਖੀ ਹੈ, ਅਤੇ ਅਜਿਹੇ ਬਿਆਨ ਸ਼ਾਂਤੀ ਨੂੰ ਭੰਗ ਕਰ ਸਕਦੇ ਹਨ। ਸੋਸ਼ਲ ਮੀਡੀਆ ਤੇ ਵੀ ਤਿੱਖੀ ਬਹਿਸ ਛਿੜੀ ਹੋਈ ਹੈ, ਜਿੱਥੇ ਲੋਕ ਆਪ ਨੂੰ ਫਿਰਕੂ ਅਤੇ ਘੱਟ ਗਿਣਤੀਆਂ ਵਿਰੋਧੀ ਕਹਿ ਰਹੇ ਹਨ। ਲੋਕਾਂ ਦਾ ਕਹਿਣਾ ਹੈ ਕਿ ਆਪ ਭਾਜਪਾ ਤੋਂ ਵੀ ਵੱਧ ਖਤਰਨਾਕ ਹੈ ਕਿਉਂਕਿ ਉਹ ਲੁਕਵੇਂ ਏਜੰਡੇ ਨਾਲ ਕੰਮ ਕਰਦੀ ਹੈ।

### ਕੀ ਆਪ ਸੁਪਰੀਮੋ ਇਸ ਦਾ ਨੋਟਿਸ ਲੈਣਗੇ ਅਤੇ ਕਰੜੀ ਕਾਰਵਾਈ ਕਰਨਗੇ ?

ਆਪ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਬਾਰੇ ਅਜੇ ਤੱਕ ਕੋਈ ਅਧਿਕਾਰਕ ਬਿਆਨ ਨਹੀਂ ਆਇਆ ਹੈ। ਪਾਰਟੀ ਨੇ ਇਸ ਬਿਆਨ ਨੂੰ ਗਲਤ ਤਰੀਕੇ ਨਾਲ ਪੇਸ਼ ਕੀਤਾ ਜਾਣ ਵਾਲਾ ਕਿਹਾ ਹੈ, ਪਰ ਕੋਈ ਕਰੜੀ ਕਾਰਵਾਈ ਦਾ



ਐਲਾਨ ਨਹੀਂ ਕੀਤਾ। ਵਿਸ਼ਲੇਸ਼ਕਾਂ ਮੁਤਾਬਕ, ਕੇਜਰੀਵਾਲ ਪੰਜਾਬ ਵਿੱਚ ਆਪ ਦੀ ਸੱਤਾ ਨੂੰ ਬਚਾਉਣ ਲਈ ਚੁੱਪ ਵੱਟ ਰਹੇ ਹੋ ਸਕਦੇ ਹਨ। ਪਰ ਸਿਸੋਧੀਆ ਦੇ ਬਿਆਨ ਦਾ ਸ਼ੋਸ਼ਲ ਮੀਡੀਆ ਉਪਰ ਤਿੱਖਾ ਪ੍ਰਤੀਕਰਮ ਹੋਇਆ ਹੈ। ਜੇਕਰ ਕੇਜਰੀਵਾਲ ਨੇ ਕਾਰਵਾਈ ਨਾ ਕੀਤੀ ਤਾਂ ਇਹ ਆਪ ਲਈ ਵੱਡਾ ਨੁਕਸਾਨ ਹੋ ਸਕਦਾ ਹੈ।

### ਪੰਜਾਬੀ ਵੋਟਰਾਂ ਅਤੇ ਸਿਆਸਤ ਤੇ ਕੀ ਅਸਰ ਹੋਵੇਗਾ ?

ਇਸ ਵਿਵਾਦ ਨੇ 2027 ਚੋਣਾਂ ਤੋਂ ਪਹਿਲਾਂ ਆਪ ਦੀ ਰਣਨੀਤੀ ਅਤੇ ਨੈਤਿਕਤਾ ਤੇ ਸਵਾਲ ਖੜ੍ਹੇ ਕਰ ਦਿੱਤੇ ਹਨ। ਪੰਜਾਬੀ ਵੋਟਰ, ਜੋ ਕਿ ਆਪ ਨੂੰ 2022 ਵਿੱਚ ਅਥਾਹ ਭਰੋਸੇ ਨਾਲ ਚੁਣਿਆ ਸੀ, ਹੁਣ ਨਿਰਾਸ਼ ਹਨ। ਲੋਕਾਂ ਨੂੰ ਲੱਗ ਰਿਹਾ ਹੈ ਕਿ ਆਪ ਨੇ ਉਹਨਾਂ ਨਾਲ ਧੋਖਾ ਕੀਤਾ ਹੈ ਅਤੇ ਚੋਣਾਂ ਜਿੱਤਣ ਲਈ ਹਿੰਸਾ ਅਤੇ ਝੂਠ ਨੂੰ ਵਰਤੇਗੀ। ਸੋਸ਼ਲ ਮੀਡੀਆ ਤੇ ਲੋਕ ਕਹਿ ਰਹੇ ਹਨ ਕਿ ਆਪ ਪੰਜਾਬ ਵਿੱਚ ਖਤਮ ਹੋ ਜਾਵੇਗੀ ਅਤੇ ਇਹ ਪਾਰਟੀ ਦੇ ਅੰਤ ਦੀ ਸ਼ੁਰੂਆਤ ਹੈ।

ਵਿਰੋਧੀ ਪਾਰਟੀਆਂ ਇਸ ਨੂੰ ਵੱਡਾ ਮੁੱਦਾ ਬਣਾ ਕੇ ਆਪ ਨੂੰ ਘੇਰਨਗੀਆਂ। ਭਾਜਪਾ ਅਤੇ ਅਕਾਲੀ ਦਲ ਨੂੰ ਫਾਇਦਾ ਹੋ ਸਕਦਾ ਹੈ, ਜਦਕਿ ਕਾਂਗਰਸ ਵੀ ਆਪ ਨੂੰ ਫਿਰਕੂ ਕਹਿ ਕੇ ਵੋਟ ਖਿੱਚ ਸਕਦੀ ਹੈ। ਪੰਜਾਬ ਵਿੱਚ ਨੌਜਵਾਨ ਅਤੇ ਕਿਸਾਨ ਵੋਟਰ ਵੱਧ ਨਿਰਾਸ਼ ਹਨ, ਕਿਉਂਕਿ ਆਪ ਨੇ ਵਾਅਦੇ ਪੂਰੇ ਨਹੀਂ ਕੀਤੇ। ਇੱਕ ਪੋਸਟ ਵਿੱਚ ਕਿਹਾ ਗਿਆ ਕਿ ਜੇਕਰ ਆਪ ਪੰਜਾਬ ਹਾਰ ਗਈ ਤਾਂ ਪਾਰਟੀ ਖਤਮ ਹੋ ਜਾਵੇਗੀ। ਇਸ ਨੇ ਪੰਜਾਬੀਆਂ ਦੀ ਅਣਖ ਨੂੰ ਜਗਾ ਦਿੱਤਾ ਹੈ। ਪੰਜਾਬੀ ਇਤਿਹਾਸ ਤੋਂ ਸਿੱਖਦੇ ਹਨ ਅਤੇ ਚੰਗੇ-ਮਾੜੇ ਨੂੰ ਯਾਦ ਰੱਖਦੇ ਹਨ। ਇਹ ਵਿਵਾਦ ਆਪ ਲਈ ਇੱਕ ਵੱਡੀ ਚੁਣੌਤੀ ਹੈ, ਅਤੇ ਜੇਕਰ ਉਹ ਨੇ ਨੁਕਸਾਨ ਨੂੰ ਨਹੀਂ ਸੰਭਾਲਿਆ ਤਾਂ 2027 ਵਿੱਚ ਉਹਨਾਂ ਨੂੰ ਵੱਡਾ ਝਟਕਾ ਲੱਗ ਸਕਦਾ ਹੈ।

### ਭਾਰਤ-ਚੀਨ ਨੇੜਤਾ:8 ਸਫ਼ੇ ਦੀ ਬਾਕੀ

ਇਨ੍ਹਾਂ ਵਿੱਚ ਸੀਮਾ ਵਪਾਰ ਮੁੜ ਸ਼ੁਰੂ ਕਰਨ ਤੇ ਸਹਿਮਤੀ ਹੋਈ ਹੈ, ਜੋ 2020 ਤੋਂ ਬੰਦ ਸੀ। ਇਹ ਵਪਾਰ ਨਾ ਸਿਰਫ਼ ਸੀਮਾਵਰਤੀ ਇਲਾਕਿਆਂ ਦੇ ਲੋਕਾਂ ਦੀ ਜ਼ਿੰਦਗੀ ਸੁਧਾਰੇਗਾ ਬਲਕਿ ਆਪਸੀ ਸਹਿਯੋਗ ਵਧਾਏਗਾ। ਇਸ ਤੋਂ ਇਲਾਵਾ, ਕੈਲਾਸ਼ ਮਾਨਸਰੋਵਰ ਯਾਤਰਾ ਮੁੜ ਸ਼ੁਰੂ ਹੋਈ ਹੈ, ਜੋ ਧਾਰਮਿਕ ਅਤੇ ਸੱਭਿਆਚਾਰਕ ਮਹੱਤਵ ਵਾਲੀ ਹੈ। ਵੀਜ਼ਾ ਨਿਯਮਾਂ ਵਿੱਚ ਢਿੱਲ ਨਾਲ ਚੀਨੀ ਨਾਗਰਿਕਾਂ ਲਈ ਟੂਰਿਸਟ ਵੀਜ਼ਾ ਸ਼ੁਰੂ ਹੋਏ ਹਨ, ਜੋ ਪੰਜ ਸਾਲਾਂ ਬਾਅਦ ਹੈ। ਸਿੱਧੀਆਂ ਉਡਾਣਾਂ ਬਹਾਲ ਕਰਨ ਲਈ ਵੀ ਗੱਲਬਾਤ ਤੇਜ਼ ਹੋ ਗਈ ਹੈ, ਜਿਸ ਨਾਲ ਵਪਾਰ ਅਤੇ ਟੂਰਿਜ਼ਮ ਵਧੇਗਾ। ਇਹ ਨੇੜਤਾ ਵਧਣ ਪਿੱਛੇ ਵੱਡਾ ਕਾਰਨ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਸਖਤ ਵਪਾਰ ਨੀਤੀਆਂ ਹਨ। ਟਰੰਪ ਨੇ ਭਾਰਤ ਤੇ ਚੀਨ ਦੋਹਾਂ ਤੇ ਟੈਰਿਫ਼ ਲਗਾ ਕੇ ਵਿਸ਼ਵ ਵਪਾਰ ਨੂੰ ਹਿਲਾ ਦਿੱਤਾ ਹੈ। ਅਮਰੀਕਾ ਦੇ ਨਾਲ ਭਾਰਤ ਦੇ ਰਿਸ਼ਤੇ ਵਿੱਚ ਤਣਾਅ ਨੇ ਭਾਰਤ ਨੂੰ ਆਪਣੀ ਰਣਨੀਤੀ ਬਦਲਣ ਲਈ ਮਜਬੂਰ ਕੀਤਾ ਹੈ। ਭਾਰਤ ਹੁਣ ਬ੍ਰਿਕਸ ਅਤੇ ਸ਼ੰਘਾਈ ਸਹਿਯੋਗ ਸੰਗਠਨ (ਐੱਸਸੀਓ) ਵਰਗੇ ਪਲੇਟਫ਼ਾਰਮਾਂ ਰਾਹੀਂ ਚੀਨ ਨਾਲ ਨੇੜੇ ਆ ਰਿਹਾ ਹੈ। ਅਗਸਤ 2025 ਵਿੱਚ ਤਿਆਨਜਿਨ ਵਿੱਚ ਹੋਣ ਵਾਲੇ ਐੱਸਸੀਓ ਸੰਮੇਲਨ ਵਿੱਚ ਮੋਦੀ ਅਤੇ ਸ਼ੀ ਜਿਨਪਿੰਗ ਦੀ ਮੁਲਾਕਾਤ ਇਸ ਨੂੰ ਹੋਰ ਮਜ਼ਬੂਤ ਕਰੇਗੀ। ਇਸ ਤੋਂ ਇਲਾਵਾ, ਸੀਮਾ ਵਿਵਾਦ ਸੁਲਝਾਉਣ ਲਈ ਵਿਸ਼ੇਸ਼ ਕਮੇਟੀ ਬਣਾ ਜਾ ਰਹੀ ਹੈ, ਜੋ ਦੋਹਾਂ ਦੇਸਾਂ ਵਿਚ ਵਿਸ਼ਵਾਸ ਵਧਾਏਗੀ। ਭਾਰਤ-ਚੀਨ ਨੇੜਤਾ ਨਾਲ ਅਮਰੀਕਾ ਦਾ ਇੰਡੋ-ਪੈਸਿਫ਼ਿਕ ਰਣਨੀਤੀ ਵਿੱਚ ਵੱਡਾ ਝਟਕਾ ਲੱਗੇਗਾ। ਅਮਰੀਕਾ ਨੇ ਭਾਰਤ ਨੂੰ ਚੀਨ ਵਿਰੋਧੀ ਗਠਜੋੜਾਂ ਵਿੱਚ ਸ਼ਾਮਲ ਕਰ ਕੇ ਚੀਨ ਨੂੰ ਘੇਰਨ ਦੀ ਕੋਸ਼ਿਸ਼ ਕੀਤੀ ਸੀ, ਜਿਵੇਂ ਕਿ ਕਵਾਡ (ਅਮਰੀਕਾ, ਭਾਰਤ, ਜਾਪਾਨ, ਆਸਟ੍ਰੇਲੀਆ)। ਪਰ ਭਾਰਤ ਦੇ ਚੀਨ ਨਾਲ ਨੇੜੇ ਆਉਣ ਨਾਲ ਕਵਾਡ ਕਮਜ਼ੋਰ ਹੋਵੇਗਾ ਅਤੇ ਅਮਰੀਕਾ ਦਾ ਪ੍ਰਭਾਵ ਏਸ਼ੀਆ ਵਿੱਚ ਘਟੇਗਾ। ਇਹ ਨੇੜਤਾ ਵਿਸ਼ਵ ਨੂੰ ਬਹੁਧਰੁਵੀ ਵੱਲ ਲੈ ਜਾਵੇਗੀ, ਜਿੱਥੇ ਅਮਰੀਕਾ ਇਕੱਲੀ ਵੱਡੀ ਸ਼ਕਤੀ ਨਹੀਂ ਰਹੇਗਾ। ਚੀਨ ਅਤੇ ਰੂਸ ਨਾਲ ਮਿਲ ਕੇ ਭਾਰਤ ਨਵੇਂ ਗਠਜੋੜ ਬਣਾਏਗਾ, ਜਿਵੇਂ ਕਿ ਬ੍ਰਿਕਸ ਅਤੇ ਐੱਸਸੀਓ। ਇਹ ਸੰਗਠਨ ਵਿਸ਼ਵ ਵਪਾਰ ਅਤੇ ਸੁਰੱਖਿਆ ਵਿੱਚ ਨਵੇਂ ਨਿਯਮ ਬਣਾਉਣਗੇ। 2026 ਵਿੱਚ ਭਾਰਤ ਵਿੱਚ ਅਤੇ 2027 ਵਿੱਚ ਚੀਨ ਵਿੱਚ ਹੋਣ ਵਾਲੇ ਬ੍ਰਿਕਸ ਸੰਮੇਲਨ ਇਸ ਨੂੰ ਹੋਰ ਮਜ਼ਬੂਤ ਕਰਨਗੇ। ਭਾਰਤ-ਚੀਨ ਨੇੜਤਾ ਵਿਸ਼ਵ ਲਈ ਚੰਗੀ ਖਬਰ ਹੈ, ਪਰ ਅਮਰੀਕਾ ਲਈ ਚਿੰਤਾ ਵਾਲੀ। ਇਹ ਰਾਜਨੀਤੀ ਨੂੰ ਬਹੁਧਰੁਵੀ ਅਤੇ ਸਹਿਯੋਗ ਵੱਲ ਲੈ ਜਾਵੇਗੀ।

-ਰਜਿੰਦਰ ਸਿੰਘ ਪੁਰੇਵਾਲ

# ਖਾੜੀ ਦੇਸਾਂ ਵੱਲ ਪੰਜਾਬੀਆਂ ਦਾ ਪਰਵਾਸ ਕਿਉਂ ਜਾਰੀ ?

## ਖਾਸ ਖਬਰ ✪ ਸਾਢੇ ਚਾਰ ਸਾਲਾਂ ਵਿਚ 52,643 ਪੰਜਾਬੀ ਅਰਬ ਮੁਲਕਾਂ ਵਿਚ ਮਜ਼ਦੂਰੀ ਲਈ ਗਏ

ਪੰਜਾਬੀ ਮੁੰਡੇ-ਕੁੜੀਆਂ ਦਾ ਖਾੜੀ ਦੇਸ਼ਾਂ ਵੱਲ ਮਜ਼ਦੂਰੀ ਲਈ ਜਾਣ ਦਾ ਸਿਲਸਿਲਾ ਕੋਈ ਨਵੀਂ ਗੱਲ ਨਹੀਂ। ਬੀਤੇ ਸਾਢੇ ਚਾਰ ਸਾਲਾਂ ਵਿਚ 52,643 ਪੰਜਾਬੀ ਅਰਬ ਮੁਲਕਾਂ ਵਿਚ ਮਜ਼ਦੂਰੀ ਲਈ ਗਏ ਨੇ। ਵਿਦੇਸ਼ ਮੰਤਰਾਲੇ ਦੇ ਤਾਜ਼ਾ ਅੰਕੜਿਆਂ ਮੁਤਾਬਕ, ਸਾਲ 2020 ਤੋਂ 30 ਜੂਨ 2025 ਤੱਕ ਪੂਰੇ ਭਾਰਤ ਵਿਚੋਂ 16.06 ਲੱਖ ਵਰਕਰ 18 ਮੁਲਕਾਂ ਵੱਲ ਗਏ ਨੇ, ਜਿਨ੍ਹਾਂ ਵਿਚ ਪੰਜਾਬ ਦਾ ਹਿੱਸਾ ਵੀ ਚੰਗਾ-ਖਾਸਾ ਹੈ। ਪਰ ਗੱਲ ਇੱਥੇ ਦਿਲਚਸਪ ਇਹ ਹੈ ਕਿ ਜਿੱਥੇ ਪੰਜਾਬੀ ਮਜ਼ਦੂਰ ਖਾੜੀ ਦੇਸ਼ਾਂ ਵਿਚ ਜਾਣ ਲਈ ਅੱਗੇ-ਅੱਗੇ ਨੇ, ਉੱਥੇ ਹਰਿਆਣੇ ਦੇ ਲੋਕ ਇਸ ਮਾਮਲੇ ਵਿਚ ਕਾਫੀ ਪਿੱਛੇ ਨੇ। ਸਾਢੇ ਚਾਰ ਸਾਲਾਂ ਵਿਚ ਹਰਿਆਣੇ ਵਿਚੋਂ ਸਿਰਫ 5,589 ਵਰਕਰ ਹੀ ਖਾੜੀ ਮੁਲਕਾਂ ਵਿਚ ਗਏ, ਜਦਕਿ ਉੱਤਰ ਪ੍ਰਦੇਸ਼ 5.49 ਲੱਖ ਵਰਕਰਾਂ ਨਾਲ ਪਹਿਲੇ ਨੰਬਰ 'ਤੇ ਹੈ ਤੇ ਬਿਹਾਰ 2.84 ਲੱਖ ਨਾਲ ਦੂਜੇ ਨੰਬਰ 'ਤੇ।

### ਕਿਹੜੇ ਕਿਹੜੇ ਮੁਲਕਾਂ ਵਿਚ ਜਾਂਦੇ ਨੇ ਪੰਜਾਬੀ ?

ਪੰਜਾਬੀ ਵਰਕਰ 18 ਮੁਲਕਾਂ ਵਿਚ ਜਾ ਰਹੇ ਨੇ, ਜਿਨ੍ਹਾਂ 'ਚ ਅਫਗਾਨਿਸਤਾਨ, ਬਹਿਰੀਨ, ਇੰਡੋਨੇਸ਼ੀਆ, ਇਰਾਕ, ਜਾਰਡਨ, ਕੁਵੈਤ, ਲਿਬੀਆ, ਮਲੇਸ਼ੀਆ, ਓਮਾਨ, ਕਤਰ, ਸਾਊਦੀ ਅਰਬ, ਸੂਡਾਨ, ਸੀਰੀਆ, ਥਾਈਲੈਂਡ, ਯੂਏਈ ਤੇ ਯਮਨ ਸ਼ਾਮਲ ਨੇ। ਇਨ੍ਹਾਂ ਮੁਲਕਾਂ ਲਈ ਇਮੀਗਰੇਸ਼ਨ ਚੈੱਕ ਰਿਕੁਆਇਰਡ (ਈਸੀਆਰ) ਪਾਸਪੋਰਟ ਜਾਰੀ ਹੁੰਦੇ ਨੇ, ਜੋ ਜ਼ਿਆਦਾਤਰ ਅਨਪੜ੍ਹ ਜਾਂ ਘੱਟ ਪੜ੍ਹੇ-ਲਿਖੇ ਵਰਕਰਾਂ ਨੂੰ ਦਿੱਤੇ ਜਾਂਦੇ ਨੇ। ਸਾਲ 202 ਵਿਚ 30 ਜੂਨ ਤੱਕ 8,609 ਪੰਜਾਬੀ ਵਰਕਰ ਅਰਬ ਮੁਲਕਾਂ ਵਿਚ ਗਏ, ਜਦਕਿ 2024 'ਚ ਇਹ ਗਿਣਤੀ 12,575 ਸੀ। ਇਨ੍ਹਾਂ ਮੁਲਕਾਂ ਵਿਚੋਂ ਕਈ ਦੇ ਹਾਲਾਤ ਨਾਜ਼ੁਕ ਨੇ, ਪਰ ਫਿਰ ਵੀ ਪੰਜਾਬੀ ਮੁੰਡੇ-ਕੁੜੀਆਂ ਨੂੰ ਰੋਟੀ-ਰੋਜ਼ੀ ਦੀ ਖਾਤਰ ਖਤਰੇ ਝੱਲਣੇ ਪੈਂਦੇ ਨੇ।

### ਖਾੜੀ ਮੁਲਕਾਂ ਵਿਚ ਕੀ ਕੰਮ-ਕਾਰੋਬਾਰ ਕਰਦੇ ਨੇ ਪੰਜਾਬੀ ?

ਖਾੜੀ ਮੁਲਕਾਂ ਵਿਚ ਪੰਜਾਬੀ ਮਜ਼ਦੂਰ ਜ਼ਿਆਦਾਤਰ ਉਸਾਰੀ ਦੇ ਕੰਮਾਂ ਵਿਚ ਲੱਗਦੇ ਨੇ। ਇਮੀਗਰੇਸ਼ਨ ਨਾਲ ਜੁੜੇ ਮਾਹਿਰ ਗੁਰਪ੍ਰੀਤ ਸਿੰਘ ਦੱਸਦੇ ਨੇ ਕਿ ਬਹੁਤੀਆਂ ਕੰਪਨੀਆਂ ਭਾਰਤ ਵਿਚੋਂ ਲੇਬਰ ਸਪਲਾਈ ਕਰਦੀਆਂ ਨੇ, ਜਿਨ੍ਹਾਂ ਵਿਚ ਜ਼ਿਆਦਾਤਰ ਕਾਮੇ ਇੱਟਾਂ-ਰੋੜੇ ਵਾਲੇ ਕੰਮ, ਪਲੰਬਰੀ, ਬਿਜਲੀ ਦੇ ਕੰਮ ਜਾਂ ਹੋਰ ਮਸ਼ੀਨੀ ਕੰਮਾਂ ਵਿਚ ਜੁੜਦੇ ਨੇ। ਜਿਹੜੇ ਵਰਕਰਾਂ ਕੋਲ ਤਕਨੀਕੀ ਹੁਨਰ ਹੁੰਦਾ ਹੈ, ਉਹ ਚੰਗੀ ਕਮਾਈ ਵੀ ਕਰ ਲੈਂਦੇ ਨੇ। ਪਰ



ਜਿਹੜੇ ਅਨਪੜ੍ਹ ਜਾਂ ਘੱਟ ਪੜ੍ਹੇ-ਲਿਖੇ ਨੇ, ਉਹ ਮੁਸ਼ਕਿਲ ਨਾਲ ਦੋ-ਚਾਰ ਲੱਖ ਰੁਪਏ ਸਾਲ ਵਿਚ ਕਮਾ ਪਾਉਂਦੇ ਨੇ, ਜੋ ਭਾਰਤ ਦੇ ਮੁਕਾਬਲੇ ਤਾਂ ਠੀਕ-ਠਾਕ ਹੈ, ਪਰ ਜੀਵਨ ਦੀਆਂ ਮੁਸ਼ਕਿਲਾਂ ਨੂੰ ਵੇਖਦਿਆਂ ਬਹੁਤੀ ਵੱਡੀ ਰਕਮ ਨਹੀਂ। ਔਰਤਾਂ ਵੀ ਇਨ੍ਹਾਂ ਮੁਲਕਾਂ ਵਿਚ ਘਰੇਲੂ ਮਜ਼ਦੂਰੀ ਜਾਂ ਹੋਰ ਛੋਟੇ-ਮੋਟੇ ਕੰਮ ਕਰਦੀਆਂ ਨੇ, ਪਰ ਕਈ ਵਾਰ ਉਨ੍ਹਾਂ ਨਾਲ ਸੋਸ਼ਣ ਦੀਆਂ ਖਬਰਾਂ ਵੀ ਸਾਹਮਣੇ ਆਉਂਦੀਆਂ ਨੇ।

### ਪੰਜਾਬੀ ਅੱਗੇ, ਹਰਿਆਣਾ ਪਿੱਛੇ ਕਿਉਂ ?

ਪੰਜਾਬੀਆਂ ਵਿਚ ਖਾੜੀ ਮੁਲਕਾਂ ਵਿਚ ਜਾਣ ਦਾ ਰੁਝਾਨ ਵਧਣ ਦੀਆਂ ਕਈ ਵਜ੍ਹਾਵਾਂ ਨੇ। ਪਹਿਲਾਂ ਤਾਂ ਇਹ ਰਾਹ ਸਸਤਾ ਹੈ, ਕਿਉਂਕਿ ਇਨ੍ਹਾਂ ਮੁਲਕਾਂ ਵਿਚ ਜਾਣ ਲਈ ਵੀਜ਼ੇ ਤੇ ਹੋਰ ਖਰਚੇ ਘੱਟ ਨੇ। ਦੂਜਾ, ਪੰਜਾਬ ਵਿਚ ਬੇਰੁਜ਼ਗਾਰੀ ਤੇ ਘੱਟ ਆਮਦਨ ਵਾਲੀਆਂ ਨੌਕਰੀਆਂ ਨੇ ਨੌਜਵਾਨਾਂ ਨੂੰ ਵਿਦੇਸ਼ ਵੱਲ ਧੱਕਿਆ। ਇਸ ਦੇ ਉਲਟ, ਹਰਿਆਣੇ ਵਿਚ ਖੇਤੀਬਾੜੀ ਤੇ ਉਦਯੋਗਿਕ ਖੇਤਰ ਵਿਚ ਮੌਕੇ ਜ਼ਿਆਦਾ ਨੇ, ਜਿਸ ਕਾਰਨ ਉੱਥੋਂ ਦੇ ਲੋਕ ਖਾੜੀ ਮੁਲਕਾਂ ਵੱਲ ਘੱਟ ਝੁਕਦੇ ਨੇ। ਇਸ ਤੋਂ ਇਲਾਵਾ, ਪੰਜਾਬ ਵਿਚ ਵਿਦੇਸ਼ ਜਾਣ ਦਾ ਸੱਭਿਆਚਾਰ ਵੀ ਡੂੰਘਾ ਜੜ੍ਹਿਆ ਹੋਇਆ ਹੈ, ਜੋ ਨੌਜਵਾਨਾਂ ਨੂੰ ਬਾਹਰ ਜਾਣ ਲਈ ਪ੍ਰੇਰਦਾ ਹੈ। ਰਾਜਸਥਾਨ ਵਿਚੋਂ 1.11 ਲੱਖ, ਪੱਛਮੀ ਬੰਗਾਲ ਵਿਚੋਂ 1.24 ਲੱਖ ਤੇ ਕੇਰਲ 'ਚੋਂ 77,722 ਵਰਕਰ ਵੀ ਇਨ੍ਹਾਂ ਮੁਲਕਾਂ ਵਿਚ ਗਏ, ਪਰ ਪੰਜਾਬ ਦਾ ਰੁਝਾਨ ਇਸ ਮਾਮਲੇ 'ਵਿਚ ਵੱਖਰਾ ਤੇ ਤੇਜ਼ ਹੈ।

ਪਰ ਇਸ ਸਾਰੇ ਸਿਲਸਿਲੇ ਵਿਚ ਚਿੰਤਾ ਦੀ ਗੱਲ ਇਹ ਹੈ ਕਿ ਖਾੜੀ ਮੁਲਕਾਂ ਵਿਚ ਪੰਜਾਬੀ ਵਰਕਰਾਂ, ਖਾਸ ਕਰਕੇ ਔਰਤਾਂ, ਨੂੰ ਸੋਸ਼ਣ ਦਾ ਸਾਹਮਣਾ ਕਰਨਾ ਪੈਂਦਾ ਹੈ। ਮੁਸ਼ਕਿਲ ਹਾਲਾਤ, ਘੱਟ ਤਨਖਾਹ ਤੇ ਅਣਸੁਰੱਖਿਅਤ ਮਾਹੌਲ ਕਈ ਵਾਰ ਜਾਨ-ਮਾਲ ਦਾ ਖਤਰਾ ਵੀ ਬਣ ਜਾਂਦੇ ਨੇ। ਫਿਰ ਵੀ, ਘਰ ਦੀਆਂ ਮਜਬੂਰੀਆਂ ਤੇ ਰੋਟੀ ਦੀ ਭੁੱਖ ਪੰਜਾਬੀ ਨੌਜਵਾਨਾਂ ਨੂੰ ਇਨ੍ਹਾਂ ਖਤਰਿਆਂ ਵੱਲ ਧੱਕਦੀ ਹੈ।

## ਵੀਸੀ ਡਾ. ਕਰਮਜੀਤ ਸਿੰਘ ਦਾ ਅਹੁਦੇ 'ਤੇ ਰਹਿਣਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਹੋਂਦ ਲਈ ਖ਼ਤਰਾ- ਹਵਾਰਾ ਕਮੇਟੀ

ਅੰਮ੍ਰਿਤਸਰ-ਜਥੇਦਾਰ ਹਵਾਰਾ ਕਮੇਟੀ ਦੇ ਪ੍ਰੋਫੈਸਰ ਬਲਜਿੰਦਰ ਸਿੰਘ, ਬਾਪੂ ਗੁਰਚਰਨ ਸਿੰਘ ਅਤੇ ਡਾ. ਸੁਖਦੇਵ ਸਿੰਘ ਬਾਬਾ ਨੇ ਕਿਹਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵੀਸੀ ਡਾ.ਕਰਮਜੀਤ ਸਿੰਘ ਦਾ ਆਰਐਸਐਸ ਪ੍ਰਤੀ ਝੁਕਾਵ ਯੂਨੀਵਰਸਿਟੀ ਦੀ ਅੱਡਰੀ ਹੋਂਦ ਲਈ ਖ਼ਤਰਾ ਹੈ, ਇਸ ਲਈ ਵੀਸੀ ਨੂੰ ਇਸ ਅਹੁਦੇ ਤੋਂ ਹਟਾਉਣਾ ਜ਼ਰੂਰੀ ਹੈ। ਸਰਕਾਰ ਵੱਲੋਂ ਸੱਦੀ ਗਈ ਮੀਟਿੰਗਾਂ ਵਿੱਚ ਵੀਸੀ ਦਾ ਜਾਣਾ ਜਾਇਜ਼ ਹੈ ਪਰ ਸੰਘ ਪਰਿਵਾਰ ਦੀ ਸੰਸਥਾ 'ਗਿਆਨ ਸਭਾ ਐਜੂ ਫਾਰ ਵਿਕਸਿਤ ਭਾਰਤ' ਦੇ ਸੱਦੇ ਤੇ ਜਾਣਾ 'ਤੇ ਸਨਾਤਨੀ ਵਿਚਾਰਧਾਰਾ ਨੂੰ ਯੂਨੀਵਰਸਿਟੀ ਵਿੱਚ ਅਮਲ ਵਿੱਚ ਲਿਆਉਣ ਦੀ ਗੱਲ ਕਰਨੀ ਬਰਦਾਸ਼ਤ ਨਹੀਂ ਹੈ। ਉਨ੍ਹਾਂ ਕਿਹਾ ਗੁਰੂ ਨਾਨਕ ਸਾਹਿਬ ਦੇ ਨਾਮ 'ਤੇ ਬਣੀ ਯੂਨੀਵਰਸਿਟੀ ਦਾ ਵੀਸੀ ਗੁਰੂ ਸਾਹਿਬ ਦੀ ਵਿਚਾਰਧਾਰਾ ਨੂੰ ਅੱਗੇ ਲੈ ਕੇ ਜਾਣ ਲਈ ਵਿਦਿਆਰਥੀਆਂ ਸਾਹਮਣੇ ਰੋਲ ਮਾਡਲ ਹੋਣਾ ਚਾਹੀਦਾ ਹੈ।



ਇਸ ਦੇ ਨਾਲ ਹੀ ਵਿਦਿਆਰਥੀ ਜਥੇਬੰਦੀ ਯੂਨਾਈਟਿਡ ਸਿੱਖ ਸਟੂਡੈਂਟਸ ਫੈਡਰੇਸ਼ਨ ਵੱਲੋਂ ਸ਼ਾਂਤਮਈ ਰੋਸ ਪ੍ਰਗਟ ਕੀਤੇ ਜਾਣ ਨੂੰ ਹਵਾਰਾ ਕਮੇਟੀ ਨੇ ਠੀਕ ਦੱਸਿਆ। ਫੈਡਰੇਸ਼ਨ ਕਾਰਕੁਨਾਂ ਦੇ ਕੈਰੀਅਰ ਨਾਲ ਯੂਨੀਵਰਸਿਟੀ ਅਧਿਕਾਰੀਆਂ ਵੱਲੋਂ ਕੀਤੀ ਜਾ ਰਹੀ ਧੱਕੇਸ਼ਾਹੀ ਵਿਰੁੱਧ ਹਵਾਰਾ ਕਮੇਟੀ ਨੇ ਸਖ਼ਤ ਤਾੜਨਾ ਕੀਤੀ। ਵਿਦਿਆਰਥੀਆਂ ਵਿਰੁੱਧ ਕੀਤੀ ਗਈ ਕਿਸੇ ਵੀ ਕਾਰਵਾਈ ਨੂੰ ਸੰਘ ਪਰਿਵਾਰ ਦੇ ਹਮਲੇ ਵਜੋਂ ਦੇਖਿਆ ਜਾਵੇਗਾ ਅਤੇ ਇਸ ਨਾਲ ਅਕਾਦਮਿਕ ਮਹੌਲ ਖ਼ਰਾਬ ਹੋਵੇਗਾ।

ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਵੀਸੀ ਤੋਂ ਸਪਸ਼ਟੀਕਰਨ ਮੰਗੇ ਜਾਣ ਤੇ ਕਮੇਟੀ ਆਗੂ ਮਹਾਂਬੀਰ ਸਿੰਘ ਸੁਲਤਾਨਵਿੰਡ, ਬਲਦੇਵ ਸਿੰਘ ਨਵਾਂ ਪਿੰਡ ਅਤੇ ਰਘਬੀਰ ਸਿੰਘ ਭੁੱਚਰ ਨੇ ਕਿਹਾ ਕਿ ਇਹ ਪੰਥਕ ਮੁੱਦਾ ਬਣ ਗਿਆ ਹੈ ਜਿਸ ਦੀ ਵਿਆਪਕ ਵਿਰੋਧਤਾ ਹੋਣੀ ਚਾਹੀਦੀ ਹੈ। ਉਨ੍ਹਾਂ ਨੇ ਕਿਹਾ ਵੀਸੀ ਸਿੱਖ ਕੌਮ ਦੀਆਂ ਭਾਵਨਾਵਾਂ ਨੂੰ ਸੱਟ ਮਾਰਨ ਦਾ ਦੋਸ਼ੀ ਹੈ। ਉਨ੍ਹਾਂ ਕਿਹਾ ਸਿੱਖ ਕਦੀ ਵੀ ਸਨਾਤਨੀ ਵਿਚਾਰਧਾਰਾ ਨਾਲ ਬਣੇ ਅਦਾਰਿਆਂ ਵਿੱਚ ਦਖ਼ਲਅੰਦਾਜ਼ੀ ਨਹੀਂ ਕਰਦੇ ਇਸ ਲਈ ਆਪਣੀਆਂ ਸੰਸਥਾਵਾਂ ਵਿੱਚ ਇਨ੍ਹਾਂ ਦੀ ਦਖ਼ਲਅੰਦਾਜ਼ੀ ਬਰਦਾਸ਼ਤ ਕਿਉਂ ਕਰਨ।

## ਗੈਂਗਸਟਰ ਲਾਰੈਂਸ ਇੰਟਰਵਿਊ ਮਾਮਲੇ ਦੀ ਜਾਂਚ ਹੋਈ ਪੂਰੀ

### ✪ ਸਿਟ ਨੇ ਹਾਈ ਕੋਰਟ ਨੂੰ ਸੌਂਪੀ ਸੀਲਬੰਦ ਰਿਪੋਰਟ

ਐੱਸਏਐੱਸ ਨਗਰ-ਗੈਂਗਸਟਰ ਲਾਰੈਂਸ ਬਿਸ਼ਨੋਈ ਦੇ ਇੰਟਰਵਿਊ ਮਾਮਲੇ ਵਿਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਸੁਣਵਾਈ ਹੋਈ। ਇਸ ਦੌਰਾਨ ਇਸ ਕੇਸ ਦੀ ਜਾਂਚ ਲਈ ਬਣਾਈ ਗਈ ਵਿਸ਼ੇਸ਼ ਜਾਂਚ ਟੀਮ ਯਾਨੀ ਸਿੱਟ ਵੱਲੋਂ ਅਦਾਲਤ ਨੂੰ ਇਕ ਹੋਰ ਰਿਪੋਰਟ ਪੇਸ਼ ਕੀਤੀ ਗਈ। ਇਹ ਰਿਪੋਰਟ ਇਸ ਸਮੇਂ ਸੀਲਬੰਦ ਹੈ। ਮਾਮਲੇ ਦੀ ਅਗਲੀ ਸੁਣਵਾਈ 28 ਅਗਸਤ ਨੂੰ ਨਿਰਧਾਰਤ ਕੀਤੀ ਗਈ ਹੈ। ਦੱਸਣਯੋਗ ਹੈ ਕਿ ਹਾਈ ਕੋਰਟ ਦੇ ਹੁਕਮਾਂ 'ਤੇ ਬਣਾਈ ਵਿਸ਼ੇਸ਼ ਜਾਂਚ ਟੀਮ ਨੇ 7 ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਡਿਊਟੀ ਦੌਰਾਨ ਲਾਪਰਵਾਹੀ ਲਈ ਜ਼ਿੰਮੇਵਾਰ ਮੰਨਿਆ ਸੀ। ਇਸ ਤੋਂ ਬਾਅਦ ਸਾਰਿਆਂ ਨੂੰ ਸਸਪੈਂਡ ਕਰਨ ਦੇ ਹੁਕਮ ਜਾਰੀ ਕੀਤੇ ਗਏ ਸਨ।



ਵਿਸ਼ੇਸ਼ ਜਾਂਚ ਟੀਮ ਦੀ ਰਿਪੋਰਟ ਅਨੁਸਾਰ ਲਾਰੈਂਸ ਦੇ ਦੋ ਇੰਟਰਵਿਊ ਸਾਹਮਣੇ ਆਏ ਸਨ। ਪਹਿਲਾ ਇੰਟਰਵਿਊ 3 ਅਤੇ 4 ਸਤੰਬਰ 2023 ਨੂੰ ਕੀਤਾ ਗਿਆ ਸੀ, ਜਦੋਂ ਲਾਰੈਂਸ ਪੰਜਾਬ ਦੇ ਸੀਆਈਏ ਖਰੜ ਦੀ ਕਸਟਡੀ 'ਚ ਸੀ। ਇਹ ਇੰਟਰਵਿਊ 14 ਮਾਰਚ 2023 ਨੂੰ ਬ੍ਰਾਡਕਾਸਟ ਹੋਇਆ ਸੀ, ਜਿਸ 'ਚ ਉਸਨੇ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਦੀ ਸਾਜ਼ਿਸ਼ ਰਚਣ ਦੀ ਗੱਲ ਮੰਨੀ ਸੀ।

ਉਸਨੇ ਕਿਹਾ ਸੀ ਕਿ ਮੂਸੇਵਾਲਾ ਨੇ ਉਸਦੇ ਦੋਸਤ ਤੇ ਅਕਾਲੀ ਨੇਤਾ ਵਿਕੀ ਮਿਡੂਖੇੜਾ ਦੇ ਕਤਲ 'ਚ ਹਿੱਸਾ ਲਿਆ ਸੀ, ਜਿਸ ਕਾਰਨ ਉਸਨੂੰ ਮਰਵਾਇਆ ਗਿਆ। ਦੂਜਾ ਇੰਟਰਵਿਊ ਜੈਪੁਰ ਦੀ ਸੈਂਟ੍ਰਲ ਜੇਲ੍ਹ ਵਿਚ ਹੋਇਆ, ਜਿਸ ਵਿਚ ਲਾਰੈਂਸ ਨੇ ਆਪਣੀ ਬੈਰਕ ਦੇ ਅੰਦਰੋਂ ਕਾਲ ਕਰਨ ਅਤੇ ਮੋਬਾਇਲ ਵਰਤਣ ਦੇ ਸਬੂਤ ਵੀ ਦਿੱਤੇ। ਉਸਨੇ ਦੱਸਿਆ ਕਿ ਮੋਬਾਇਲ ਜੇਲ੍ਹ ਦੇ ਅੰਦਰ ਬਾਹਰੋਂ ਸੁੱਟ ਕੇ ਪਹੁੰਚਾਏ ਜਾਂਦੇ ਹਨ ਅਤੇ ਕਈ ਵਾਰ ਜੇਲ੍ਹ ਸਟਾਫ਼ ਵੱਲੋਂ ਫੜੇ ਵੀ ਜਾਂਦੇ ਹਨ, ਪਰ ਅਕਸਰ ਉਸ ਤਕ ਪਹੁੰਚ ਜਾਂਦੇ ਹਨ। ਇੰਟਰਵਿਊ ਸਾਹਮਣੇ ਆਉਣ ਤੋਂ ਬਾਅਦ ਪੰਜਾਬ ਪੁਲਿਸ 'ਤੇ ਸਵਾਲ ਉਠੇ ਸਨ।

ਇਸ ਤੋਂ ਬਾਅਦ ਡੀਜੀਪੀ ਗੌਰਵ ਯਾਦਵ ਨੇ ਪ੍ਰੈੱਸ ਕਾਨਫ਼ਰੰਸ ਕਰਕੇ ਦਾਅਵਾ ਕੀਤਾ ਸੀ ਕਿ ਇਹ ਇੰਟਰਵਿਊ ਬਠਿੰਡਾ ਜਾਂ ਪੰਜਾਬ ਦੀ ਕਿਸੇ ਵੀ ਜੇਲ੍ਹ ਤੋਂ ਨਹੀਂ ਹੋਇਆ। ਉਨ੍ਹਾਂ ਨੇ ਲਾਰੈਂਸ ਦੀਆਂ ਦੋ ਤਸਵੀਰਾਂ ਦਿਖਾਉਂਦਿਆਂ ਕਿਹਾ ਸੀ ਕਿ ਬਠਿੰਡਾ ਜੇਲ੍ਹ ਲਿਆਂਦੇ ਸਮੇਂ ਉਸਦੇ ਵਾਲ ਕੱਟੇ ਹੋਏ ਸਨ ਅਤੇ ਉਸਦੀ ਦਾੜ੍ਹੀ-ਮੁੱਛ ਨਹੀਂ ਸੀ।

# ਗੁਲਾਮੀ ਦੀ ਜ਼ੰਜੀਰ ਟੁੱਟਣ ਵਾਲੀ ਹੈ, ਆਜ਼ਾਦੀ ਹੁਣ ਦੂਰ ਨਹੀਂ:- ਗੁਰਪਤਵੰਤ ਸਿੰਘ ਪੰਨੂ

## *ਡੀ ਸੀ ਦੀਆਂ ਸੰਗਤਾਂ ਵਲੋਂ 82% ਵੋਟਿੰਗ ਕਰਨ ਤੇ ਧੰਨਵਾਦ

ਨਵੀਂ ਦਿੱਲੀ-(ਮਨਪ੍ਰੀਤ ਸਿੰਘ ਖਾਲਸਾ):- ਸਿੱਖ ਕੌਮ ਦੀ ਅਜ਼ਾਦੀ ਲਈ ਅਜ਼ਾਦ ਘਰ ਖਾਲਿਸਤਾਨ ਲਈ ਚੱਲ ਰਹੇ ਮੌਜੂਦਾ ਸੰਘਰਸ਼ "ਖਾਲਿਸਤਾਨ ਰੈਫਰੰਡਮ" ਜੋ ਕਿ ਐਸ.ਐੱਫ.ਜੇ. ਵੱਲੋਂ ਕੌਂਸਲ ਜਨਰਲ ਭਾਈ ਗੁਰਪਤਵੰਤ ਸਿੰਘ ਪੰਨੂੰ ਵੱਲੋਂ ਵੱਖੋ-ਵੱਖ ਸ਼ਹਿਰਾਂ ਅਤੇ ਦੇਸ਼ਾਂ ਵਿਚ ਕਰਵਾਏ ਜਾਂਦੇ ਹਨ। ਇਸ ਵਾਰ ਦਾ ਉਹਨਾਂ ਦਾ ਪੜਾਅ ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਡੀ.ਸੀ. ਰਿਹਾ ਜਿੱਥੇ 16500 ਤੋਂ ਵੱਧ ਵੋਟਾਂ ਪਾਈਆਂ ਗਈਆਂ ਸਨ । ਦੱਸਣਯੋਗ ਹੈ ਕਿ ਵਾਸ਼ਿੰਗਟਨ ਡੀ.ਸੀ ਦੇ ਵਿਚ ਸਿੱਖਾਂ ਦੀ ਅਬਾਦੀ ਬਹੁਤ ਹੀ ਘੱਟ ਹੈ, ਆਲੇ ਦੁਆਲੇ ਦੇ ਇਲਾਕੇ ਮਿਲਾਕੇ ਤਕਰੀਬਨ 20 ਹਜਾਰ ਦੀ ਆਬਾਦੀ ਬਣਦੀ ਹੈ । ਇਹਨੀ ਘੱਟ ਆਬਾਦੀ ਵਿਚੋਂ ਇਹਨੀਆਂ ਵੋਟਾਂ ਆਜ਼ਾਦ ਘਰ ਖਾਲਿਸਤਾਨ ਵਾਸਤੇ ਪੈ ਜਾਣੀਆਂ ਸਾਫ਼ ਅਤੇ ਸਪੱਸ਼ਟ ਜ਼ਾਹਿਰ ਕਰਦਾ ਹੈ ਕਿ ਸੰਗਤਾਂ ਵਿਚ ਆਪਣਾ ਦੇਸ਼ ਪੰਜਾਬ ਅਜ਼ਾਦ ਵੇਖਣ ਲਈ ਬਹੁਤ ਜਿਆਦਾ ਚਾਅ ਅਤੇ ਉਤਸ਼ਾਹ ਹੈ ।

ਇਸ ਲਈ ਰੈਫਰੰਡਮ ਦੇ ਪ੍ਰਬੰਧਕਾਂ ਵਲੋਂ ਸੰਗਤਾਂ ਦਾ ਬਹੁਤ ਧੰਨਵਾਦ ਕੀਤਾ ਗਿਆ ਜੋ ਓਥੋਂ ਦੀ ਕੁਲ ਸਿੱਖ ਪੰਜਾਬੀ ਅਬਾਦੀ ਵਿੱਚੋਂ 82% ਸੰਗਤਾਂ ਵੋਟਿੰਗ ਵਿਚ ਹਿੱਸਾ ਲੈ ਕੇ ਪ੍ਰਬੰਧਕਾਂ ਦਾ ਉਤਸ਼ਾਹ ਵਧਾਇਆ ਹੈ । ਵੋਟਿੰਗ ਲਈ ਕਿੰਨੇ ਕਿੰਨੇ ਘੰਟੇ ਲੰਬੀਆਂ ਕਤਾਰਾਂ ਵਿਚ ਖੜ੍ਹੀਆਂ ਸਨ ਤਾਂ ਜੋ ਉਹ ਅਜ਼ਾਦ ਘਰ ਲਈ ਵੋਟ ਪਾ ਸਕਣ ਅਤੇ ਆਪਣਾ ਫਰਜ ਅਦਾ ਕਰਨ। ਉਹਨਾਂ ਵਾਸਤੇ ਲੰਗਰਾਂ ਦੇ ਸਟਾਲ ਵੀ ਲਗਾਏ ਗਏ ਸਨ । ਰੈਫਰੰਡਮ ਦੇ ਵਿਚ ਹੋਰਾਂ ਸ਼ਹਿਰਾਂ ਅਤੇ ਦੇਸ਼ਾਂ ਜਿਵੇਂ ਕਿ ਕੈਨੇਡਾ ਤੋਂ ਵੀ ਸੰਗਤਾਂ ਗਈਆਂ



ਸਨ ਤਾਂ ਜੋ ਹੋਰਾਂ ਦਾ ਉਤਸ਼ਾਹ ਵਧਾਇਆ ਜਾ ਸਕੇ। ਸਰੀ ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਦੇ ਕਮੇਟੀ ਮੈਂਬਰ ਜਿੰਨਾਂ ਵਿਚ ਭਾਈ ਗੁਰਮੀਤ ਸਿੰਘ ਤੂਰ, ਭਾਈ ਨਰਿੰਦਰ ਸਿੰਘ ਰੰਧਾਵਾ ਅਤੇ ਭਾਈ ਅਵਤਾਰ ਸਿੰਘ ਖਹਿਰਾ ਸ਼ਾਮਲ ਹਨ ।

ਗੱਲਬਾਤ ਦੌਰਾਨ ਭਾਈ ਗੁਰਮੀਤ ਸਿੰਘ ਤੂਰ ਨੇ ਦੱਸਿਆ ਕਿ ਖ਼ਾਲਿਸਤਾਨ ਰੈਫਰੰਡਮ ਅਜੋਕੇ ਸਮੇਂ ਦਾ ਆਜ਼ਾਦੀ ਸੰਘਰਸ਼ ਹੈ ਜਿਸ ਵਿਚ ਵੱਧ ਤੋਂ ਵੱਧ ਯੋਗਦਾਨ ਪਾਕੇ ਕੌਮ ਨੂੰ ਅਜ਼ਾਦ ਕਰਵਾਈਏ ਅਤੇ ਅਜ਼ਾਦ ਘਰ ਖਾਲਿਸਤਾਨ ਲੈਕੇ ਗੁਲਾਮੀ ਦੀਆਂ ਜ਼ੰਜੀਰਾਂ ਤੋੜ ਦਈਏ ਅਤੇ ਅਜ਼ਾਦ ਦੇਸ਼ ਦੇ ਵਸਨੀਕ ਅਤੇ ਮਾਲਿਕ ਬਣੀਏ। ਰੈਫਰੈਂਡਮ ਦੇ ਪ੍ਰਬੰਧਕਾਂ ਵਲੋਂ ਅਗਲੀ ਵੋਟਿੰਗ 23 ਨਵੰਬਰ ਨੂੰ ਕੈਨੇਡਾ ਦੇ ਓਟਾਵਾ ਅਤੇ ਉਸ ਤੋਂ ਅਗਲੀ ਵੋਟਿੰਗ ਸੰਯੁਕਤ ਰਾਜ ਅਮਰੀਕਾ ਵਿੱਚ 22 ਮਾਰਚ, 2026 ਨੂੰ ਸੀਏਟਲ ਦੀ ਯੋਜਨਾ ਬਣਾਈ ਗਈ ਹੈ ।

# 'ਕੇਟਾਮਾਈਨ ਕਵੀਨ' ਮੈਥਿਊ ਪੈਰੀ ਦੀ ਹੱਤਿਆ ਕਰਨ ਵਾਲੀ ਦਵਾਈ ਦੀ ਖੁਰਾਕ ਸਪਲਾਈ ਕਰਨ ਦਾ ਦੋਸ਼ ਮੰਨੇਗੀ

ਯੂ ਐਸ ਏ-ਇੱਕ ਔਰਤ ਜਿਸ 'ਤੇ ਫ੍ਰੈਂਡਜ਼ ਸਟਾਰ ਮੈਥਿਊ ਪੈਰੀ ਨੂੰ ਉਸ ਨਸ਼ੀਲੇ ਪਦਾਰਥ ਦੀ ਖੁਰਾਕ ਵੇਚਣ ਦਾ ਦੋਸ਼ ਲਗਾਇਆ ਗਿਆ ਸੀ, ਨੇ ਆਪਣਾ ਦੋਸ਼ ਕਬੂਲ ਕਰਨ ਲਈ ਸਹਿਮਤੀ ਦੇ ਦਿੱਤੀ ਹੈ। "ਕੇਟਾਮਾਈਨ ਕਵੀਨ" ਵਜੋਂ ਜਾਣੀ ਜਾਂਦੀ ਜਸਵੀਨ ਸੰਘਾ, ਸਤੰਬਰ ਵਿੱਚ ਹੋਣ ਵਾਲੇ ਮੁਕੱਦਮੇ ਤੋਂ ਬਚਦੇ ਹੋਏ, ਸਰਕਾਰੀ ਵਕੀਲਾਂ ਨਾਲ ਇੱਕ ਪਟੀਸ਼ਨ ਸੌਦਾ ਕਰਨ ਵਾਲੀ ਪੰਜਵੀਂ ਅਤੇ ਆਖਰੀ ਦੋਸ਼ੀ ਹੈ। ਸੰਘੀ ਵਕੀਲਾਂ ਨੇ ਇੱਕ ਬਿਆਨ ਵਿੱਚ ਕਿਹਾ ਕਿ 42 ਸਾਲਾ ਔਰਤ ਪੰਜ ਸੰਘੀ ਅਪਰਾਧਿਕ ਦੋਸ਼ਾਂ ਲਈ ਦੋਸ਼ ਕਬੂਲ ਕਰਨ ਲਈ ਸਹਿਮਤ ਹੋ ਗਈ, ਜਿਸ ਵਿੱਚ ਪੈਰੀ ਦੀ ਮੌਤ ਦਾ ਕਾਰਨ ਬਣਨ ਵਾਲਾ ਕੇਟਾਮਾਈਨ ਪ੍ਰਦਾਨ ਕਰਨਾ ਵੀ ਸ਼ਾਮਲ ਹੈ। ਸਰਕਾਰੀ ਵਕੀਲਾਂ ਨੇ ਸੰਘਾ, ਜੋ ਕਿ ਅਮਰੀਕਾ ਅਤੇ ਯੂਕੇ ਦੀ ਦੋਹਰੀ ਨਾਗਰਿਕ ਸੀ, ਨੂੰ ਇੱਕ ਪ੍ਰਚਲਿਤ ਡਰੱਗ ਡੀਲਰ ਵਜੋਂ



ਪੇਸ਼ ਕੀਤਾ ਸੀ ਜਿਸਨੂੰ ਉਸਦੇ ਗਾਹਕਾਂ "ਕੇਟਾਮਾਈਨ ਕਵੀਨ" ਵਜੋਂ ਜਾਣਿਆ ਜਾਂਦਾ ਸੀ, ਅਕਸਰ ਅਦਾਲਤੀ ਦਸਤਾਵੇਜ਼ਾਂ ਵਿੱਚ ਇਸ ਸ਼ਬਦ ਦੀ ਵਰਤੋਂ ਕਰਦੇ ਸਨ ਅਤੇ ਇਸਨੂੰ ਕੇਸ ਦੇ ਅਧਿਕਾਰਤ ਨਾਮ ਵਿੱਚ ਵੀ ਸ਼ਾਮਲ ਕਰਦੇ ਸਨ

# ਯੂ ਕੇ ਦੇ ਸਾਬਕਾ ਪ੍ਰਧਾਨ ਮੰਤਰੀ ਸੁਨਕ ਨੂੰ ਨਸਲੀ ਧਮਕੀ ਦੇਣ ਵਾਲੇ ਵਿਅਕਤੀ ਨੂੰ ਸਜ਼ਾ

*ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਯੂ ਕੇ ਦੇ ਸਾਬਕਾ ਪ੍ਰਧਾਨ ਮੰਤਰੀ ਪ੍ਰਧਾਨ ਰਿਸ਼ੀ ਸੁਨਕ ਨੂੰ ਧਮਕੀ ਦੇਣ ਦੇ ਮਾਮਲੇ ਵਿੱਚ ਇੱਕ 21 ਸਾਲਾ ਵਿਅਕਤੀ ਨੂੰ ਦੋਸ਼ੀ ਠਹਿਰਾਉਂਦਿਆਂ ਲਿਵਰਪੂਲ ਮੈਜਿਸਟ੍ਰੇਟ ਦੀ ਅਦਾਲਤ ਨੇ 14 ਹਫਤਿਆਂ ਦੀ ਕੈਦ ਦੀ ਸਜ਼ਾ ਸੁਣਾਈ ਹੈ, ਜੋ 12 ਮਹੀਨਿਆਂ ਲਈ ਮੁਲਤਵੀ ਹੈ। ਦੋਸ਼ੀ ਨੇ ਪ੍ਰਧਾਨ ਮੰਤਰੀ ਦੇ ਕਾਰਜਕਾਲ ਦੌਰਾਨ ਰਿਸ਼ੀ ਸੁਨਕ ਨੂੰ ਨਸਲੀ ਧਮਕੀ ਭਰੇ ਈਮੇਲ ਪਿਛਲੇ ਸਾਲ ਜੂਨ ਵਿੱਚ ਭੇਜੇ ਸੀ।*

ਯੂ ਕੇ ਕਰਾਊਨ ਪ੍ਰੌਸੀਕਿਊਸ਼ਨ ਸਰਵਿਸ ਨੇ ਕਿਹਾ ਕਿ ਉੱਤਰ-ਪੱਛਮੀ ਇੰਗਲੈਂਡ ਦੇ ਮਰਸੀਸਾਈਡ ਵਿੱਚ ਬਿਰਕਨਹੈੱਡ ਦੇ ਰਹਿਣ ਵਾਲੇ ਲੀਅਮ ਸ਼ਾਅ ਨੇ ਸਾਬਕਾ ਪ੍ਰਧਾਨ ਮੰਤਰੀ ਸੁਨਕ ਦੇ ਅਧਿਕਾਰਤ ਈਮੇਲ ਪਤੇ 'ਤੇ ਦੋ ਧਮਕੀ ਭਰੇ ਅਤੇ ਅਪਮਾਨਜਨਕ ਈਮੇਲ ਭੇਜਣ ਦੇ ਦੋਸ਼ ਮੰਨੇ ਹਨ। ਇਹ ਈਮੇਲ ਭਾਰਤੀ ਮੂਲ ਦੇ ਬ੍ਰਿਟਿਸ਼ ਨੇਤਾ ਦੇ ਨਿੱਜੀ ਸਹਾਇਕ ਦੁਆਰਾ ਦੇਖੇ ਗਏ ਸਨ ਅਤੇ ਉਸਨੇ ਇਸ ਬਾਰੇ ਪੁਲਿਸ ਨੂੰ ਸੂਚਿਤ ਕੀਤਾ ਸੀ।

ਸੀ ਪੀ ਐਸ ਮਰਸੀ ਚੈਸ਼ਾਇਰ ਦੇ ਸੀਨੀਅਰ



ਕਰਾਊਨ ਪ੍ਰੌਸੀਕਿਊਟਰ ਮੈਥਿਊ ਡਿਕਸਨ ਨੇ ਕਿਹਾ ਕਿ "ਲੀਅਮ ਸ਼ਾਅ ਨੇ ਆਪਣੇ ਫ਼ੋਨ ਦੀ ਵਰਤੋਂ ਇੱਕ ਬਹੁਤ ਮਹੱਤਵਪੂਰਨ ਜਨਤਕ ਅਹੁਦੇ 'ਤੇ ਇੱਕ ਵਿਅਕਤੀ ਨੂੰ ਨਸਲੀ ਅਤੇ ਧਮਕੀ ਭਰੇ ਸੁਨੇਹੇ ਭੇਜਣ ਲਈ ਕੀਤੀ।" ਉਹਨਾਂ ਕਿਹਾ ਕਿ "ਅੱਜ ਦੇ ਸਮੇਂ ਵਿੱਚ ਕਿਤੇ ਵੀ ਨਸਲੀ ਸ਼ੋਸ਼ਣ ਲਈ ਕੋਈ ਥਾਂ ਨਹੀਂ ਹੈ।" ਅਦਾਲਤ ਨੇ ਸ਼ਾਅ ਨੂੰ 20 ਦਿਨਾਂ ਦੀ ਪੁਨਰਵਾਸ ਗਤੀਵਿਧੀ ਅਤੇ ਛੇ ਮਹੀਨਿਆਂ ਦਾ ਨਸ਼ਾ ਛੁਡਾਊ ਕੋਰਸ ਵੀ ਪੂਰਾ ਕਰਨ ਦੇ ਹੁਕਮ ਦਿੱਤੇ ਹਨ।

# ਅਸ਼ਵੀਰ ਸਿੰਘ ਜੌਹਲ ਇੰਗਲੈਂਡ ਫੁੱਟਬਾਲ ਕਲੱਬ ਦੇ ਪਹਿਲੇ ਬ੍ਰਿਟਿਸ਼ ਸਿੱਖ ਮੈਨੇਜਰ ਬਣੇ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਅਸ਼ਵੀਰ ਸਿੰਘ ਜੌਹਲ ਇੱਕ ਪੇਸ਼ੇਵਰ ਇੰਗਲਿਸ਼ ਫੁੱਟਬਾਲ ਕਲੱਬ ਦੇ ਪਹਿਲੇ ਬਰਤਾਨਵੀ ਸਿੱਖ ਮੈਨੇਜਰ ਬਣੇ ਹਨ। ਉਨ੍ਹਾਂ ਨੇ ਉੱਤਰ-ਪੱਛਮੀ ਇੰਗਲੈਂਡ ਦੇ ਲੰਕਾਸ਼ਾਇਰ ਵਿੱਚ ਮੋਰੇਕੈਂਬ ਐਫਸੀ ਦਾ ਚਾਰਜ ਸੰਭਾਲਿਆ। ਤੀਹ ਸਾਲਾ ਜੌਹਲ ਨੇ ਲੈਸਟਰ ਸਿਟੀ ਫੁੱਟਬਾਲ ਕਲੱਬ ਵਿੱਚ 10 ਸਾਲ ਬਿਤਾਏ ਹਨ। ਉਹ ਪਹਿਲਾਂ ਕਲੱਬ ਦੀ ਅਕੈਡਮੀ ਵਿੱਚ ਨੌਜਵਾਨ ਖਿਡਾਰੀਆਂ ਨੂੰ ਕੋਚਿੰਗ ਦੇ ਚੁੱਕੇ ਹਨ। ਜੌਹਲ ਨੇ ਜੂਨ ਵਿੱਚ ਫੁੱਟਬਾਲ ਐਸੋਸੀਏਸ਼ਨ (ਇੰਗਲੈਂਡ ਦੀ ਫੁੱਟਬਾਲ ਗਵਰਨਿੰਗ ਬਾਡੀ) ਨਾਲ ਯੂਨੀਅਨ ਆਫ ਯੂਰਪੀਅਨ ਫੁੱਟਬਾਲ ਐਸੋਸੀਏਸ਼ਨ (ਯੂ ਈ ਐਫ ਏ) ਪ੍ਰੋ ਲਾਇਸੈਂਸ ਲਈ ਮਾਪਦੰਡ ਪੂਰੇ ਕੀਤੇ, ਜਿਸ ਤੋਂ ਬਾਅਦ ਉਨ੍ਹਾਂ ਨੂੰ ਇਹ ਨਿਯੁਕਤੀ ਮਿਲੀ। ਉਹ ਫੁੱਟਬਾਲ ਵਿੱਚ ਪ੍ਰਬੰਧਨ ਅਤੇ ਕੋਚਿੰਗ ਵਿੱਚ ਸਭ ਤੋਂ ਵੱਧ ਯੋਗਤਾ ਪ੍ਰਾਪਤ ਕਰਨ ਵਾਲੇ ਸਭ ਤੋਂ ਘੱਟ ਉਮਰ ਦੇ ਮੈਨੇਜਰ ਬਣੇ ਹਨ। ਇਸ ਨਿਯੁਕਤੀ ਤੋਂ ਬਾਅਦ ਉਨ੍ਹਾਂ ਕਿਹਾ ਕਿ, "ਮੈਨੂੰ ਲੱਗਦਾ ਹੈ ਕਿ ਪ੍ਰਸ਼ੰਸਕ ਇੱਕ ਅਜਿਹੇ ਵਿਅਕਤੀ ਦੀ ਉਮੀਦ ਕਰ ਸਕਦੇ ਹਨ ਜੋ ਬਹੁਤ ਮਿਹਨਤੀ ਹੈ ਅਤੇ ਉਹ ਇਸ ਸ਼ਹਿਰ ਦੀ ਨੁਮਾਇੰਦਗੀ ਕਰਨ ਵਿੱਚ ਸੱਚਮੁੱਚ ਮਾਣ ਮਹਿਸੂਸ ਕਰਦਾ ਹੈ। ਇਹ ਯਕੀਨੀ ਬਣਾਉਂਦਾ ਹੈ ਕਿ ਉਨ੍ਹਾਂ ਕੋਲ ਇੱਕ ਅਜਿਹੀ ਟੀਮ ਹੈ ਜੋ ਮੈਦਾਨ 'ਤੇ ਉਨ੍ਹਾਂ ਦੀ ਸਹੀ ਢੰਗ ਨਾਲ ਨੁਮਾਇੰਦਗੀ ਕਰਦੀ ਹੈ।"



ਅਸ਼ਵੀਰ ਸਿੰਘ ਜੌਹਲ

# ਸਿਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਵੱਲੋਂ ਰਾਗੀ ਸ਼ਾਂਤ "ਭਾਈ ਮਰਦਾਨਾ ਅਵਾਰਡ" ਨਾਲ ਸਨਮਾਨਿਤ

## ✪ ਰਾਗੀ ਫਿਲਮੀ ਟਿਊਨਾਂ ਦੀ ਥਾਂ ਗੁਰਮਤਿ ਰਾਗਾਂ ਵਿਚ ਕੀਰਤਨ ਕਰਨ



ਜਲੰਧਰ-ਸਿਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਨੇ ਗੁਰਮਤਿ ਸੰਗੀਤ ਦੇ ਮਾਹਿਰ ਅਤੇ ਸ੍ਰੀਰਾਗਾਂ ਦੇ ਪ੍ਰਸਿੱਧ ਰਾਗੀ ਭਾਈ ਗੁਰਮੀਤ ਸਿੰਘ ਸ਼ਾਂਤ ਨੂੰ ਭਾਈ ਮਰਦਾਨਾ ਅਵਾਰਡ ਨਾਲ ਸਨਮਾਨਿਤ ਕਰਕੇ ਉਨ੍ਹਾਂ ਦੀਆਂ ਗੁਰਮਤਿ ਸੰਗੀਤ ਦੇ ਖੇਤਰ ਵਿੱਚ ਅਨਮੁੱਲੀਆਂ ਸੇਵਾਵਾਂ ਨੂੰ ਸਤਿਕਾਰਿਆ ਹੈ। ਇਸ ਮੌਕੇ ਤੇ ਇੱਕ ਵਿਸ਼ੇਸ਼ ਸਮਾਗਮ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਪੰਥਕ ਸਖਸ਼ੀਅਤਾਂ ਕਮਲਜੀਤ ਸਿੰਘ ਟੋਨੀ ਐਕਟਿੰਗ ਪ੍ਰਧਾਨ ਗੁਰਦੁਆਰਾ ਨੌਵੀਂ ਪਾਤਸ਼ਾਹੀ ਗੁਰੂ ਤੇਗ ਬਹਾਦਰ ਨਗਰ ਜਲੰਧਰ, ਪ੍ਰੋਫੈਸਰ ਬਲਵਿੰਦਰ ਪਾਲ ਸਿੰਘ, ਮਨਜੀਤ ਸਿੰਘ ਠੁਕਰਾਲ, ਸੰਤੋਖ ਸਿੰਘ ਦਿਲੀ ਪੇਂਟ, ਦਵਿੰਦਰ ਸਿੰਘ ਅਨੰਦ, ਹਰਦੇਵ ਸਿੰਘ ਗਰਚਾ, ਸਾਹਿਬ ਸਿੰਘ ਆਰਟਿਸਟ, ਸੰਦੀਪ ਸਿੰਘ ਚਾਵਲਾ, ਅਰਿੰਦਰਜੀਤ ਸਿੰਘ ਚਡਾ ਗੁਰਮਤਿ ਸੰਗੀਤ ਦੇ ਪ੍ਰੇਮੀਆਂ ਅਤੇ ਸੰਗਤ ਨੇ ਵੱਡੀ ਗਿਣਤੀ ਵਿੱਚ ਸ਼ਿਰਕਤ ਕੀਤੀ।

ਸਮਾਗਮ ਦੌਰਾਨ ਜਥੇਦਾਰ ਪਰਮਿੰਦਰ ਪਾਲ ਸਿੰਘ ਖਾਲਸਾ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ, "ਗੁਰੂ ਸਾਹਿਬਾਨ ਨੇ ਸਾਨੂੰ 31 ਰਾਗਾਂ ਅਨੁਸਾਰ ਗੁਰਬਾਣੀ ਦਾ ਕੀਰਤਨ ਕਰਨ ਦਾ ਹੁਕਮ ਦਿੱਤਾ ਹੈ। ਜਿਹੜੇ ਸਿੰਘ ਗੁਰੂ ਸਾਹਿਬ ਦੇ ਇਸ ਹੁਕਮ ਨੂੰ ਮੰਨਦਿਆਂ ਰਾਗਾਂ ਵਿੱਚ ਕੀਰਤਨ ਕਰਦੇ ਹਨ, ਉਨ੍ਹਾਂ ਦਾ ਸਨਮਾਨ ਕਰਨਾ ਸਾਡੀ ਸਮੂਹ ਸੰਗਤ ਦੀ ਜ਼ਿੰਮੇਵਾਰੀ ਹੈ।" ਉਨ੍ਹਾਂ ਅੱਗੇ ਕਿਹਾ ਕਿ ਭਾਈ ਗੁਰਮੀਤ ਸਿੰਘ ਸ਼ਾਂਤ ਨੇ ਗੁਰਮਤਿ ਸੰਗੀਤ ਦੀ ਪਰੰਪਰਾ ਨੂੰ ਨਾ ਸਿਰਫ਼ ਜਿਉਂਦਾ ਰੱਖਿਆ, ਸਗੋਂ ਇਸ ਨੂੰ ਨਵੀਂ ਪੀੜ੍ਹੀ ਤੱਕ ਪਹੁੰਚਾਉਣ ਵਿੱਚ ਵੀ ਅਹਿਮ ਯੋਗਦਾਨ ਪਾਇਆ। ਉਨ੍ਹਾਂ ਦੀਆਂ ਸੇਵਾਵਾਂ ਨੂੰ ਸਤਿਕਾਰਦਿਆਂ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਪਹਿਲਾਂ ਭਾਈ ਸਾਹਿਬ ਦਾ ਸਨਮਾਨ ਕੀਤਾ ਹੈ।

ਭਾਈ ਗੁਰਮੀਤ ਸਿੰਘ ਸ਼ਾਂਤ ਗੁਰਮਤਿ ਸੰਗੀਤ ਦੇ ਇੱਕ ਅਜਿਹੇ ਸੋਮੇ ਵਜੋਂ ਜਾਣੇ ਜਾਂਦੇ ਹਨ, ਜਿਨ੍ਹਾਂ ਨੇ ਗੁਰੂ ਸਾਹਿਬਾਨ ਦੇ 31 ਰਾਗਾਂ ਵਿੱਚ ਕੀਰਤਨ ਦੀ ਪਰੰਪਰਾ ਨੂੰ ਜਿਉਂਦਾ ਰੱਖਣ ਦਾ ਬੀੜਾ ਚੁੱਕਿਆ। ਉਨ੍ਹਾਂ ਦੀ ਸੰਗੀਤ ਪ੍ਰਤੀ ਸਮਰਪਣ ਅਤੇ ਗੁਰਮਤਿ ਸੰਗੀਤ ਦੀ ਸੰਭਾਲ ਲਈ ਕੀਤੇ ਗਏ ਯਤਨ ਅੱਜ ਦੀ ਪੀੜ੍ਹੀ ਲਈ ਮਿਸਾਲ ਹਨ। ਉਨ੍ਹਾਂ ਨੇ ਨਾ ਸਿਰਫ਼ 31 ਰਾਗਾਂ ਦੀ ਬਾਰੀਕੀਆਂ ਨੂੰ ਸਮਝਿਆ, ਸਗੋਂ ਇਸ ਨੂੰ ਸੰਗਤਾਂ ਤੱਕ ਪਹੁੰਚਾਉਣ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾਈ। ਉਨ੍ਹਾਂ ਦੀਆਂ ਸੇਵਾਵਾਂ ਨੇ ਗੁਰਮਤਿ ਸੰਗੀਤ ਦੀ ਸਮਰੱਥਾ ਨੂੰ ਵਧਾਇਆ ਅਤੇ ਇਸ ਨੂੰ ਵਿਸ਼ਵ ਪੱਧਰ 'ਤੇ ਪ੍ਰਸਿੱਧੀ ਦਿੱਤੀ।

ਸਮਾਗਮ ਦੌਰਾਨ ਜਥੇਦਾਰ ਪਰਮਿੰਦਰ ਪਾਲ ਸਿੰਘ ਖਾਲਸਾ ਨੇ ਇੱਕ ਅਹਿਮ ਮੁੱਦੇ 'ਤੇ ਵੀ ਚਿੰਤਾ ਜ਼ਾਹਿਰ ਕੀਤੀ। ਉਨ੍ਹਾਂ ਕਿਹਾ, "ਅੱਜਕੱਲ੍ਹ ਬਹੁਤ ਸਾਰੇ ਰਾਗੀ ਫਿਲਮੀ ਸੰਗੀਤ ਦੀਆਂ ਟਿਊਨਾਂ 'ਤੇ ਗੁਰਬਾਣੀ ਦਾ ਕੀਰਤਨ ਕਰਕੇ ਗੁਰੂ ਸ਼ਬਦ ਦਾ ਅਪਮਾਨ ਕਰ ਰਹੇ ਹਨ। ਇਹ ਗੁਰਮਤਿ ਸੰਗੀਤ ਦੀ ਪਰੰਪਰਾ ਦੇ ਵਿਰੁੱਧ ਹੈ।

ਜਥੇਦਾਰ ਅਕਾਲ ਤਖਤ ਸਾਹਿਬ ਨੂੰ ਇਸ ਮੁੱਦੇ 'ਤੇ ਨੋਟਿਸ ਲੈਣਾ ਚਾਹੀਦਾ ਅਤੇ ਅਜਿਹੇ ਰਾਗੀਆਂ 'ਤੇ ਪਾਬੰਦੀ ਲਗਾਉਣੀ ਚਾਹੀਦੀ, ਤਾਂ ਜੋ ਗੁਰਮਤਿ ਸੰਗੀਤ ਦੀ ਪਵਿੱਤਰਤਾ ਬਣੀ ਰਹੇ।"

ਇਸ ਸਨਮਾਨ ਨਾਲ ਭਾਈ ਗੁਰਮੀਤ ਸਿੰਘ ਸ਼ਾਂਤ ਦੀਆਂ ਸੇਵਾਵਾਂ ਨੂੰ ਨਾ ਸਿਰਫ਼ ਮਾਨਤਾ ਮਿਲੀ, ਸਗੋਂ ਗੁਰਮਤਿ ਸੰਗੀਤ ਦੀ ਸੰਭਾਲ ਅਤੇ ਪ੍ਰਚਾਰ ਲਈ ਵੀ ਇੱਕ ਪ੍ਰੇਰਨਾਦਾਇਕ ਕਦਮ ਸਾਬਤ ਹੋਇਆ। ਭਾਈ ਸਾਹਿਬ ਦੀ ਸੰਗੀਤ ਪ੍ਰਤੀ ਸਮਰਪਣ ਅਤੇ ਗੁਰਮਤਿ ਸੰਗੀਤ ਦੀ ਸੰਭਾਲ ਲਈ ਕੀਤੇ ਗਏ ਯਤਨ ਨੌਜਵਾਨ ਪੀੜ੍ਹੀ ਲਈ ਇੱਕ ਪ੍ਰੇਰਨਾ ਸਰੋਤ ਹਨ। ਉਨ੍ਹਾਂ ਦੀਆਂ ਸੇਵਾਵਾਂ ਨੇ ਸਿੱਖ ਸੰਗਤ ਨੂੰ ਗੁਰਬਾਣੀ ਦੇ 31 ਰਾਗਾਂ ਵਿੱਚ ਕੀਰਤਨ ਦੀ ਮਹੱਤਤਾ ਨੂੰ ਸਮਝਣ ਅਤੇ ਇਸ ਨੂੰ ਅਪਣਾਉਣ ਲਈ ਪ੍ਰੇਰਿਤ ਕੀਤਾ ਹੈ।

ਸਿਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਨੇ ਇਸ ਸਮਾਗਮ ਰਾਹੀਂ ਇਹ ਸੁਨੇਹਾ ਦਿੱਤਾ ਕਿ ਗੁਰਮਤਿ ਸੰਗੀਤ ਸਿੱਖ ਧਰਮ ਦੀ ਅਹਿਮ ਪਹਿਚਾਣ ਹੈ ਅਤੇ ਇਸ ਦੀ ਸੰਭਾਲ ਕਰਨਾ ਸਮੁੱਚੀ ਸੰਗਤ ਦੀ ਜ਼ਿੰਮੇਵਾਰੀ ਹੈ। ਸੰਸਥਾ ਦੇ ਇਸ ਉਪਰਾਲੇ ਨੇ ਗੁਰਮਤਿ ਸੰਗੀਤ ਦੇ ਮਾਹਿਰਾਂ ਨੂੰ ਸਤਿਕਾਰਨ ਦੀ ਪਰੰਪਰਾ ਨੂੰ ਹੋਰ ਮਜ਼ਬੂਤ ਕੀਤਾ ਅਤੇ ਨੌਜਵਾਨ ਪੀੜ੍ਹੀ ਨੂੰ ਇਸ ਪਵਿੱਤਰ ਸੰਗੀਤ ਨਾਲ ਜੁੜਨ ਲਈ ਪ੍ਰੇਰਿਤ ਕੀਤਾ ਹੈ। ਇਸ ਮੌਕੇ ਬਾਵਾ ਖਰਬੰਦਾ, ਮਨਦੀਪ ਸਿੰਘ ਪ੍ਰਿੰਸੀਪਲ, ਜੀਰੋ ਫੀਸ ਖਾਲਸਾ ਸਕੂਲ, ਪ੍ਰੇਮ ਸਿੰਘ ਮਿਸ਼ਨਰੀ ਕਾਲਜ, ਸਿਮਰਜੋਤ ਸਿੰਘ ਸ਼ੈਰੀ, ਕੰਵਲਜੀਤ ਸਿੰਘ ਜਮਸ਼ੇਰ, ਗੁਰਪ੍ਰੀਤ ਸਿੰਘ ਰਾਜੂ ਆਦਿ ਸ਼ਾਮਲ ਸਨ।

# ਯੋ ਯੋ ਹਨੀ ਸਿੰਘ ਦੇ ਗਾਣਿਆਂ 'ਤੇ ਲੱਗੇ ਬੈਨ !

## ✪ ਪੰਜਾਬ ਸਰਕਾਰ ਤੋਂ ਡਾ. ਪੰਡਿਤਰਾਵ ਧਰੇਨਾਵਰ ਨੇ ਉੱਠਾਈ ਮੰਗ ✪ ਜੇਕਰ ਇਹ ਨਾ ਕੀਤਾ ਗਿਆ ਤਾਂ ਉਹ ਮਾਣਹਾਨੀ ਪਟੀਸ਼ਨ ਫਾਈਲ ਕਰਨਗੇ-ਧਰੇਨਾਵਰ

ਮੋਹਾਲੀ-ਪੰਜਾਬ ਦੇ ਸੋਸ਼ਲ ਐਕਟਿਵਿਸਟ ਡਾ. ਪੰਡਿਤਰਾਵ ਧਰੇਨਾਵਰ ਨੇ ਪੰਜਾਬ ਸਰਕਾਰ ਅਤੇ ਸਥਾਨਕ ਪ੍ਰਸ਼ਾਸਨ ਨੂੰ ਅਪੀਲ ਕੀਤੀ ਹੈ ਕਿ ਬਾਲੀਵੁੱਡ ਰੈਪਰ ਯੋ ਯੋ ਹਨੀ ਸਿੰਘ ਨੂੰ ਆਉਣ ਵਾਲੇ ਫ਼ਿਲਮ ਫੇਅਰ ਪੰਜਾਬ ਐਵਾਰਡਜ਼ ਵਿਚ ਅਜਿਹੇ ਗੀਤ ਗਾਉਣ ਤੋਂ ਰੋਕਿਆ ਜਾਵੇ, ਜੋ ਅਸ਼ਲੀਲਤਾ, ਸ਼ਰਾਬ, ਨਸ਼ਿਆਂ ਅਤੇ ਹਿੰਸਾ ਨੂੰ ਉਤਸ਼ਾਹਤ ਕਰਦੇ ਹਨ।

ਇਹ ਸਮਾਗਮ 23 ਅਗਸਤ 2025 ਨੂੰ ਮੋਹਾਲੀ ਦੇ ਆਈ.ਐੱਸ. ਬਿੰਦਰਾ ਸਟੇਡੀਅਮ ਵਿਚ ਹੋਣਾ ਹੈ। ਡਾ. ਧਰੇਨਵਰ ਨੇ ਮੰਗ ਕੀਤੀ ਹੈ ਕਿ ਸਮਾਗਮ ਦੇ ਆਯੋਜਕ 20 ਅਗਸਤ ਤੱਕ ਐਫੀਡੇਵਿਟ ਦੇਣ, ਜਿਸ ਵਿੱਚ ਯਕੀਨ ਦਿਵਾਇਆ ਜਾਵੇ ਕਿ ਕੋਈ ਵੀ ਹਾਨੀਕਾਰਕ ਪ੍ਰਭਾਵ ਵਾਲਾ ਗੀਤ ਨਹੀਂ ਗਾਇਆ ਜਾਵੇਗਾ। ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਇਹ ਨਾ ਕੀਤਾ ਗਿਆ ਤਾਂ ਉਹ ਮਾਣਹਾਨੀ ਪਟੀਸ਼ਨ ਫਾਈਲ ਕਰਨਗੇ। ਉਨ੍ਹਾਂ ਨੇ ਯੋ ਯੋ ਹਨੀ ਸਿੰਘ ਦੇ ਕੁਝ ਪ੍ਰਸਿੱਧ ਗੀਤਾਂ ਜਿਵੇਂ ਕਿ 'ਚਾਰ ਬੋਤਲ ਵੋਡਕਾ', 'ਮਨਾਲੀ ਟ੍ਰਾਂਸ', 'ਬ੍ਰੇਕਅੱਪ ਪਾਰਟੀ', 'ਵਨ ਬੋਤਲ ਡਾਊਨ', 'ਮੈਂ ਸ਼ਰਾਬੀ', 'ਮੈਨਿਆਕ', 'ਮਖਨਾ' ਅਤੇ 'ਮਿਲੀਅਨੇਅਰ' ਦਾ ਜ਼ਿਕਰ ਕਰਦਿਆਂ ਕਿਹਾ ਕਿ ਇਹ ਗੀਤ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਦੀ ਵਡਿਆਈ ਕਰਦੇ ਹਨ, ਔਰਤਾਂ



ਮਹਿਲਾਵਾਂ ਦੀ ਬੇਇਜ਼ਤੀ ਕਰਦੇ ਹਨ ਅਤੇ ਨੌਜਵਾਨਾਂ ਨੂੰ ਗਲਤ ਰਾਹ 'ਤੇ ਲੈ ਕੇ ਜਾਂਦੇ ਹਨ। ਡਾ. ਧਰੇਨਵਰ ਨੇ ਯਾਦ ਦਿਵਾਇਆ ਕਿ ਪਹਿਲਾਂ ਵੀ ਪੰਜਾਬ ਮਹਿਲਾ ਕਮਿਸ਼ਨ ਨੇ ਹਨੀ ਸਿੰਘ ਨੂੰ 'ਮਿਲੀਅਨੇਅਰ' ਗੀਤ 'ਤੇ ਨੋਟਿਸ ਭੇਜਿਆ ਸੀ, ਪਰ ਉਹ ਅਜੇ ਤੱਕ ਕਮਿਸ਼ਨ ਅੱਗੇ ਪੇਸ਼ ਨਹੀਂ ਹੋਏ। ਉਨ੍ਹਾਂ ਕਿਹਾ ਕਿ ਅਜਿਹੇ ਗੀਤਾਂ ਕਾਰਨ ਸਮਾਜ ਵਿੱਚ ਨਸ਼ੇ ਦੀ ਆਦਤ, ਅਪਰਾਧ ਅਤੇ ਬੁਰਾਈਆਂ ਵਧ ਰਹੀਆਂ ਹਨ।

ਸੋਸ਼ਲ ਐਕਟਿਵਿਸਟ ਨੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਇਕ ਪੁਰਾਣੇ ਫ਼ੈਸਲੇ ਦਾ ਹਵਾਲਾ ਵੀ ਦਿੱਤਾ, ਜਿਸ ਵਿੱਚ ਅਦਾਲਤ ਨੇ ਸਵੀਕਾਰਿਆ ਸੀ ਕਿ ਸ਼ਰਾਬ, ਨਸ਼ਿਆਂ ਅਤੇ ਹਿੰਸਾ ਨੂੰ ਪ੍ਰਮੋਟ ਕਰਨ ਵਾਲੇ ਗੀਤ ਨੌਜਵਾਨਾਂ ਦੇ ਮਨ 'ਤੇ ਨਕਾਰਾਤਮਕ ਅਸਰ ਪਾਂਦੇ ਹਨ। ਹਾਈਕੋਰਟ ਨੇ ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਦੇ ਪੁਲਸ ਡਾਇਰੈਕਟਰ ਜਨਰਲਾਂ ਨੂੰ ਅਜਿਹੇ ਗੀਤਾਂ ਨੂੰ ਲਾਈਵ ਪਰਫਾਰਮੈਂਸ ਵਿੱਚ ਰੋਕਣ ਦੇ ਹੁਕਮ ਦਿੱਤੇ ਸਨ। ਡਾ. ਧਰੇਨਵਰ ਨੇ ਮੰਗ ਕੀਤੀ ਹੈ ਕਿ ਜ਼ਿਲ੍ਹਾ ਪ੍ਰਸ਼ਾਸਨ ਆਯੋਜਕਾਂ ਤੋਂ ਲਿਖਤੀ ਐਫਿਡੇਵਿਟ ਲਵੇ, ਜਿਸ ਵਿੱਚ ਇਹ ਗਰੰਟੀ ਦਿੱਤੀ ਜਾਵੇ ਕਿ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ, ਹਿੰਸਾ ਜਾਂ ਅਸ਼ਲੀਲਤਾ ਨੂੰ ਉਤਸ਼ਾਹਿਤ ਕਰਨ ਵਾਲਾ ਕੋਈ ਵੀ ਗੀਤ ਪੇਸ਼ ਨਹੀਂ ਕੀਤਾ ਜਾਵੇਗਾ।

# ਅਸ਼ਲੀਲ ਵੀਡੀਓ ਵਾਇਰਲ ਕਰਨ ਦੀਆਂ ਧਮਕੀਆਂ ਤੋਂ ਪਰੇਸ਼ਾਨ ਨੌਜਵਾਨ ਨੇ ਕੀਤੀ ਆਤਮਹੱਤਿਆ

## ✪ ਚਾਰ ਮਹੀਨਿਆਂ ਬਾਅਦ ਔਰਤ ਖ਼ਿਲਾਫ਼ ਮਾਮਲਾ ਦਰਜ

ਗਿੱਦੜਬਾਹਾ-ਅਸ਼ਲੀਲ ਵੀਡੀਓ ਵਾਇਰਲ ਕਰਨ ਦੀ ਧਮਕੀ ਅਤੇ ਬਲੈਕਮੇਲ ਕੀਤੇ ਜਾਣ ਤੋਂ ਬਾਅਦ ਇੱਕ ਵਿਅਕਤੀ ਵੱਲੋਂ ਆਪਣੇ ਆਪ ਨੂੰ ਗੋਲ਼ੀ ਮਾਰ ਕੇ ਖੁਦਕੁਸ਼ੀ ਕਰਨ ਦੇ ਮਾਮਲੇ ਵਿੱਚ, ਕੋਟਭਾਈ ਥਾਣਾ ਪੁਲਿਸ ਨੇ ਚਾਰ ਮਹੀਨਿਆਂ ਦੀ ਜਾਂਚ ਤੋਂ ਬਾਅਦ ਦੋਸ਼ੀ ਔਰਤ ਸਮੇਤ ਦੋ ਲੋਕਾਂ ਵਿਰੁੱਧ ਮਾਮਲਾ ਦਰਜ ਕੀਤਾ ਹੈ। ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿੱਚ ਅਜਮੇਰ ਸਿੰਘ ਵਾਸੀ ਕੋਟਭਾਈ ਨੇ ਦੱਸਿਆ ਕਿ ਵਿਰਕ ਕਲਾਂ ਦੇ ਰਹਿਣ ਵਾਲੇ ਜਗਜੀਤ ਸਿੰਘ ਦੀ ਪਤਨੀ ਕਰਮਜੀਤ ਕੌਰ ਅਤੇ ਜ਼ਿਲ੍ਹਾ ਬਠਿੰਡਾ ਦੇ ਰਹਿਣ ਵਾਲੇ ਕੋਟ ਗੁਰੂ ਦੇ ਰਹਿਣ ਵਾਲੇ ਹਰਭਗਵਾਨ ਸਿੰਘ ਨੇ ਉਸਦੇ ਭਰਾ ਗੁਰਮੇਲ ਸਿੰਘ ਦੀਆਂ ਅਸ਼ਲੀਲ ਵੀਡੀਓ ਬਣਾਈਆਂ ਅਤੇ ਉਨ੍ਹਾਂ ਨੂੰ ਵਾਇਰਲ ਕਰਨ ਦੀ ਧਮਕੀ ਦਿੱਤੀ। ਉਪਰੋਕਤ ਦੋਵੇਂ ਉਸਨੂੰ ਲਗਾਤਾਰ ਬਲੈਕਮੇਲ ਕਰ ਰਹੇ ਸਨ ਅਤੇ ਇਸ ਤੋਂ ਦੁਖੀ ਹੋ ਕੇ, ਉਸਦੇ ਭਰਾ ਨੇ ਅਪ੍ਰੈਲ ਮਹੀਨੇ ਵਿੱਚ ਖੁਦਕੁਸ਼ੀ ਕਰ ਲਈ। ਉਸਦਾ ਭਰਾ ਵਿਆਹਿਆ ਹੋਇਆ ਸੀ ਇਨ੍ਹਾਂ ਦੋਵਾਂ ਤੋਂ ਪਰੇਸ਼ਾਨ ਹੋ ਕੇ, ਭਰਾ ਨੇ ਆਪਣੀ ਜਾਨ ਲੈ ਲਈ। ਥਾਣਾ ਇੰਚਾਰਜ ਜਸਵੀਰ ਸਿੰਘ ਨੇ ਦੱਸਿਆ ਕਿ ਇਸ ਮਾਮਲੇ ਵਿੱਚ ਔਰਤ ਅਤੇ ਉਸਦੇ ਸਾਥੀ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ। ਉਨ੍ਹਾਂ ਨੂੰ ਜਲਦੀ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ

# ਚਿੱਟੀਸਿੰਘਪੁਰਾ ਕਤਲੇਆਮ: ਸ਼ਹੀਦ ਪਰਿਵਾਰ ਅਜੇ ਵੀ ਇਨਸਾਫ਼ ਤੋਂ ਵਾਂਝੇ ਕਿਉਂ - ਜਥੇਦਾਰ ਗੜਗੱਜ

## ✪ ਜਥੇਦਾਰ ਗੜਗੱਜ ਨੇ ਚਿੱਟੀਸਿੰਘਪੁਰਾ ਸ਼ਹੀਦ ਸਮਾਰਕ 'ਤੇ ਦਿਤੀ ਸ਼ਰਧਾਂਜਲੀ ✪ ਕਿਹਾ ਕਿ ਸਿੱਖਾਂ ਦੀ ਇਕਜੁੱਟਤਾ ਹੀ ਸਾਡੀ ਤਾਕਤ

ਅਨੰਤਨਾਗ-ਸ਼੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਜੰਮੂ-ਕਸ਼ਮੀਰ ਦੇ ਅਨੰਤਨਾਗ ਜ਼ਿਲ੍ਹੇ ਦੇ ਪਿੰਡ ਚਿੱਟੀਸਿੰਘਪੁਰਾ ਵਿਚ ਗੁਰਮਤਿ ਸਮਾਗਮ ਵਿਚ ਸ਼ਿਰਕਤ ਕੀਤੀ। ਉਨ੍ਹਾਂ 20 ਮਾਰਚ 2000 ਨੂੰ ਹੋਏ ਦਰਦਨਾਕ ਕਤਲੇਆਮ ਦੀ ਯਾਦ 'ਚ ਬਣੇ ਸ਼ਹੀਦ ਸਮਾਰਕ 'ਤੇ ਸ਼ਰਧਾਂਜਲੀ ਦਿੱਤੀ, ਜਿਸ ਵਿਚ 35 ਸਿੱਖ ਸ਼ਹੀਦ ਹੋਏ ਸਨ।

ਜਥੇਦਾਰ ਨੇ ਸਮਾਰਕ 'ਤੇ ਲੱਗੀਆਂ ਸ਼ਹੀਦਾਂ ਦੀਆਂ ਤਸਵੀਰਾਂ ਵੇਖਕੇ ਅਫ਼ਸੋਸ ਜਤਾਇਆ ਅਤੇ ਕਿਹਾ ਕਿ ਇਹ ਘਟਨਾ ਸਮੁੱਚੇ



ਸਿੱਖ ਭਾਈਚਾਰੇ ਲਈ ਸਦਮੇ ਵਾਲੀ ਸੀ।

ਜਥੇਦਾਰ ਗੜਗੱਜ ਨੇ ਕਿਹਾ ਕਿ 25 ਸਾਲ ਬੀਤ ਜਾਣ ਦੇ ਬਾਵਜੂਦ ਸ਼ਹੀਦ ਪਰਿਵਾਰਾਂ ਨੂੰ ਇਨਸਾਫ਼ ਨਹੀਂ ਮਿਲਿਆ। ਇਸ ਕਤਲੇਆਮ ਦੀ ਸੱਚਾਈ ਅਜੇ ਤੱਕ ਸਾਹਮਣੇ ਨਹੀਂ ਆਈ, ਨਾ ਹੀ ਦੋਸ਼ੀਆਂ ਨੂੰ ਸਜ਼ਾ ਮਿਲੀ। ਉਨ੍ਹਾਂ ਕਿਹਾ ਕਿ ਪਿੰਡ ਦੀਆਂ ਕੰਧਾਂ 'ਤੇ ਅਜੇ ਵੀ ਗੋਲੀਆਂ ਦੇ ਨਿਸ਼ਾਨ ਮੌਜੂਦ ਹਨ, ਜੋ ਸਿੱਖਾਂ ਨੂੰ ਵਾਰ-ਵਾਰ ਨਿਸ਼ਾਨਾ ਬਣਾਏ ਜਾਣ ਦੀ ਗਵਾਹੀ ਦਿੰਦੇ ਹਨ। ਉਨ੍ਹਾਂ ਜਤਾਇਆ ਕਿ ਸਰਕਾਰਾਂ ਸਿੱਖਾਂ ਦੇ ਵਿਸ਼ੇਸ਼ ਅਧਿਕਾਰਾਂ ਨੂੰ ਲਗਾਤਾਰ ਦਬਾ ਰਹੀਆਂ ਹਨ, ਪਰ ਕਸ਼ਮੀਰ ਦੇ ਸਿੱਖਾਂ ਨੇ ਗੁਰੂ ਸਾਹਿਬ ਦੀ ਸੁਰੱਖਿਆ ਹੇਠ ਆਪਣੀ ਧਰਤੀ ਨਹੀਂ ਛੱਡੀ।

ਗੁਰਮਤਿ ਸਮਾਗਮ ਦੌਰਾਨ ਜਥੇਦਾਰ ਨੇ ਸੰਗਤ ਨਾਲ ਗੁਰਬਾਣੀ ਵਿਚਾਰ ਸਾਂਝੇ ਕੀਤੇ ਅਤੇ ਸ਼ਹੀਦ ਪਰਿਵਾਰਾਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਦਾ ਦੁੱਖ ਸਾਂਝਾ ਕੀਤਾ। ਉਨ੍ਹਾਂ ਕਿਹਾ ਕਿ ਚਿੱਟੀਸਿੰਘਪੁਰਾ ਦੀ ਘਟਨਾ ਸਾਨੂੰ ਸਿਖਾਉਂਦੀ ਹੈ ਕਿ ਸਿੱਖ ਭਾਈਚਾਰਾ ਇੱਕਜੁੱਟ ਹੋ ਕੇ ਕਿਸੇ ਵੀ ਚੁਣੌਤੀ ਦਾ ਸਾਹਮਣਾ ਕਰ ਸਕਦਾ ਹੈ। ਜਥੇਦਾਰ ਨੇ ਪਿੰਡ ਦੇ ਸਰਕਾਰੀ ਅਧਿਆਪਕ ਗਿਆਨੀ ਰਾਜਿੰਦਰ ਸਿੰਘ ਅਤੇ ਨੌਜਵਾਨ ਸਭਾ ਦੇ ਸ਼ਹੀਦਾਂ ਦੀ ਯਾਦ ਨੂੰ ਸੰਭਾਲਣ ਦੇ ਯਤਨਾਂ ਦੀ ਸ਼ਲਾਘਾ ਕੀਤੀ।

# ਕੇਂਦਰ ਸਰਕਾਰ ਨੇ ਸ਼੍ਰੋਮਣੀ ਕਮੇਟੀ ਚੋਣ ਦੀ ਸ਼ੁਰੂ ਕੀਤੀ ਪ੍ਰਕਿਰਿਆ

ਨਵੀਂ ਦਿੱਲੀ-ਕੇਂਦਰ ਸਰਕਾਰ ਨੇ ਅੱਜ ਲੋਕ ਸਭਾ ਨੂੰ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸਜੀਪੀਸੀ) ਦੀਆਂ ਚੋਣਾਂ ਸਬੰਧੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ ਹੈ। ਗ੍ਰਹਿ ਰਾਜ ਮੰਤਰੀ ਨਿਤਿਆਨੰਦ ਰਾਏ ਨੇ ਲਿਖਤੀ ਸਵਾਲ ਦੇ ਜਵਾਬ ਵਿੱਚ ਇਹ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਚੋਣ ਸੂਚੀਆਂ ਦੀ ਤਿਆਰੀ ਅਤੇ ਹੋਰ ਸਬੰਧਤ ਮਾਮਲਿਆਂ ਨੂੰ ਚੁਣੌਤੀ ਦੇਣ ਲਈ ਪੰਜਾਬ ਅਤੇ ਹਰਿਆਣਾ ਹਾਈ ਕੋਰਟ 'ਚ ਕਈ ਕੇਸ ਦਾਇਰ ਕੀਤੇ ਗਏ ਹਨ, ਜਿਨ੍ਹਾਂ 'ਤੇ ਅਦਾਲਤ ਨੇ ਰੋਕ ਲਾਉਣ ਦੇ ਹੁਕਮ ਦਿੱਤੇ ਹਨ।

ਉਨ੍ਹਾਂ ਕਿਹਾ, "ਸਰਕਾਰ ਨੇ ਚੋਣ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। ਇਹ ਪ੍ਰਕਿਰਿਆ ਗੁਰਦੁਆਰਾ ਚੋਣਾਂ ਲਈ ਮੁੱਖ ਕਮਿਸ਼ਨਰ ਨਿਯੁਕਤੀ ਲਈ ਨੋਟੀਫਿਕੇਸ਼ਨ ਤੇ ਵੱਖ-ਵੱਖ ਪਟੀਸ਼ਨਰਾਂ ਵੱਲੋਂ




ਦਾਇਰ ਕਈ ਅਦਾਲਤੀ ਕੇਸਾਂ 'ਚ ਸਬੰਧਤ ਮਾਮਲਿਆਂ ਦਾ ਨਿਬੇੜਾ ਹੋਣ ਮਗਰੋਂ ਸ਼ੁਰੂ ਕੀਤੀ ਗਈ ਹੈ।" ਉਨ੍ਹਾਂ ਕਿਹਾ ਕਿ ਸਿੱਖ ਗੁਰਦੁਆਰਾ ਬੋਰਡ ਚੋਣ ਨਿਯਮ, 1959 ਵਿੱਚ ਇਹ ਪ੍ਰਬੰਧ ਹੈ ਕਿ ਮੁੱਖ ਕਮਿਸ਼ਨਰ ਵੱਲੋਂ ਨੋਟੀਫਿਕੇਸ਼ਨ ਰਾਹੀਂ ਐੱਸਜੀਪੀਸੀ ਬੋਰਡ ਦੀਆਂ ਚੋਣਾਂ ਦੇ ਵੱਖ-ਵੱਖ ਪੜਾਵਾਂ ਲਈ ਤਰੀਕ ਜਾਂ ਤਰੀਕਾਂ ਤੈਅ ਕੀਤੀਆਂ ਜਾਣਗੀਆਂ, ਜਿਸ 'ਚ ਵੋਟਾਂ ਪੈਣ ਦੀ ਤਰੀਕ ਵੀ ਸ਼ਾਮਲ ਹੈ।

### -ਮਾਮਲਾ ਪਿੰਡ ਪੰਡੋਰੀ ਵਿਚ ਵਿਧਾਇਕ ਦੀ ਕੋਠੀ 'ਤੇ ਨਾਅਰੇ ਲਿਖਣ ਦਾ-

# ਬਰਨਾਲਾ ਪੁਲਿਸ ਨੇ ਖਾਲਿਸਤਾਨੀ ਨਾਅਰੇ ਲਿਖਣ ਵਾਲੇ ਤਿੰਨ ਨੌਜਵਾਨ ਕੀਤੇ ਕਾਬੂ

ਮਹਿਲ ਕਲਾਂ-ਬਰਨਾਲਾ ਪੁਲਿਸ ਨੇ 15 ਅਗਸਤ ਨੂੰ ਆਜ਼ਾਦੀ ਦਿਹਾੜੇ ਮੌਕੇ ਪਿੰਡ ਪੰਡੋਰੀ 'ਚ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਦੀ ਕੋਠੀ ਅਤੇ ਹੋਰ ਥਾਵਾਂ 'ਤੇ ਖਾਲਿਸਤਾਨੀ ਨਾਅਰੇ ਲਿਖਣ ਵਾਲੇ ਤਿੰਨ ਨੌਜਵਾਨਾਂ ਨੂੰ ਗ੍ਰਿਫਤਾਰ ਕਰ ਲਿਆ। ਪੁਲਿਸ ਨੇ ਗੁਪਤ ਸੂਚਨਾ ਦੇ ਆਧਾਰ 'ਤੇ ਕਾਰਵਾਈ ਕਰਦਿਆਂ ਗੁਰਮੀਤ ਸਿੰਘ, ਗੁਰਸੇਵਕ ਸਿੰਘ ਮਨੀ ਅਤੇ ਕਿਰਪਾ ਸਿੰਘ, ਸਾਰੇ ਵਾਸੀ ਮਹਿਲ ਖੁਰਦ, ਨੂੰ ਕਾਬੂ ਕੀਤਾ। ਇਨ੍ਹਾਂ ਕੋਲੋਂ ਇੱਕ ਮੋਟਰਸਾਈਕਲ, ਪੰਜ ਮੋਬਾਈਲ, ਤਿੰਨ ਸਪਰੇਅ ਕੈਨ ਅਤੇ ਨਿਹੰਗਾਂ ਦੇ ਬਾਣੇ ਵੀ ਜ਼ਬਤ ਕੀਤੇ ਗਏ।

ਏਐਸਆਈ ਗੁਰਸਿਮਰਨਜੀਤ ਸਿੰਘ ਨੇ ਦੱਸਿਆ ਕਿ 14 ਅਗਸਤ ਦੀ ਰਾਤ ਨੂੰ ਅਣਪਛਾਤੇ ਵਿਅਕਤੀਆਂ ਨੇ ਵਿਧਾਇਕ ਦੀ ਕੋਠੀ ਸਮੇਤ ਪਿੰਡ ਦੀਆਂ ਕਈ ਥਾਵਾਂ 'ਤੇ ਨਾਅਰੇ ਲਿਖੇ ਸਨ। ਵਿਧਾਇਕ ਦੇ ਗੰਨਮੈਨ ਹਰਦੀਪ ਸਿੰਘ ਦੇ ਬਿਆਨਾਂ ਦੇ ਆਧਾਰ 'ਤੇ ਥਾਣਾ ਮਹਿਲ ਕਲਾਂ 'ਚ ਮਾਮਲਾ ਦਰਜ ਹੋਇਆ। ਪੁਲਿਸ ਨੇ ਜਾਂਚ ਦੌਰਾਨ ਸਥਾਨਕ ਨੌਜਵਾਨਾਂ ਨੂੰ ਗ੍ਰਿਫਤਾਰ ਕਰਕੇ ਅਦਾਲਤ 'ਚ ਪੇਸ਼ ਕਰਨ ਦੀ ਤਿਆਰੀ ਕੀਤੀ। ਇਹ ਕਾਰਵਾਈ ਐਸਐਸਪੀ ਮੁਹੰਮਦ ਸਰਫਰਾਜ਼ ਆਲਮ ਦੇ ਨਿਰਦੇਸ਼ਾਂ, ਡੀਐਸਪੀ



ਜਤਿੰਦਰਪਾਲ ਸਿੰਘ ਦੀ ਰਹਿਨੁਮਾਈ ਅਤੇ ਥਾਣਾ ਮੁਖੀ ਸ਼ੇਰਵਿੰਦਰ ਸਿੰਘ ਦੀ ਅਗਵਾਈ 'ਚ ਹੋਈ।

ਪੁਲਿਸ ਸੂਤਰਾਂ ਮੁਤਾਬਕ, ਜਾਂਚ 'ਚ ਸੰਭਾਵਨਾ ਜਤਾਈ ਜਾ ਰਹੀ ਹੈ ਕਿ ਇਹ ਨੌਜਵਾਨ ਅਮਰੀਕਾ ਅਧਾਰਿਤ ਸੁਰਿੰਦਰ ਸਿੰਘ ਥਿਕਰੀਵਾਲ ਵੱਲੋਂ ਪੈਸਿਆਂ ਦੇ ਲਾਲਚ ਵਿਚ ਇਹ ਕੰਮ ਕਰਨ ਲਈ ਉਕਸਾਏ ਗਏ ਸਨ। ਪੁਲਿਸ ਨੇ ਮਾਮਲੇ ਦੀ ਡੂੰਘਾਈ ਨਾਲ ਜਾਂਚ ਸ਼ੁਰੂ ਕਰ ਦਿੱਤੀ ਹੈ ਤਾਂ ਜੋ ਇਸ ਦੀਆਂ ਜੜ੍ਹਾਂ ਤੱਕ ਪਹੁੰਚਿਆ ਜਾ ਸਕੇ। ਗ੍ਰਿਫਤਾਰ ਨੌਜਵਾਨਾਂ ਨੂੰ ਅਦਾਲਤ ਵਿਚ ਪੇਸ਼ ਕਰਕੇ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ।

# ਮੂਸੇਵਾਲਾ ਨੂੰ ਬ੍ਰਿਟਿਸ਼ ਰੈਪਰ ਸਟੀਫਲਨ ਡੌਨ ਨੇ ਕੀਤਾ ਯਾਦ

ਬ੍ਰਿਟਿਸ਼ ਰੈਪਰ ਸਟੀਫਲਨ ਡੌਨ ਨੇ ਸਵੀਡਨ ਵਿੱਚ ਆਪਣੇ ਲਾਈਵ ਕੰਸਰਟ ਦੌਰਾਨ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਨੂੰ ਯਾਦ ਕੀਤਾ। ਉਨ੍ਹਾਂ ਨੇ ਮੂਸੇਵਾਲਾ ਨਾਲ ਆਪਣੇ ਰਿਸ਼ਤੇ ਦੀ ਕਹਾਣੀ ਸੁਣਾਈ ਤੇ ਉਨ੍ਹਾਂ ਦੇ ਮਸ਼ਹੂਰ ਗੀਤ 'ਡਿਲੇਮਾ' ਦੀਆਂ ਲਾਈਨਾਂ ਗਾਈਆਂ। ਕੰਸਰਟ



ਵਿੱਚ ਮੌਜੂਦ ਲੋਕਾਂ ਨੇ ਖੜ੍ਹੇ ਹੋ ਕੇ ਮੂਸੇਵਾਲਾ ਨੂੰ ਸ਼ਰਧਾਂਜਲੀ ਦਿੱਤੀ। ਸਟੀਫਲਨ ਨੇ ਦੱਸਿਆ ਕਿ ਮੂਸੇਵਾਲਾ ਨੇ ਉਨ੍ਹਾਂ ਨੂੰ ਗੀਤ ਦੀ ਵੀਡੀਓ ਲਈ ਭਾਰਤ ਬੁਲਾਇਆ ਸੀ, ਪਰ ਜਦੋਂ ਉਹ ਆਈ ਤਾਂ ਮੂਸੇਵਾਲਾ ਇਸ ਦੁਨੀਆਂ ਵਿੱਚ ਨਹੀਂ ਰਹੇ ਸਨ। ਉਨ੍ਹਾਂ ਦੱਸਿਆ ਕਿ ਗੀਤ ਦੀ ਵੀਡੀਓ ਵਿੱਚ ਮੂਸੇਵਾਲਾ ਨੂੰ ਏ ਆਈ ਤਕਨੀਕ ਨਾਲ ਸ਼ਾਮਲ ਕੀਤਾ ਗਿਆ ਹੈ।

# ਅਮਰੀਕਾ ਤੋਂ ਬਾਅਦ ਹੁਣ ਪੁਰਤਗਾਲ ਵਿੱਚ ਭਾਰਤੀਆਂ 'ਤੇ ਦੇਸ਼-ਨਿਕਾਲੇ ਦੀ ਤਲਵਾਰ ਲਟਕੀ

ਦਿੱਲੀ-ਅਮਰੀਕਾ ਵਿੱਚ ਪ੍ਰਵਾਸੀਆਂ ਖ਼ਿਲਾਫ਼ ਸਖ਼ਤ ਨੀਤੀਆਂ ਅਪਣਾਉਣ ਤੋਂ ਬਾਅਦ ਹੁਣ ਪੁਰਤਗਾਲ ਵਿੱਚ ਵੀ ਇਸੇ ਤਰ੍ਹਾਂ ਦਾ ਰੁਝਾਨ ਦੇਖਣ ਨੂੰ ਮਿਲ ਰਿਹਾ ਹੈ। ਪੁਰਤਗਾਲ ਦੀ ਨਵੀਂ ਸਰਕਾਰ ਨੇ 4 ਲੱਖ ਵਿਦੇਸ਼ੀਆਂ ਨੂੰ ਦੇਸ਼ ਵਿੱਚੋਂ ਕੱਢਣ ਦਾ ਫ਼ੈਸਲਾ ਕੀਤਾ ਹੈ, ਜਿਨ੍ਹਾਂ ਵਿੱਚੋਂ 13,380 ਦੇ ਕਰੀਬ ਭਾਰਤੀ ਹਨ। ਇਨ੍ਹਾਂ ਭਾਰਤੀਆਂ ਵਿੱਚ ਕਈ ਅਜਿਹੇ ਹਨ ਜੋ ਕਈ ਸਾਲਾਂ ਤੋਂ ਪੁਰਤਗਾਲ ਵਿੱਚ ਕਾਨੂੰਨੀ ਤੌਰ 'ਤੇ ਰਹਿ ਰਹੇ ਹਨ ਅਤੇ ਟੈਕਸ ਵੀ ਦੇ ਰਹੇ ਹਨ। ਇਨ੍ਹਾਂ ਵਿੱਚੋਂ ਕੁਝ ਲੋਕਾਂ ਨੂੰ ਤਾਂ ਪੁਰਤਗਾਲੀ ਪੁਲਿਸ ਨੇ ਫੜ ਕੇ ਜੇਲ੍ਹਾਂ ਵਿੱਚ ਵੀ ਬੰਦ ਕਰ ਦਿੱਤਾ ਹੈ। ਪੀੜਤ ਭਾਰਤੀਆਂ ਨੇ ਭਾਰਤ ਸਰਕਾਰ ਤੋਂ ਮਦਦ ਦੀ ਅਪੀਲ ਕੀਤੀ ਹੈ। ਉਨ੍ਹਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੂੰ ਈਮੇਲ ਭੇਜ ਕੇ ਇਸ ਮਾਮਲੇ ਨੂੰ ਪੁਰਤਗਾਲ ਸਰਕਾਰ ਕੋਲ ਚੁੱਕਣ ਦੀ ਅਪੀਲ ਕੀਤੀ ਹੈ। ਇਸ ਮੁੱਦੇ 'ਤੇ ਐੱਨਆਰਆਈ ਸਭਾ ਪੰਜਾਬ ਦੀ ਪ੍ਰਧਾਨ ਪਰਵਿੰਦਰ ਕੌਰ ਬੰਗਾ ਨੇ ਕਿਹਾ ਕਿ ਉਹ ਇਸ ਮਾਮਲੇ ਨੂੰ ਐੱਨਆਰਆਈ ਵਿਭਾਗ ਦੇ ਮੰਤਰੀ ਨਾਲ ਮਿਲ ਕੇ ਕੇਂਦਰ ਸਰਕਾਰ ਕੋਲ ਚੁੱਕਣਗੇ।

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਨਿਊਕਾਸਲ ਵਿਖੇ ਸ਼ਹੀਦੀ ਸਮਾਗਮ ਕਰਵਾਇਆ ਗਿਆ



ਸਃ ਭਗਵਾਨ ਸਿੰਘ ਜੌਹਲ ਦਾ ਸਨਮਾਨ ਕਰਦੇ ਹੋਏ ਪ੍ਰਬੰਧਕ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਨਿਊਕਾਸਲ ਵਿਖੇ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਸਮਾਗਮ ਕਰਵਾਏ ਗਏ। ਚਾਰ ਦਿਨ ਚੱਲੇ ਇਹਨਾਂ ਸਮਾਗਮਾਂ ਵਿਚ ਦੇਸ਼ ਵਿਦੇਸ਼ ਤੋਂ ਪਹੁੰਚੇ ਰਾਗੀ, ਢਾਡੀ ਅਤੇ ਸਿੱਖ ਪ੍ਰਚਾਰਕਾਂ ਨੇ ਗੁਰਬਾਣੀ ਕੀਰਤਨ ਦੇ ਨਾਲ ਨਾਲ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਜੀਵਨ ਬਾਰੇ ਵਿਚਾਰਾਂ ਸਾਂਝੀਆਂ ਕੀਤੀਆਂ। ਇਸ ਤੋਂ ਇਲਾਵਾ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੋਂ ਪਹੁੰਚੇ ਪੰਜ ਪਿਆਰਿਆਂ ਨੇ ਅੰਮ੍ਰਿਤ ਸੰਚਾਰ ਕਰਵਾਇਆ।

ਇਹਨਾਂ ਸਮਾਗਮਾਂ ਵਿੱਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਬਲਜੀਤ ਸਿੰਘ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੈੱਡ ਗ੍ਰੰਥੀ ਸਿੰਘ ਗਿਆਨੀ ਗਿਆਨੀ ਮਲਕੀਤ ਸਿੰਘ, ਗੁਰਦੁਆਰਾ ਮੋਤੀ ਬਾਗ ਪਟਿਆਲਾ ਦੇ ਹੈੱਡ ਗ੍ਰੰਥੀ ਗਿਆਨੀ ਫੂਲਾ ਸਿੰਘ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਲਖਵਿੰਦਰ ਸਿੰਘ, ਭਾਈ ਅਮਨਦੀਪ ਸਿੰਘ, ਭਾਈ ਗੁਰਪ੍ਰੀਤ ਸਿੰਘ, ਭਾਈ ਸਰਬਜੀਤ ਸਿੰਘ ਯੂ ਐਸ ਏ, ਭਾਈ ਨਿਰੰਜਣ ਸਿੰਘ ਜਵੱਦੀ ਵਾਲੇ, ਭਾਈ ਅਨੰਤਵੀਰ ਸਿੰਘ, ਭਾਈ ਹਰਜੀਤ ਸਿੰਘ, ਭਾਈ ਕੰਵਲਜੀਤ ਸਿੰਘ, ਭਾਈ ਗੁਰਜੰਟ ਸਿੰਘ ਪਟਿਆਲਾ, ਢਾਡੀ ਗੁਰਪ੍ਰੀਤ ਸਿੰਘ ਲਾਂਡਰਾ ਤੋਂ ਇਲਾਵਾ ਪੰਥਕ ਚਿੰਤਕ ਸਃ ਭਗਵਾਨ ਸਿੰਘ ਜੌਹਲ ਨੇ ਹਾਜ਼ਰੀ ਭਰੀ। ਸਮਾਗਮ ਦਾ ਆਯੋਜਨ ਭਾਈ ਗੁਰਪ੍ਰੀਤ ਸਿੰਘ ਮੁੱਖ ਸੇਵਾਦਾਰ ਕੈਂਟ ਕੀਰਤਨ ਸੁਸਾਇਟੀ, ਭਾਈ ਜਸਵਿੰਦਰ ਸਿੰਘ, ਸਿੰਘ ਸਭਾ ਦੇ ਮੁੱਖ ਸੇਵਾਦਾਰ ਭਾਈ ਜਗਤਾਰ ਸਿੰਘ ਲੱਧੜ, ਭਾਈ ਜਰਨੈਲ ਸਿੰਘ, ਭਾਈ ਤਰਸੇਮ ਸਿੰਘ ਮੁੱਖ ਸੇਵਾਦਾਰ ਸਿੱਖ ਕੌਂਸਲ ਯੂ ਕੇ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਕੀਤਾ ਗਿਆ।

ਇਸ ਮੌਕੇ ਅਫ਼ਗਾਨਿਸਤਾਨ ਦੀਆਂ ਸਿੱਖ ਸੰਗਤਾਂ ਨੇ ਵੱਡੀ ਗਿਣਤੀ ਵਿੱਚ ਹਾਜ਼ਰੀ ਭਰੀ। ਸਟੇਜ ਦਾ ਸੰਚਾਲਨ ਸਃ ਭਗਵਾਨ ਸਿੰਘ ਜੌਹਲ ਨੇ ਗੁਰੂ ਸਾਹਿਬ ਦੀ ਸ਼ਹਾਦਤ, ਜੀਵਨ ਤੇ ਫ਼ਲਸਫ਼ੇ ਸਬੰਧੀ ਵਿਚਾਰ ਸਾਂਝੇ ਕਰਦਿਆਂ ਬਾਖ਼ੂਬੀ ਨਿਭਾਈ।

## ਬਾਬਾ ਬੀਰ ਸਿੰਘ ਨੌਰੰਗਾਬਾਦ ਵਾਲਿਆਂ ਦੀ ਯਾਦ ‘ਚ ਸਮਾਗਮ




ਭਾਈ ਮਨਿੰਦਰ ਸਿੰਘ ਅਤੇ ਸਾਥੀ ਸ਼ਬਦ ਕੀਰਤਨ ਗਾਇਨ ਕਰਦੇ ਹੋਏ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਾਬਾ ਬੀਰ ਸਿੰਘ ਨੌਰੰਗਾਬਾਦ ਵਾਲਿਆਂ ਦੀ ਯਾਦ ‘ਚ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਗੁਰੂ ਨਾਨਕ ਰੋਡ ਵਿਖੇ ਯੂ ਕੇ ਦੇ ਨੌਜਵਾਨਾਂ ਵਲੋਂ ਤਿੰਨ ਦਿਨਾ ਗੁਰਮਤਿ ਸਮਾਗਮ ਕਰਵਾਇਆ ਗਿਆ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਸਜਾਏ ਗਏ ਦੀਵਾਨਾਂ ਵਿੱਚ ਗੁਰਬਾਣੀ ਕੀਰਤਨ ਦਾ ਪ੍ਰਵਾਹ ਚੱਲਿਆ ਭਾਈ ਮਨਿੰਦਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਵਾਲਿਆਂ, ਭਾਈ ਗੁਰਦੇਵ ਸਿੰਘ ਦੇ ਰਾਗੀ ਜਥਿਆਂ ਨੇ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਭਾਈ ਯੋਧਾ ਸਿੰਘ ਨੇ ਕਥਾ ਅਤੇ ਭਾਈ ਬਲਦੇਵ ਸਿੰਘ ਨੇ ਬਾਬਾ ਬੀਰ ਸਿੰਘ ਦੇ ਜੀਵਨ ਬਾਰੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਲਾਹੌਰ ਤੇ ਕਬਜ਼ਾ ਕਰਨ ਤੋਂ ਬਾਅਦ ਡੋਗਰਿਆਂ ਤੋਂ ਮਹਾਰਾਜਾ ਰਣਜੀਤ ਸਿੰਘ ਦੇ ਪੁੱਤਰਾਂ ਕੰਵਰ ਕਸ਼ਮੀਰਾ ਸਿੰਘ, ਕੰਵਰ ਪਸ਼ੌਰਾ ਸਿੰਘ, ਅਮਰ ਸਿੰਘ ਸੰਧਾਵਾਲੀਆ ਅਤੇ ਜਵਾਹਰ ਸਿੰਘ ਨਲੂਆ ਨੂੰ ਬਚਾਉਣ ਲਈ ਸ਼ਹਾਦਤ ਦਿੱਤੀ ਅਤੇ ਆਪਣਿਆਂ ਨਾਲ ਨਾ ਲੜ੍ਹਨ ਨੂੰ ਤਰਜੀਹ ਦਿੱਤੀ। ਢਾਡੀ ਗੁਰਪ੍ਰਤਾਪ ਸਿੰਘ ਪਦਮ ਦੇ ਜੱਥੇ ਨੇ ਬਾਬਾ ਬੀਰ ਸਿੰਘ, ਮਹਾਰਾਣੀ ਜਿੰਦਾਂ ਦਾ ਇਤਿਹਾਸ ਗਾਇਨ ਕੀਤਾ। ਤਿੰਨ ਚੱਲੇ ਇਹਨਾਂ ਸਮਾਗਮਾਂ ਦੌਰਾਨ ਵੱਡੀ ਗਿਣਤੀ ਵਿੱਚ ਸੰਗਤਾਂ ਨਤਮਸਤਕ ਹੋਣ ਲਈ ਪਹੁੰਚੀਆਂ।

## ਵਿਦਿਆਰਥੀ ਵੀਜ਼ੇ ਤੇ ਲੰਡਨ ਆਈ ਪੰਜਾਬਣ ਦੇ ਸੁਪਨਿਆਂ ਨੂੰ ਪੇਸ਼ ਕਰਦਾ 'ਲੰਡਨ ਦੀ ਜੁਗਨੀ' ਗੀਤ ਜਾਰੀ




'ਲੰਡਨ ਦੀ ਜੁਗਨੀ' ਗੀਤ ਜਾਰੀ ਕਰਨ ਮੌਕੇ ਈਲਿੰਗ ਦੀ ਡਿਪਟੀ ਮੇਅਰ ਕੌਂਸਲਰ ਫਦੂਮਾ ਮੁਹੰਮਦ ਅਤੇ ਹੋਰ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬੀ ਡੀ ਸੀ ਪੰਜਾਬੀ ਨੇ ਹਾਲ ਹੀ ਵਿੱਚ ਆਪਣਾ ਪਲੇਠਾ ਗੀਤ 'ਲੰਡਨ ਦੀ ਜੁਗਨੀ' ਜਾਰੀ ਕੀਤਾ ਗਿਆ। ਇਹ ਗੀਤ ਪ੍ਰਵਾਸੀਆਂ, ਖਾਸ ਕਰਕੇ ਵਿਦੇਸ਼ਾਂ ਵਿੱਚ ਪੜ੍ਹਨ ਵਾਲੀਆਂ ਪੰਜਾਬੀ ਕੁੜੀਆਂ ਦੇ ਦਰਦ ਅਤੇ ਸੰਘਰਸ਼ਾਂ ਦੀ ਭਾਵੁਕ ਪੇਸ਼ਕਾਰੀ ਹੈ।

ਇਸ ਗੀਤ ਨੂੰ ਬਿੱਟੂ ਖੰਗੂੜਾ ਨੇ ਲਿਖਿਆ ਅਤੇ ਪੇਸ਼ ਕੀਤਾ ਹੈ। ਇਸ ਦੇ ਸਿੱਧੇ-ਸਾਦੇ ਬੋਲ ਪੰਜਾਬੀ ਸੱਭਿਆਚਾਰ ਦੀ ਖੂਬਸੂਰਤੀ ਨੂੰ ਬਿਆਨ ਕਰਦੇ ਹਨ। ਬਿੱਟੂ ਖੰਗੂੜਾ ਨੇ ਕਿਹਾ ਕਿ 'ਲੰਡਨ ਦੀ ਜੁਗਨੀ' ਇੱਕ ਅਜਿਹੀ ਪੰਜਾਬੀ ਕੁੜੀ ਦੀ ਕਹਾਣੀ ਹੈ ਜੋ ਵਿਦਿਆਰਥੀ ਵੀਜ਼ੇ 'ਤੇ ਯੂ ਕੇ ਵਿੱਚ ਆਪਣੇ ਸੁਪਨਿਆਂ ਨੂੰ ਸੱਚ ਕਰਨ ਲਈ ਰੋਜ਼ਾਨਾ ਦੀਆਂ ਮੁਸ਼ਕਲਾਂ, ਘਰ ਤੋਂ ਦੂਰ ਰਹਿਣ ਦਾ ਦਰਦ, ਮਾਨਸਿਕ ਤਣਾਅ ਅਤੇ ਭਾਵੁਕ ਹੇਰਵੇ ਦਾ ਸਾਹਮਣਾ ਕਰਦੀ ਹੈ।ਇਸ ਦਿਲ ਨੂੰ ਛੂਹ ਲੈਣ ਵਾਲੇ ਗੀਤ ਨੂੰ ਸੂਫੀ ਹੁਸੈਨ ਸਿਸਟਰਜ਼ ਨੇ ਆਪਣੀ ਮਨਮੋਹਕ ਅਤੇ ਸੁਰੀਲੀ ਆਵਾਜ਼ ਵਿੱਚ ਗਾਇਆ ਹੈ। ਬਾਬਾ ਸਾਈਟਰਸ ਦੁਆਰਾ ਤਿਆਰ ਕੀਤਾ ਗਿਆ ਸੰਗੀਤ ਗੀਤ ਦੇ ਭਾਵਾਂ ਨੂੰ ਹੋਰ ਵੀ ਡੂੰਘਾਈ ਦਿੰਦਾ ਹੈ। ਅਦਾਕਾਰਾ ਜੋਤੀ ਸ਼ਰਮਾ ਨੇ ਵੀਡੀਓ ਵਿੱਚ ਮੁੱਖ ਭੂਮਿਕਾ ਨਿਭਾ ਕੇ ਕਿਰਦਾਰ ਨਾਲ ਪੂਰਾ ਇਨਸਾਫ ਕੀਤਾ ਹੈ। ਇਸ ਗੀਤ ਨੂੰ ਈਲਿੰਗ ਦੀ ਡਿਪਟੀ ਮੇਅਰ ਕੌਂਸਲਰ ਫਦੂਮਾ ਮੁਹੰਮਦ ਨੇ ਜਾਰੀ ਕੀਤਾ।

## ਬੋਧਨਾ ਸ਼ਿਵਾਨੰਦਨ, ਭਾਰਤੀ ਪਿਛੋਕੜ ਵਾਲੀ 10 ਸਾਲ ਦੀ ਕੁੜੀ ਬਣੀ ਮਾਸਟਰ ਖਿਡਾਰਨ



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਲੰਡਨ ਦੇ ਇਲਾਕੇ ਹੈਰੋ ਦੀ ਰਹਿਣ ਵਾਲੀ ਇੱਕ 10 ਸਾਲਾ ਸ਼ਤਰੰਜ ਖਿਡਾਰਨ ਮਹਿਲਾ ਅੰਤਰਰਾਸ਼ਟਰੀ ਮਾਸਟਰ ਖਿਤਾਬ ਹਾਸਲ ਕਰਨ ਵਾਲੀ ਸਭ ਤੋਂ ਛੋਟੀ ਉਮਰ ਦੀ ਵਿਅਕਤੀ ਬਣ ਗਈ ਹੈ। ਹੈਰੋ ਦੀ ਬੋਧਨਾ ਸਿਵਾਨੰਦਨ, ਇਸ ਮਹੀਨੇ ਦੇ ਸ਼ੁਰੂ ਵਿੱਚ 2025 ਬ੍ਰਿਟਿਸ਼ ਸ਼ਤਰੰਜ ਚੈਂਪੀਅਨਸ਼ਿਪ ਵਿੱਚ ਸ਼ਤਰੰਜ ਗ੍ਰੈਂਡਮਾਸਟਰ ਨੂੰ ਹਰਾਉਣ ਵਾਲੀ ਸਭ ਤੋਂ ਛੋਟੀ ਉਮਰ ਦੀ ਮਹਿਲਾ ਖਿਡਾਰਨ ਵੀ ਬਣ ਗਈ।

ਅੰਤਰਰਾਸ਼ਟਰੀ ਸ਼ਤਰੰਜ ਫੈਡਰੇਸ਼ਨ ਨੇ ਕਿਹਾ ਕਿ ਬੋਧਨਾ ਨੇ "ਲਿਵਰਪੂਲ ਵਿੱਚ 2025 ਬ੍ਰਿਟਿਸ਼ ਸ਼ਤਰੰਜ ਚੈਂਪੀਅਨਸ਼ਿਪ ਦੇ ਆਖਰੀ ਦੌਰ ਵਿੱਚ 60 ਸਾਲਾ ਗ੍ਰੈਂਡਮਾਸਟਰ ਪੀਟਰ ਵੇਲਜ਼ ਨੂੰ ਹਰਾ ਕੇ ਜਿੱਤ ਦਰਜ ਕੀਤੀ"।ਬੋਧਨਾ ਦੇ ਪਿਤਾ ਸਿਵਾ ਨੇ ਕਿਹਾ ਕਿ ਉਸਨੂੰ ਕੋਈ ਪਤਾ ਨਹੀਂ ਸੀ ਕਿ ਉਸਦੀ ਧੀ ਨੂੰ ਆਪਣੀ ਪ੍ਰਤਿਭਾ ਕਿੱਥੋਂ ਮਿਲੀ ਕਿਉਂਕਿ ਉਹ ਜਾਂ ਉਸਦੀ ਪਤਨੀ, ਦੋਵੇਂ ਇੰਜੀਨੀਅਰਿੰਗ ਗ੍ਰੈਜੂਏਟ ਹਨ ਅਤੇ ਸ਼ਤਰੰਜ ਬਾਰੇ ਬਹੁਤਾ ਜਾਣਦੇ ਵੀ ਨਹੀਂ ਸਨ।

# ਵੁਲਵਰਹੈਂਪਟਨ ਵਿੱਚ ਦੋ ਸਿੱਖ ਬਜ਼ੁਰਗਾਂ 'ਤੇ ਹਮਲਾ ਕਰਨ ਵਾਲੇ ਤਿੰਨ ਵਿਅਕਤੀ ਗ੍ਰਿਫ਼ਤਾਰ

## ਕਥਿਤ ਨਸਲੀ ਹਮਲੇ ਦੀ ਸਿੱਖ ਫੈਡਰੇਸ਼ਨ ਯੂ ਕੇ ਵੱਲੋਂ ਨਿੰਦਾ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਵੁਲਵਰਹੈਂਪਟਨ ਰੇਲਵੇ ਸਟੇਸ਼ਨ ਦੇ ਬਾਹਰ ਨੌਜਵਾਨ ਗੋਰੇ ਆਦਮੀਆਂ ਦੇ ਇੱਕ ਸਮੂਹ ਦੁਆਰਾ ਦੋ ਸਿੱਖ ਬਜ਼ੁਰਗਾਂ 'ਤੇ ਕੀਤੇ ਕਥਿਤ ਨਸਲੀ ਹਮਲੇ ਦੇ ਸਬੰਧ ਵਿੱਚ ਤਿੰਨ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਪੁਲਿਸ ਮੁਤਾਬਕ ਇਸ ਮਾਮਲੇ ਵਿੱਚ ਗ੍ਰਿਫਤਾਰ ਕੀਤੇ ਵਿਅਕਤੀਆਂ ਦੀ ਉਮਰ 17, 19 ਅਤੇ 25 ਸਾਲ ਹੈ। ਪੁਲਿਸ ਨੇ ਮੌਕੇ ਦੇ ਗਵਾਹਾਂ ਨੂੰ ਜਾਣਕਾਰੀ ਦੇਣ ਦੀ ਅਪੀਲ ਵੀ ਕੀਤੀ ਹੈ। ਤਿੰਨਾਂ ਲੋਕਾਂ ਨੂੰ ਹੀ ਬਾਅਦ ਵਿੱਚ ਜਮਾਨਤ ਤੇ ਰਿਹਾਅ ਕਰ ਦਿੱਤਾ ਗਿਆ ਹੈ ।**

ਸਿੱਖ ਫੈਡਰੇਸ਼ਨ ਯੂ ਕੇ ਨੇ ਹਮਲੇ ਦੀ ਸਖ਼ਤ ਨਿੰਦਾ ਕਰਦਿਆਂ ਕਿਹਾ ਕਿ ਬਜ਼ੁਰਗ ਸੱਜਣ, ਦੋਵੇਂ ਸਥਾਨਕ ਟੈਕਸੀ ਡਰਾਈਵਰ ਸਨ ਜੋ ਇੱਕ ਸਥਾਨਕ ਟੈਕਸੀ ਫਰਮ ਲਈ ਕੰਮ ਕਰਦੇ ਸਮੇਂ ਸਟੇਸ਼ਨ ਦੇ ਬਾਹਰ ਡਿਊਟੀ 'ਤੇ ਸਨ। ਤਿੰਨ ਗੋਰੇ ਸਟੇਸ਼ਨ ਤੋਂ ਬਾਹਰ ਆਏ ਅਤੇ ਇੱਕ ਡਰਾਈਵਰ ਤੋਂ ਨੇੜਲੇ ਸ਼ਹਿਰ ਓਲਡਬਰੀ ਲੈ ਜਾਣ ਦੀ ਮੰਗ ਕੀਤੀ। ਇੱਕ ਡਰਾਈਵਰ ਨੇ ਦੱਸਿਆ ਕਿ ਉਹਨਾਂ ਦਾ ਵਿਵਹਾਰ ਠੀਕ ਨਹੀਂ ਸੀ। ਉਸਨੇ ਸਮਝਾਇਆ ਕਿ ਸਿਸਟਮ ਇਸ ਤਰ੍ਹਾਂ ਕੰਮ ਨਹੀਂ ਕਰਦਾ ਹੈ ਅਤੇ ਉਨ੍ਹਾਂ ਨੂੰ ਟੈਕਸੀ ਰੈਂਕ ਵਿੱਚ ਜਾਣਾ ਪਵੇਗਾ ਅਤੇ ਉੱਥੋਂ ਬੁੱਕ ਕਰਨਾ ਪਵੇਗਾ। ਪਰ ਉਹ ਵਿਅਕਤੀ ਦੁਰਵਿਵਹਾਰ ਕਰਦੇ ਅਪਸ਼ਬਦ ਬੋਲ ਰਹੇ ਸਨ। ਅਤੇ ਨਸਲੀ ਟਿੱਪਣੀਆਂ ਕੀਤੀਆਂ। ਭਾਈ ਅਮਰੀਕ ਸਿੰਘ ਗਿੱਲ ਅਤੇ ਭਾਈ ਦਬਿੰਦਰਜੀਤ ਸਿੰਘ ਨੇ ਕਿਹਾ ਕਿ ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਹਮਲਿਆਂ ਦੇ ਬਹੁਤ ਸਾਰੇ ਗਵਾਹਾਂ ਦੇ ਨਾਲ-ਨਾਲ ਸੀਸੀਟੀਵੀ ਫੁਟੇਜ ਅਤੇ ਹਮਲਾਵਰਾਂ ਨੂੰ ਹਿਰਾਸਤ ਵਿੱਚ ਲੈਣ ਦੇ ਬਾਵਜੂਦ, ਪੁਲਿਸ ਅਧਿਕਾਰੀ ਪੀੜਤਾਂ ਨਾਲ ਗੱਲ ਕਰਨ ਲਈ ਦੇਰ ਨਾਲ ਪਹੁੰਚੇ।


ਭਾਈ ਅਮਰੀਕ ਸਿੰਘ ਗਿੱਲ ਅਤੇ ਭਾਈ ਦਬਿੰਦਰਜੀਤ ਸਿੰਘ

ਉਨ੍ਹਾਂ ਕਿਹਾ ਕਿ "ਲੇਬਰ ਪਾਰਟੀ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਯੂ ਕੇ ਭਰ ਵਿੱਚ ਸਿੱਖ ਵਿਰੋਧੀ ਨਫ਼ਰਤ ਅਪਰਾਧਾਂ ਵਿੱਚ ਚਿੰਤਾਜਨਕ ਵਾਧਾ ਹੋਇਆ ਹੈ। ਸਭ ਤੋਂ ਚਿੰਤਾਜਨਕ ਗੱਲ ਇਹ ਹੈ ਕਿ ਹਾਲ ਹੀ ਦੀਆਂ ਘਟਨਾਵਾਂ ਨੇ ਉਨ੍ਹਾਂ ਲੋਕਾਂ ਨੂੰ ਨਿਸ਼ਾਨਾ ਬਣਾਇਆ ਹੈ ਜੋ ਭਾਈਚਾਰੇ ਵਿੱਚ ਸਭ ਤੋਂ ਕਮਜ਼ੋਰ, ਜਾਂ ਛੋਟੇ ਬੱਚੇ ਜਾਂ ਬਜ਼ੁਰਗ ਹੋਣ। ਇਸ ਤੋਂ ਇਲਾਵਾ, ਇਹ ਅਪਰਾਧ ਅਤੇ ਹਮਲੇ ਜਨਤਕ ਥਾਵਾਂ 'ਤੇ ਅਤੇ ਦਿਨ ਵੇਲੇ ਕੀਤੇ ਜਾ ਰਹੇ ਹਨ,"।

ਸਿੱਖ ਫੈਡਰੇਸ਼ਨ (ਯੂ.ਕੇ.) ਦੇ ਰਾਜਨੀਤਿਕ ਸ਼ਮੂਲੀਅਤ ਦੇ ਮੁੱਖ ਕਾਰਜਕਾਰੀ ਦਬਿੰਦਰਜੀਤ ਸਿੰਘ ਨੇ ਕਿਹਾ ਕਿ ਇਸ ਘਟਨਾ ਨੂੰ ਧਾਰਮਿਕ ਅਤੇ ਨਸਲੀ ਤੌਰ 'ਤੇ ਵਧੇ ਹੋਏ ਨਫ਼ਰਤੀ ਅਪਰਾਧ ਵਜੋਂ ਮੰਨਿਆ ਜਾਣਾ ਚਾਹੀਦਾ ਹੈ। ਬਿਨਾਂ ਕਿਸੇ ਭੜਕਾਹਟ ਦੇ ਦੋ ਬਜ਼ੁਰਗ ਸਿੱਖ ਟੈਕਸੀ ਡਰਾਈਵਰਾਂ 'ਤੇ ਤਿੰਨ ਨੌਜਵਾਨਾਂ ਦੁਆਰਾ ਇੱਕ ਬੇਰਹਿਮ ਨਸਲਵਾਦੀ ਹਮਲਾ ਕੀਤਾ ਹੈ।

ਸਿੱਖ ਆਗੂਆਂ ਨੇ ਯੂ ਕੇ ਸਰਕਾਰ ਨੂੰ ਕਿਹਾ ਕਿ ਸਿੱਖ ਵਿਰੋਧੀ ਨਫ਼ਰਤ ਨੂੰ ਤੁਰੰਤ ਰੋਕਣ ਲਈ ਅਤੇ ਆਲ ਪਾਰਟੀ ਪਾਰਲੀਮੈਂਟਰੀ ਗਰੁੱਪ ਫਾਰ ਸਿੱਖਸ ਦੁਆਰਾ ਲਗਭਗ 5 ਸਾਲ ਪਹਿਲਾਂ ਕੀਤੀਆਂ ਗਈਆਂ ਸਿਫ਼ਾਰਸ਼ਾਂ 'ਤੇ ਕਾਰਵਾਈ ਕਰਨ ਦੀ ਮੰਗ ਕੀਤੀ ਹੈ।

# ਭਾਰਤੀ ਮਿਸ਼ਨ ਲੰਡਨ ਵਿਖੇ 79ਵਾਂ ਆਜ਼ਾਦੀ ਦਿਵਸ ਮਨਾਇਆ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਭਾਰਤੀ ਮਿਸ਼ਨ ਲੰਡਨ ਨੇ ਸ਼ੁੱਕਰਵਾਰ ਨੂੰ ਦੇਸ਼ ਦਾ 79ਵਾਂ ਆਜ਼ਾਦੀ ਦਿਵਸ ਉਤਸ਼ਾਹ ਅਤੇ ਭਾਵਨਾ ਨਾਲ ਮਨਾਇਆ।ਭਾਰਤੀ ਮੂਲ ਦੇ ਸੈਂਕੜੇ ਲੋਕ ਲੰਡਨ ਵਿੱਚ ਭਾਰਤੀ ਹਾਈ ਕਮਿਸ਼ਨ ਵਿਖੇ ਸੰਗੀਤ, ਨਾਚ ਅਤੇ ਦੇਸ਼ ਭਗਤੀ ਦੇ ਰੰਗਾਂ ਨਾਲ ਆਜ਼ਾਦੀ ਦਿਵਸ ਮਨਾਉਣ ਲਈ ਇਕੱਠੇ ਹੋਏ।ਯੂ ਕੇ ਵਿੱਚ ਭਾਰਤੀ ਹਾਈ ਕਮਿਸ਼ਨਰ ਵਿਕਰਮ ਦੋਰਾਏਸਵਾਮੀ ਨੇ ਤਿਰੰਗਾ ਲਹਿਰਾ ਕੇ ਸਮਾਗਮ ਦੀ ਸ਼ੁਰੂਆਤ ਕੀਤੀ ਅਤੇ ਉਸ ਤੋਂ ਬਾਅਦ ਇੰਡੀਆ ਹਾਊਸ ਦੇ ਵਿਹੜੇ ਵਿੱਚ ਰਾਸ਼ਟਰੀ ਗੀਤ ਗੂੰਜਿਆ। ਹਰ ਘਰ ਵਿੱਚ ਤਿਰੰਗਾ ਦੇ ਨਾਅਰਾ ਨੂੰ ਲਗਾਉਂਦਿਆ, ਭਾਈਚਾਰੇ ਦੇ ਲੋਕਾਂ ਨੇ ਤਿਰੰਗੇ ਲਹਿਰਾਏ। ਜਦ ਕਿ ਇੱਕ ਦਿਨ ਪਹਿਲਾਂ ਵੀਰਵਾਰ ਨੂੰ 1947 ਦੀ ਵੰਡ ਨੂੰ ਯਾਦ ਕਰਦਿਆਂ ਯਾਦਗਾਰੀ ਸਮਾਰੋਹ ਆਯੋਜਿਤ ਕੀਤਾ ਗਿਆ ਅਤੇ ਉਨ੍ਹਾਂ ਲੱਖਾਂ ਲੋਕਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਜੋ ਇਸ ਕਹਿਰ ਵਿੱਚ ਜਾਨਾਂ ਗਵਾ ਗਏ ਸਨ। ਭਾਰਤੀ ਹਾਈ ਕਮਿਸ਼ਨ ਵੱਲੋਂ 47 ਦੀ ਵੰਡ ਦੀਆਂ ਤਸਵੀਰਾਂ ਦੀ ਪ੍ਰਦਰਸ਼ਨੀ ਵੀ ਲਗਾਈ।




ਭਾਰਤੀ ਹਾਈ ਕਮਿਸ਼ਨ ਤਿਰੰਗਾ ਲਹਿਰਾਉਂਦੇ ਹੋਏ ਅਤੇ ਵੰਡ ਪ੍ਰਦਰਸ਼ਨੀ


VACANCIES
JSR CONTRACTS LTD.

ਮਾਨਚੈਸਟਰ ਦੀਆਂ ਸਾਈਟਾਂ 'ਤੇ ਕਾਰਪੈਂਟਰ ਦਾ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ

Carpenters required at various sites in Manchester

**Job Descriptions:** In this role as an experienced Carpenter, a diverse set of responsibilities during the job, consist of 37.5 hours of dedicated work per week. You will be responsible for cutting, shaping, and assembling wooden elements for the construction of hoardings and other structures using saws, planes, chisels, and other power or hand tools to cut, shape, and drill according to specifications. Your main duties will include setting up shutters as required, ensuring levels are correctly set, and laying and fixing steel. You will assist with pouring and finishing concrete. You will also be responsible for stripping and cleaning shutters for reuse, as well as cutting and cleaning slabs, maintaining and repairing wood-work and fittings, aligning and fixing prepared wood pieces using screws, nails, glue, and dowels to form frames, and carrying out on-site soft strip demolition.

**Annual pay is - £ 30,960.**
**The required training will be provided.**

**Person must have CSCS, Asbestos Awareness and Manual Handling**
*** Overseas candidates must do UK construction industry standard qualifications on arrival and before joining the job.**

**Contact Mr. Randhawa via email below:**
**Email: jsrcontractslimited@gmail.com**

# ਮਾਂ ਦੇ ਨਾਜਾਇਜ਼ ਸਬੰਧ ਬਣੇ ਪੁੱਤਰ ਦੀ ਮੌਤ ਦਾ ਕਾਰਨ, ਦੋ ਗ੍ਰਿਫ਼ਤਾਰ

## ✪ ਪੁਲਿਸ ਨੇ ਕਤਲ ਕੇਸ ਨੂੰ ਸੁਲਝਾਇਆ ਤੇ ਦੋ ਦੋਸ਼ੀ ਫੜੇ

ਬਠਿੰਡਾ-ਪੁਲਿਸ ਨੇ ਇੱਕ ਅਣਸੁਲਝੇ ਕਤਲ ਕੇਸ ਨੂੰ ਸੁਲਝਾ ਲਿਆ ਹੈ ਅਤੇ ਦੋ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸ ਮਾਮਲੇ ਦਾ ਦੁਖਦਾਈ ਪਹਿਲੂ ਇਹ ਹੈ ਕਿ ਨੌਜਵਾਨ ਨੂੰ ਆਪਣੀ ਮਾਂ ਦੇ ਨਾਜਾਇਜ਼ ਸਬੰਧਾਂ ਕਾਰਨ ਆਪਣੀ ਜਾਨ ਗਵਾਉਣੀ ਪਈ। ਨੌਜਵਾਨ ਦੀ ਮਾਂ ਦੇ ਪ੍ਰੇਮੀ ਨੇ ਆਪਣੇ ਦੋਸਤ ਨਾਲ ਮਿਲ ਕੇ ਇਹ ਅਪਰਾਧ ਕੀਤਾ। ਇਸ ਮਾਮਲੇ ਵਿੱਚ ਕਤਲ ਦਾ ਕਾਰਨ ਸਿਰਫ਼ ਇਹ ਸੀ ਕਿ ਨੌਜਵਾਨ ਨੇ ਆਪਣੀ ਮਾਂ ਦੇ ਉਸਦੇ ਪ੍ਰੇਮੀ ਨਾਲ ਸਬੰਧਾਂ 'ਤੇ ਇਤਰਾਜ਼ ਕੀਤਾ ਸੀ।

ਪੁਲਿਸ ਨੇ ਦੋਸ਼ੀ ਗੁਰਦੀਪ ਸਿੰਘ ਅਤੇ ਉਸਦੇ ਸਾਥੀ ਅਮੀਨ ਸ਼ਰਮਾ ਨੂੰ ਗ੍ਰਿਫ਼ਤਾਰ ਕੀਤਾ ਹੈ। ਸ਼ੁਰੂਆਤੀ ਪੁੱਛਗਿੱਛ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਦੀਪ ਸਿੰਘ ਦੀ ਮਾਂ ਸਰਬਜੀਤ ਕੌਰ ਦਾ ਪਿਛਲੇ 7-8 ਸਾਲਾਂ ਤੋਂ ਗੁਰਦੀਪ ਸਿੰਘ ਨਾਲ ਸਬੰਧ ਸੀ। ਦੀਪ ਸਿੰਘ ਨੇ ਇਸ ਰਿਸ਼ਤੇ 'ਤੇ ਇਤਰਾਜ਼ ਕੀਤਾ ਸੀ ਅਤੇ ਇਸ ਕਾਰਨ ਉਹ ਗੁਰਦੀਪ ਸਿੰਘ ਨਾਲ ਕਈ ਵਾਰ ਬਹਿਸ ਕਰਦਾ ਰਿਹਾ ਸੀ।

ਇਸ ਕਾਰਨ ਗੁਰਦੀਪ ਸਿੰਘ ਨੇ ਦੀਪ ਸਿੰਘ ਨੂੰ ਆਪਣੇ ਰਸਤੇ ਤੋਂ ਹਟਾਉਣ ਦੀ ਯੋਜਨਾ ਬਣਾਈ। ਉਸਨੇ ਆਪਣੇ ਦੋਸਤ ਅਮੀਨ ਸ਼ਰਮਾ ਨਾਲ ਮਿਲ ਕੇ ਦੀਪ ਸਿੰਘ ਨੂੰ ਮੋਟਰਸਾਈਕਲ ਖਰੀਦਣ ਦੇ ਬਹਾਨੇ ਨਹਿਰ 'ਤੇ ਬੁਲਾਇਆ ਅਤੇ ਫਿਰ ਉਸਦਾ ਗਲਾ ਘੁੱਟ ਕੇ ਕਤਲ ਕਰ ਦਿੱਤਾ। ਇਸ ਤੋਂ ਬਾਅਦ, ਆਪਣਾ



ਅਪਰਾਧ ਲੁਕਾਉਣ ਲਈ, ਉਹ ਖੁਦ ਦੀਪ ਸਿੰਘ ਦੀ ਮਾਂ ਨਾਲ ਪੁਲਿਸ ਸਟੇਸ਼ਨ ਗਿਆ ਅਤੇ ਪੁਲਿਸ ਸਟੇਸ਼ਨ ਵਿੱਚ ਗੁਮਸ਼ੁਦਗੀ ਦੀ ਰਿਪੋਰਟ ਦਰਜ ਕਰਵਾਈ।

ਨੌਜਵਾਨ ਦੀ ਲਾਸ਼ ਸਰਹਿੰਦ ਨਹਿਰ ਦੇ ਨੇੜੇ ਖੇਤਾਂ ਵਿੱਚੋਂ ਮਿਲੀਐਸਪੀ (ਡੀ) ਜਸਮੀਤ ਸਿੰਘ ਸਾਹੀਵਾਲ ਨੇ ਦੱਸਿਆ ਕਿ 15 ਅਗਸਤ ਨੂੰ ਪਿੰਡ ਬੀੜ ਬਾਹਮਣ ਵਿੱਚੋਂ ਲੰਘਦੀ ਸਰਹਿੰਦ ਨਹਿਰ ਦੇ ਨੇੜੇ ਖੇਤਾਂ ਵਿੱਚੋਂ ਇੱਕ 17 ਸਾਲਾ ਨੌਜਵਾਨ ਦੀ ਲਾਸ਼ ਮਿਲੀ। ਪਰਿਵਾਰਕ ਮੈਂਬਰਾਂ ਨੇ ਨੌਜਵਾਨ ਦੀ ਪਛਾਣ ਦੀਪ ਸਿੰਘ ਵਜੋਂ ਕੀਤੀ। ਇਹ ਕਤਲ ਪੁਲਿਸ ਲਈ ਇੱਕ ਬੁਝਾਰਤ ਬਣਿਆ ਰਿਹਾ। ਟੀਮਾਂ ਬਣਾਈਆਂ ਗਈਆਂ ਅਤੇ ਇਸ ਕਤਲ ਕੇਸ ਦੀ ਜਾਂਚ ਸ਼ੁਰੂ ਕੀਤੀ ਗਈ। ਜਾਂਚ ਦੌਰਾਨ ਪਤਾ ਲੱਗਾ ਕਿ ਇਸ ਘਟਨਾ ਨੂੰ ਦੀਪ ਸਿੰਘ ਦੀ ਮਾਂ ਦੇ ਪ੍ਰੇਮੀ ਅਤੇ ਪਿੰਡ ਗੁਰੂਸਰ ਸੈਣੇਵਾਲਾ ਜ਼ਿਲ੍ਹਾ ਬਠਿੰਡਾ ਦੇ ਵਸਨੀਕ ਗੁਰਦੀਪ ਸਿੰਘ ਨੇ ਆਪਣੇ ਦੋਸਤ ਅਮੀਨ ਸ਼ਰਮਾ, ਵਾਸੀ ਧੋਬੀਆਣਾ ਬਸਤੀ, ਬਠਿੰਡਾ ਨਾਲ ਮਿਲ ਕੇ ਅੰਜਾਮ ਦਿੱਤਾ। ਪੁਲਿਸ ਨੇ ਦੀਪ ਸਿੰਘ ਦਾ ਮੋਟਰਸਾਈਕਲ ਵੀ ਬਰਾਮਦ ਕਰ ਲਿਆ ਹੈ।

# ਗੈਂਗਵਾਰ ਦੌਰਾਨ ਜੱਗੂ ਭਗਵਾਨਪੁਰੀਆ ਗਿਰੋਹ ਦੇ ਮੈਂਬਰ ਸੁਖਵਿੰਦਰ ਸਿੰਘ ਹਲਾਕ

## ✪ ਪੁਲਿਸ ਨੇ ਨਿਖਿਲ ਨੂੰ ਗੋਲ਼ੀ ਮਾਰ ਕੇ ਕੀਤਾ ਜ਼ਖ਼ਮੀ

ਅੰਮ੍ਰਿਤਸਰ-ਡਿਬਰੂਗੜ੍ਹ ਜੇਲ੍ਹ 'ਚ ਬੰਦ ਖ਼ਤਰਨਾਕ ਗੈਂਗਸਟਰ ਜੱਗੂ ਭਗਵਾਨਪੁਰੀਆ ਗੈਂਗ ਦੇ ਮੈਂਬਰ ਸੁਖਵਿੰਦਰ ਸਿੰਘ ਸੁੱਖ ਦੀ ਬੀਤੇ ਦਿਨੀਂ ਮੌਤ ਹੋ ਗਈ। ਗੈਂਗਵਾਰ ਵਿਚ ਸੁਖਵਿੰਦਰ ਸਿੰਘ ਨੂੰ ਚਾਰ ਗੋਲ਼ੀਆਂ ਲੱਗੀਆਂ ਸਨ।



ਛੇਹਰਟਾ ਥਾਣੇ ਦੇ ਇੰਚਾਰਜ ਇੰਸਪੈਕਟਰ ਵਿਨੋਦ ਸ਼ਰਮਾ ਨੇ ਦੱਸਿਆ ਕਿ ਗ੍ਰਿਫ਼ਤਾਰ ਨਿਖਿਲ ਚਾਹਲ ਉਰਫ਼ ਗਵਾਲਾ ਖ਼ਤਰਨਾਕ ਗੈਂਗਸਟਰ ਡੋਨੀ ਬਲ ਦਾ ਗੁਰਗਾ ਹੈ। ਮੁਲਜ਼ਮ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਪੁਲਿਸ ਅਨੁਸਾਰ ਜੱਗੂ ਦੇ ਗੁਰਗੇ ਸੁਖਵਿੰਦਰ ਸਿੰਘ ਉਰਫ਼ ਸੁੱਖ ਤੇ ਗੈਂਗਸਟਰ ਡੋਨੀ ਬਲ ਦੇ ਸਾਥੀ ਨਿਖਿਲ ਗਵਾਲਾ ਵਿਚਕਾਰ ਕੁਝ ਦਿਨਾਂ ਤੋਂ ਰੰਜਿਸ਼ ਚੱਲ ਰਹੀ ਸੀ। ਨਿਖਿਲ ਨੂੰ ਪਤਾ ਲੱਗ ਗਿਆ ਸੀ ਕਿ ਸੁਖਵਿੰਦਰ ਸਿੰਘ ਆਪਣੇ ਸਾਥੀ ਅੰਮ੍ਰਿਤਪਾਲ ਸਿੰਘ ਨਾਲ ਛੇਹਰਟਾ ਇਲਾਕੇ ਵਿਚ ਘੁੰਮ ਰਿਹਾ ਹੈ। ਇਸ ਤੋਂ ਬਾਅਦ ਨਿਖਿਲ ਆਪਣੇ ਸਾਥੀਆਂ ਨਾਲ ਉੱਥੇ ਪਹੁੰਚ ਗਿਆ।

ਮੌਕਾ ਮਿਲਦੇ ਹੀ ਨਿਖਿਲ ਤੇ ਸੁਖਵਿੰਦਰ ਨੇ ਇਕ-ਦੂਜੇ ਵੱਲ ਪਿਸਤੌਲ ਤਾਣ ਦਿੱਤੇ। ਪਰ ਨਿਖਿਲ ਨੇ ਤੇਜ਼ੀ ਨਾਲ ਗੋਲ਼ੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਚਾਰ ਗੋਲ਼ੀਆਂ ਸੁਖਵਿੰਦਰ ਦੇ ਢਿੱਡ ਵਿਚ ਲੱਗੀਆਂ ਅਤੇ ਉਹ ਜ਼ਮੀਨ 'ਤੇ ਡਿੱਗ ਪਿਆ। ਜਦੋਂ ਅੰਮ੍ਰਿਤਪਾਲ ਸਿੰਘ ਨੇ ਆਪਣੇ ਸਾਥੀ ਸੁਖਵਿੰਦਰ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਤਾਂ ਇਕ ਗੋਲ਼ੀ ਉਸ ਦੇ ਹੱਥ ਵਿਚ ਵੀ ਲੱਗੀ। ਇਸ ਦੌਰਾਨ ਪੁਲਿਸ ਵੀ ਉੱਥੇ ਪਹੁੰਚ ਗਈ। ਜਦੋਂ ਪੁਲਿਸ ਨੇ ਗੋਲ਼ੀਬਾਰੀ ਕਰ ਰਹੇ ਨਿਖਿਲ ਨੂੰ ਕਾਬੂ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਸ ਨੇ ਪੁਲਿਸ 'ਤੇ ਗੋਲ਼ੀ ਚਲਾ ਦਿੱਤੀ। ਜਵਾਬੀ ਗੋਲ਼ੀਬਾਰੀ ਵਿਚ ਪੁਲਿਸ ਪਾਰਟੀ ਨੇ ਪਾਰਕ 'ਚ ਉਸ ਦਾ ਪਿੱਛਾ ਕੀਤਾ ਅਤੇ ਨਿਖਿਲ ਨੂੰ ਗੋਲ਼ੀ ਮਾਰ ਕੇ ਜ਼ਖ਼ਮੀ ਕਰ ਦਿੱਤਾ ਅਤੇ ਉਸ ਨੂੰ ਕਾਬੂ ਕਰ ਲਿਆ। ਜਦਕਿ ਉਸ ਦੇ ਹੋਰ ਸਾਥੀ ਭੱਜ ਗਏ। ਪੁਲਿਸ ਨੇ ਨਿਖਿਲ ਤੇ ਉਸ ਦੇ ਹੋਰ ਸਾਥੀਆਂ ਵਿਰੁੱਧ ਕਤਲ ਤੇ ਕਤਲ ਦੀ ਕੋਸ਼ਿਸ਼ ਦੇ ਦੋਸ਼ਾਂ ਤਹਿਤ ਮਾਮਲਾ ਦਰਜ ਕਰ ਲਿਆ ਹੈ। ਨਿਖਿਲ ਵਿਰੁੱਧ ਲੁਧਿਆਣਾ ਤੇ ਅੰਮ੍ਰਿਤਸਰ 'ਚ ਕਤਲ ਦੀ ਕੋਸ਼ਿਸ਼ ਤੇ ਡਕੈਤੀ ਦੇ ਮਾਮਲੇ ਦਰਜ ਹਨ।

# ਹੋਟਲ ਵਿਚ ਸ਼ੱਕੀ ਹਾਲਾਤ ਵਿਚ ਨਸ਼ੇੜੀ ਦੀ ਮੌਤ, ਪ੍ਰੇਮਿਕਾ ਫਰਾਰ

ਬਠਿੰਡਾ-ਬੀਤੇ ਦਿਨੀਂ ਸ਼ਹਿਰ ਦੇ ਥਾਣਾ ਕੋਤਵਾਲੀ ਖੇਤਰ ਵਿਚ ਸਥਿਤ ਇੱਕ ਨਿੱਜੀ ਹੋਟਲ ਵਿਚ ਇੱਕ ਨੌਜਵਾਨ ਦੀ ਸ਼ੱਕੀ ਹਾਲਾਤ ਵਿਚ ਮੌਤ ਹੋ ਗਈ ਸੀ। ਮ੍ਰਿਤਕ ਦੇ ਪੈਰਾਂ ਹੇਠੋਂ ਖੂਨ ਨਿਕਲ ਰਿਹਾ ਸੀ, ਜਦੋਂ ਕਿ ਉਸ ਦੇ ਨਾਲ ਆਈ ਉਸਦੀ ਮਹਿਲਾ ਦੋਸਤ ਮੌਕੇ ਤੋਂ ਲਾਪਤਾ ਮਿਲੀ। ਪੁਲਸ ਨੇ ਲਾਸ਼ ਨੂੰ ਆਪਣੇ ਕਬਜ਼ੇ ਵਿੱਚ ਲੈ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

ਥਾਣਾ ਕੋਤਵਾਲੀ ਦੇ ਐੱਸ. ਐੱਚ. ਓ. ਪਰਮਿੰਦਰ ਸਿੰਘ ਅਨੁਸਾਰ ਮ੍ਰਿਤਕ ਦੀ ਪਛਾਣ ਰਾਕੇਸ਼ ਕੁਮਾਰ (ਵਾਸੀ ਲਹਿਰਾ ਮੁਹੱਬਤ ਕਲੋਨੀ) ਵਜੋਂ ਹੋਈ ਹੈ। ਰਾਕੇਸ਼ ਟੈਟੂ ਦਾ ਕੰਮ ਕਰਦਾ ਸੀ ਅਤੇ ਉਸਦੇ ਪਰਿਵਾਰਕ ਮੈਂਬਰਾਂ ਅਨੁਸਾਰ ਉਹ ਨਸ਼ੇ ਦਾ ਆਦੀ ਸੀ, ਜਿਸ ਕਾਰਨ ਉਨ੍ਹਾਂ ਨੇ ਉਸਨੂੰ ਕੁੱਝ ਸਮਾਂ ਪਹਿਲਾਂ ਘਰੋਂ ਕੱਢ ਦਿੱਤਾ ਸੀ। ਜਾਣਕਾਰੀ ਅਨੁਸਾਰ ਰਾਕੇਸ਼ ਸੋਮਵਾਰ ਰਾਤ ਨੂੰ ਗੋਲ ਡਿਗੀ ਮਾਰਕੀਟ ਨੇੜੇ ਸਥਿਤ ਹੋਟਲ ਵਿੱਚ ਇੱਕ ਮਹਿਲਾ ਦੋਸਤ ਨਾਲ ਰਹਿ ਰਿਹਾ ਸੀ। ਜਦੋਂ ਮੰਗਲਵਾਰ ਸਵੇਰੇ ਹੋਟਲ ਸਟਾਫ ਸਫ਼ਾਈ ਲਈ ਕਮਰੇ ਵਿੱਚ ਪਹੁੰਚਿਆ ਤਾਂ ਉਨ੍ਹਾਂ ਨੇ ਦੇਖਿਆ ਕਿ ਰਾਕੇਸ਼ ਕੁਰਸੀ 'ਤੇ ਮ੍ਰਿਤਕ ਪਿਆ ਸੀ ਅਤੇ ਉਸਦੀ ਮਹਿਲਾ ਦੋਸਤ ਉੱਥੋਂ ਗਾਇਬ ਸੀ। ਫਰਸ਼ 'ਤੇ ਖੂਨ ਦੇ ਨਿਸ਼ਾਨ ਸਨ, ਖ਼ਾਸ ਕਰਕੇ ਉਸਦੇ ਪੈਰਾਂ ਹੇਠਾਂ। ਹੋਟਲ ਪ੍ਰਬੰਧਨ ਨੇ ਤੁਰੰਤ ਥਾਣਾ ਕੋਤਵਾਲੀ ਪੁਲਸ ਨੂੰ ਸੂਚਿਤ ਕੀਤਾ।

ਐੱਸ. ਐੱਚ. ਓ. ਨੇ ਕਿਹਾ ਕਿ ਪੁਲਸ ਰਾਕੇਸ਼ ਦੀ ਮੌਤ ਦੇ ਕਾਰਨਾਂ ਦੀ ਜਾਂਚ ਕਰ ਰਹੀ ਹੈ। ਨਾਲ ਹੀ ਉਸਦੇ ਨਾਲ ਆਈ ਮਹਿਲਾ ਦੋਸਤ ਦੀ ਪਛਾਣ ਕਰਕੇ ਉਸਨੂੰ ਜਾਂਚ ਵਿੱਚ ਸ਼ਾਮਲ ਕੀਤਾ ਜਾਵੇਗਾ ਪੁਲਸ ਦਾ ਕਹਿਣਾ ਹੈ ਕਿ ਪੋਸਟਮਾਰਟਮ ਰਿਪੋਰਟ ਅਤੇ ਹੋਟਲ ਵਿੱਚ ਲੱਗੇ ਸੀ. ਸੀ. ਟੀ. ਵੀ. ਫੁਟੇਜ ਤੋਂ ਮਾਮਲੇ ਦੀ ਸੱਚਾਈ ਸਪੱਸ਼ਟ ਹੋ ਜਾਵੇਗੀ।

# ਡਰਗ ਸਮਗਲਰ ਜਨਕ ਸਿੰਘ ਦੀ ਨਾਜਾਇਜ਼ ਜਾਇਦਾਦ ਢਹਿ-ਢੇਰੀ

ਅੰਮ੍ਰਿਤਸਰ-ਅੰਮ੍ਰਿਤਸਰ ਦਿਹਾਤੀ ਪੁਲਸ ਨੇ ਨਸ਼ਾ ਤਸਕਰ ਜਨਕ ਸਿੰਘ ਖ਼ਿਲਾਫ਼ ਕਾਰਵਾਈ ਕੀਤੀ ਹੈ। ਐੱਸਐੱਸਪੀ ਦਿਹਾਤੀ ਮਨਿੰਦਰ ਸਿੰਘ ਨੇ ਦੱਸਿਆ ਕਿ ਜਨਕ ਸਿੰਘ ਪਿੰਡ ਰਨਗੜ ਅਟਾਰੀ ਬਾਰਡਰ ਨੇੜੇ ਰਹਿੰਦਾ ਹੈ ਅਤੇ ਇਸ 'ਤੇ ਪਹਿਲਾਂ ਹੀ ਤਿੰਨ ਮਾਮਲੇ ਦਰਜ ਹਨ। ਉਸ ਦੇ ਪਰਿਵਾਰ ਦੇ ਮੈਂਬਰਾਂ 'ਤੇ ਵੀ ਕੇਸ ਦਰਜ



ਹਨ। ਪੁਲਸ ਨੂੰ ਪੀਡੀਪੀ ਵੱਲੋਂ ਸ਼ਿਕਾਇਤ ਮਿਲੀ ਸੀ ਕਿ ਉਹ ਕਾਲੇ ਧਨ ਨਾਲ ਸਰਕਾਰੀ ਜ਼ਮੀਨ 'ਤੇ ਗੈਰਕਾਨੂੰਨੀ ਤਰੀਕੇ ਨਾਲ ਇਮਾਰਤ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਐੱਸਐੱਸਪੀ ਦਿਹਾਤੀ ਮਨਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਤੁਰੰਤ ਕਾਰਵਾਈ ਕਰਦਿਆਂ ਨਜਾਇਜ਼ ਕਬਜ਼ੇ ਹਟਾਏ। ਇਹ ਅੰਮ੍ਰਿਤਸਰ ਦੇ ਨਸ਼ਾ ਤਸਕਰਾਂ ਵਿਰੁੱਧ ਛੇਵੀਂ ਵੱਡੀ ਕਾਰਵਾਈ ਹੈ। ਉਨ੍ਹਾਂ ਕਿਹਾ ਕਿ ਅਜੇ ਤੱਕ ਅੰਮ੍ਰਿਤਸਰ ਦਿਹਾਤੀ ਪੁਲਸ 150 ਕਿਲੋ ਹੈਰੋਇਨ ਫੜ ਚੁੱਕੀ ਹੈ, ਜਦਕਿ ਲਗਭਗ 2 ਕਰੋੜ ਦੀ ਨਕਦੀ ਜ਼ਬਤ ਕੀਤੀ ਗਈ ਹੈ। ਇਸ ਤੋਂ ਇਲਾਵਾ ਨਸ਼ਾ ਤਸਕਰਾਂ ਦੀ ਲਗਭਗ 4 ਕਰੋੜ ਦੀ ਸੰਪਤੀ ਫ੍ਰੀਜ਼ ਕੀਤੀ ਗਈ ਹੈ।

# ਅੰਮ੍ਰਿਤਸਰ ਵਿੱਚ ਨਾਜਾਇਜ਼ ਸਬੰਧਾਂ ਕਾਰਨ ਪਤੀ ਦਾ ਕੀਤਾ ਕਤਲ

ਅੰਮ੍ਰਿਤਸਰ-ਪਿੰਡ ਹੇਤਮਪੁਰਾ ਵਿੱਚ ਇੱਕ ਵਿਅਕਤੀ ਜਸਪਾਲ ਸਿੰਘ ਦਾ ਉਸਦੀ ਪਤਨੀ ਅਤੇ ਪ੍ਰੇਮੀ ਨੇ ਮਿਲ ਕੇ ਕਤਲ ਕਰ ਦਿੱਤਾ। ਪੁਲਿਸ ਅਨੁਸਾਰ, ਪਤਨੀ ਅਮਨਜੀਤ ਕੌਰ ਦੇ ਅਜੈ ਸਿੰਘ ਨਾਲ ਨਾਜਾਇਜ਼ ਸਬੰਧ ਸਨ। ਮੁਲਜ਼ਮਾਂ ਨੇ ਤੇਜ਼ਧਾਰ ਹਥਿਆਰਾਂ ਨਾਲ ਕਤਲ ਕਰਕੇ ਲਾਸ਼ ਨੂੰ ਕੋਹਾਲੀ ਨਹਿਰ ਨੇੜੇ ਝਾੜੀਆਂ ਵਿੱਚ ਸੁੱਟ ਦਿੱਤਾ। ਪੁਲਿਸ ਵੱਲੋਂ ਮੁਲਜ਼ਮਾਂ ਨੂੰ ਫੜਨ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ।

# ਪੰਜਾਬ ਪੁਲਿਸ ਵਿੱਚ ਭਰਤੀ ਦੇ ਨਾਮ 'ਤੇ ਹੋਈ ਠੱਗੀ, ਕੇਸ ਦਰਜ

ਪੰਜਾਬ ਵਿੱਚ ਧੋਖਾਧੜੀ ਦੇ ਦੋ ਮਾਮਲੇ ਸਾਹਮਣੇ ਆਏ ਹਨ। ਪਹਿਲੇ ਮਾਮਲੇ ਵਿੱਚ, ਰਾਮ ਸਿੰਘ ਨਾਮਕ ਨੌਜਵਾਨ ਨਾਲ ਪੰਜਾਬ ਪੁਲਿਸ ਵਿੱਚ ਇੰਸਪੈਕਟਰ ਭਰਤੀ ਕਰਵਾਉਣ ਦੇ ਨਾਂ 'ਤੇ 2 ਲੱਖ ਰੁਪਏ ਦੀ ਠੱਗੀ ਹੋਈ। ਦੂਜੇ ਮਾਮਲੇ ਵਿੱਚ, ਇੱਕ ਪਰਿਵਾਰ ਨੇ ਰਾਜਸਥਾਨ ਵਿੱਚ ਜ਼ਮੀਨ ਅਲਾਟ ਕਰਵਾਉਣ ਦਾ ਝਾਂਸਾ ਦੇ ਕੇ ਇੱਕ ਵਿਅਕਤੀ ਕੋਲੋਂ 16.14 ਲੱਖ ਰੁਪਏ ਠੱਗ ਲਏ। ਪੁਲਿਸ ਨੇ ਦੋਵੇਂ ਮਾਮਲਿਆਂ ਵਿੱਚ ਕੇਸ ਦਰਜ ਕਰ ਲਏ ਹਨ।

# ਜਥੇਦਾਰ ਗੜਗੱਜ ਦੀ ਭਾਰਤ ਸਰਕਾਰ ਨੂੰ ਕਰਤਾਰਪੁਰ ਲਾਂਘਾ ਖੋਲ੍ਹਣ ਦੀ ਅਪੀਲ

ਅੰਮ੍ਰਿਤਸਰ-ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਪੰਜਾਬੀ ਅੱਜ ਵੀ 1947 ਦੀ ਵੰਡ ਦਾ ਦਰਦ ਝੱਲ ਰਹੇ ਹਨ। ਉਨ੍ਹਾਂ ਨੇ ਭਾਰਤ ਸਰਕਾਰ ਨੂੰ ਕਰਤਾਰਪੁਰ ਸਾਹਿਬ ਦਾ ਲਾਂਘਾ ਜਲਦ ਤੋਂ ਜਲਦ ਦੁਬਾਰਾ ਖੋਲ੍ਹਣ ਦੀ ਅਪੀਲ ਕੀਤੀ ਤਾਂ ਜੋ ਸਿੱਖ ਸੰਗਤਾਂ ਵਿਛੜੇ ਗੁਰਧਾਮਾਂ ਦੇ ਦਰਸ਼ਨ ਕਰ ਸਕਣ।

# ਪੰਜਾਬ ਸਰਕਾਰ ਵੱਲੋਂ ਪਦਮ ਪੁਰਸਕਾਰਾਂ ਲਈ 13 ਨਾਮਾਂ ਦੀ ਸਿਫਾਰਸ਼

ਚੰਡੀਗੜ੍ਹ-ਪੰਜਾਬ ਸਰਕਾਰ ਨੇ 26 ਜਨਵਰੀ 2026 ਨੂੰ ਐਲਾਨੇ ਜਾਣ ਵਾਲੇ ਪਦਮ ਪੁਰਸਕਾਰਾਂ ਲਈ 13 ਪੰਜਾਬੀਆਂ ਦੇ ਨਾਮ ਕੇਂਦਰ ਸਰਕਾਰ ਨੂੰ ਭੇਜੇ ਹਨ। ਇਸ ਸੂਚੀ ਵਿੱਚ ਪੰਜਾਬੀ ਗਾਇਕ ਬੱਬੂ ਮਾਨ, ਬਾਲੀਵੁੱਡ ਗਾਇਕ ਸੁਖਵਿੰਦਰ ਸਿੰਘ, ਮਰਹੂਮ ਮੈਰਾਥਨ ਦੌੜਾਕ ਫੌਜਾ ਸਿੰਘਜਤਿੰਦਰ ਪੰਨੂ, ਸਮੇਤ ਸਮਾਜ ਸੇਵਾ, ਖੇਤੀਬਾੜੀ ਅਤੇ ਪੱਤਰਕਾਰੀ ਨਾਲ ਜੁੜੇ ਕਈ ਪ੍ਰਮੁੱਖ ਵਿਅਕਤੀਆਂ ਦੇ ਨਾਮ ਸ਼ਾਮਲ ਹਨ।

ਦਰਪਣ ਝੂਠ ਨਹੀ ਬੋਲਦਾ
ਪੰਜਾਬ ਟਾਈਮਜ਼ ਮੀਡੀਆ

# ਕੈਨੇਡਾ ਵਿੱਚ ਬਿਸ਼ਨੋਈ ਗੈਂਗ ਨੂੰ ਦਹਿਸ਼ਤਗਰਦ ਜਥੇਬੰਦੀ ਐਲਾਨਣ ਦੀ ਮੰਗ ਤੇਜ਼

## ✪ ਭਾਈ ਸਿੰਘ ਨਿੱਝਰ ਕਤਲ ਕੇਸ ਵਿਚ ਬਿਸ਼ਨੋਈ ਗੈਂਗ ਦਾ ਨਾਮ ✪ ਕੈਨੇਡੀਅਨ ਪੁਲਿਸ ਨੇ ਜਤਾਇਆ ਭਾਰਤੀ ਏਜੰਟਾਂ ਨਾਲ ਸਬੰਧ ✪ ਪਾਕਿਸਤਾਨੀ ਡੌਨ ਦਾ ਦਾਅਵਾ: ਮੂਸੇਵਾਲਾ ਕਤਲ ਵਿਚ ਸਿਆਸਤਦਾਨ-ਅਧਿਕਾਰੀ ਸ਼ਾਮਲ

**ਪੰਜਾਬ ਟਾਈਮਜ ਅਨੁਸਾਰ ਇਸ ਸਭ ਨਾਲ ਕੈਨੇਡਾ-ਭਾਰਤ ਸਬੰਧਾਂ ਵਿੱਚ ਤਣਾਅ ਵਧ ਰਿਹਾ ਹੈ। ਕੰਜ਼ਰਵੇਟਿਵ ਐੱਮਪੀ ਜਸਰਾਜ ਹੱਲਣ ਨੇ ਕਿਹਾ ਕਿ ਗੈਂਗ ਨੇ ਅਜਿਹੇ ਬਿਆਨ ਦਿੱਤੇ ਹਨ ਜੋ ਸਿਆਸੀ ਸੋਚ ਦੇ ਹਨ, ਅਤੇ ਕੈਨੇਡੀਅਨ ਲੋਕਾਂ ਨੂੰ ਸੁਰੱਖਿਆ ਚਾਹੀਦੀ ਹੈ। ਕੈਨੇਡਾ ਵਿੱਚ ਭਾਈਚਾਰੇ ਵਿੱਚ ਡਰ ਹੈ ਅਤੇ ਪੁਲਿਸ ਉੱਤੇ ਸਵਾਲ ਉੱਠ ਰਹੇ ਹਨ ਕਿ ਅਜਿਹੇ ਅਪਰਾਧੀ ਕੈਨੇਡਾ ਵਿੱਚ ਕਿਵੇਂ ਦਾਖਲ ਹੋਏ ? ਇਹ ਮਾਮਲਾ ਅੱਗੇ ਕੀ ਰੂਪ ਲਵੇਗਾ, ਇਹ ਵੇਖਣ ਵਾਲੀ ਗੱਲ ਹੈ, ਪਰ ਫਿਲਹਾਲ ਇਹ ਕੈਨੇਡੀਅਨ ਸਿਆਸਤ ਦਾ ਵੱਡਾ ਮੁੱਦਾ ਬਣਿਆ ਹੋਇਆ ਹੈ।**

ਅੱਜਕੱਲ੍ਹ ਕੈਨੇਡਾ ਦੀ ਸਿਆਸਤ ਵਿੱਚ ਭਾਰਤੀ ਗੈਂਗਸਟਰ ਲਾਰੈਂਸ ਬਿਸ਼ਨੋਈ ਅਤੇ ਉਸ ਨਾਲ ਜੁੜੇ ਗੈਂਗ ਨੂੰ ਲੈ ਕੇ ਵੱਡੀ ਚਰਚਾ ਛਿੜੀ ਹੋਈ ਹੈ। ਬਿਸ਼ਨੋਈ ਗੈਂਗ ਨੂੰ 'ਦਹਿਸ਼ਤਗਰਦ ਜਥੇਬੰਦੀ' ਐਲਾਨੇ ਜਾਣ ਦੀ ਮੰਗ ਤੇਜ਼ ਹੋ ਗਈ ਹੈ, ਜਿਸ ਵਿੱਚ ਨਾ ਸਿਰਫ਼ ਵਿਰੋਧੀ ਪਾਰਟੀਆਂ ਸ਼ਾਮਲ ਹਨ ,ਸਗੋਂ ਕਈ ਪ੍ਰੀਮੀਅਰ ਅਤੇ ਮੇਅਰ ਵੀ ਆਵਾਜ਼ ਉਠਾ ਰਹੇ ਹਨ। ਇਸ ਮੰਗ ਪਿੱਛੇ ਕੈਨੇਡਾ ਵਿੱਚ ਵਾਪਰ ਰਹੇ ਅਪਰਾਧ ਹਨ, ਜਿਨ੍ਹਾਂ ਨੂੰ ਮੀਡੀਆ ਅਤੇ ਪੁਲਿਸ ਰਿਪੋਰਟਾਂ ਵਿੱਚ ਬਿਸ਼ਨੋਈ ਗੈਂਗ ਨਾਲ ਜੋੜਿਆ ਜਾ ਰਿਹਾ ਹੈ। ਇਸ ਵੇਲੇ ਕੈਨੇਡੀਅਨ ਸਰਕਾਰ ਇਸ ਮੰਗ ਨੂੰ ਮੰਨਣ ਵਿਚ ਦੁਚਿੱਤੀ ਵਿਚ ਹੈ, ਪਰ ਵਿਰੋਧੀ ਧਿਰ ਨੇ ਇਸ ਨੂੰ ਰਾਸ਼ਟਰੀ ਸੁਰੱਖਿਆ ਨਾਲ ਜੋੜ ਕੇ ਵੱਡਾ ਮੁੱਦਾ ਬਣਾ ਲਿਆ ਹੈ। ਇਸ ਸਭ ਵਿਚਾਲੇ ਪਾਕਿਸਤਾਨੀ ਡੌਨ ਸ਼ਹਿਜ਼ਾਦ ਭੱਟੀ ਨੇ ਇੱਕ ਵਾਇਰਲ ਪੋਡਕਾਸਟ ਵਿੱਚ ਸਿੱਧੂ ਮੂਸੇਵਾਲਾ ਦੇ ਕਤਲ ਬਾਰੇ ਵੱਡੇ ਦਾਅਵੇ ਕੀਤੇ ਹਨ, ਜਿਨ੍ਹਾਂ ਨੇ ਪੂਰੇ ਬਿਰਤਾਂਤ ਨੂੰ ਹੋਰ ਗੰਭੀਰ ਬਣਾ ਦਿੱਤਾ ਹੈ।

ਲਾਰੈਂਸ ਬਿਸ਼ਨੋਈ, 32 ਸਾਲਾਂ ਦਾ ਇੱਕ ਅਪਰਾਧੀ, ਜੋ ਭਾਰਤ ਵਿੱਚ 2015 ਤੋਂ ਜੇਲ੍ਹ ਵਿੱਚ ਬੰਦ ਹੈ ਅਤੇ ਫਿਲਹਾਲ ਗੁਜਰਾਤ ਦੀ ਸਾਬਰਮਤੀ ਜੇਲ੍ਹ ਵਿੱਚ ਕੈਦ ਹੈ। ਉਸ ਉੱਤੇ ਦਰਜਨਾਂ ਅਪਰਾਧਿਕ ਮਾਮਲੇ ਹਨ, ਜਿਨ੍ਹਾਂ ਵਿੱਚ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦਾ ਕਤਲ ਵੀ ਸ਼ਾਮਲ ਹੈ। ਭਾਰਤੀ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ ਮੁਤਾਬਕ, ਬਿਸ਼ਨੋਈ ਗੈਂਗ ਦਾ ਨੈੱਟਵਰਕ ਭਾਰਤ ਦੇ ਵੱਖ-ਵੱਖ ਸੂਬਿਆਂ ਤੋਂ ਇਲਾਵਾ ਵਿਦੇਸ਼ਾਂ ਵਿੱਚ ਵੀ ਫੈਲਿਆ ਹੋਇਆ ਹੈ, ਜਿਸ ਵਿੱਚ ਕੈਨੇਡਾ ਵੀ ਸ਼ਾਮਲ ਹੈ। ਇਹ ਗੈਂਗ ਅਪਰਾਧਕ ਗਤੀਵਿਧੀਆਂ ਜਿਵੇਂ ਕਤਲ, ਫਿਰੌਤੀਆਂ ਅਤੇ ਧਮਕੀਆਂ ਵਿੱਚ ਸ਼ਾਮਲ ਹੈ।

ਕੈਨੇਡਾ ਵਿੱਚ ਇਹ ਗੈਂਗ ਚਰਚਾ ਵਿੱਚ ਆਇਆ ਜੂਨ 2023 ਵਿੱਚ ਖਾਲਿਸਤਾਨ ਹਮਾਇਤੀ ਹਰਦੀਪ ਸਿੰਘ ਨਿੱਝਰ ਦੇ ਕਤਲ ਨਾਲ। ਨਿੱਝਰ ਨੂੰ ਸਰੀ ਵਿੱਚ ਗੁਰਦੁਆਰੇ ਬਾਹਰ ਗੋਲੀਆਂ ਮਾਰ ਕੇ ਮਾਰ ਦਿੱਤਾ ਗਿਆ ਸੀ। ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ ਨੇ ਅਕਤੂਬਰ 2024 ਵਿੱਚ ਇੱਕ ਪ੍ਰੈੱਸ ਕਾਨਫਰੰਸ ਵਿੱਚ ਬਿਸ਼ਨੋਈ ਗੈਂਗ ਨੂੰ ਇਸ ਕਤਲ ਨਾਲ ਜੋੜਿਆ ਸੀ ਅਤੇ ਕਿਹਾ ਸੀ ਕਿ ਭਾਰਤੀ ਸਰਕਾਰ ਦੇ ਏਜੰਟਾਂ ਨੇ ਇਸ ਗੈਂਗ ਨਾਲ ਮਿਲ ਕੇ ਦੱਖਣੀ ਏਸ਼ੀਆਈ ਭਾਈਚਾਰੇ, ਖਾਸ ਕਰ ਖਾਲਿਸਤਾਨ ਹਮਾਇਤੀਆਂ ਨੂੰ ਨਿਸ਼ਾਨਾ ਬਣਾਇਆ ਹੈ। ਆਰਸੀਐੱਮਪੀ ਨੇ ਇਹ ਵੀ ਕਿਹਾ ਕਿ ਗ੍ਰਿਫ਼ਤਾਰ ਮੁਲਜ਼ਮਾਂ ਦਾ ਬਿਸ਼ਨੋਈ ਗੈਂਗ ਨਾਲ ਸਬੰਧ ਹੈ। ਭਾਰਤ ਨੇ ਇਨ੍ਹਾਂ ਇਲਜ਼ਾਮਾਂ ਨੂੰ ਬੇਬੁਨਿਆਦ ਕਿਹਾ ਸੀ।

ਇਸ ਤੋਂ ਇਲਾਵਾ, ਕੈਨੇਡਾ ਵਿੱਚ ਬੀਤੇ ਕੁਝ ਮਹੀਨਿਆਂ ਵਿੱਚ ਵਾਪਰੀਆਂ ਕਈ ਅਪਰਾਧਕ ਵਾਰਦਾਤਾਂ ਨੂੰ ਬਿਸ਼ਨੋਈ ਗੈਂਗ ਨਾਲ ਜੋੜਿਆ ਗਿਆ ਸੀ। ਮਿਸਾਲ ਵਜੋਂ, ਹਾਲ ਹੀ ਵਿੱਚ ਕਾਮੇਡੀਅਨ ਕਪਿਲ ਸ਼ਰਮਾ ਦੇ ਕੈਨੇਡਾ ਵਿੱਚਲੇ ਕੈਫੇ ਉੱਤੇ ਦੋ ਵਾਰ ਹਮਲੇ ਹੋਏ, ਜਿਨ੍ਹਾਂ ਨੂੰ ਮੀਡੀਆ ਵਿੱਚ ਬਿਸ਼ਨੋਈ ਗੈਂਗ ਨਾਲ ਜੋੜ ਕੇ ਵੇਖਿਆ ਗਿਆ ਸੀ। ਇਸ ਤੋਂ ਇਲਾਵਾ, ਫਿਰੌਤੀਆਂ ਦੇ ਮਾਮਲੇ ਵੀ ਵਧੇ ਹਨ, ਜਿਨ੍ਹਾਂ ਵਿੱਚ ਦੱਖਣੀ ਏਸ਼ੀਆਈ ਭਾਈਚਾਰੇ ਦੇ ਕਾਰੋਬਾਰੀ ਅਤੇ ਲੋਕ ਨਿਸ਼ਾਨੇ ਉੱਤੇ ਹਨ। ਸੋਸ਼ਲ ਮੀਡੀਆ ਉੱਤੇ ਕਈ ਪੋਸਟਾਂ ਵਿੱਚ ਬਿਸ਼ਨੋਈ ਗੈਂਗ ਨੇ ਇਨ੍ਹਾਂ ਵਾਰਦਾਤਾਂ ਦੀ ਜ਼ਿੰਮੇਵਾਰੀ ਲਈ ਹੈ, ਜਿਵੇਂ ਕਿ ਕਾਰੋਬਾਰਾਂ ਉੱਤੇ ਹਮਲੇ, ਕਤਲ ਅਤੇ ਹਿੰਸਾ। ਬੀਸੀ ਅਤੇ ਅਲਬਰਟਾ ਵਿੱਚ ਧਮਕੀਆਂ ਦੇ ਮਾਮਲੇ ਵੱਧ ਰਹੇ ਹਨ, ਅਤੇ ਪੁਲਿਸ ਨੇ ਇਨ੍ਹਾਂ ਨੂੰ ਬਿਸ਼ਨੋਈ ਨੈੱਟਵਰਕ ਨਾਲ ਜੋੜਿਆ ਹੈ।

ਕੈਨੇਡਾ ਦੀ ਵਿਰੋਧੀ ਕੰਜ਼ਰਵੇਟਿਵ ਪਾਰਟੀ ਇਸ ਮੰਗ ਨੂੰ ਸਭ ਤੋਂ ਅੱਗੇ ਵਧਾ ਰਹੀ ਹੈ। ਪਾਰਟੀ ਦੇ ਆਗੂ ਪੀਅਰ ਪੋਲੀਵਰ ਨੇ ਕਿਹਾ ਕਿ ਲਿਬਰਲ ਸਰਕਾਰ ਦੀ ਖੁੱਲ੍ਹੀ ਇਮੀਗ੍ਰੇਸ਼ਨ ਪਾਲਿਸੀ ਕਰਕੇ ਬਿਸ਼ਨੋਈ ਗੈਂਗ ਦੇ ਮੈਂਬਰ ਕੈਨੇਡਾ ਵਿੱਚ ਦਾਖਲ ਹੋਏ ਅਤੇ ਹੁਣ ਕੈਨੇਡਾ ਦੇ ਲੋਕਾਂ ਨੂੰ ਡਰਾ ਰਹੇ ਹਨ। ਪਾਰਟੀ ਦੇ ਐੱਮਪੀ ਫਰੈਂਕ ਕਾਪੂਟੋ, ਜੋ ਕੈਂਪਲੂਪਸ-ਥੌਂਪਸਨ-ਨਿਕੋਲਾ ਤੋਂ ਚੁਣੇ ਗਏ ਹਨ ਅਤੇ ਪਬਲਿਕ ਸੇਫਟੀ ਲਈ ਸ਼ੈਡੋ ਮੰਤਰੀ ਹਨ, ਨੇ ਅਧਿਕਾਰਤ ਤੌਰ ਉੱਤੇ ਪਬਲਿਕ ਸੇਫਟੀ ਮੰਤਰੀ ਗੈਰੀ ਅਨੰਦਾਸਾਂਗਰੀ ਨੂੰ ਚਿੱਠੀ ਲਿਖ ਕੇ ਬਿਸ਼ਨੋਈ ਗੈਂਗ ਨੂੰ ਦਹਿਸ਼ਤਗਰਦ ਗਰੁੱਪ ਐਲਾਨਣ ਦੀ ਮੰਗ ਕੀਤੀ ਹੈ। ਇਸ ਤੋਂ ਪਹਿਲਾਂ ਬ੍ਰਿਟਿਸ਼ ਕੋਲੰਬੀਆ ਦੇ ਪ੍ਰੀਮੀਅਰ ਡੇਵਿਡ ਐਬੀ ਅਤੇ ਅਲਬਰਟਾ ਦੇ ਪ੍ਰੀਮੀਅਰ ਡੈਨਿਅਲ ਸਮਿਥ ਨੇ ਵੀ ਇਹ ਮੰਗ ਕੀਤੀ ਸੀ। ਐਬੀ ਨੇ ਜੂਨ 2025 ਵਿੱਚ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੂੰ ਚਿੱਠੀ ਲਿਖ ਕੇ ਕਿਹਾ ਸੀ ਕਿ ਬਿਸ਼ਨੋਈ ਗੈਂਗ ਨੂੰ ਟੈਰਰਿਸਟ ਐਲਾਨ ਕੇ ਇਸ ਉਪਰ ਪਾਬੰਦੀ ਲਗਾਈ ਜਾਵੇ। ਸਰੀ ਅਤੇ ਬਰੈਂਪਟਨ ਦੇ ਮੇਅਰਾਂ ਨੇ ਵੀ ਇਹ ਮੰਗ ਨੂੰ ਸਮਰਥਨ ਦਿੱਤਾ ਹੈ।

ਪੱਤਰਕਾਰ ਡਾਕਟਰ ਗੁਰਵਿੰਦਰ ਸਿੰਘ ਨੇ ਕਿਹਾ ਕਿ ਇਹ ਮਾਮਲੇ ਰਿਪੋਰਟ ਹੋਣ ਵਾਲੇ ਨਾਲੋਂ ਵੱਧ ਹਨ ਅਤੇ ਸਿਆਸੀ ਲੀਡਰ ਇਸ ਗੈਂਗ ਵਿਰੁਧ ਆਵਾਜ਼ ਉਠਾ ਰਹੇ ਹਨ। ਕਪਿਲ ਸ਼ਰਮਾ ਦੇ ਕੈਫੇ ਉੱਤੇ ਹਮਲੇ ਵੀ ਇਸੇ ਲੜੀ ਵਿੱਚ ਆਉਂਦੇ ਹਨ, ਜਿੱਥੇ ਦੋ ਵਾਰ ਫਾਇਰਿੰਗ ਹੋਈ ਅਤੇ ਗੈਂਗ ਨੇ ਜ਼ਿੰਮੇਵਾਰੀ ਲਈ। ਇਸ ਤੋਂ ਇਲਾਵਾ, ਬੀਸੀ ਅਤੇ ਅਲਬਰਟਾ ਵਿੱਚ ਕਈ ਕਾਰੋਬਾਰੀਆਂ ਨੂੰ ਧਮਕੀਆਂ ਮਿਲੀਆਂ ਹਨ, ਅਤੇ ਪੁਲਿਸ ਨੇ ਇਨ੍ਹਾਂ ਨੂੰ ਟ੍ਰਾਂਸਨੈਸ਼ਨਲ ਕ੍ਰਾਈਮ ਨਾਲ ਜੋੜਿਆ ਹੈ।

ਲਿਬਰਲ ਪਾਰਟੀ ਦੀ ਸਰਕਾਰ ਨੇ ਅਜੇ ਤੱਕ ਇਸ ਮੰਗ ਉੱਤੇ ਕੋਈ ਜਵਾਬ ਨਹੀਂ ਦਿੱਤਾ। ਪਬਲਿਕ ਸੇਫਟੀ ਮੰਤਰੀ ਅਨੰਦਾਸਾਂਗਰੀ ਨੇ ਚਿੱਠੀ ਦੇ ਜਵਾਬ ਵਿੱਚ ਕਿਹਾ ਕਿ ਉਹ ਇਸ ਨੂੰ ਵਿਚਾਰ ਰਹੇ ਹਨ, ਪਰ ਕੋਈ ਫੈਸਲਾ ਨਹੀਂ ਲਿਆ।

ਪਾਕਿਸਤਾਨੀ ਗੈਂਗਸਟਰ ਸ਼ਹਿਜ਼ਾਦ ਭੱਟੀ, ਜੋ ਪਾਕਿਸਤਾਨੀ ਮਾਫੀਆ ਨਾਲ ਜੁੜਿਆ ਹੈ ਅਤੇ ਦੁਬਈ ਵਿੱਚ ਰਹਿੰਦਾ ਹੈ, ਨੇ ਇੱਕ ਵਾਇਰਲ ਪੋਡਕਾਸਟ ਵੀਡੀਓ ਵਿੱਚ ਦਾਅਵਾ ਕੀਤਾ ਕਿ ਸਿੱਧੂ ਮੂਸੇਵਾਲਾ ਦੇ ਕਤਲ ਵਿੱਚ ਲਾਰੈਂਸ ਬਿਸ਼ਨੋਈ ਗੈਂਗ ਤੋਂ ਇਲਾਵਾ ਕੁਝ ਸਿਆਸਤਦਾਨ ਅਤੇ ਸਰਕਾਰੀ ਅਧਿਕਾਰੀ ਵੀ ਸ਼ਾਮਲ ਸਨ। ਭੱਟੀ ਨੇ ਕਿਹਾ ਕਿ ਉਹ ਅਤੇ ਲਾਰੈਂਸ ਪਹਿਲਾਂ ਦੋਸਤ ਸਨ, ਮੂਸੇਵਾਲਾ ਲਾਰੈਂਸ ਨੂੰ ਪੈਸੇ ਭੇਜਦਾ ਸੀ, ਪਰ ਜਦੋਂ ਮੰਗ ਵਧ ਗਈ ਤਾਂ ਦੋਸਤੀ ਦੁਸ਼ਮਣੀ ਵਿੱਚ ਬਦਲ ਗਈ। ਭੱਟੀ ਨੇ ਕਿਹਾ ਕਿ ਲਾਰੈਂਸ ਖੁਦ ਕੁਝ ਨਹੀਂ ਕਰਦਾ, ਸਾਰੇ ਅਪਰਾਧ ਸਰਕਾਰੀ ਏਜੰਸੀਆਂ ਕਰਦੀਆਂ ਹਨ ਅਤੇ ਉਹ ਜ਼ਿੰਮੇਵਾਰੀ ਲੈਂਦਾ ਹੈ। ਉਸ ਨੇ ਬਾਬਾ ਸਿੱਦੀਕੀ ਦੇ ਕਤਲ ਅਤੇ ਹੋਰ ਖੁਲਾਸੇ ਕਰਨ ਦੀ ਧਮਕੀ ਵੀ ਦਿੱਤੀ। ਇਹ ਪੋਡਕਾਸਟ ਸੱਤ ਦਿਨ ਪਹਿਲਾਂ ਵਾਇਰਲ ਹੋਇਆ ਅਤੇ ਭੱਟੀ ਨੇ ਕਿਹਾ ਕਿ ਉਹ ਪਿਛਲੇ ਡੇਢ ਸਾਲ ਤੋਂ ਧਮਕੀਆਂ ਮਿਲ ਰਹੀਆਂ ਹਨ।

# ਅੰਬੇਡਕਰ ਨਗਰ ਵਿਚ ਡਰਗ ਸਮਗਲਰਾਂ ਵਲੋਂ ਹਮਲਾ

## ✪ ਕਾਰਾਂ ਦੀ ਭੰਨਤੋੜ, ਪੈਟਰੋਲ ਬੰਬ ਸੁੱਟੇ, ਨੌਜਵਾਨ ਜ਼ਖਮੀ ✪ ਪੁਲਿਸ ਉਪਰ ਡਰਗ ਤਸਕਰਾਂ ਨੂੰ ਬਚਾਉਣ ਦੇ ਲੱਗੇ ਦੋਸ਼

ਲੁਧਿਆਣਾ-ਬੀਤੀ ਰਾਤ ਲੁਧਿਆਣਾ ਦੇ ਅੰਬੇਡਕਰ ਨਗਰ ਵਿੱਚ ਨਸ਼ਾ ਤਸਕਰਾਂ ਨੇ ਹਮਲਾ ਕਰਕੇ ਦਹਿਸ਼ਤ ਫੈਲਾਈ। 15 ਤੋਂ 20 ਨੌਜਵਾਨਾਂ ਦੇ ਸਮੂਹ ਨੇ ਇਲਾਕੇ ਵਿੱਚ ਲੋਕਾਂ ਦੇ ਘਰਾਂ ਦੇ ਬਾਹਰ ਖੜ੍ਹੀਆਂ ਕਾਰਾਂ ਦੀ ਭੰਨਤੋੜ ਕੀਤੀ ਅਤੇ ਬੋਤਲਾਂ ਸੁੱਟੀਆਂ। ਇੱਕ ਨੌਜਵਾਨ ਦੀ ਬਾਂਹ 'ਤੇ ਛੈਣੀ ਨਾਲ ਹਮਲਾ ਕੀਤਾ ਗਿਆ, ਜਿਸ ਦਾ ਵੀਡੀਓ ਸਾਹਮਣੇ ਆਇਆ ਹੈ।

ਇਹ ਹਮਲਾ ਇਸ ਲਈ ਕੀਤਾ ਗਿਆ ਕਿਉਂਕਿ ਇਲਾਕੇ ਦੇ ਵਸਨੀਕਾਂ ਨੇ ਇਨ੍ਹਾਂ ਨੌਜਵਾਨਾਂ ਨੂੰ ਨਸ਼ਾ ਵੇਚਣ ਤੋਂ ਰੋਕਿਆ ਸੀ। ਮਾਡਲ ਟਾਊਨ ਥਾਣੇ ਦੀ ਪੁਲਿਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਇਲਾਕੇ ਦੇ ਵਸਨੀਕ ਅਜੈ ਖੰਨਾ ਨੇ ਦੱਸਿਆ ਕਿ ਹਮਲਾਵਰ ਬੀਅਰ ਦੀਆਂ ਬੋਤਲਾਂ ਵਿੱਚ ਪੈਟਰੋਲ ਭਰ ਕੇ ਪੈਟਰੋਲ ਬੰਬ ਬਣਾ ਰਹੇ ਸਨ ਅਤੇ ਇਨ੍ਹਾਂ ਨੂੰ ਇਲਾਕੇ ਵਿੱਚ ਸੁੱਟ ਰਹੇ ਸਨ। ਉਨ੍ਹਾਂ ਨੇ ਕਈ ਕਾਰਾਂ ਨੂੰ ਵੀ ਨੁਕਸਾਨ ਪਹੁੰਚਾਇਆ। ਇਹ ਨੌਜਵਾਨ ਇਲਾਕੇ ਵਿੱਚ ਨਸ਼ਾ ਵੇਚਦੇ ਹਨ ਅਤੇ ਜਦੋਂ ਇੱਕ ਸਥਾਨਕ ਨੌਜਵਾਨ ਨੇ ਉਨ੍ਹਾਂ ਨੂੰ ਰੋਕਿਆ ਤਾਂ ਉਨ੍ਹਾਂ ਨੇ ਹੰਗਾਮਾ ਮਚਾ ਦਿੱਤਾ। ਅਜੈ ਨੇ ਕਿਹਾ ਕਿ ਨਸ਼ਾ ਤਸਕਰ ਅਕਸਰ ਇਲਾਕੇ ਵਿੱਚ ਘੁੰਮਦੇ ਹਨ, ਜਿਨ੍ਹਾਂ ਵਿੱਚੋਂ ਇੱਕ ਨੌਜਵਾਨ ਪਾਂਡੇ ਦੇ ਖਿਲਾਫ ਪਹਿਲਾਂ ਹੀ 4-5 ਐਫਆਈਆਰ ਦਰਜ ਹਨ। ਉਸਦੇ ਘਰ ਨੂੰ ਢਾਹੁਣ ਦੇ ਵੀ ਹੁਕਮ ਹਨ, ਪਰ ਪੁਲਿਸ ਦੀ ਕਾਰਵਾਈ ਤੋਂ ਪਹਿਲਾਂ ਇਹ ਬਦਮਾਸ਼ ਭੱਜ ਜਾਂਦੇ ਹਨ।

ਹਮਲਾਵਰਾਂ ਕੋਲ ਤਲਵਾਰਾਂ, ਪੈਟਰੋਲ ਬੰਬ ਅਤੇ ਪਿਸਤੌਲ ਸਨ। ਪੁਲਿਸ ਨੇ ਇੱਕ ਮੋਟਰਸਾਈਕਲ ਬਰਾਮਦ ਕੀਤਾ ਹੈ। ਇੱਕ ਵਸਨੀਕ ਪੂਜਾ ਨੇ ਦੱਸਿਆ ਕਿ ਉਸਦੇ ਭਰਾ ਨੇ ਨਸ਼ਾ ਵੇਚਣ ਵਾਲੇ ਨੌਜਵਾਨਾਂ ਨੂੰ ਰੋਕਿਆ ਸੀ, ਜਿਸ ਕਾਰਨ ਉਸ 'ਤੇ ਛੈਣੀ ਨਾਲ ਹਮਲਾ ਹੋਇਆ। ਉਸਨੇ ਕਿਹਾ ਕਿ ਇਲਾਕੇ ਵਿੱਚ ਚਿੱਟਾ (ਹੈਰੋਇਨ) ਖੁੱਲ੍ਹੇਆਮ ਵੇਚਿਆ ਜਾ ਰਿਹਾ ਹੈ, ਜਿਸ ਨਾਲ ਬੱਚਿਆਂ ਦੀਆਂ ਜਾਨਾਂ ਨੂੰ ਖਤਰਾ ਹੈ। ਲੋਕ ਨਸ਼ਾ ਤਸਕਰਾਂ ਦੀ ਸ਼ਿਕਾਇਤ ਕਰਨ ਤੋਂ ਡਰਦੇ ਹਨ। ਘਟਨਾ ਦੇ ਦੋ ਘੰਟੇ ਬਾਅਦ ਪੁਲਿਸ ਮੌਕੇ 'ਤੇ ਪਹੁੰਚੀ।

ਕੌਂਸਲਰ ਮੋਂਟੀ ਸਚਦੇਵਾ ਨੇ ਇਸ ਘਟਨਾ ਨੂੰ ਸ਼ਰਮਨਾਕ ਦੱਸਿਆ ਅਤੇ ਕਿਹਾ ਕਿ ਪੁਲਿਸ ਨਸ਼ਾ ਤਸਕਰਾਂ ਨੂੰ ਨਹੀਂ ਬਖਸ਼ੇਗੀ। ਮਾਡਲ ਟਾਊਨ ਥਾਣੇ ਦੇ ਐਸਐਚਓ ਬਲਵਿੰਦਰ ਸਿੰਘ ਨੇ ਕਿਹਾ ਕਿ ਅਜੇ ਚਿੱਟੇ ਦੀ ਗੱਲ ਸਾਹਮਣੇ ਨਹੀਂ ਆਈ। ਉਨ੍ਹਾਂ ਮੁਤਾਬਕ, ਸ਼ਰਾਬ ਪੀ ਕੇ ਆਏ ਨੌਜਵਾਨਾਂ ਦੀ ਆਪਸੀ ਟਕਰਾਅ ਕਾਰਨ ਘਟਨਾ ਵਾਪਰੀ। ਪੁਲਿਸ ਸੀਸੀਟੀਵੀ ਫੁਟੇਜ ਦੀ ਜਾਂਚ ਕਰ ਰਹੀ ਹੈ ਅਤੇ ਪੀੜਤਾਂ ਦੇ ਬਿਆਨ ਲੈ ਕੇ ਦੋਸ਼ੀਆਂ ਵਿਰੁੱਧ ਮਾਮਲਾ ਦਰਜ ਕਰ ਰਹੀ ਹੈ।

# ਡੋਨਾਲਡ ਟਰੰਪ ਦੇ ਟੈਰਿਫ ਖਿਲਾਫ ਬ੍ਰਿਕਸ ਦੀ ਮਜ਼ਬੂਤ ਗੁੱਟਬੰਦੀ ਬਣੀ

## ✪ ਬ੍ਰਿਕਸ ਬਣਿਆ ਅਮਰੀਕੀ ਡਾਲਰ ਲਈ ਖਤਰਾ, ਭਾਰਤ-ਚੀਨ-ਰੂਸ ਦੀ ਨੇੜਤਾ ਹੋਣ ਲਗੀ ਮਜਬੂਤ

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਸਖ਼ਤ ਟੈਰਿਫ ਨੀਤੀਆਂ ਨੇ ਵਿਸ਼ਵ ਭਰ ਵਿੱਚ ਹਲਚਲ ਮਚਾ ਦਿੱਤੀ ਹੈ। ਖਾਸਕਰ ਬ੍ਰਿਕਸ (ਬ੍ਰਾਜ਼ੀਲ, ਰੂਸ, ਭਾਰਤ, ਚੀਨ, ਦੱਖਣੀ ਅਫਰੀਕਾ) ਦੇਸ਼ਾਂ 'ਤੇ ਲਗਾਏ ਗਏ ਭਾਰੀ ਭਰਕਮ ਟੈਰਿਫ ਨੇ ਇਸ ਸਮੂਹ ਨੂੰ ਅਮਰੀਕਾ ਦੇ ਖਿਲਾਫ ਇੱਕਜੁੱਟ ਕਰ ਦਿੱਤਾ ਹੈ। ਟਰੰਪ ਦਾ ਦਾਅਵਾ ਹੈ ਕਿ ਇਹ ਟੈਰਿਫ ਅਮਰੀਕਾ ਦੇ ਵਪਾਰਕ ਘਾਟੇ ਨੂੰ ਘਟਾਉਣ ਅਤੇ ਅਮਰੀਕੀ ਡਾਲਰ ਦੀ ਬਾਦਸ਼ਾਹੀ ਨੂੰ ਕਾਇਮ ਰੱਖਣ ਲਈ ਜ਼ਰੂਰੀ ਹਨ।

ਪਰ ਮਾਹਿਰਾਂ ਦਾ ਮੰਨਣਾ ਹੈ ਕਿ ਇਹ ਨੀਤੀ ਨਾ ਸਿਰਫ ਅਮਰੀਕੀ ਲੋਕਾਂ ਲਈ ਮਹਿੰਗਾਈ ਦਾ ਕਾਰਨ ਬਣੇਗੀ, ਸਗੋਂ ਅਮਰੀਕਾ ਨੂੰ ਵਿਸ਼ਵ ਅਰਥਚਾਰੇ ਵਿੱਚ ਅਲੱਗ-ਥਲੱਗ ਵੀ ਕਰ ਦੇਵੇਗੀ। ਇਸ ਦੌਰਾਨ, ਬ੍ਰਿਕਸ ਦੇਸ਼ਾਂ ਦੀ ਗੁੱਟਬੰਦੀ ਨੇ ਅਮਰੀਕੀ ਡਾਲਰ ਦੀ ਬਾਦਸ਼ਾਹੀ ਨੂੰ ਚੁਣੌਤੀ ਦੇਣ ਦੀ ਤਿਆਰੀ ਸ਼ੁਰੂ ਕਰ ਦਿੱਤੀ ਹੈ, ਜਿਸ ਵਿੱਚ ਭਾਰਤ, ਚੀਨ ਅਤੇ ਰੂਸ ਦੀ ਨੇੜਤਾ ਅਹਿਮ ਰੋਲ ਅਦਾ ਕਰ ਰਹੀ ਹੈ।

ਡੋਨਾਲਡ ਟਰੰਪ ਨੇ ਬ੍ਰਿਕਸ ਦੇਸ਼ਾਂ 'ਤੇ ਵੱਖ-ਵੱਖ ਦਰਾਂ ਨਾਲ ਟੈਰਿਫ ਲਗਾਉਣ ਦੀ ਧਮਕੀ ਦਿੱਤੀ ਹੈ। ਉਨ੍ਹਾਂ ਨੇ ਭਾਰਤ 'ਤੇ 50% ਅਤੇ ਪਹਿਲਾਂ 25% ਟੈਰਿਫ ਲਗਾਉਣ ਦਾ ਐਲਾਨ ਕੀਤਾ, ਜਦਕਿ ਬ੍ਰਾਜ਼ੀਲ 'ਤੇ ਵੀ 50% ਅਤੇ ਦੱਖਣੀ ਅਫਰੀਕਾ 'ਤੇ 30% ਟੈਰਿਫ ਲਗਾਇਆ ਗਿਆ। ਇਸ ਤੋਂ ਇਲਾਵਾ, ਟਰੰਪ ਨੇ ਬ੍ਰਿਕਸ ਦੇਸ਼ਾਂ ਨੂੰ 100% ਜਾਂ 150% ਟੈਰਿਫ ਦੀ ਧਮਕੀ ਵੀ ਦਿੱਤੀ, ਜੇਕਰ ਉਹ ਅਮਰੀਕੀ ਡਾਲਰ ਨੂੰ ਚੁਣੌਤੀ ਦੇਣ ਦੀ ਕੋਸ਼ਿਸ਼ ਕਰਨਗੇ। ਟਰੰਪ ਦਾ ਮੁੱਖ ਇਲਜ਼ਾਮ ਹੈ ਕਿ ਬ੍ਰਿਕਸ ਦੇਸ਼ ਅਮਰੀਕੀ ਡਾਲਰ ਦੀ ਵਿਸ਼ਵ ਬਾਜ਼ਾਰ ਵਿੱਚ ਬਾਦਸ਼ਾਹੀ ਨੂੰ ਖਤਮ ਕਰਨ ਦੀ ਸਾਜ਼ਿਸ਼ ਵਿੱਚ ਸ਼ਾਮਲ ਹਨ। ਉਨ੍ਹਾਂ ਨੇ ਬ੍ਰਿਕਸ ਨੂੰ "ਅਮਰੀਕਾ ਵਿਰੋਧੀ"ਸਮੂਹ ਕਰਾਰ ਦਿੱਤਾ ਅਤੇ ਖਾਸਕਰ ਭਾਰਤ, ਚੀਨ ਅਤੇ ਰੂਸ 'ਤੇ ਨਿਸ਼ਾਨਾ ਸਾਧਿਆ।

ਸੀਐਨਐਨ ਦੇ ਪੱਤਰਕਾਰ ਫਰੀਦ ਜ਼ਕਾਰੀਆ ਨੇ ਕਿਹਾ, "ਟਰੰਪ ਦੀ ਇਹ ਨੀਤੀ ਸ਼ਾਇਦ ਥੋੜ੍ਹੇ ਸਮੇਂ ਲਈ ਅਮਰੀਕੀ ਅਰਥਚਾਰੇ ਨੂੰ ਫਾਇਦਾ ਪਹੁੰਚਾਏ, ਪਰ ਇਸ ਨਾਲ ਅਮਰੀਕਾ ਦੇ ਵਿਸ਼ਵ ਸਾਥੀਆਂ, ਖਾਸਕਰ ਭਾਰਤ ਵਰਗੇ ਦੇਸ਼ਾਂ ਦਾ ਅਮਰੀਕਾ ਉਪਰ ਵਿਸ਼ਵਾਸ ਖਤਮ ਹੋ ਜਾਵੇਗਾ।"

ਬ੍ਰਿਕਸ ਸਮੂਹ, ਜਿਸ ਵਿੱਚ ਬ੍ਰਾਜ਼ੀਲ, ਰੂਸ, ਭਾਰਤ, ਚੀਨ, ਦੱਖਣੀ ਅਫਰੀਕਾ, ਈਰਾਨ, ਮਿਸਰ, ਇਥੋਪੀਆ, ਸੰਯੁਕਤ ਅਰਬ ਅਮੀਰਾਤ ਅਤੇ ਇੰਡੋਨੇਸ਼ੀਆ ਸ਼ਾਮਲ ਹਨ, ਨੇ ਟਰੰਪ ਦੇ ਟੈਰਿਫਾਂ ਦੇ ਖਿਲਾਫ ਮਜ਼ਬੂਤ ਰੁਖ ਅਪਣਾਇਆ ਹੈ। ਬ੍ਰਿਕਸ ਦੇਸ਼ਾਂ ਦੀ ਰੀਓ ਡੀ ਜਨੇਰੋ ਵਿੱਚ ਹੋਈ ਸਿਖਰ ਮੀਟਿੰਗ ਵਿੱਚ ਇੱਕ ਸੰਯੁਕਤ ਬਿਆਨ ਜਾਰੀ ਕੀਤਾ ਗਿਆ, ਜਿਸ ਵਿੱਚ ਬਿਨਾਂ ਅਮਰੀਕਾ ਦਾ ਨਾਂ ਲਏ, ਟੈਰਿਫਾਂ ਨੂੰ ਵਿਸ਼ਵ ਵਪਾਰ ਲਈ ਨੁਕਸਾਨਦੇਹ ਦੱਸਿਆ ਗਿਆ। ਇਸ ਬਿਆਨ ਵਿੱਚ ਕਿਹਾ ਗਿਆ ਕਿ ਟੈਰਿਫ ਵਿਸ਼ਵ ਵਪਾਰ ਸੰਗਠਨ (ਡਬਲਯੂ.ਟੀ.ਓ.) ਦੇ ਨਿਯਮਾਂ ਦੀ ਉਲੰਘਣਾ ਕਰਦੇ ਹਨ ਅਤੇ ਵਿਸ਼ਵ ਸਪਲਾਈ ਚੇਨ ਨੂੰ ਖਤਰੇ ਵਿੱਚ ਪਾਉਂਦੇ ਹਨ।




ਪੰਜਾਬ ਟਾਈਮਜ ਅਨੁਸਾਰ ਜੇਕਰ ਟਰੰਪ ਆਪਣੀ ਨੀਤੀ 'ਤੇ ਅੜੇ ਰਹੇ, ਤਾਂ ਸੰਭਵ ਹੈ ਕਿ ਬ੍ਰਿਕਸ ਕਾਰਣ ਟਰੰਪ ਟੈਰਿਫ ਵਾਪਸ ਲੈਣ ਲਈ ਮਜਬੂਰ ਹੋਣਾ ਪਵੇ। ਨਹੀਂ ਤਾਂ, ਬ੍ਰਿਕਸ ਦੀ ਮਜ਼ਬੂਤ ਗੁੱਟਬੰਦੀ ਅਮਰੀਕੀ ਅਰਥਚਾਰੇ ਅਤੇ ਡਾਲਰ ਦੀ ਸਾਖ ਨੂੰ ਵੱਡਾ ਝਟਕਾ ਦੇ ਸਕਦੀ ਹੈ।

ਬ੍ਰਿਕਸ ਦੇਸ਼ਾਂ ਨੇ ਸਪੱਸ਼ਟ ਕੀਤਾ ਕਿ ਉਹ ਅਮਰੀਕਾ ਵਿਰੋਧੀ ਨਹੀਂ ਹਨ, ਸਗੋਂ ਉਹ ਵਿਸ਼ਵ ਵਿੱਚ ਇੱਕ ਬਹੁਧਰੁਵੀ ਵਿਵਸਥਾ ਚਾਹੁੰਦੇ ਹਨ, ਜਿਸ ਵਿੱਚ ਅਮਰੀਕੀ ਡਾਲਰ ਦੀ ਸਰਦਾਰੀ ਨੂੰ ਚੁਣੌਤੀ ਦਿੱਤੀ ਜਾ ਸਕੇ। ਰੂਸ ਅਤੇ ਚੀਨ ਲੰਬੇ ਸਮੇਂ ਤੋਂ ਡਾਲਰ ਦੀ ਨਿਰਭਰਤਾ ਘਟਾਉਣ ਦੀ ਵਕਾਲਤ ਕਰ ਰਹੇ ਹਨ। ਉਨ੍ਹਾਂ ਨੇ ਆਪਣੀਆਂ ਮੁਦਰਾਵਾਂ, ਜਿਵੇਂ ਕਿ ਰੂਸੀ ਰੂਬਲ ਅਤੇ ਚੀਨੀ ਯੂਆਨ, ਵਿੱਚ ਵਪਾਰ ਨੂੰ ਉਤਸ਼ਾਹਿਤ ਕਰਨ ਦੀਆਂ ਕੋਸ਼ਿਸ਼ਾਂ ਸ਼ੁਰੂ ਕੀਤੀਆਂ ਹਨ। ਭਾਰਤ ਨੇ ਹੁਣ ਤੱਕ ਬ੍ਰਿਕਸ ਮੁਦਰਾ ਦੀ ਵਕਾਲਤ ਨਹੀਂ ਕੀਤੀ, ਪਰ ਟਰੰਪ ਦੇ ਟੈਰਿਫਾਂ ਨੇ ਭਾਰਤ ਨੂੰ ਵੀ ਬ੍ਰਿਕਸ ਦੇ ਨਾਲ ਮਜ਼ਬੂਤੀ ਨਾਲ ਜੁੜਨ ਲਈ ਮਜਬੂਰ ਕਰ ਦਿੱਤਾ ਹੈ।

ਬ੍ਰਿਕਸ ਦੇਸ਼ਾਂ ਦੀ ਇੱਕਜੁੱਟਤਾ ਦਾ ਸਭ ਤੋਂ ਵੱਡਾ ਸਬੂਤ ਹੈ ਉਨ੍ਹਾਂ ਦੀਆਂ ਨਵੀਆਂ ਰਣਨੀਤਕ ਗੱਲਬਾਤਾਂ। ਬ੍ਰਾਜ਼ੀਲ ਦੇ ਰਾਸ਼ਟਰਪਤੀ ਲੂਲਾ ਦਾ ਸਿਲਵਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨਾਲ ਟੈਲੀਫੋਨ 'ਤੇ ਗੱਲਬਾਤ ਕੀਤੀ ਸੀ। ਲੂਲਾ ਨੇ ਟਰੰਪ ਨਾਲ ਸਿੱਧੀ ਗੱਲਬਾਤ ਕਰਨ ਤੋਂ ਸਾਫ ਇਨਕਾਰ ਕਰ ਦਿੱਤਾ ਅਤੇ ਕਿਹਾ, "ਮੈਂ ਟਰੰਪ ਨੂੰ ਫੋਨ ਨਹੀਂ ਕਰਾਂਗਾ, ਮੈਂ ਆਪਣੀ ਇੱਜ਼ਤ ਨਹੀਂ ਗਵਾਉਣੀ।" ਉਨ੍ਹਾਂ ਨੇ ਬ੍ਰਿਕਸ ਦੇਸ਼ਾਂ ਨੂੰ ਇਕੱਠੇ ਹੋ ਕੇ ਅਮਰੀਕੀ ਟੈਰਿਫਾਂ ਦਾ ਜਵਾਬ ਦੇਣ ਦੀ ਅਪੀਲ ਕੀਤੀ।

ਪ੍ਰਧਾਨ ਮੰਤਰੀ ਮੋਦੀ ਨੇ ਲੂਲਾ ਨਾਲ ਗੱਲਬਾਤ ਵਿੱਚ ਵਪਾਰ, ਰੱਖਿਆ, ਊਰਜਾ ਅਤੇ ਤਕਨੀਕੀ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਇਸ ਨੂੰ "ਗਲੋਬਲ ਸਾਊਥ ਦੀ ਸਾਂਝੇਦਾਰੀ" ਦਾ ਨਾਂ ਦਿੱਤਾ, ਜੋ ਸਿੱਧੇ ਤੌਰ 'ਤੇ ਅਮਰੀਕੀ ਨੀਤੀਆਂ ਦੇ ਖਿਲਾਫ ਇੱਕ ਸੁਨੇਹਾ ਸੀ। ਇਸ ਦੇ ਨਾਲ ਹੀ, ਮੋਦੀ 7 ਸਾਲਾਂ ਬਾਅਦ ਚੀਨ ਦੀ ਯਾਤਰਾ 'ਤੇ ਜਾ ਰਹੇ ਹਨ, ਜਿੱਥੇ ਉਹ ਸ਼ੰਘਾਈ ਸਹਿਯੋਗ ਸੰਗਠਨ (ਐਸ.ਸੀ.ਓ.) ਦੀ ਮੀਟਿੰਗ ਵਿੱਚ ਸ਼ਾਮਲ ਹੋਣਗੇ ਅਤੇ ਸ਼ੀ ਜਿਨਪਿੰਗ ਨਾਲ ਦੁਵੱਲੀ ਮੁਲਾਕਾਤ ਕਰਨਗੇ। ਭਾਰਤ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਨੇ ਮਾਸਕੋ ਜਾ ਕੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨਾਲ ਮੁਲਾਕਾਤ ਕੀਤੀ ਸੀ, ਅਤੇ ਪੁਤਿਨ ਦੀ ਇਸ ਸਾਲ ਨਵੀਂ ਦਿੱਲੀ ਯਾਤਰਾ ਦੀਆਂ ਤਿਆਰੀਆਂ ਵੀ ਸ਼ੁਰੂ ਹੋ ਗਈਆਂ ਹਨ।

ਇਹ ਸਾਰੀਆਂ ਗਤੀਵਿਧੀਆਂ ਸਪੱਸ਼ਟ ਕਰਦੀਆਂ ਹਨ ਕਿ ਬ੍ਰਿਕਸ ਦੇਸ਼ ਟਰੰਪ ਦੇ ਟੈਰਿਫਾਂ ਦਾ ਸਾਂਝਾ ਜਵਾਬ ਤਿਆਰ ਕਰ ਰਹੇ ਹਨ। ਬ੍ਰਿਕਸ ਦੀ ਇਸ ਗੁੱਟਬੰਦੀ ਨੇ ਅਮਰੀਕਾ ਨੂੰ ਇਹ ਅਹਿਸਾਸ ਕਰਵਾਇਆ ਹੈ ਕਿ ਵਿਸ਼ਵ ਅਰਥਚਾਰਾ ਹੁਣ ਸਿਰਫ਼ ਅਮਰੀਕੀ ਡਾਲਰ 'ਤੇ ਨਿਰਭਰ ਨਹੀਂ ਰਹਿ ਸਕਦਾ।

ਅਮਰੀਕੀ ਡਾਲਰ ਵਿਸ਼ਵ ਵਪਾਰ ਵਿੱਚ 80% ਤੋਂ ਵੱਧ ਲੈਣ-ਦੇਣ ਅਤੇ 58% ਵਿਦੇਸ਼ੀ ਮੁਦਰਾ ਭੰਡਾਰਾਂ ਦਾ ਹਿੱਸਾ ਹੈ। ਇਸ ਨੇ ਅਮਰੀਕਾ ਨੂੰ ਵਿਸ਼ਵ ਅਰਥਚਾਰੇ 'ਤੇ ਹਾਵੀ ਹੋਣ ਦੀ ਤਾਕਤ ਦਿੱਤੀ ਹੈ। ਪਰ ਬ੍ਰਿਕਸ ਦੇਸ਼, ਖਾਸਕਰ ਰੂਸ ਅਤੇ ਚੀਨ, ਡੀ-ਡਾਲਰਾਈਜ਼ੇਸ਼ਨ ਦੀ ਵਕਾਲਤ ਕਰ ਰਹੇ ਹਨ। ਉਹ ਬ੍ਰਿਕਸ ਪੇਅ ਅਤੇ ਬ੍ਰਿਕਸ ਬ੍ਰਿਜ ਵਰਗੀਆਂ ਪਹਿਲਕਦਮੀਆਂ ਨਾਲ ਅਮਰੀਕੀ ਸਵਿਫਟ ਸਿਸਟਮ ਦਾ ਬਦਲ ਤਿਆਰ ਕਰ ਰਹੇ ਹਨ।

ਭਾਰਤ ਨੇ ਹੁਣ ਤੱਕ ਬ੍ਰਿਕਸ ਮੁਦਰਾ ਦੀ ਵਕਾਲਤ ਨਹੀਂ ਕੀਤੀ, ਪਰ ਟਰੰਪ ਦੇ ਟੈਰਿਫਾਂ ਨੇ ਭਾਰਤ ਨੂੰ ਚੀਨ ਅਤੇ ਰੂਸ ਦੇ ਨੇੜੇ ਲਿਆ ਦਿੱਤਾ ਹੈ। ਭਾਰਤ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਕਿਹਾ ਕਿ ਭਾਰਤ ਦੇ ਰੂਸ ਨਾਲ "ਸਥਿਰ ਅਤੇ ਸਮੇਂ ਦੀ ਕਸਵਟੀ 'ਤੇ ਪਰਖੇ" ਸਬੰਧ ਹਨ, ਅਤੇ ਅਮਰੀਕਾ ਨੂੰ ਇਸ ਨੂੰ ਤੀਜੇ ਦੇਸ਼ ਦੇ ਨਜ਼ਰੀਏ ਤੋਂ ਨਹੀਂ ਦੇਖਣਾ ਚਾਹੀਦਾ।

ਮਾਹਿਰਾਂ ਦਾ ਮੰਨਣਾ ਹੈ ਕਿ ਟਰੰਪ ਦੀ ਟੈਰਿਫ ਨੀਤੀ ਅਮਰੀਕਾ ਲਈ ਉਲਟਾ ਅਸਰ ਕਰੇਗੀ। ਕੋਲੰਬੀਆ ਯੂਨੀਵਰਸਿਟੀ ਦੇ ਅਰਥਸ਼ਾਸਤਰੀ ਜੈਫਰੀ ਸੈਕਸ ਨੇ ਚੇਤਾਵਨੀ ਦਿੱਤੀ ਹੈ ਕਿ ਇਹ ਨੀਤੀ ਅਮਰੀਕਾ ਨੂੰ ਵਿਸ਼ਵ ਅਰਥਚਾਰੇ ਤੋਂ ਅਲੱਗ-ਥਲੱਗ ਕਰ ਦੇਵੇਗੀ। ਉਨ੍ਹਾਂ ਨੇ ਕਿਹਾ, "ਵਿਸ਼ਵ ਹੁਣ ਬਹੁਧਰੁਵੀ ਹੋ ਗਿਆ ਹੈ, ਅਤੇ ਅਮਰੀਕਾ ਦਾ ਸਾਮਰਾਜਵਾਦੀ ਮਾਡਲ ਹੁਣ ਨਹੀਂ ਚੱਲ ਸਕਦਾ।" ਅਮਰੀਕਾ ਦੇ ਸਾਬਕਾ ਰਾਸ਼ਟਰੀ ਸੁਰੱਖਿਆ ਸਲਾਹਕਾਰ ਜੌਨ ਬੋਲਟਨ ਨੇ ਵੀ ਚੇਤਾਵਨੀ ਦਿੱਤੀ ਕਿ ਭਾਰਤ 'ਤੇ ਟੈਰਿਫ ਲਗਾਉਣ ਨਾਲ ਭਾਰਤ ਰੂਸ ਅਤੇ ਚੀਨ ਦੇ ਹੋਰ ਨੇੜੇ ਜਾਵੇਗਾ, ਜਿਸ ਨਾਲ ਪਿਛਲੇ 25 ਸਾਲਾਂ ਦੀ ਅਮਰੀਕੀ ਕੂਟਨੀਤੀ ਦੀ ਮਿਹਨਤ 'ਤੇ ਪਾਣੀ ਫਿਰ ਜਾਵੇਗਾ।

ਟਰੰਪ ਦੇ ਟੈਰਿਫਾਂ ਦਾ ਸਿੱਧਾ ਅਸਰ ਅਮਰੀਕੀ ਖਪਤਕਾਰਾਂ 'ਤੇ ਵੀ ਪਵੇਗਾ। ਬ੍ਰਿਕਸ ਦੇਸ਼ਾਂ ਤੋਂ ਆਯਾਤ ਹੋਣ ਵਾਲੇ ਸਮਾਨ, ਜਿਵੇਂ ਕਿ ਬ੍ਰਾਜ਼ੀਲ ਤੋਂ ਕੌਫੀ, ਚੀਨ ਤੋਂ ਇਲੈਕਟ੍ਰੋਨਿਕਸ ਅਤੇ ਦੱਖਣੀ ਅਫਰੀਕਾ ਤੋਂ ਖਣਿਜ, ਦੀਆਂ ਕੀਮਤਾਂ ਵਧਣ ਨਾਲ ਅਮਰੀਕੀ ਬਜ਼ਾਰ ਵਿੱਚ ਮਹਿੰਗਾਈ ਵਧੇਗੀ।

ਇੱਕ ਦਿਲਚਸਪ ਗੱਲ ਇਹ ਹੈ ਕਿ ਬ੍ਰਾਜ਼ੀਲ 'ਤੇ 50% ਟੈਰਿਫ ਵਪਾਰਕ ਨੀਤੀਆਂ ਕਾਰਨ ਨਹੀਂ, ਸਗੋਂ ਸਾਬਕਾ ਰਾਸ਼ਟਰਪਤੀ ਜੈਰ ਬੋਲਸੋਨਾਰੋ ਦੇ ਖਿਲਾਫ ਚੱਲ ਰਹੇ ਮੁਕੱਦਮੇ ਕਾਰਨ ਲਗਾਇਆ ਗਿਆ। ਬੋਲਸੋਨਾਰੋ, ਜੋ ਟਰੰਪ ਦੇ ਨੇੜਲੇ ਸਹਿਯੋਗੀ ਹਨ, 'ਤੇ ਬ੍ਰਾਜ਼ੀਲ ਦੀ ਸੰਸਦ 'ਤੇ ਕਬਜ਼ੇ ਦੀ ਸਾਜ਼ਿਸ਼ ਦਾ ਇਲਜ਼ਾਮ ਹੈ। ਟਰੰਪ ਨੇ ਬੋਲਸੋਨਾਰੋ ਨੂੰ ਬਚਾਉਣ ਲਈ ਬ੍ਰਾਜ਼ੀਲ 'ਤੇ ਟੈਰਿਫ ਲਗਾਉਣ ਦਾ ਫੈਸਲਾ ਕੀਤਾ। ਇਸ ਦੇ ਜਵਾਬ ਵਿੱਚ, ਬ੍ਰਾਜ਼ੀਲ ਦੇ ਰਾਸ਼ਟਰਪਤੀ ਲੂਲਾ ਨੇ ਸਪੱਸ਼ਟ ਕੀਤਾ ਕਿ ਉਹ ਟਰੰਪ ਦੇ ਅੱਗੇ ਨਹੀਂ ਝੁਕਣਗੇ ਅਤੇ ਬ੍ਰਿਕਸ ਦੇਸ਼ਾਂ ਨੂੰ ਸਾਂਝੇ ਤੌਰ 'ਤੇ ਜਵਾਬ ਦੇਣ ਦੀ ਅਪੀਲ ਕੀਤੀ।

ਬ੍ਰਿਕਸ ਦੀ ਮਜ਼ਬੂਤ ਗੁੱਟਬੰਦੀ ਅਤੇ ਵਿਸ਼ਵ ਭਰ ਦੇ ਮਾਹਿਰਾਂ ਦੀਆਂ ਚੇਤਾਵਨੀਆਂ ਨੇ ਟਰੰਪ ਦੀ ਟੈਰਿਫ ਨੀਤੀ 'ਤੇ ਸਵਾਲ ਖੜ੍ਹੇ ਕਰ ਦਿੱਤੇ ਹਨ। ਕਈ ਮਾਹਿਰ ਮੰਨਦੇ ਹਨ ਕਿ ਟਰੰਪ ਦੀ ਇਹ ਨੀਤੀ ਉਲਟਾ ਅਮਰੀਕਾ ਦੇ ਹਿੱਤਾਂ ਨੂੰ ਨੁਕਸਾਨ ਪਹੁੰਚਾਏਗੀ। ਜੇਕਰ ਬ੍ਰਿਕਸ ਦੇਸ਼ ਆਪਣੀਆਂ ਮੁਦਰਾਵਾਂ ਵਿੱਚ ਵਪਾਰ ਨੂੰ ਹੋਰ ਵਧਾਉਂਦੇ ਹਨ ਜਾਂ ਅਮਰੀਕੀ ਡਾਲਰ ਦੀ ਨਿਰਭਰਤਾ ਘਟਾਉਂਦੇ ਹਨ, ਤਾਂ ਅਮਰੀਕੀ ਅਰਥਚਾਰੇ 'ਤੇ ਇਸ ਦਾ ਗੰਭੀਰ ਅਸਰ ਪੈ ਸਕਦਾ ਹੈ।

ਭਾਰਤ, ਜੋ ਪਿਛਲੇ 25 ਸਾਲਾਂ ਤੋਂ ਅਮਰੀਕਾ ਦਾ ਨੇੜਲਾ ਸਹਿਯੋਗੀ ਰਿਹਾ ਹੈ, ਹੁਣ ਟਰੰਪ ਦੀਆਂ ਨੀਤੀਆਂ ਕਾਰਨ ਰੂਸ ਅਤੇ ਚੀਨ ਵੱਲ ਝੁਕ ਰਿਹਾ ਹੈ। ਇਹ ਅਮਰੀਕੀ ਕੂਟਨੀਤੀ ਲਈ ਵੱਡਾ ਝਟਕਾ ਹੈ। ਜੇਕਰ ਟਰੰਪ ਆਪਣੀ ਟੈਰਿਫ ਨੀਤੀ 'ਤੇ ਅੜੇ ਰਹੇ, ਤਾਂ ਸੰਭਵ ਹੈ ਕਿ ਬ੍ਰਿਕਸ ਦੇਸ਼ ਵਧੇਰੇ ਆਕਰਮਕ ਰੁਖ ਅਪਣਾਉਣ। ਇਸ ਨਾਲ ਅਮਰੀਕੀ ਡਾਲਰ ਦੀ ਬਾਦਸ਼ਾਹੀ 'ਤੇ ਸਵਾਲ ਉੱਠਣ ਦੀ ਸੰਭਾਵਨਾ ਹੋਰ ਵਧ ਜਾਵੇਗੀ।

# ਬਿਹਾਰ ਵਿਖੇ 'ਵੋਟ ਚੋਰੀ' ਦੇ ਦੋਸ਼, ਰਾਹੁਲ ਗਾਂਧੀ ਦੀ 'ਵੋਟਰ ਅਧਿਕਾਰ ਯਾਤਰਾ' ਸ਼ੁਰੂ

## ✪ ਚੋਣ ਕਮਿਸ਼ਨ ਨੇ ਰਾਹੁਲ ਨੂੰ ਦਿੱਤੀ ਧਮਕੀ : 7 ਦਿਨ ਵਿਚ ਹਲਫ਼ਨਾਮਾ ਦਿਓ ਜਾਂ ਮਾਫ਼ੀ ਮੰਗੋ

## ✪ 'ਇੰਡੀਆ' ਗੱਠਜੋੜ ਦਾ ਦਾਅਵਾ: ਭਾਜਪਾ-ਚੋਣ ਕਮਿਸ਼ਨ ਮਿਲ ਕੇ ਵੋਟਰ ਸੂਚੀਆਂ ਵਿਚ ਕਰ ਰਹੇ ਨੇ ਗੜਬੜੀ



ਬਿਹਾਰ ਵਿਧਾਨ ਸਭਾ ਚੋਣਾਂ ਵਿਚ ਸਿਰਫ਼ ਤਿੰਨ ਮਹੀਨੇ ਬਾਕੀ ਰਹਿਣ ਦੇ ਮੱਦੇਨਜ਼ਰ ਅਤੇ ਵਿਰੋਧੀ ਧਿਰ ਦੇ ਭਾਜਪਾ ਅਤੇ ਚੋਣ ਕਮਿਸ਼ਨ 'ਤੇ 'ਵੋਟ ਚੋਰੀ' ਦੇ ਦੋਸ਼ਾਂ ਦਰਮਿਆਨ 'ਇੰਡੀਆ' ਗੱਠਜੋੜ ਨੇ ਸਾਸਾਰਾਮ ਤੋਂ 'ਵੋਟਰ ਅਧਿਕਾਰ ਯਾਤਰਾ' ਸ਼ੁਰੂ ਕੀਤੀ ਹੈ। ਇਹ ਯਾਤਰਾ ਲੋਕਾਂ ਨੂੰ ਵੋਟ ਦੇ ਅਧਿਕਾਰ ਪ੍ਰਤੀ ਜਾਗਰੂਕ ਕਰਨ ਅਤੇ ਚੋਣਾਂ ਵਿਚ ਕਥਿਤ ਗੜਬੜੀਆਂ ਨੂੰ ਰੋਕਣ ਦੇ ਮਕਸਦ ਨਾਲ ਸ਼ੁਰੂ ਕੀਤੀ ਗਈ ਹੈ। ਲੋਕ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ, ਆਰ.ਜੇ.ਡੀ. ਨੇਤਾ ਤੇਜਸਵੀ ਯਾਦਵ ਅਤੇ ਹੋਰ 'ਇੰਡੀਆ' ਗੱਠਜੋੜ ਦੇ ਨੇਤਾਵਾਂ ਨੇ ਸਾਸਾਰਾਮ ਦੇ ਬਿਆਡਾ ਗਰਾਊਂਡ ਤੋਂ 1300 ਕਿਲੋਮੀਟਰ ਲੰਬੀ ਯਾਤਰਾ ਦੀ ਸ਼ੁਰੂਆਤ ਕੀਤੀ, ਜੋ 16 ਦਿਨਾਂ ਬਾਅਦ 1 ਸਤੰਬਰ ਨੂੰ ਪਟਨਾ ਵਿਚ ਰੈਲੀ ਨਾਲ ਸਮਾਪਤ ਹੋਵੇਗੀ। ਇਸ ਦੌਰਾਨ ਰਾਹੁਲ ਗਾਂਧੀ ਅਤੇ ਚੋਣ ਕਮਿਸ਼ਨ ਵਿਚਕਾਰ 'ਵੋਟ ਚੋਰੀ' ਦੇ ਦੋਸ਼ਾਂ ਨੂੰ ਲੈ ਕੇ ਵਿਵਾਦ ਵਧ ਗਿਆ ਹੈ, ਜਿਸ 'ਚ ਮੁੱਖ ਚੋਣ ਕਮਿਸ਼ਨਰ (ਸੀ.ਈ.ਸੀ.) ਗਿਆਨੇਸ਼ ਕੁਮਾਰ ਗੁਪਤਾ ਨੇ ਰਾਹੁਲ ਨੂੰ 7 ਦਿਨਾਂ ਵਿਚ ਹਲਫ਼ਨਾਮਾ ਦੇਣ ਜਾਂ ਮਾਫ਼ੀ ਮੰਗਣ ਦੀ ਧਮਕੀ ਦਿੱਤੀ ਹੈ।

'ਇੰਡੀਆ' ਗੱਠਜੋੜ ਨੇ ਇਹ ਯਾਤਰਾ ਸ਼ੁਰੂ ਕੀਤੀ ਕਿਉਂਕਿ ਵਿਰੋਧੀ ਧਿਰ ਦਾ ਮੰਨਣਾ ਹੈ ਕਿ ਭਾਜਪਾ ਅਤੇ ਚੋਣ ਕਮਿਸ਼ਨ ਮਿਲ ਕੇ ਵੋਟਰ ਸੂਚੀਆਂ ਵਿਚ ਗੜਬੜੀਆਂ ਕਰਕੇ ਬਿਹਾਰ ਵਿਧਾਨ ਸਭਾ ਚੋਣਾਂ 'ਚੋਰੀ' ਦੀ ਸਾਜ਼ਿਸ਼ ਰਚ ਰਹੇ ਹਨ। ਰਾਹੁਲ ਗਾਂਧੀ ਨੇ ਸਾਸਾਰਾਮ ਵਿਚ ਸੰਬੋਧਨ ਦੌਰਾਨ ਕਿਹਾ ਕਿ ਚੋਣ ਕਮਿਸ਼ਨ ਭਾਜਪਾ ਨਾਲ ਮਿਲੀਭੁਗਤ ਕਰਕੇ ਵੋਟਰ ਸੂਚੀਆਂ ਵਿਚ 'ਵਿਸ਼ੇਸ਼ ਤੀਬਰ ਸੋਧ' (ਐਸ.ਆਈ.ਆਰ.) ਰਾਹੀਂ ਵੋਟਰਾਂ ਦੇ ਨਾਂ ਜੋੜਦਾ ਅਤੇ ਹਟਾਉਂਦਾ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਪੂਰੇ ਦੇਸ਼ ਵਿਚ ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ ਵਿਚ ਅਜਿਹੀਆਂ ਗੜਬੜੀਆਂ ਹੋ ਰਹੀਆਂ ਹਨ।

ਰਾਹੁਲ ਨੇ ਕਿਹਾ, "ਬਿਹਾਰ ਦੇ ਲੋਕ ਵੋਟ ਚੋਰੀ ਨਹੀਂ ਕਰਨ ਦੇਣਗੇ। ਗਰੀਬਾਂ ਕੋਲ ਸਿਰਫ਼ ਵੋਟ ਦੀ ਤਾਕਤ ਹੈ ਅਤੇ ਅਸੀਂ ਸੰਵਿਧਾਨ ਨੂੰ ਬਚਾਉਣ ਲਈ ਲੜਾਂਗੇ।" ਇਸ ਯਾਤਰਾ ਦਾ ਮਕਸਦ 20 ਤੋਂ ਜ਼ਿਆਦਾ ਜ਼ਿਲ੍ਹਿਆਂ ਵਿਚ ਜਾ ਕੇ ਲੋਕਾਂ ਨੂੰ ਉਨ੍ਹਾਂ ਦੇ ਵੋਟ ਦੇ ਅਧਿਕਾਰ ਬਾਰੇ ਜਾਗਰੂਕ ਕਰਨਾ ਅਤੇ ਕਥਿਤ ਸਾਜ਼ਿਸ਼ ਨੂੰ ਬੇਨਕਾਬ ਕਰਨਾ ਹੈ। ਸਮਾਗਮ ਵਿਚ ਕਾਂਗਰਸ ਪ੍ਰਧਾਨ ਮਲਿਕਅਰਜੁਨ ਖੜਗੇ, ਆਰ.ਜੇ.ਡੀ. ਮੁਖੀ ਲਾਲੂ ਪ੍ਰਸਾਦ ਅਤੇ ਤੇਜਸਵੀ ਯਾਦਵ ਨੇ ਵੀ ਸੰਬੋਧਨ ਕੀਤਾ।

ਰਾਹੁਲ ਗਾਂਧੀ ਨੇ ਆਪਣੀ ਪ੍ਰੈਸ ਕਾਨਫਰੰਸ ਵਿਚ ਦੋਸ਼ ਲਗਾਇਆ ਸੀ ਕਿ ਮਹਾਰਾਸ਼ਟਰ 'ਚ ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ ਵਿਚ 1 ਕਰੋੜ ਵੋਟਰਾਂ ਦੇ ਨਾਂ ਜੋੜੇ ਗਏ, ਜਿਨ੍ਹਾਂ ਨੇ ਭਾਜਪਾ ਦੀ ਅਗਵਾਈ ਵਾਲੇ ਗੱਠਜੋੜ ਨੂੰ ਵੋਟ ਦਿੱਤੀ। ਉਨ੍ਹਾਂ ਨੇ ਬਿਹਾਰ ਵਿਚ ਵੀ ਐਸ.ਆਈ.ਆਰ. ਪ੍ਰਕਿਰਿਆ 'ਤੇ ਸਵਾਲ ਉਠਾਏ, ਕਹਿੰਦੇ ਹੋਏ ਕਿ 65 ਲੱਖ ਵੋਟਰਾਂ ਦੇ ਨਾਂ ਹਟਾਏ ਗਏ। ਇਸ ਦੇ ਜਵਾਬ 'ਚ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਗੁਪਤਾ ਨੇ 17 ਅਗਸਤ ਨੂੰ ਪ੍ਰੈਸ ਕਾਨਫਰੰਸ ਵਿਚ ਰਾਹੁਲ ਗਾਂਧੀ ਦਾ ਨਾਂ ਲਏ ਬਿਨਾਂ ਉਨ੍ਹਾਂ ਨੂੰ 7 ਦਿਨਾਂ ਵਿਚ ਸਬੂਤਾਂ ਸਹਿਤ ਹਲਫ਼ਨਾਮਾ ਦੇਣ ਜਾਂ ਮਾਫ਼ੀ ਮੰਗਣ ਦੀ ਧਮਕੀ ਦਿੱਤੀ।

ਗੁਪਤਾ ਨੇ ਕਿਹਾ, "ਜੇ 7 ਦਿਨਾਂ ਵਿਚ ਹਲਫ਼ਨਾਮਾ ਨਾ ਮਿਲਿਆ ਤਾਂ ਸਾਰੇ ਦੋਸ਼ ਬੇਬੁਨਿਆਦ ਮੰਨੇ ਜਾਣਗੇ ਅਤੇ ਮਾਫ਼ੀ ਮੰਗਣੀ ਪਵੇਗੀ।" ਉਨ੍ਹਾਂ ਨੇ 'ਵੋਟ ਚੋਰੀ' ਵਰਗੇ ਸ਼ਬਦਾਂ ਨੂੰ ਲੋਕਤੰਤਰੀ ਸੰਸਥਾਵਾਂ ਨੂੰ ਕਮਜ਼ੋਰ ਕਰਨ ਵਾਲਾ ਦੱਸਿਆ। ਗੁਪਤਾ ਨੇ ਕਿਹਾ ਕਿ ਵੋਟਰ ਸੂਚੀ ਨੂੰ ਹਰ ਚੋਣ ਤੋਂ ਪਹਿਲਾਂ ਸੁਧਾਰਨਾ ਜਨਤਕ ਪ੍ਰਤੀਨਿਧਤਾ ਕਾਨੂੰਨ ਦੀ ਜ਼ਿੰਮੇਵਾਰੀ ਹੈ। ਉਨ੍ਹਾਂ ਦੱਸਿਆ ਕਿ ਬਿਹਾਰ ਵਿਚ ਐਸ.ਆਈ.ਆਰ. 24 ਜੂਨ ਨੂੰ ਸ਼ੁਰੂ ਹੋਈ ਅਤੇ 20 ਜੁਲਾਈ ਤੱਕ ਪੂਰੀ ਹੋ ਗਈ। ਉਨ੍ਹਾਂ ਨੇ ਮਹਾਰਾਸ਼ਟਰ ਵਿਚ 40 ਲੱਖ ਨਵੇਂ ਵੋਟਰਾਂ ਦੇ ਦੋਸ਼ਾਂ 'ਤੇ ਕਿਹਾ ਕਿ ਕੋਈ ਸਬੂਤ ਨਹੀਂ ਮਿਲਿਆ ਅਤੇ ਸਾਰੀਆਂ ਸੂਚੀਆਂ 1 ਸਤੰਬਰ ਤੱਕ ਸੁਧਾਰ ਲਈ ਖੁੱਲ੍ਹੀਆਂ ਹਨ। ਗੁਪਤਾ ਨੇ ਦੋਹਰੇ ਵੋਟਰ ਕਾਰਡ (ਈ.ਪੀ.ਆਈ.ਸੀ.) ਦੇ ਮੁੱਦੇ 'ਤੇ ਕਿਹਾ ਕਿ ਮਾਰਚ 2025 ਵਿਚ 3 ਲੱਖ ਅਜਿਹੇ ਨਾਂ ਸੁਧਾਰੇ ਗਏ ਸਨ। ਉਨ੍ਹਾਂ ਸੁਪਰੀਮ ਕੋਰਟ ਦੇ 14 ਅਗਸਤ ਦੇ ਹੁਕਮ ਦਾ ਜ਼ਿਕਰ ਕੀਤਾ, ਜਿਸ ਵਿਚ 65 ਲੱਖ ਹਟਾਏ ਵੋਟਰਾਂ ਦੀ ਸੂਚੀ ਮਸ਼ੀਨ-ਰੀਡੇਬਲ ਫਾਰਮੇਟ ਵਿਚ ਦੇਣ ਦਾ ਹੁਕਮ ਸੀ, ਪਰ ਵਿਰੋਧੀ ਧਿਰ ਦੇ ਸਵਾਲਾਂ ਦਾ ਸਪੱਸ਼ਟ ਜਵਾਬ ਨਹੀਂ ਦਿੱਤਾ।

ਕਾਂਗਰਸ ਨੇ ਚੋਣ ਕਮਿਸ਼ਨ 'ਤੇ ਭਾਜਪਾ ਦੀ ਸਕ੍ਰਿਪਟ ਪੜ੍ਹਨ ਦਾ ਦੋਸ਼ ਲਗਾਇਆ। ਕਾਂਗਰਸ ਨੇਤਾ ਪਵਨ ਖੇੜਾ ਨੇ ਕਿਹਾ, "ਗਿਆਨੇਸ਼ ਕੁਮਾਰ ਨੇ ਮਹਾਰਾਸ਼ਟਰ ਵਿਚ 1 ਲੱਖ ਵੋਟਰਾਂ ਦੀ ਗੜਬੜੀ ਦਾ ਜਵਾਬ ਨਹੀਂ ਦਿੱਤਾ। ਭਾਜਪਾ ਨੇਤਾ ਅਨੁਰਾਗ ਠਾਕੁਰ ਨੂੰ 6 ਲੋਕ ਸਭਾ ਸੀਟਾਂ ਦੀ ਵੋਟਰ ਸੂਚੀ ਮਿਲ ਗਈ, ਪਰ ਵਿਰੋਧੀ ਧਿਰ ਨੂੰ ਨਹੀਂ।" ਜੈਰਾਮ ਰਮੇਸ਼ ਨੇ ਕਿਹਾ ਕਿ ਸੁਪਰੀਮ ਕੋਰਟ ਦੇ ਹੁਕਮਾਂ ਨੂੰ ਲਾਗੂ ਕਰਨਾ ਚੋਣ ਕਮਿਸ਼ਨ ਦੀ ਜ਼ਿੰਮੇਵਾਰੀ ਹੈ, ਪਰ ਉਹ ਰਾਹੁਲ ਨੂੰ ਧਮਕੀਆਂ ਦੇ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਚੋਣ ਕਮਿਸ਼ਨ ਦੀ ਪਾਰਦਰਸ਼ਤਾ 'ਤੇ ਸਵਾਲ ਉੱਠ ਰਹੇ ਹਨ ਅਤੇ ਉਹ ਭਾਜਪਾ ਦੇ ਏਜੰਟ ਵਾਂਗ ਕੰਮ ਕਰ ਰਿਹਾ ਹੈ।

ਰਾਹੁਲ ਗਾਂਧੀ ਨੇ ਕਿਹਾ ਕਿ ਬਿਹਾਰ ਵਿਚ ਲੋਕਾਂ ਨੇ ਸ਼ਿਕਾਇਤ ਕੀਤੀ ਕਿ ਉਨ੍ਹਾਂ ਦੇ ਨਾਂ ਵੋਟਰ ਸੂਚੀਆਂ ਵਿਚੋਂ ਹਟਾਏ ਜਾ ਰਹੇ ਹਨ। ਉਨ੍ਹਾਂ ਨੇ ਚੋਣ ਕਮਿਸ਼ਨ ਦੀ ਸੁਤੰਤਰਤਾ 'ਤੇ ਸਵਾਲ ਉਠਾਉਂਦਿਆਂ ਕਿਹਾ ਕਿ 2023 ਵਿਚ ਮੋਦੀ ਸਰਕਾਰ ਨੇ ਕਾਨੂੰਨ ਬਣਾਇਆ ਕਿ ਕੋਈ ਵੀ ਅਦਾਲਤ ਚੋਣ ਕਮਿਸ਼ਨਰਾਂ 'ਤੇ ਮੁਕੱਦਮਾ ਨਹੀਂ ਸੁਣ ਸਕਦੀ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ 'ਇੰਡੀਆ' ਗੱਠਜੋੜ ਇਸ ਸਾਜ਼ਿਸ਼ ਨੂੰ ਸਫਲ ਨਹੀਂ ਹੋਣ ਦੇਵੇਗਾ ਅਤੇ ਸੰਵਿਧਾਨ ਦੀ ਰਾਖੀ ਲਈ ਲੜੇਗਾ।

ਪੰਜਾਬ ਟਾਈਮਜ਼ ਅਨੁਸਾਰ ਬਿਹਾਰ ਵਿਚ 'ਵੋਟਰ ਅਧਿਕਾਰ ਯਾਤਰਾ' ਅਤੇ ਚੋਣ ਕਮਿਸ਼ਨ ਦੀ ਪ੍ਰੈਸ ਕਾਨਫਰੰਸ ਨੇ ਰਾਜਨੀਤਕ ਮਾਹੌਲ ਨੂੰ ਗਰਮਾ ਦਿੱਤਾ ਹੈ। 'ਇੰਡੀਆ' ਗੱਠਜੋੜ ਦਾ ਦਾਅਵਾ ਹੈ ਕਿ ਭਾਜਪਾ ਅਤੇ ਚੋਣ ਕਮਿਸ਼ਨ ਮਿਲ ਕੇ ਵੋਟਰ ਸੂਚੀਆਂ ਵਿਚ ਗੜਬੜੀ ਕਰ ਰਹੇ ਹਨ, ਜਦਕਿ ਚੋਣ ਕਮਿਸ਼ਨ ਨੇ ਇਨ੍ਹਾਂ ਦੋਸ਼ਾਂ ਨੂੰ ਬੇਬੁਨਿਆਦ ਦੱਸਿਆ ਹੈ। ਇਹ ਵਿਵਾਦ ਬਿਹਾਰ ਦੀਆਂ ਚੋਣਾਂ 'ਤੇ ਕੀ ਅਸਰ ਪਾਵੇਗਾ, ਇਹ ਅਗਲੇ ਦਿਨਾਂ ਵਿਚ ਸਪੱਸ਼ਟ ਹੋਵੇਗਾ।

# ਗਿਆਨੀ ਹਰਪ੍ਰੀਤ ਸਿੰਘ ਦੀ ਪ੍ਰੈੱਸ ਕਾਨਫਰੰਸ ਰੱਦ

## ✪ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੀਟਿੰਗ ਹਾਲ ਨੂੰ ਲੱਗਾ ਤਾਲਾ



ਅਨੰਦਪੁਰ ਸਾਹਿਬ-ਸ਼੍ਰੋਮਣੀ ਅਕਾਲੀ ਦਲ (ਮੁੜ ਸੁਰਜੀਤ) ਦੇ ਨਵੇਂ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਨੂੰ ਬੀਤੇ ਦਿਨੀਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਪ੍ਰੈੱਸ ਕਾਨਫਰੰਸ ਕਰਨ ਤੋਂ ਰੋਕ ਦਿੱਤਾ ਗਿਆ। ਜਦੋਂ ਉਹ ਆਪਣੇ ਸਾਥੀਆਂ ਨਾਲ ਮੀਟਿੰਗ ਹਾਲ ਪਹੁੰਚੇ ਤਾਂ ਉਨ੍ਹਾਂ ਨੂੰ ਮੁੱਖ ਗੇਟ 'ਤੇ ਤਾਲਾ ਲੱਗਿਆ ਮਿਲਿਆ। ਇਸ 'ਤੇ ਉਨ੍ਹਾਂ ਦੇ ਸਮਰਥਕਾਂ ਨੇ ਤਖ਼ਤ ਸਾਹਿਬ ਦੀ ਮੈਨੇਜਮੈਂਟ 'ਤੇ ਦੋਸ਼ ਲਾਏ ਕਿ ਇਹ ਸਭ ਜਾਣ-ਬੁੱਝ ਕੇ ਕੀਤਾ ਗਿਆ ਹੈ ਤਾਂ ਜੋ ਉਨ੍ਹਾਂ ਦੀ ਪ੍ਰੈੱਸ ਕਾਨਫਰੰਸ ਨਾ ਹੋ ਸਕੇ।

ਦੂਜੇ ਪਾਸੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੈਨੇਜਰ ਗੁਰਦੀਪ ਸਿੰਘ ਕੰਗ ਨੇ ਇਨ੍ਹਾਂ ਦੋਸ਼ਾਂ ਨੂੰ ਬੇਬੁਨਿਆਦ ਦੱਸਿਆ। ਉਨ੍ਹਾਂ ਸਪੱਸ਼ਟ ਕੀਤਾ ਕਿ ਮੀਟਿੰਗ ਹਾਲ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਤਾਬਦੀ ਸਮਾਗਮਾਂ ਦੀ ਤਿਆਰੀ ਸਬੰਧੀ ਮੀਟਿੰਗ ਚੱਲ ਰਹੀ ਸੀ ਅਤੇ ਨਾਲ ਹੀ ਕੁਝ ਕਮਰਿਆਂ ਵਿੱਚ ਟਾਈਲਾਂ ਦਾ ਕੰਮ ਵੀ ਹੋ ਰਿਹਾ ਸੀ। ਇਸੇ ਕਾਰਨ ਮੁੱਖ ਗੇਟ ਨੂੰ ਬੰਦ ਕਰਨਾ ਪਿਆ, ਤਾਂ ਜੋ ਕੋਈ ਵਿਘਨ ਨਾ ਪਵੇ। ਉਨ੍ਹਾਂ ਦੱਸਿਆ ਕਿ ਮੀਟਿੰਗ ਹਾਲ ਦਾ ਇੱਕ ਹੋਰ ਛੋਟਾ ਗੇਟ ਵੀ ਹੈ, ਜੋ ਖੁੱਲ੍ਹਾ ਸੀ।

ਭਾਵੇਂ ਮੈਨੇਜਮੈਂਟ ਦੇ ਪੱਖ ਰੱਖਣ ਤੋਂ ਬਾਅਦ ਮਾਮਲਾ ਸ਼ਾਂਤ ਹੋ ਗਿਆ, ਪਰ ਇਸ ਘਟਨਾ ਨੇ ਧਾਰਮਿਕ ਤੇ ਰਾਜਨੀਤਿਕ ਗਲਿਆਰਿਆਂ ਵਿੱਚ ਬਹਿਸ ਛੇੜ ਦਿੱਤੀ ਹੈ। ਅਕਾਲੀ ਦਲ ਦੇ ਸਮਰਥਕਾਂ ਵਿੱਚ ਇਸ ਘਟਨਾ ਨੂੰ ਲੈ ਕੇ ਨਾਰਾਜ਼ਗੀ ਵੇਖਣ ਨੂੰ ਮਿਲੀ। ਮੈਨੇਜਰ ਕੰਗ ਨੇ ਸਾਫ਼ ਕੀਤਾ ਕਿ ਤਖ਼ਤ ਸਾਹਿਬ ਇੱਕ ਅਧਿਆਤਮਕ ਸਥਾਨ ਹੈ ਅਤੇ ਇੱਥੇ ਹਰ ਸ਼ਰਧਾਲੂ ਲਈ ਦਰਵਾਜ਼ੇ ਖੁੱਲ੍ਹੇ ਹਨ। ਉਨ੍ਹਾਂ ਦੋਸ਼ ਲਾਉਣ ਵਾਲਿਆਂ ਨੂੰ ਸੱਚਾਈ ਦੀ ਪੜਤਾਲ ਕਰਨ ਦੀ ਸਲਾਹ ਦਿੱਤੀ।

# ਪੰਜਾਬੀ ਅਸਲੇ ਅਤੇ ਨਸ਼ਿਆਂ ਦੇ ਸ਼ੌਕੀਨ

**ਖਾਸ ਖ਼ਬਰ** ✪ ਪੰਜਾਬ ਵਿਚ 8 ਸਾਲਾਂ ਦੌਰਾਨ 3.65 ਲੱਖ ਡੋਪ ਟੈਸਟ, 55 ਕਰੋੜ ਦਾ ਵਿੱਤੀ ਬੋਝ ✪ ਅੰਮ੍ਰਿਤਸਰ-ਬਠਿੰਡਾ ਸਭ ਤੋਂ ਅੱਗੇ, ਅਸਲਾ ਲਾਇਸੈਂਸ ਲਈ ਡੋਪ ਟੈਸਟ ਜ਼ਰੂਰੀ,55,318 ਪਾਜ਼ਟਿਵ ਟੈਸਟ





ਪੰਜਾਬ ਵਿੱਚ ਨਸ਼ਿਆਂ ਦੀ ਸਮੱਸਿਆ ਨੂੰ ਰੋਕਣ ਅਤੇ ਅਸਲਾ ਲਾਇਸੈਂਸ ਦੇ ਅਰਜ਼ੀਕਾਰੀਆਂ ਵਿਚ ਨਸ਼ੇੜੀਆਂ ਦੀ ਪਛਾਣ ਲਈ ਸਰਕਾਰ ਨੇ ਡੋਪ ਟੈਸਟ ਲਾਜ਼ਮੀ ਕਰ ਦਿੱਤਾ ਸੀ। ਇਸ ਪ੍ਰਕਿਰਿਆ ਨੇ ਪਿਛਲੇ 8 ਸਾਲਾਂ ਵਿੱਚ ਪੰਜਾਬ ਦੇ 23 ਜ਼ਿਲ੍ਹਿਆਂ ਵਿੱਚ 3,65,872 ਡੋਪ ਟੈਸਟ ਕਰਵਾਏ, ਜਿਸ 'ਤੇ ਲੋਕਾਂ ਨੇ ਕੁੱਲ 55 ਕਰੋੜ ਰੁਪਏ ਖਰਚ ਕੀਤੇ। ਆਰਟੀਆਈ ਤਹਿਤ ਸਾਹਮਣੇ ਆਈ ਜਾਣਕਾਰੀ ਮੁਤਾਬਕ, ਇਨ੍ਹਾਂ ਟੈਸਟਾਂ ਵਿੱਚੋਂ 3,10,488 ਨੇਗੇਟਿਵ ਅਤੇ 55,318 ਪਾਜ਼ਟਿਵ ਰਹੇ। ਅੰਮ੍ਰਿਤਸਰ, ਬਠਿੰਡਾ ਅਤੇ ਤਰਨਤਾਰਨ ਵਰਗੇ ਜ਼ਿਲ੍ਹਿਆਂ ਨੇ ਸਭ ਤੋਂ ਵੱਧ ਟੈਸਟ ਕਰਵਾਏ, ਜੋ ਪੰਜਾਬੀਆਂ ਦੀ ਅਸਲੇ ਪ੍ਰਤੀ ਸ਼ੌਕੀਨੀ ਨੂੰ ਦਰਸਾਉਂਦੇ ਹਨ।

ਕੁਝ ਸਾਲ ਪਹਿਲਾਂ ਪੰਜਾਬ ਸਰਕਾਰ ਨੇ ਅਸਲਾ ਲਾਇਸੈਂਸ ਦੇਣ ਤੋਂ ਪਹਿਲਾਂ ਡੋਪ ਟੈਸਟ ਕਰਵਾਉਣਾ ਲਾਜ਼ਮੀ ਕਰ ਦਿੱਤਾ ਸੀ। ਇਸ ਦਾ ਮਕਸਦ ਸੀ ਕਿ ਨਸ਼ਿਆਂ ਦੀ ਆਦਤ ਵਾਲੇ ਵਿਅਕਤੀਆਂ ਨੂੰ ਹਥਿਆਰ ਨਾ ਦਿੱਤੇ ਜਾਣ, ਤਾਂ ਜੋ ਸਮਾਜਿਕ ਸੁਰੱਖਿਆ ਨੂੰ ਖਤਰਾ ਨਾ ਪੈਦਾ ਹੋਵੇ। ਸਿਹਤ ਅਤੇ ਪਰਿਵਾਰ ਕਲਿਆਣ ਵਿਭਾਗ ਦੀ ਮਨੋਵਿਗਿਆਨਕ ਸਿਹਤ ਸ਼ਾਖਾ ਨੇ 8 ਨਵੰਬਰ 2019 ਨੂੰ ਸਾਰੇ ਸਿਵਲ ਸਰਜਨਾਂ ਨੂੰ ਪੱਤਰ ਜਾਰੀ ਕਰਕੇ ਨਿਯਮ ਜਾਰੀ ਕੀਤੇ ਸਨ। ਹਰ ਡੋਪ ਟੈਸਟ ਦੀ ਫੀਸ 1500 ਰੁਪਏ ਰੱਖੀ ਗਈ ਸੀ, ਜਿਸ ਵਿੱਚ ਮਾਰਫਿਨ, ਕੋਡਿਨ, ਟ੍ਰਾਮਾਡੋਲ, ਕੋਕੀਨ ਵਰਗੀਆਂ 10 ਕਿਸਮ ਦੀਆਂ ਨਸ਼ੀਲੀਆਂ ਦਵਾਈਆਂ ਦੀ ਜਾਂਚ ਕੀਤੀ ਜਾਂਦੀ ਹੈ। ਇਸ ਪ੍ਰਕਿਰਿਆ ਨੇ ਨਸ਼ਿਆਂ ਦੀ ਸਮੱਸਿਆ ਨੂੰ ਸਮਝਣ ਅਤੇ ਰੋਕਣ ਵਿਚ ਮਦਦ ਕੀਤੀ, ਪਰ ਇਸ ਨਾਲ ਲੋਕਾਂ 'ਤੇ ਵਿੱਤੀ ਬੋਝ ਵੀ ਵਧਿਆ।

## ਜ਼ਿਲ੍ਹਾ-ਵਾਰ ਅੰਕੜੇ: ਅੰਮ੍ਰਿਤਸਰ ਸਭ ਤੋਂ ਅੱਗੇ, ਬਠਿੰਡਾ ਦੂਜੇ ਨੰਬਰ 'ਤੇ

ਆਰਟੀਆਈ ਦੇ ਅੰਕੜਿਆਂ ਮੁਤਾਬਕ, ਪਿਛਲੇ 8 ਸਾਲਾਂ ਵਿੱਚ ਪੰਜਾਬ ਦੇ 23 ਜ਼ਿਲ੍ਹਿਆਂ ਵਿੱਚ 3,65,872 ਡੋਪ ਟੈਸਟ ਕੀਤੇ ਗਏ। ਇਨ੍ਹਾਂ ਵਿੱਚ ਸਭ ਤੋਂ ਵੱਧ ਟੈਸਟ ਅੰਮ੍ਰਿਤਸਰ ਵਿੱਚ ਹੋਏ, ਜਿੱਥੇ 61,158 ਲੋਕਾਂ ਨੇ ਡੋਪ ਟੈਸਟ ਕਰਵਾਇਆ। ਦੂਜੇ ਨੰਬਰ 'ਤੇ ਬਠਿੰਡਾ ਰਿਹਾ, ਜਿੱਥੇ 36,927 ਟੈਸਟ ਕੀਤੇ ਗਏ। ਤਰਨਤਾਰਨ (27,007), ਸ਼੍ਰੀ ਮੁਕਤਸਰ ਸਾਹਿਬ (26,990) ਅਤੇ ਮਾਨਸਾ (11,029) ਵਰਗੇ ਜ਼ਿਲ੍ਹਿਆਂ ਵਿੱਚ ਵੀ ਵੱਡੀ ਗਿਣਤੀ ਵਿਚ ਟੈਸਟ ਹੋਏ। ਇਸ ਦੇ ਉਲਟ, ਹੁਸ਼ਿਆਰਪੁਰ (1,681) ਅਤੇ ਲੁਧਿਆਣਾ (3,165) ਵਰਗੇ ਜ਼ਿਲ੍ਹਿਆਂ ਵਿੱਚ ਟੈਸਟਾਂ ਦੀ ਗਿਣਤੀ ਘੱਟ ਰਹੀ ਹੈ।

ਖਾਸ ਗੱਲ ਇਹ ਹੈ ਕਿ 2017 ਵਿੱਚ ਸਿਰਫ਼ ਅੰਮ੍ਰਿਤਸਰ ਵਿੱਚ ਹੀ 3,546 ਟੈਸਟ ਹੋਏ, ਜਦਕਿ ਬਾਕੀ 22 ਜ਼ਿਲ੍ਹਿਆਂ ਵਿੱਚ ਇੱਕ ਵੀ ਟੈਸਟ ਨਹੀਂ ਕੀਤਾ ਗਿਆ। ਬਠਿੰਡਾ ਵਿੱਚ ਮਾਨਸਾ ਨਾਲੋਂ ਤਿੰਨ ਗੁਣਾ ਵੱਧ ਟੈਸਟ ਹੋਏ, ਜੋ ਇਸ ਜ਼ਿਲ੍ਹੇ ਦੇ ਲੋਕਾਂ ਦੀ ਅਸਲੇ ਪ੍ਰਤੀ ਸ਼ੌਕੀਨਤਾ ਨੂੰ ਦਰਸਾਉਂਦਾ ਹੈ। ਪਠਾਨਕੋਟ ਵਿੱਚ 163 ਸੀਨੀਅਰ ਸਿਟੀਜ਼ਨਾਂ ਦੇ ਡੋਪ ਟੈਸਟ ਵੀ ਸ਼ਾਮਲ ਕੀਤੇ ਗਏ, ਜਦਕਿ ਆਮ ਤੌਰ 'ਤੇ ਸੀਨੀਅਰ ਸਿਟੀਜ਼ਨਾਂ ਦੇ ਟੈਸਟ ਨਹੀਂ ਹੁੰਦੇ।

## ਖਰਚ ਅਤੇ ਅਸਰ: 55 ਕਰੋੜ ਦਾ ਵਿੱਤੀ ਬੋਝ

ਹਰ ਡੋਪ ਟੈਸਟ ਦੀ 1500 ਰੁਪਏ ਦੀ ਫੀਸ ਨੇ ਪੰਜਾਬੀਆਂ 'ਤੇ ਵੱਡਾ ਵਿੱਤੀ ਬੋਝ ਪਾਇਆ। 3,65,872 ਟੈਸਟਾਂ ਦਾ ਕੁੱਲ ਖਰਚਾ 54 ਕਰੋੜ 88 ਲੱਖ ਰੁਪਏ ਬਣਦਾ ਹੈ, ਜੋ ਸਾਲਾਨਾ ਔਸਤਨ 7 ਕਰੋੜ ਰੁਪਏ ਦੇ ਖਰਚ ਨੂੰ ਦਰਸਾਉਂਦਾ ਹੈ। ਪ੍ਰਤੀ ਸਾਲ 45,734 ਅਤੇ ਪ੍ਰਤੀ ਮਹੀਨਾ 3,812 ਟੈਸਟਾਂ ਦੀ ਔਸਤ ਨੇ ਇਸ ਪ੍ਰਕਿਰਿਆ ਦੀ ਵਿਆਪਕਤਾ ਨੂੰ ਸਪੱਸ਼ਟ ਕੀਤਾ। 55,318 ਪਾਜ਼ਟਿਵ ਟੈਸਟਾਂ ਨੇ ਇਹ ਵੀ ਦਰਸਾਇਆ ਕਿ ਪੰਜਾਬ ਵਿੱਚ ਨਸ਼ਿਆਂ ਦੀ ਸਮੱਸਿਆ ਅਜੇ ਵੀ ਗੰਭੀਰ ਹੈ, ਅਤੇ ਅਸਲਾ ਲਾਇਸੈਂਸ ਲਈ ਇਹ ਪ੍ਰਕਿਰਿਆ ਜ਼ਰੂਰੀ ਹੈ। ਇਸ ਪ੍ਰਕਿਰਿਆ ਨੇ ਇੱਕ ਪਾਸੇ ਨਸ਼ੇੜੀਆਂ ਦੀ ਪਛਾਣ ਕਰਕੇ ਸੁਰੱਖਿਆ ਨੂੰ ਵਧਾਇਆ, ਪਰ ਦੂਜੇ ਪਾਸੇ ਲੋਕਾਂ 'ਤੇ ਵਿੱਤੀ ਬੋਝ ਵੀ ਵਧਾਇਆ। ਕਈ ਲੋਕਾਂ ਦਾ ਮੰਨਣਾ ਹੈ ਕਿ 1500 ਰੁਪਏ ਦੀ ਫੀਸ ਬਹੁਤ ਜ਼ਿਆਦਾ ਹੈ, ਅਤੇ ਸਰਕਾਰ ਨੂੰ ਇਸ ਨੂੰ ਘਟਾਉਣ ਜਾਂ ਸਬਸਿਡੀ ਦੇਣ 'ਤੇ ਵਿਚਾਰ ਕਰਨਾ ਚਾਹੀਦਾ।

## ਪੰਜਾਬੀ ਅਸਲੇ ਦੇ ਸ਼ੌਕੀਨ

ਪੰਜਾਬ ਵਿੱਚ ਅਸਲੇ ਦੀ ਸ਼ੌਕੀਨੀ ਦਾ ਮੁੱਦਾ ਨਵਾਂ ਨਹੀਂ ਹੈ। ਬਠਿੰਡਾ, ਅੰਮ੍ਰਿਤਸਰ ਅਤੇ ਤਰਨਤਾਰਨ ਵਰਗੇ ਜ਼ਿਲ੍ਹਿਆਂ ਵਿੱਚ ਵੱਡੀ ਗਿਣਤੀ ਵਿਚ ਡੋਪ ਟੈਸਟ ਹੋਣ ਦੇ ਅੰਕੜੇ ਇਸ ਨੂੰ ਸਪੱਸ਼ਟ ਕਰਦੇ ਹਨ। ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਬਠਿੰਡੇ ਵਾਲੇ ਅਸਲਾ ਰੱਖਣ ਦੇ ਸ਼ੌਕੀਨ ਹਨ ਅਤੇ ਅੰਕੜੇ ਵੀ ਇਸ ਦੀ ਪੁਸ਼ਟੀ ਕਰਦੇ ਹਨ। ਬਠਿੰਡਾ ਵਿੱਚ 36,927 ਟੈਸਟ ਹੋਣ ਨਾਲ ਇਹ ਜ਼ਿਲ੍ਹਾ ਦੂਜੇ ਨੰਬਰ 'ਤੇ ਹੈ, ਜੋ ਸੱਭਿਆਚਾਰਕ ਅਤੇ ਸਮਾਜਿਕ ਪਰੰਪਰਾਵਾਂ ਨੂੰ ਦਰਸਾਉਂਦਾ ਹੈ।

ਪੰਜਾਬ ਦੇ ਸਰਹੱਦੀ ਇਲਾਕਿਆਂ, ਜਿਵੇਂ ਕਿ ਅੰਮ੍ਰਿਤਸਰ ਅਤੇ ਤਰਨਤਾਰਨ, ਵਿੱਚ ਸੁਰੱਖਿਆ ਦੀਆਂ ਚਿੰਤਾਵਾਂ ਕਾਰਨ ਅਸਲੇ ਦੀ ਮੰਗ ਵਧੇਰੇ ਹੈ। ਇਸ ਤੋਂ ਇਲਾਵਾ, ਪੰਜਾਬ ਦੀ ਸੱਭਿਆਚਾਰਕ ਵਿਰਾਸਤ, ਜਿੱਥੇ ਹਥਿਆਰ ਨੂੰ ਸ਼ੌਕ ਅਤੇ ਸੁਰੱਖਿਆ ਦਾ ਪ੍ਰਤੀਕ ਮੰਨਿਆ ਜਾਂਦਾ ਹੈ, ਨੇ ਵੀ ਅਸਲਾ ਲਾਇਸੈਂਸਾਂ ਦੀ ਮੰਗ ਨੂੰ ਵਧਾਇਆ ਹੈ। ਪਰ ਨਸ਼ਿਆਂ ਦੀ ਸਮੱਸਿਆ ਨੇ ਸਰਕਾਰ ਨੂੰ ਇਹ ਨਿਯਮ ਲਾਗੂ ਕਰਨ ਲਈ ਮਜਬੂਰ ਕੀਤਾ, ਤਾਂ ਜੋ ਅਸਲੇ ਦੀ ਦੁਰਵਰਤੋਂ ਨੂੰ ਰੋਕਿਆ ਜਾ ਸਕੇ। ਮਾਹਿਰਾਂ ਦਾ ਮੰਨਣਾ ਹੈ ਕਿ ਪੰਜਾਬ ਵਿੱਚ ਅਸਲੇ ਦੀ ਸ਼ੌਕੀਨੀ ਦੇ ਪਿੱਛੇ ਸੁਰੱਖਿਆ, ਸਮਾਜਿਕ ਪ੍ਰਭਾਵ ਅਤੇ ਸੱਭਿਆਚਾਰਕ ਮਾਣ ਦੇ ਭਾਵ ਸ਼ਾਮਲ ਹਨ। ਪਰ 55,318 ਪਾਜ਼ਟਿਵ ਡੋਪ ਟੈਸਟਾਂ ਨੇ ਇਹ ਵੀ ਸਪੱਸ਼ਟ ਕੀਤਾ ਕਿ ਨਸ਼ਿਆਂ ਦੀ ਸਮੱਸਿਆ ਅਜੇ ਵੀ ਪੰਜਾਬ ਦੇ ਸਮਾਜ ਵਿਚ ਡੂੰਘੀਆਂ ਜੜ੍ਹਾਂ ਰੱਖਦੀ ਹੈ। ਸਰਕਾਰ ਨੇ ਇਸ ਸਮੱਸਿਆ ਨੂੰ ਹੱਲ ਕਰਨ ਲਈ ਕਈ ਕਦਮ ਚੁੱਕੇ ਹਨ, ਜਿਵੇਂ ਕਿ ਐਂਟੀ-ਡਰੋਨ ਸਿਸਟਮ ਦੀ ਸ਼ੁਰੂਆਤ, ਜਿਸ ਨਾਲ ਸਰਹੱਦ ਪਾਰੋਂ ਨਸ਼ਿਆਂ ਦੀ ਤਸਕਰੀ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਡੋਪ ਟੈਸਟ ਦੀ ਪ੍ਰਕਿਰਿਆ ਨੇ ਨਸ਼ਿਆਂ ਦੀ ਪਛਾਣ ਵਿਚ ਮਦਦ ਤਾਂ ਕੀਤੀ, ਪਰ ਇਸ ਦੇ ਨਾਲ ਹੀ ਕਈ ਚੁਣੌਤੀਆਂ ਵੀ ਸਾਹਮਣੇ ਆਈਆਂ। 1500 ਰੁਪਏ ਦੀ ਫੀਸ ਨੂੰ ਘਟਾਉਣ ਦੀ ਮੰਗ ਵਧ ਰਹੀ ਹੈ, ਕਿਉਂਕਿ ਇਹ ਆਮ ਲੋਕਾਂ ਲਈ ਵੱਡਾ ਖਰਚਾ ਹੈ। ਇਸ ਤੋਂ ਇਲਾਵਾ, ਪਾਜ਼ਟਿਵ ਟੈਸਟ ਵਾਲੇ ਵਿਅਕਤੀਆਂ ਲਈ ਪੁਨਰਵਾਸ ਪ੍ਰੋਗਰਾਮਾਂ ਦੀ ਘਾਟ ਵੀ ਇੱਕ ਵੱਡੀ ਸਮੱਸਿਆ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਡੋਪ ਟੈਸਟ ਦੀ ਪ੍ਰਕਿਰਿਆ ਨੂੰ ਹੋਰ ਸੁਖਾਲਾ ਕੀਤਾ ਜਾਵੇ ਅਤੇ ਨਸ਼ਾ ਮੁਕਤੀ ਕੇਂਦਰਾਂ ਦੀ ਗਿਣਤੀ ਵਧਾਈ ਜਾਵੇ।



# ਕੀ ਸਿੱਖ ਪੰਥ ਦੇ ਸੰਵਿਧਾਨਕ ਹੱਕ ਖੋਹੇ ਜਾ ਰਹੇ ਨੇ ?

## ✪ ਨਾਭਾ ਦੇ ਸਰਪੰਚ ਨੂੰ ਲਾਲ ਕਿਲ੍ਹੇ ’ਤੇ ਸ੍ਰੀ ਸਾਹਿਬ ਕਾਰਨ ਰੋਕਣ ਦੀ ਘਟਨਾ ਕਾਰਣ ਸਿੱਖ ਪੰਥ ਵਿਚ ਰੋਸ ✪ ਸਵੱਛ ਭਾਰਤ ਮੁਹਿੰਮ ਦੇ ਸਨਮਾਨ ਲਈ ਦਿੱਲੀ ਬੁਲਾਏ ਗੁਰਧਿਆਨ ਸਿੰਘ ਦਾ ਹੋਇਆ ਅਪਮਾਨ

ਬੀਤੇ ਦਿਨੀਂ ਨਾਭਾ ਬਲਾਕ ਦੇ ਪਿੰਡ ਕਲਸਾਣਾ ਦੀ ਪੰਚਾਇਤ ਨੂੰ ਸਵੱਛ ਭਾਰਤ ਅਭਿਆਨ ਅਧੀਨ ਸਫਾਈ ਲਈ ਸਨਮਾਨਿਤ ਕਰਨ ਦੇ ਮਕਸਦ ਨਾਲ 15 ਅਗਸਤ 2025 ਨੂੰ ਨਵੀਂ ਦਿੱਲੀ ਬੁਲਾਇਆ ਗਿਆ ਸੀ। ਪਿੰਡ ਦੇ ਸਰਪੰਚ ਗੁਰਧਿਆਨ ਸਿੰਘ ਨੂੰ ਜਲ ਸ਼ਕਤੀ ਮੰਤਰੀ ਵੀ. ਸਮਾਨਾ ਨੇ ਸਨਮਾਨਿਤ ਵੀ ਕੀਤਾ ਸੀ। ਪਰ ਉਸੇ ਦਿਨ, ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਲਾਲ ਕਿਲ੍ਹੇ ’ਤੇ ਤਿਰੰਗਾ ਲਹਿਰਾਉਣ ਵਾਲੇ ਸਨ, ਸਰਪੰਚ ਗੁਰਧਿਆਨ ਸਿੰਘ ਨੂੰ ਸੱਦਾ ਪੱਤਰ ਮਿਲਣ ਦੇ ਬਾਵਜੂਦ ਸੁਰੱਖਿਆ ਮੁਲਾਜ਼ਮਾਂ ਨੇ ਗੇਟ ‘ਤੇ ਰੋਕ ਲਿਆ। ਕਾਰਨ ਸੀ ਉਨ੍ਹਾਂ ਦਾ ਸ੍ਰੀ ਸਾਹਿਬ (ਕਿਰਪਾਨ) ਪਹਿਨਣਾ, ਜੋ ਸਿੱਖ ਧਰਮ ਦੇ ਪੰਜ ਕਕਾਰਾਂ ਵਿੱਚੋਂ ਇੱਕ ਹੈ। ਸੁਰੱਖਿਆ ਮੁਲਾਜ਼ਮਾਂ ਨੇ ਉਨ੍ਹਾਂ ਨੂੰ ਸ੍ਰੀ ਸਾਹਿਬ ਉਤਾਰਨ ਦੀ ਸ਼ਰਤ ’ਤੇ ਹੀ ਅੰਦਰ ਜਾਣ ਦੀ ਇਜਾਜ਼ਤ ਦੇਣ ਦੀ ਗੱਲ ਕਹੀ। ਗੁਰਧਿਆਨ ਸਿੰਘ ਨੇ ਆਪਣੇ ਧਰਮ ਦੇ ਸਿਧਾਂਤਾਂ ਨੂੰ ਤਰਜੀਹ ਦਿੰਦਿਆਂ ਸ੍ਰੀ ਸਾਹਿਬ ਨਾ ਉਤਾਰਨ ਦਾ ਫੈਸਲਾ ਕੀਤਾ ਅਤੇ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਦੀ ਬਜਾਏ ਵਾਪਸ ਪਰਤ ਗਏ। ਉਨ੍ਹਾਂ ਨੇ ਇਸ ਘਟਨਾ ਨੂੰ ਸਿੱਖ ਭਾਵਨਾਵਾਂ ਦੀ ਬੇਇੱਜਤੀ ਦੱਸਿਆ। ਉਨ੍ਹਾਂ ਕਿਹਾ ਕਿ ਭਾਰਤ ਦੀ ਰਾਜਧਾਨੀ ਵਿੱਚ ਅਜਿਹਾ ਵਿਵਹਾਰ ਅਸਵੀਕਾਰਨਯੋਗ ਹੈ। ਉਨ੍ਹਾਂ ਨੇ ਕਿਹਾ, “ਮੈਨੂੰ ਸਨਮਾਨ ਲਈ ਬੁਲਾਇਆ ਗਿਆ ਸੀ, ਪਰ ਅਪਮਾਨ ਹੋਇਆ।”

ਇਸ ਘਟਨਾ ਨੇ ਸਿੱਖ ਭਾਈਚਾਰੇ ਵਿੱਚ ਤਿੱਖਾ ਰੋਸ ਪੈਦਾ ਕੀਤਾ ਹੈ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਘਟਨਾ ਦੀ ਸਖ਼ਤ ਨਿੰਦਾ ਕੀਤੀ ਹੈ। ਉਨ੍ਹਾਂ ਨੇ ਇਸ ਨੂੰ ਸਿੱਖ ਵਿਰੋਧੀ ਮਾਨਸਿਕਤਾ ਦਾ ਪ੍ਰਗਟਾਵਾ ਕਰਾਰ ਦਿੰਦਿਆਂ ਕਿਹਾ ਕਿ ਸਿੱਖਾਂ ਨੇ ਦੇਸ਼ ਦੀ ਆਜ਼ਾਦੀ ਲਈ ਵੱਡੀਆਂ ਕੁਰਬਾਨੀਆਂ ਦਿੱਤੀਆਂ ਹਨ, ਪਰ ਅਜ਼ਾਦੀ ਤੋਂ ਬਾਅਦ ਵੀ ਉਨ੍ਹਾਂ ਨਾਲ ਵਿਤਕਰਾ ਜਾਰੀ ਹੈ। ਧਾਮੀ ਨੇ ਕਿਹਾ ਕਿ ਗੁਰਧਿਆਨ ਸਿੰਘ ਨੂੰ ਵਿਸ਼ੇਸ਼ ਸੱਦੇ ’ਤੇ ਬੁਲਾਇਆ ਗਿਆ ਸੀ, ਪਰ ਉਨ੍ਹਾਂ ਦੇ ਧਾਰਮਿਕ ਚਿੰਨ੍ਹ ਸ੍ਰੀ ਸਾਹਿਬ ਕਾਰਨ ਰੋਕਣਾ ਬੇਗਾਨਗੀ ਵਾਲਾ ਵਿਹਾਰ ਹੈ। ਸੰਵਿਧਾਨ ਸਿੱਖਾਂ ਨੂੰ ਪੰਜ ਕਕਾਰ ਪਹਿਨਣ ਦਾ ਪੂਰਾ ਹੱਕ ਦਿੰਦਾ ਹੈ, ਪਰ ਸਰਕਾਰੀ ਅਧਿਕਾਰੀ ਇਸ ਦੀ ਉਲੰਘਣਾ ਕਰ ਰਹੇ ਹਨ। ਉਨ੍ਹਾਂ ਨੇ ਸਰਕਾਰ ਨੂੰ ਅਪੀਲ ਕੀਤੀ ਕਿ ਸੁਰੱਖਿਆ ਪ੍ਰੋਟੋਕੋਲਾਂ ਵਿੱਚ ਸਿੱਖਾਂ ਦੇ ਧਾਰਮਿਕ ਚਿੰਨ੍ਹਾਂ ਦਾ ਸਤਿਕਾਰ ਯਕੀਨੀ ਬਣਾਇਆ ਜਾਵੇ। ਉਨ੍ਹਾਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਇਸ ਮਾਮਲੇ ਦੇ ਜ਼ਿੰਮੇਵਾਰ ਅਧਿਕਾਰੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ, ਤਾਂ ਜੋ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਨਾ ਵਾਪਰਨ।



ਪੰਜਾਬ ਟਾਈਮਜ ਅਨੁਸਾਰ ਗੁਰਧਿਆਨ ਸਿੰਘ ਨਾਲ ਵਾਪਰੀ ਘਟਨਾ ਨੇ ਸਿੱਖਾਂ ਦੇ ਸੰਵਿਧਾਨਕ ਅਧਿਕਾਰਾਂ ਅਤੇ ਸਰਕਾਰ ਦੀਆਂ ਨੀਤੀਆਂ ’ਤੇ ਸਵਾਲ ਖੜ੍ਹੇ ਕਰ ਦਿੱਤੇ ਹਨ। ਸਵੱਛ ਭਾਰਤ ਅਭਿਆਨ ਵਰਗੀ ਪਹਿਲਕਦਮੀ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਸਰਪੰਚ ਨੂੰ ਸਨਮਾਨ ਦੀ ਬਜਾਏ ਅਪਮਾਨ ਮਿਲਣਾ ਨਾ ਸਿਰਫ਼ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲਾ ਹੈ, ਸਗੋਂ ਸੰਵਿਧਾਨ ਦੀ ਆਤਮਾ ਦੀ ਵੀ ਉਲੰਘਣਾ ਹੈ।

ਪਿੰਡ ਮੱਲੇਵਾਲ ਦੇ ਸਰਪੰਚ ਗੁਰਬਚਨ ਸਿੰਘ ਬਿੱਲੂ ਅਤੇ ਕਲਸਾਣਾ ਦੇ ਸਾਬਕਾ ਸਰਪੰਚ ਨੇ ਵੀ ਇਸ ਘਟਨਾ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ। ਉਨ੍ਹਾਂ ਨੇ ਕਿਹਾ ਕਿ “ਅਸੀਂ ਪਿੰਡ ਵਿੱਚ ਸਰਪੰਚ ਦੇ ਸਵਾਗਤ ਲਈ ਢੋਲ-ਨਗਾਰਿਆਂ ਨਾਲ ਤਿਆਰ ਸੀ, ਪਰ ਦਿੱਲੀ ਵਿੱਚ ਉਸ ਨੂੰ ਅਪਮਾਨਿਤ ਕੀਤਾ ਗਿਆ। ਇਹ ਸਿੱਖ ਭਾਵਨਾਵਾਂ ’ਤੇ ਸਿੱਧਾ ਹਮਲਾ ਹੈ।” ਉਨ੍ਹਾਂ ਨੇ ਐਲਾਨ ਕੀਤਾ ਕਿ ਇਸ ਸਬੰਧੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਮਿਲ ਕੇ ਸਖ਼ਤ ਕਾਰਵਾਈ ਦੀ ਮੰਗ ਕੀਤੀ ਜਾਵੇਗੀ।

ਸਿੱਖ ਧਰਮ ਅਨੁਸਾਰ ਪੰਜ ਕਕਾਰ-ਕੇਸ, ਕੰਘਾ, ਕੜਾ, ਕਿਰਪਾਨ ਅਤੇ ਕਛਹਿਰਾ-ਸਿੱਖ ਰਹਿਣੀ ਦਾ ਅਟੁੱਟ ਹਿੱਸਾ ਹਨ। ਭਾਰਤੀ ਸੰਵਿਧਾਨ ਦੀ ਧਾਰਾ 25 ਅਧੀਨ ਸਿੱਖਾਂ ਨੂੰ ਆਪਣੇ ਧਾਰਮਿਕ ਚਿੰਨ੍ਹ ਪਹਿਨਣ ਅਤੇ ਰੱਖਣ ਦਾ ਪੂਰਾ ਅਧਿਕਾਰ ਹੈ। ਇਸ ਦੇ ਬਾਵਜੂਦ, ਗੁਰਧਿਆਨ ਸਿੰਘ ਨੂੰ ਸ੍ਰੀ ਸਾਹਿਬ ਕਾਰਨ ਰੋਕਣਾ ਸੰਵਿਧਾਨਕ ਅਧਿਕਾਰਾਂ ਦੀ ਉਲੰਘਣਾ ਮੰਨਿਆ ਜਾ ਰਿਹਾ ਹੈ। ਸਿੱਖ ਸੰਗਤਾਂ ਅਤੇ ਆਗੂਆਂ ਨੇ ਇਸ ਘਟਨਾ ਨੂੰ ਸਿੱਖਾਂ ਦੇ ਅਪਮਾਨ ਵਜੋਂ ਦੇਖਿਆ ਹੈ। ਸ਼ੋਸ਼ਲ ਮੀਡੀਆ ’ਤੇ ਵੀ ਇਸ ਮੁੱਦੇ ‘ਤੇ ਤਿੱਖੀ ਪ੍ਰਤੀਕਿਰਿਆ ਦੇਖਣ ਨੂੰ ਮਿਲੀ, ਜਿੱਥੇ ਕਈ ਲੋਕਾਂ ਨੇ ਸਰਕਾਰ ਦੀ ਸਿੱਖ ਵਿਰੋਧੀ ਨੀਤੀਆਂ ’ਤੇ ਸਵਾਲ ਉਠਾਏ ਹਨ।

# ਭਿੰਡ ਵਿੱਚ ਪ੍ਰਵਾਸੀ ਸਿੱਖ ਪਰਿਵਾਰ ’ਤੇ ਪੁਲਸੀਏ ਵਲੋਂ ਕਰਵਾਇਆ ਹਮਲਾ

## ✪ ਸਿੱਖ ਭਾਈਚਾਰੇ ਨੇ ਕੀਤਾ ਪੁਲਿਸ ਸਟੇਸ਼ਨ ਦਾ ਘਿਰਾਓ

ਭਿੰਡ-ਮੱਧ ਪ੍ਰਦੇਸ਼ ਦੇ ਭਿੰਡ ਜ਼ਿਲ੍ਹੇ ਦੇ ਗੋਹਾੜ ਤਹਿਸੀਲ ਵਿੱਚ ਬੀਤੇ ਦਿਨੀਂ ਲੰਡਨ ਸਥਿਤ ਐਨਆਰਆਈ ਸਿੱਖ ਪਰਿਵਾਰ ’ਤੇ ਹਮਲੇ ਦੀ ਘਟਨਾ ਵਾਪਰੀ, ਜਿਸ ਨੇ ਸਿੱਖ ਭਾਈਚਾਰੇ ਵਿੱਚ ਰੋਸ ਪੈਦਾ ਕਰ ਦਿੱਤਾ। ਡਾ. ਵਿਕਰਮਜੀਤ ਸਿੰਘ, ਉਸ ਦੀ ਪਤਨੀ ਰਾਜਵੀਰ ਕੌਰ, ਧੀ ਰਵਨੀਤ ਕੌਰ ਅਤੇ ਪੁੱਤਰ ਰੋਹਨਪ੍ਰੀਤ ਸਿੰਘ ਢਾਈ ਸਾਲ ਬਾਅਦ ਰਾਜਵੀਰ ਦੇ ਪੈਤ੍ਰਕ ਪਿੰਡ ਫਤਿਹਪੁਰ ਜਾ ਰਹੇ ਸਨ। ਘਟਨਾ ਸਟੇਸ਼ਨ ਰੋਡ ’ਤੇ ਵਾਪਰੀ, ਜਦੋਂ ਪਰਿਵਾਰ ਫਲ ਅਤੇ ਮਿਠਾਈਆਂ ਖਰੀਦਣ ਲਈ ਕਾਰ ਸਾਈਡ ’ਤੇ ਖੜ੍ਹੀ ਕਰਕੇ ਖਰੀਦਦਾਰੀ ਕਰ ਰਿਹਾ ਸੀ।

ਇਸ ਦੌਰਾਨ ਸਾਦੇ ਕੱਪੜਿਆਂ ਵਿੱਚ ਗੋਹਾੜ ਚੌਰਾਹਾ ਪੁਲਿਸ ਸਟੇਸ਼ਨ ਦੇ ਕਾਂਸਟੇਬਲ ਕੁਲਦੀਪ ਕੁਸ਼ਵਾਹਾ ਨੇ ਪਰਿਵਾਰ ਨਾਲ ਬਹਿਸ ਸ਼ੁਰੂ ਕਰ ਦਿੱਤੀ ਅਤੇ ਉਨ੍ਹਾਂ ਦੀ ਕਾਰ ਦੀ ਵੀਡੀਓ ਬਣਾਉਣੀ ਸ਼ੁਰੂ ਕਰ ਦਿੱਤੀ। ਡਾ. ਵਿਕਰਮਜੀਤ ਨੇ ਵੀਡੀਓ ਬਣਾਉਣ ’ਤੇ ਇਤਰਾਜ਼ ਜਤਾਇਆ ਅਤੇ ਕਾਂਸਟੇਬਲ ਨੂੰ ਆਪਣੀ ਪਛਾਣ ਦੱਸਣ ਲਈ ਕਿਹਾ, ਜਿਸ ’ਤੇ ਕੁਸ਼ਵਾਹਾ ਨੇ ਕਥਿਤ ਤੌਰ ’ਤੇ ਭੱਦੀ ਭਾਸ਼ਾ ਵਰਤੀ ਅਤੇ ਧਮਕੀਆਂ ਦਿੱਤੀਆਂ।

ਵਿਕਰਮਜੀਤ ਨੇ ਦੱਸਿਆ ਕਿ ਕਾਂਸਟੇਬਲ ਨੇ ਕਿਸੇ ਨੂੰ ਫੋਨ ਕਰਕੇ ਹਥਿਆਰਾਂ ਸਮੇਤ ਆਉਣ ਲਈ ਕਿਹਾ। ਡਰ ਦੇ ਮਾਰੇ ਪਰਿਵਾਰ ਕਾਰ ਵਿੱਚ ਬੈਠ ਕੇ ਰਵਾਨਾ ਹੋ ਗਿਆ, ਪਰ ਸਟੇਸ਼ਨ ਰੋਡ ਅਤੇ ਫਤਿਹਪੁਰ ਪਿੰਡ ਦੇ ਵਿਚਕਾਰ ਇੱਕ ਢਾਬੇ ਨੇੜੇ ਅਣਪਛਾਤੇ ਹਮਲਾਵਰਾਂ ਨੇ ਉਨ੍ਹਾਂ ਦੀ ਕਾਰ ’ਤੇ ਡੰਡਿਆਂ ਅਤੇ ਪੱਥਰਾਂ ਨਾਲ ਹਮਲਾ ਕਰ ਦਿੱਤਾ। ਇਸ ਵਿੱਚ ਰੋਹਨਪ੍ਰੀਤ ਦੇ ਚਿਹਰੇ ਅਤੇ ਰਵਨੀਤ ਦੇ ਹੱਥ ’ਤੇ ਸੱਟਾਂ ਲੱਗੀਆਂ, ਅਤੇ ਕਾਰ ਦੇ ਸ਼ੀਸ਼ੇ ਅਤੇ ਖਿੜਕੀਆਂ ਟੁੱਟ ਗਈਆਂ।

ਪਰਿਵਾਰ ਨੇ ਗੋਹਾੜ ਪੁਲਿਸ ਸਟੇਸ਼ਨ ਵਿੱਚ ਸ਼ਿਕਾਇਤ ਕੀਤੀ, ਪਰ ਵਿਕਰਮਜੀਤ ਦਾ ਦੋਸ਼ ਹੈ ਕਿ ਸਟੇਸ਼ਨ ਇੰਚਾਰਜ (ਟੀਆਈ) ਨੇ ਮਾਮਲੇ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਅਤੇ ਉਲਟਾ ਕਿਹਾ ਕਿ ਉਹ ਕਾਂਸਟੇਬਲ ’ਤੇ ਕਾਰ ਚੜ੍ਹਾ ਸਕਦੇ ਸਨ। ਵਿਕਰਮਜੀਤ ਨੇ ਜਵਾਬ ਦਿੱਤਾ ਕਿ ਉਸ ਦੀ ਕਾਰ ਵਿੱਚ ਕੈਮਰੇ ਸਨ ਅਤੇ ਸਾਰੀ ਘਟਨਾ ਰਿਕਾਰਡ ਹੋਈ ਸੀ। ਪਰਿਵਾਰ ਨੇ ਇਸ ਮਾਮਲੇ ਦੀ ਸ਼ਿਕਾਇਤ ਲੰਡਨ ਸਥਿਤ ਭਾਰਤੀ ਦੂਤਾਵਾਸ ਨੂੰ ਵੀ ਕੀਤੀ।

ਸਿੱਖ ਭਾਈਚਾਰੇ ਨੇ ਕਾਂਸਟੇਬਲ ਕੁਸ਼ਵਾਹਾ ’ਤੇ ਹਮਲੇ ਦੀ ਸਾਜ਼ਿਸ਼ ਰਚਣ ਦਾ ਦੋਸ਼ ਲਗਾਇਆ ਅਤੇ ਸਟੇਸ਼ਨ ਇੰਚਾਰਜ ਦੇ ਤਬਾਦਲੇ ਸਮੇਤ ਕੁਸ਼ਵਾਹਾ ਵਿਰੁੱਧ ਐਫਆਈਆਰ ਦੀ ਮੰਗ ਕੀਤੀ। ਸ਼ਨੀਵਾਰ ਨੂੰ ਇੱਕ ਦਰਜਨ ਤੋਂ ਵੱਧ ਪਿੰਡਾਂ ਦੇ 200 ਤੋਂ ਵੱਧ ਲੋਕਾਂ ਨੇ ਗੋਹਾੜ ਚੌਰਾਹਾ ਪੁਲਿਸ ਸਟੇਸ਼ਨ ਦਾ ਘਿਰਾਓ ਕੀਤਾ ਤੇ ਇਨਸਾਫ਼ ਦੀ ਮੰਗ ਕੀਤੀ। ਸਥਾਨਕ ਵਿਧਾਇਕ ਕੇਸ਼ਵ ਦੇਸਾਈ ਵੀ ਪ੍ਰਦਰਸ਼ਨ ਵਿੱਚ ਸ਼ਾਮਲ ਹੋਏ ਅਤੇ ਕਿਹਾ ਕਿ ਕੁਸ਼ਵਾਹਾ ਵਿਰੁੱਧ ਪਹਿਲਾਂ ਵੀ ਸ਼ਿਕਾਇਤਾਂ ਸਨ।

ਭਿੰਡ ਦੇ ਐਸਪੀ ਅਸਿਤ ਯਾਦਵ ਨੇ ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਕੁਸ਼ਵਾਹਾ ਨੂੰ ਥਾਣੇ ਤੋਂ ਹਟਾ ਕੇ ਲਾਈਨ ਅਟੈਚ ਕਰ ਦਿੱਤਾ ਅਤੇ ਅਣਪਛਾਤੇ ਹਮਲਾਵਰਾਂ ਵਿਰੁੱਧ ਐਫਆਈਆਰ ਦਰਜ ਕਰਨ ਦਾ ਭਰੋਸਾ ਦਿੱਤਾ। ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਇਹ ਹਮਲਾ ਨਹੀਂ, ਸਗੋਂ ਪਰਿਵਾਰ ਅਤੇ ਕਾਂਸਟੇਬਲ ਵਿਚਕਾਰ ‘ਗਲਤਫਹਿਮੀ’ ਸੀ, ਜਿਸ ਕਾਰਨ ਗਰਮਾਗਰਮੀ ਹੋਈ।

ਐਸਡੀਓਪੀ ਮਹਿੰਦਰ ਸਿੰਘ ਗੌਤਮ ਅਤੇ ਟੀਆਈ ਰੋਹਿਤ ਗੁਪਤਾ ਨੇ ਪ੍ਰਦਰਸ਼ਨਕਾਰੀਆਂ ਨਾਲ ਗੱਲਬਾਤ ਕਰਕੇ ਸਥਿਤੀ ਨੂੰ ਸੰਭਾਲਣ ਦੀ ਕੋਸ਼ਿਸ਼ ਕੀਤੀ ਅਤੇ ਇਨਸਾਫ਼ ਦਾ ਭਰੋਸਾ ਦਿੱਤਾ। ਪ੍ਰਦਰਸ਼ਨਕਾਰੀਆਂ ਨੇ ਸਪੱਸ਼ਟ ਕੀਤਾ ਕਿ ਜਦੋਂ ਤੱਕ ਸਟੇਸ਼ਨ ਇੰਚਾਰਜ ਦਾ ਤਬਾਦਲਾ ਅਤੇ ਕੁਸ਼ਵਾਹਾ ਵਿਰੁੱਧ ਐਫਆਈਆਰ ਨਹੀਂ ਹੁੰਦੀ, ਅੰਦੋਲਨ ਜਾਰੀ ਰਹੇਗਾ। ਸਾਰੇ ਭਾਈਚਾਰਿਆਂ ਅਤੇ ਸਿਆਸੀ ਨੇਤਾਵਾਂ ਨੇ ਪ੍ਰਦਰਸ਼ਨ ਵਿੱਚ ਸ਼ਮੂਲੀਅਤ ਕੀਤੀ।

ਇਹ ਘਟਨਾ ਸਥਾਨਕ ਪੁਲਿਸ ਦੀ ਕਾਰਗੁਜ਼ਾਰੀ ’ਤੇ ਸਵਾਲ ਖੜ੍ਹੇ ਕਰਦੀ ਹੈ ਅਤੇ ਸਿੱਖ ਭਾਈਚਾਰੇ ਦੇ ਗੁੱਸੇ ਨੇ ਇਸ ਮਾਮਲੇ ਨੂੰ ਰਾਸ਼ਟਰੀ ਪੱਧਰ ’ਤੇ ਚਰਚਾ ਦਾ ਵਿਸ਼ਾ ਬਣਾ ਦਿੱਤਾ।

ਕਰਾਈਮ ਨਿਊਜ਼

# ਸੁਖਬੀਰ 'ਤੇ ਗੋਲ਼ੀ ਚਲਾਉਣ ਪਿੱਛੇ 'ਗਿਆਨੀ ਹਰਪ੍ਰੀਤ ਸਿੰਘ ਦਾ ਹੱਥ'

## ✪ ਬਾਦਲ ਦਲ ਵਲੋਂ ਗਿਆਨੀ ਹਰਪ੍ਰੀਤ ਸਿੰਘ 'ਤੇ ਲੱਗਾਏ ਗੰਭੀਰ ਦੋਸ਼

ਚੰਡੀਗੜ੍ਹ-ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਪਰਮਬੰਸ ਸਿੰਘ ਬੰਟੀ ਰੋਮਾਣਾ ਨੇ ਦਾਅਵਾ ਕੀਤਾ ਹੈ ਕਿ 4 ਦਸੰਬਰ 2024 ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਬਾਹਰ ਸੁਖਬੀਰ ਸਿੰਘ ਬਾਦਲ 'ਤੇ ਚਲਾਈ ਗਈ ਗੋਲੀ ਪਿੱਛੇ ਗਿਆਨੀ ਹਰਪ੍ਰੀਤ ਸਿੰਘ ਦਾ ਹੱਥ ਹੈ। ਇੱਕ ਨਿੱਜੀ ਚੈਨਲ ਨੂੰ ਦਿੱਤੇ ਇੰਟਰਵਿਊ ਦੌਰਾਨ ਉਨ੍ਹਾਂ ਕਿਹਾ ਕਿ 2 ਦਸੰਬਰ ਨੂੰ ਸੁਖਬੀਰ ਬਾਦਲ ਨੂੰ ਧਾਰਮਿਕ ਸਜ਼ਾ ਦਿੱਤੀ ਗਈ ਸੀ ਅਤੇ ਸ੍ਰੀ ਦਰਬਾਰ ਸਾਹਿਬ ਵਿੱਚ ਸੇਵਾ ਕੀਤੀ ਗਈ ਸੀ।

ਕਿਉਂਕਿ ਸੁਖਬੀਰ ਸਿੰਘ ਬਾਦਲ ਕੋਲ ਜ਼ੈੱਡ ਪਲੱਸ ਸੁਰੱਖਿਆ ਹੈ, ਇਸ ਲਈ ਸੁਰੱਖਿਆ ਕਰਮਚਾਰੀਆਂ ਨੇ ਸੁਰੱਖਿਆ ਕਾਰਨਾਂ ਕਰਕੇ ਉਨ੍ਹਾਂ ਦੀ ਸੇਵਾ ਦੀ ਮਿਤੀ ਅਤੇ ਸਥਾਨ ਤੈਅ ਕਰਨ ਦੀ ਇਜਾਜ਼ਤ ਮੰਗੀ, ਪਰ ਉਨ੍ਹਾਂ ਨੇ ਇਜਾਜ਼ਤ ਨਹੀਂ ਦਿੱਤੀ। 4 ਦਸੰਬਰ ਨੂੰ, ਨਾਰਾਇਣ ਸਿੰਘ ਚੌੜਾ ਨੇ ਸੇਵਾ ਦੌਰਾਨ ਸੁਖਬੀਰ ਬਾਦਲ ਨੂੰ ਗੋਲ਼ੀ ਮਾਰਨ ਦੀ ਕੋਸ਼ਿਸ਼ ਕੀਤੀ।

ਅਕਾਲੀ ਆਗੂ ਨੇ ਦਾਅਵਾ ਕੀਤਾ ਕਿ ਗਿਆਨੀ ਹਰਪ੍ਰੀਤ ਸਿੰਘ ਇਜਾਜ਼ਤ ਨਾ ਮਿਲਣ ਪਿੱਛੇ ਮਾਸਟਰਮਾਈਂਡ ਸਨ। ਹਾਲਾਂਕਿ, ਉਹ ਇਹ ਸਾਬਤ ਨਹੀਂ ਕਰ ਸਕੇ ਕਿ ਹਰਪ੍ਰੀਤ ਸਿੰਘ ਦਾ ਨਰਾਇਣ ਸਿੰਘ ਚੌੜਾ ਨਾਲ ਕੋਈ ਸਬੰਧ ਸੀ। ਉਨ੍ਹਾਂ ਕਿਹਾ ਕਿ ਅੱਜ ਕੇਂਦਰੀ



ਏਜੰਸੀਆਂ ਸ਼੍ਰੋਮਣੀ ਅਕਾਲੀ ਦਲ ਨੂੰ ਕਮਜ਼ੋਰ ਕਰਨ ਦੀ ਸਾਜ਼ਿਸ਼ ਰਚ ਰਹੀਆਂ ਹਨ। ਇਹ ਪਹਿਲੀ ਵਾਰ ਨਹੀਂ ਹੋਇਆ ਹੈ।

ਅਜਿਹਾ ਪਹਿਲਾਂ ਵੀ 14-15 ਵਾਰ ਕੀਤਾ ਜਾ ਚੁੱਕਾ ਹੈ। ਉਨ੍ਹਾਂ ਕਿਹਾ ਕਿ ਭਰਤੀ ਕਮੇਟੀ ਦੇ 4 ਮੈਂਬਰ ਬੀਬੀ ਸਤਵੰਤ ਕੌਰ ਨੂੰ ਮੁਖੀ ਬਣਾਉਣਾ ਚਾਹੁੰਦੇ ਸਨ, ਪਰ ਏਜੰਸੀਆਂ ਦੇ ਦਬਾਅ ਹੇਠ ਉਨ੍ਹਾਂ ਨੂੰ ਹਰਪ੍ਰੀਤ ਸਿੰਘ ਨੂੰ ਮੁਖੀ ਬਣਾਉਣਾ ਪਿਆ। ਮਹੱਤਵਪੂਰਨ ਗੱਲ ਇਹ ਹੈ ਕਿ ਬੰਟੀ ਰੋਮਾਣਾ ਨੇ ਇਹ ਬਿਆਨ ਉਦੋਂ ਦਿੱਤਾ ਹੈ ਜਦੋਂ ਸ਼੍ਰੋਮਣੀ ਅਕਾਲੀ ਦਲ ਦੇ ਨਵੇਂ ਧੜੇ ਨੇ ਗਿਆਨੀ ਹਰਪ੍ਰੀਤ ਸਿੰਘ ਨੂੰ ਆਪਣਾ ਪ੍ਰਧਾਨ ਚੁਣਿਆ ਹੈ।

ਨਵਾਂ ਧੜਾ ਸ਼੍ਰੋਮਣੀ ਅਕਾਲੀ ਦਲ ਹੋਣ ਦਾ ਦਾਅਵਾ ਕਰ ਰਿਹਾ ਹੈ ਅਤੇ ਇਸਦੀ ਪਹਿਲੀ ਮੀਟਿੰਗ ਵੀਰਵਾਰ ਨੂੰ ਹੋਣ ਜਾ ਰਹੀ ਹੈ। ਬੰਟੀ ਰੋਮਾਣਾ ਨੇ ਦੁਹਰਾਇਆ ਕਿ 2 ਦਸੰਬਰ ਨੂੰ ਐਲਾਨੇ ਗਏ ਫ਼ੈਸਲੇ ਵਿੱਚ ਗਿਆਨੀ ਹਰਪ੍ਰੀਤ ਸਿੰਘ ਦੇ ਦਸਤਖ਼ਤ ਵੀ ਹਨ। ਗਿਆਨੀ ਹਰਪ੍ਰੀਤ ਸਿੰਘ ਨੇ ਉਦੋਂ ਕਿਹਾ ਸੀ ਕਿ ਵੱਖ ਹੋਏ ਧੜੇ ਨੂੰ ਆਪਣੀ ਵੱਖਰੀ ਰਸੋਈ ਸਮੇਟ ਲੈਣੀ ਚਾਹੀਦੀ ਹੈ ਅਤੇ ਹੁਣ ਉਨ੍ਹਾਂ ਨੇ ਖੁਦ ਇੱਕ ਨਵੀਂ ਰਸੋਈ ਜਗਾ ਦਿੱਤੀ ਹੈ।

## ਲਾਪਤਾ ਗੱਭਰੂ ਦੀ ਲਾਸ਼ ਮਿਲੀ

### ✪ ਮਾਪਿਆਂ ਨੇ ਡਰੱਗ ਸਮਗਲਰਾਂ 'ਤੇ ਕਤਲ ਦਾ ਲਾਇਆ ਦੋਸ਼

ਗੁਰੂਸਰ ਸੁਧਾਰ-ਦੋ ਦਿਨਾਂ ਤੋਂ ਲਾਪਤਾ ਪਿੰਡ ਗੁੱਜਰਵਾਲ ਵਾਸੀ ਨੌਜਵਾਨ ਤਰਨਪ੍ਰੀਤ ਸਿੰਘ(18) ਦੀ ਲਾਸ਼ ਸ਼ਾਮ ਪਿੰਡ ਦੇ ਬਾਹਰਵਾਰ ਬੰਦ ਪਏ ਇਨਡੋਰ ਸਟੇਡੀਅਮ ਵਿੱਚੋਂ ਬਰਾਮਦ ਹੋਈ ਹੈ। ਮ੍ਰਿਤਕ ਨੌਜਵਾਨ ਦੇ ਪਿਤਾ ਗੁਰਦੀਪ ਸਿੰਘ ਅਨੁਸਾਰ ਉਨ੍ਹਾਂ ਦਾ ਪੁੱਤਰ 11 ਅਗਸਤ ਸ਼ਾਮ ਤੋਂ ਲਾਪਤਾ ਸੀ। ਉਨ੍ਹਾਂ ਕਿਹਾ ਕਿ ਪਿੰਡ ਦੇ ਹੀ ਕੁੱਝ ਲੋਕ, ਜੋ ਨਸ਼ਾ ਵੇਚਦੇ ਹਨ, ਬਾਰੇ ਪੁਲੀਸ ਨੂੰ ਸੂਚਿਤ ਕੀਤਾ ਗਿਆ ਸੀ। ਉਨ੍ਹਾਂ ਦੋਸ਼ ਲਾਇਆ ਕਿ ਨਸ਼ਾ ਤਸਕਰਾਂ ਦੇ ਚੁੰਗਲ ਵਿੱਚ ਫਸੇ ਮੇਰੇ ਪੁੱਤਰ ਦਾ ਕਤਲ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਥਾਣਾ ਜੋਧਾਂ ਵਿੱਚ ਸੂਚਨਾ ਦੇਣ ਦੇ ਬਾਵਜੂਦ ਦੋਸ਼ੀਆਂ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਗਈ।

ਮਾਪਿਆਂ ਨੇ ਕਥਿਤ ਕਾਤਲਾਂ ਦੀ ਗ੍ਰਿਫ਼ਤਾਰੀ ਤੱਕ ਤਰਨਪ੍ਰੀਤ ਦਾ ਅੰਤਿਮ ਸਸਕਾਰ ਨਾ ਕਰਨ ਅਤੇ ਪੁੱਤ ਦੀ ਲਾਸ਼ ਆਜ਼ਾਦੀ ਸਮਾਗਮ ਵਿੱਚ ਲੈ ਜਾਣ ਦਾ ਐਲਾਨ ਕੀਤਾ। ਇਸ ਘਟਨਾ ਤੋਂ ਬਾਅਦ ਮ੍ਰਿਤਕ ਦੇ ਮਾਪਿਆਂ ਅਤੇ ਪਿੰਡ ਵਾਸੀਆਂ ਨੇ ਪਿੰਡ ਦੇ ਪੂਰਨ ਦਾਸ ਦਰਵਾਜ਼ੇ ਸਾਹਮਣੇ ਬਾਬਾ ਹਰਨਾਮ ਸਿੰਘ ਕਾਮਾਗਾਟਾਮਾਰੂ ਦੀ ਯਾਦਗਾਰ ਨੇੜੇ ਧਰਨਾ ਮਾਰ ਲਾ ਕੇ ਸਰਕਾਰ ਅਤੇ ਪੁਲੀਸ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਕੀਤੀ।

## ਸਹਾਇਕ ਥਾਣੇਦਾਰ 'ਤੇ ਔਰਤ ਨੂੰ ਬਲੈਕਮੇਲ ਕਰਨ ਦਾ ਦੋਸ਼

ਬਠਿੰਡਾ-ਇੱਕ ਸਹਾਇਕ ਥਾਣੇਦਾਰ ਨਰਿੰਦਰ ਸਿੰਘ 'ਤੇ ਬਠਿੰਡਾ ਦੇ ਪਿੰਡ ਰਾਏ ਕੇ ਕਲਾਂ ਵਿਚ ਇੱਕ ਔਰਤ ਨਾਲ ਅਸ਼ਲੀਲ ਗੱਲਾਂ ਕਰਨ ਅਤੇ ਉਸਨੂੰ ਬਲੈਕਮੇਲ ਕਰਨ ਦਾ ਮਾਮਲਾ ਦਰਜ ਹੋਇਆ ਹੈ। ਔਰਤ ਦੇ ਪਤੀ ਸ਼ਨੀ ਸਿੰਘ ਨੇ ਦੱਸਿਆ ਕਿ ਉਸਦੀ ਪਤਨੀ ਨੇ ਨਰਿੰਦਰ ਸਿੰਘ ਤੋਂ 10,000 ਰੁਪਏ ਲਏ ਸਨ, ਜਿਸ ਬਦਲੇ ਥਾਣੇਦਾਰ ਉਸਨੂੰ ਹੋਰ ਪੈਸੇ ਦੇਣ ਲਈ ਦਬਾਅ ਪਾ ਰਿਹਾ ਸੀ।

ਔਰਤ ਨੇ ਥਾਣੇਦਾਰ ਦੀਆਂ ਅਸ਼ਲੀਲ ਗੱਲਾਂ ਰਿਕਾਰਡ ਕਰ ਲਈਆਂ ਸਨ। ਜਦੋਂ ਉਹ ਸ਼ਿਕਾਇਤ ਕਰਨ ਗਏ ਤਾਂ ਥਾਣੇਦਾਰ ਨੇ ਉਨ੍ਹਾਂ ਨਾਲ ਜਾਤੀਸੂਚਕ ਸ਼ਬਦ ਵੀ ਬੋਲੇ। ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ ਅਤੇ ਹੋਰ ਜਾਂਚ ਜਾਰੀ ਹੈ।

## ਰੋਪੜ ਵਿਚ ਔਰਤ ਦਾ ਤੇਜ਼ਧਾਰ ਹਥਿਆਰਾਂ ਨਾਲ ਕਤਲ




ਮੋਰਿੰਡਾ-ਮੋਰਿੰਡਾ ਦੇ ਨੇੜਲੇ ਪਿੰਡ ਰਾਮਗੜ੍ਹ ਵਿਚ ਲੜਾਈ ਦੌਰਾਨ ਇੱਕ ਔਰਤ ਮਨਜੀਤ ਕੌਰ ਦਾ ਤੇਜ਼ਧਾਰ ਹਥਿਆਰਾਂ ਨਾਲ ਕਤਲ ਕਰ ਦਿੱਤਾ ਗਿਆ। ਪੁਲਿਸ ਨੇ ਇਸ ਮਾਮਲੇ ਵਿਚ ਦੋ ਮੁਲਜ਼ਮਾਂ, ਗੁਰਮੁਖ ਸਿੰਘ ਅਤੇ ਨਵਜੋਤ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਪੁਲਿਸ ਨੇ ਦੱਸਿਆ ਕਿ ਮੁਲਜ਼ਮਾਂ ਨੇ ਤੇਜ਼ਧਾਰ ਹਥਿਆਰਾਂ ਨਾਲ ਰਾਜਵੀਰ ਸਿੰਘ, ਉਸਦੀ ਚਾਚੀ ਮਨਜੀਤ ਕੌਰ ਅਤੇ ਉਸਦੀ ਚਚੇਰੀ ਭੈਣ ਪਰਮਜੀਤ ਕੌਰ 'ਤੇ ਹਮਲਾ ਕੀਤਾ, ਜਿਸ ਵਿੱਚ ਮਨਜੀਤ ਕੌਰ ਦੀ ਮੌਤ ਹੋ ਗਈ। ਪੁਲਿਸ ਨੇ ਮੁਲਜ਼ਮਾਂ ਕੋਲੋਂ ਹਥਿਆਰ ਬਰਾਮਦ ਕਰ ਲਏ ਹਨ ਅਤੇ ਉਨ੍ਹਾਂ ਦਾ ਤਿੰਨ ਦਿਨ ਦਾ ਰਿਮਾਂਡ ਲਿਆ ਹੈ। ਰਾਜਵੀਰ ਸਿੰਘ ਦਾ ਇਲਾਜ ਚੱਲ ਰਿਹਾ ਹੈ।

## ਇੰਡੀਆਨਾ ਸ਼ਹਿਰ ਵਿੱਚ ਹਿੰਦੂ ਮੰਦਰ ਦੀ ਬੇਅਦਬੀ

ਇੰਡੀਆਨਾ-ਅਮਰੀਕਾ ਦੇ ਇੰਡੀਆਨਾ ਸ਼ਹਿਰ ਵਿੱਚ ਇੱਕ ਹਿੰਦੂ ਮੰਦਰ ਦੇ ਸਾਈਨਬੋਰਡ 'ਤੇ ਕਾਲਖ ਪੋਚ ਦਿੱਤੀ ਗਈ। ਭਾਰਤੀ ਕੌਂਸੁਲੇਟ ਨੇ ਇਸ ਕਾਰਵਾਈ ਨੂੰ ਨਿੰਦਣਯੋਗ ਕਰਾਰ ਦਿੱਤਾ ਹੈ। ਮੰਦਰ ਦੇ ਅਧਿਕਾਰਤ ਲੋਕ ਸੰਪਰਕ ਹੈਂਡਲ ਅਨੁਸਾਰ ਇਹ ਘਿਣਾਉਣੀ ਹਰਕਤ ਗਰੀਨਵੁੱਡ ਸ਼ਹਿਰ ਸਥਿਤ ਬੀਏਪੀਐੱਸ ਸਵਾਮੀਨਾਰਾਇਣ ਮੰਦਰ ਵਿੱਚ ਵਾਪਰੀ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਇੱਕ ਸਾਲ ਤੋਂ ਵੀ ਘੱਟ ਸਮੇਂ ਵਿੱਚ ਇਹ ਚੌਥੀ ਵਾਰ ਹੈ ਜਦੋਂ ਬੀਏਪੀਐੱਸ ਮੰਦਰ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਸ਼ਿਕਾਗੋ ਸਥਿਤ ਭਾਰਤੀ ਕੌਂਸੁਲੇਟ ਨੇ ਇਸ ਕਾਰਵਾਈ ਦਾ ਸਖ਼ਤ ਨੋਟਿਸ ਲਿਆ ਅਤੇ ਇਸਨੂੰ 'ਨਿੰਦਣਯੋਗ' ਕਿਹਾ। ਉਸ ਨੇ 'ਐਕਸ' 'ਤੇ ਕਿਹਾ, "ਇੰਡੀਆਨਾ ਦੇ ਗਰੀਨਵੁੱਡ ਸਥਿਤ ਬੀਏਪੀਐੱਸ ਸਵਾਮੀਨਾਰਾਇਣ ਮੰਦਰ ਦੇ ਮੁੱਖ ਸਾਈਨਬੋਰਡ ਦੀ ਬੇਅਦਬੀ ਨਿੰਦਣਯੋਗ ਹੈ।"

ਕੌਂਸੁਲੇਟ ਨੇ ਕਿਹਾ ਕਿ ਉਸਨੇ ਫੌਰੀ ਕਾਰਵਾਈ ਲਈ ਇਹ ਮਾਮਲਾ ਕਾਨੂੰਨ ਲਾਗੂ ਕਰਨ ਵਾਲੇ ਸਥਾਨਕ ਅਧਿਕਾਰੀਆਂ ਕੋਲ ਚੁੱਕਿਆ ਹੈ। ਅਮਰੀਕਾ ਵਿੱਚ ਮਾਰਚ ਮਹੀਨੇ ਵੀ ਇਸੇ ਤਰ੍ਹਾਂ ਦੀ ਇੱਕ ਹੋਰ ਘਟਨਾ ਵਾਪਰੀ ਸੀ ਜਿਸ ਵਿੱਚ ਅਣਪਛਾਤੇ ਵਿਅਕਤੀ ਨੇ ਕੈਲੀਫੋਰਨੀਆ ਸਥਿਤ ਬੀਏਪੀਐੱਸ ਹਿੰਦੂ ਮੰਦਰ ਦੀ ਬੇਅਦਬੀ ਕੀਤੀ ਸੀ।

## ਈ. ਡੀ. ਵੱਲੋਂ ਮਨੀ ਲਾਂਡਰਿੰਗ ਮਾਮਲੇ 'ਚ ਇੰਸਟਾਗ੍ਰਾਮ ਇਨਫਲੂਐਂਸਰ ਸੰਦੀਪਾ ਵਿਰਕ ਗ੍ਰਿਫ਼ਤਾਰ



ਨਵੀਂ ਦਿੱਲੀ-ਇਨਫੋਰਸਮੈਂਟ ਡਾਇਰੈਕਟੋਰੇਟ ਨੇ ਮਨੀ ਲਾਂਡਰਿੰਗ ਮਾਮਲੇ ਵਿੱਚ 1.2 ਮਿਲੀਅਨ ਫਾਲੋਅਰਜ਼ ਵਾਲੀ ਇੰਸਟਾਗ੍ਰਾਮ ਇਨਫਲੂਐਂਸਰ ਅਤੇ ਬਿਊਟੀ ਪ੍ਰੋਡਕਟ ਕੰਪਨੀ ਦੀ ਮਾਲਕਣ ਸੰਦੀਪਾ ਵਿਰਕ ਨੂੰ ਗ੍ਰਿਫ਼ਤਾਰ ਕੀਤਾ ਹੈ। ਦੋਸ਼ ਹੈ ਕਿ ਉਸਨੇ ਲੋਕਾਂ ਤੋਂ ਝੂਠੇ ਬਹਾਨੇ ਪੈਸੇ ਮੰਗ ਕੇ ਧੋਖਾਧੜੀ ਕੀਤੀ।

## ਜਲੰਧਰ ਪੁਲਿਸ ਵੱਲੋਂ ਨਸ਼ੀਲੇ ਪਦਾਰਥਾਂ ਕਾਰਣ 11 ਵਿਅਕਤੀ ਗ੍ਰਿਫਤਾਰ, 52.28 ਗ੍ਰਾਮ ਹੈਰੋਇਨ ਬਰਾਮਦ

ਜਲੰਧਰ-ਪੁਲਿਸ ਕਮਿਸ਼ਨਰ ਧਨਪ੍ਰੀਤ ਕੌਰ ਨੇ ਦੱਸਿਆ ਕਿ ਨਸ਼ਿਆਂ ਵਿਰੁੱਧ ਚੱਲ ਰਹੀ ਮੁਹਿੰਮ ਤਹਿਤ ਸ਼ਹਿਰ ਦੇ ਕਈ ਸਥਾਨਾਂ 'ਤੇ ਟਾਰਗਟਡ ਛਾਪੇਮਾਰੀ ਕੀਤੀ ਗਈ। ਇਸ ਕਾਰਵਾਈ ਦੌਰਾਨ 11 ਵਿਅਕਤੀਆਂ ਨੂੰ ਗ੍ਰਿਫਤਾਰ ਕਰ ਕੇ ਉਨ੍ਹਾਂ ਖ਼ਿਲਾਫ਼ ਐੱਨਡੀਪੀਐੱਸ ਐਕਟ ਅਧੀਨ 7 ਮੁਕੱਦਮੇ ਦਰਜ ਕੀਤੇ ਗਏ। ਗ੍ਰਿਫਤਾਰੀਆਂ ਦੌਰਾਨ ਪੁਲਿਸ ਵੱਲੋਂ 52.28 ਗ੍ਰਾਮ ਹੈਰੋਇਨ, 845 ਪਾਬੰਦੀਸ਼ੁਦਾ ਗੋਲੀਆਂ ਤੇ ਇਕ ਐਕਟੀਵਾ ਸਕੂਟਰ ਬਰਾਮਦ ਕੀਤਾ ਗਿਆ।

## ਵਿਆਹੁਤਾ ਔਰਤ ਦੀ ਸ਼ੱਕੀ ਹਾਲਤ ਵਿੱਚ ਮੌਤ

### ✪ ਪਤੀ ਸਣੇ 4 ਖ਼ਿਲਾਫ਼ ਕੇਸ ਦਰਜ

ਲੁਧਿਆਣਾ-ਪਿੰਡ ਡੱਲਾ ਵਿੱਚ ਇੱਕ ਵਿਆਹੁਤਾ ਔਰਤ, ਆਨੰਦਜੋਤ ਕੌਰ, ਦੀ ਸ਼ੱਕੀ ਹਾਲਤ ਵਿੱਚ ਮੌਤ ਹੋ ਗਈ ਹੈ। ਉਸ ਦੇ ਪਿਤਾ ਕਲਵੰਤ ਸਿੰਘ ਨੇ ਦੱਸਿਆ ਕਿ ਉਸ ਦੀ ਧੀ ਨੇ ਜ਼ਹਿਰ ਖਾ ਲਿਆ ਸੀ ਅਤੇ ਮਰਨ ਤੋਂ ਪਹਿਲਾਂ ਉਸ ਨੇ ਇਹ ਦੱਸਿਆ ਕਿ ਉਸ ਨੂੰ ਜ਼ਹਿਰ ਦਿੱਤਾ ਗਿਆ ਸੀ। ਇਸ ਮਾਮਲੇ ਵਿੱਚ ਔਰਤ ਦੇ ਪਤੀ ਜਗਜੀਤ ਸਿੰਘ, ਜੀਜਾ ਪ੍ਰਗਟ ਸਿੰਘ, ਭਾਬੀ ਗੁਰਜੀਤ ਕੌਰ, ਅਤੇ ਦਿਲਬਾਗ ਸਿੰਘ ਸਮੇਤ ਕੁੱਲ ਚਾਰ ਲੋਕਾਂ ਖ਼ਿਲਾਫ਼ ਮਾਮਲਾ ਦਰਜ ਕੀਤਾ ਗਿਆ ਹੈ। ਪੁਲਿਸ ਨੇ ਕੇਸ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ

## ਵਿਦੇਸ਼ ਭੇਜਣ ਅਤੇ ਨੌਕਰੀ ਦਾ ਝਾਂਸਾ ਦੇ ਕੇ ਠੱਗੀ ਮਾਰਨ ਵਾਲਾ ਗ੍ਰਿਫ਼ਤਾਰ

ਨਵਾਂ ਸ਼ਹਿਰ-ਪੁਲਿਸ ਨੇ ਅੰਮ੍ਰਿਤਸਰ ਦੇ ਹਰਪਾਲ ਸਿੰਘ ਭੰਗੂ ਨਾਮਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਹੈ। ਉਹ ਲੋਕਾਂ ਨੂੰ ਵਿਦੇਸ਼ ਭੇਜਣ ਅਤੇ ਨੌਕਰੀਆਂ ਦਿਵਾਉਣ ਦੇ ਨਾਂ 'ਤੇ ਲੱਖਾਂ ਦੀ ਠੱਗੀ ਮਾਰਦਾ ਸੀ। ਪਿੰਡ ਧਗੜਪੁਰ ਦੇ ਨਵਦੀਪ ਸਿੰਘ ਨੇ ਸ਼ਿਕਾਇਤ ਕੀਤੀ ਕਿ ਭੰਗੂ ਨੇ ਉਸਨੂੰ ਨੌਕਰੀ ਦਾ ਲਾਲਚ ਦੇ ਕੇ ਉਸਦੇ ਖਾਤੇ ਵਿੱਚ ਪੈਸੇ ਜਮ੍ਹਾਂ ਕਰਵਾਏ ਅਤੇ ਬਾਅਦ ਵਿੱਚ ਵਿਦੇਸ਼ ਭੇਜਣ ਦਾ ਵਾਅਦਾ ਕਰਕੇ ਕਰੀਬ 3 ਲੱਖ ਰੁਪਏ ਹੋਰ ਲੈ ਲਏ। ਪੁਲਿਸ ਨੇ ਦੋ ਸਾਲ ਬਾਅਦ ਭੰਗੂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਉਸ ਖਿਲਾਫ਼ ਹੋਰ ਵੀ ਕਈ ਠੱਗੀ ਦੇ ਮਾਮਲੇ ਦਰਜ ਹਨ।

# ਭਾਰਤ ਦੇ ਆਜਾਦੀ ਦਿਵਸ ਨੂੰ ਰੱਦ ਕਰਦਿਆਂ ਲੰਡਨ ਵਿੱਚ ਸਿੱਖਾਂ ਵਲੋਂ ਜਬਰਦਸਤ ਰੋਸ ਮੁਜਾਹਰਾ

## ✪ "ਖਾਲਿਸਤਾਨ ਦੇ ਸ਼ਹੀਦ ਅਤੇ ਯਤਨਸ਼ੀਲ ਜੁਝਾਰੂ ਸਿੱਖ ਕੌਮ ਹੀਰੋ ਹਨ"

ਲੰਡਨ-ਭਾਰਤ ਸਰਕਾਰ ਵਲੋਂ ਸਿੱਖਾਂ ਤੇ ਜ਼ੁਲਮਾਂ ਅਤੇ ਧੱਕੇਸ਼ਾਹੀਆਂ ਦਾ ਦੌਰ ਲਗਾਤਾਰ ਜਾਰੀ ਹੈ। ਭਾਰਤੀ ਪੁਲਸੀਆ ਤੰਤਰ,ਨਿਆਇਕ ਸਿਸਟਮ ਪੂਰੀ ਤਰਾਂ ਭ੍ਰਿਸ਼ਟ ਅਤੇ ਪੱਖਪਾਤੀ ਹੈ। ਫਿਰਕਾਪ੍ਰਸਤ ਹਿੰਦੂਤਵੀ ਲਾਬੀ ਵਲੋਂ ਸਿੱਖ ਕੌਮ ਨੂੰ ਧਾਰਮਿਕ, ਆਰਥਿਕ, ਰਾਜਨੀਤਕ ਅਤੇ ਸੱਭਿਆਚਾਰਕ ਪੱਖ ਤੋਂ ਨੇਸਤੋਨਬੂਦ ਕਰਨ ਦੀਆਂ ਕੁਚਾਲਾਂ ਲਗਾਤਾਰ ਜਾਰੀ ਹਨ। ਸਿੱਖਾਂ ਦੀਆਂ ਅਣਗਿਣਤ ਕੁਰਬਾਨੀਆਂ ਨਾਲ ਲੰਬਾ ਸਮਾਂ ਸੰਘਰਸ਼ ਕਰਨ ਮਗਰੋਂ ਭਾਰਤ ਅੰਗਰੇਜਾਂ ਦੀ ਗ੍ਰਿਫਤ ਚੋਂ ਭਾਂਵੇ ਆਜ਼ਾਦ ਹੋ ਗਿਆ ਸੀ ਪਰ ਨੱਬੇ ਫੀਸਦੀ ਦੇ ਕਰੀਬ ਕੁਰਬਾਨੀਆਂ ਕਰਨ ਵਾਲੀ ਸਿੱਖ ਕੌਮ ਨੂੰ ਇਹ ਆਜ਼ਾਦੀ ਨਸੀਬ ਨਾ ਹੋ ਸਕੀ। ਸਿੱਖ ਕੌਮ ਨਾਲ ਭਾਰਤੀ ਹਾਕਮਾਂ ਵਲੋਂ ਲਗਾਤਾਰ ਵਿਤਕਰਾ, ਧੱਕੇਸ਼ਾਹੀਆਂ ਅਤੇ ਤਸ਼ੱਦਦਾਂ ਦਾ ਸਿਲਸਲਾ ਜਾਰੀ ਹੈ।

ਪਿਛਲੇ 78 ਸਾਲਾਂ ਦੌਰਾਨ ਜਿੰਨੇ ਜ਼ੁਲਮ ਭਾਰਤੀ ਹਾਕਮਾਂ ਵਲੋਂ ਕੀਤੇ ਗਏ ਉਹਨਾਂ ਨੇ ਹਿਟਲਰਸ਼ਾਹੀ, ਮੀਰ ਮੰਨੂ, ਅਬਦਾਲੀ ਅਤੇ ਜਕਰੀਏ ਖਾਨ ਦੇ ਜ਼ੁਲਮਾਂ ਨੂੰ ਵੀ ਮਾਤ ਪਾ ਦਿੱਤੀ ਹੈ। ਤੇਰਾਂ ਐਪਰੈਲ 1978 ਦਾ ਖੂਨੀ ਸਾਕਾ, ਜੂਨ 1984 ਦਾ ਘੱਲੂਘਾਰਾ, ਨਵੰਬਰ 1984 ਦੌਰਾਨ ਸਿੱਖਾਂ ਦੀ ਯੋਜਨਾਬੱਧ ਤਰੀਕੇ ਸਰਕਾਰੀ ਸਰਪ੍ਰਸਤੀ ਨਾਲ ਕੀਤੀ ਗਈ ਨਸਲਕੁਸ਼ੀ ਅਤੇ ਪੰਜਾਬ ਵਿੱਚ ਸਿੱਖ ਨੌਜਵਾਨਾਂ ਨੂੰ ਵੱਡੀ ਪੱਧਰ ਤੇ ਸ਼ਹੀਦ ਕਰਨਾ ਇਸ ਦਾ ਪ੍ਰਤੱਖ ਮਿਸਾਲਾਂ ਹਨ। ਇਹਨਾਂ ਸਰਕਾਰੀ ਧੱਕੇਸ਼ਾਹੀਆਂ, ਜ਼ੁਲਮਾਂ ਖਿਲਾਫ ਅਤੇ ਖਾਲਿਸਤਾਨ ਦੇ ਹੱਕ ਵਿੱਚ ਭਾਰਤੀ ਅੰਬੈਸੀ ਲੰਡਨ ਵਿੱਚ ਸਮੂਹ ਖਾਲਿਸਤਾਨੀ ਜਥੇਬੰਦੀਆਂ ਵਲੋਂ 15 ਅਗਸਤ ਸ਼ੁੱਕਰਵਾਰ ਨੂੰ ਇੱਕ ਵਜੇ ਤੋਂ ਤਿੰਨ ਵਜੇ ਤੱਕ ਜਬਰਦਸਤ ਰੋਸ ਮੁਜਾਹਰਾ ਕੀਤਾ ਗਿਆ। ਜਿਸ ਵਿੱਚ ਹੋਰਨਾਂ ਤੋਂ ਇਲਾਵਾ ਸਿੱਖਸ ਫਾਰ ਜਸਟਿਸ ਦੇ ਭਾਈ ਪਰਮਜੀਤ ਸਿੰਘ ਪੰਮਾ, ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ, ਕੇ ਦੇ ਕੋਆਰਡੀਨੇਟਰ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਤੇ ਭਾਈ ਜੋਗਾ ਸਿੰਘ, ਯੂਨਾਈਟਿਡ ਖਾਲਸਾ ਦਲ ਯੂ,ਕੇ ਦੇ ਭਾਈ ਨਿਰਮਲ ਸਿੰਘ ਸੰਧੂ, ਕੌਂਸਲ ਆਫ ਖਾਲਿਸਤਾਨ ਦੇ ਮੁਖੀ ਭਾਈ ਅਮਰੀਕ ਸਿੰਘ ਸਹੋਤਾ, ਭਾਈ ਕੁਲਦੀਪ ਸਿੰਘ ਗੁਰੂ ਨਾਨਕ ਗੁਰਦਵਾਰਾ ਵੈਸਟ ਬਰਾਮਿਚ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਯੂ,ਕੇ ਦੇ ਭਾਈ ਸਰਬਜੀਤ ਸਿੰਘ, ਸਿੱਖ ਫੈਡਰੇਸ਼ਨ ਯੂ,ਕੇ ਦੇ ਭਾਈ ਕੁਲਵੰਤ ਸਿੰਘ ਮੁਠੱਡਾ ਅਤੇ ਭਾਈ ਬਲਵਿੰਦਰ ਸਿੰਘ ਢਿੱਲੋਂ, ਦਲ ਖਾਲਸਾ ਦੇ ਭਾਈ ਗੁਰਚਰਨ ਸਿੰਘ, ਭਾਈ ਗੁਰਪ੍ਰੀਤ ਸਿੰਘ,ਭਾਈ ਸੁਖਵਿੰਦਰ ਸਿੰਘ ਖਾਲਸਾ ਨੇ ਸ਼ਮੂਲੀਅਤ ਕੀਤੀ।



ਇਸ ਮੌਕੇ ਖਾਲਿਸਤਾਨ ਜਿੰਦਾਬਾਦ ਦੇ ਨਾਹਰੇ ਗੂੰਜਦੇ ਰਹੇ ਉੱਥੇ, ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਵੱਲੋ ਅਰੰਭੇ ਹੋਏ ਸੰਘਰਸ਼ ਦੇ ਨਾਇਕ ਭਾਈ ਵਧਾਵਾ ਸਿੰਘ ਬੱਬਰ ਜਥੇਦਾਰ ਬੱਬਰ ਖਾਲਸਾ, ਭਾਈ ਰਣਜੀਤ ਸਿੰਘ ਨੀਟਾ ਜਥੇਦਾਰ ਖਾਲਿਸਤਾਨ ਜਿੰਦਾਬਾਦ ਫੋਰਸ, ਭਾਈ ਜਗਤਾਰ ਸਿੰਘ ਹਾਵਾਰਾ, ਭਾਈ ਜਗਤਾਰ ਸਿੰਘ ਤਾਰਾ, ਭਾਈ ਜਗਤਾਰ ਸਿੰਘ ਜੱਗੀ ਜੌਹਲ ਦੇ ਹੱਕ ਵਿੱਚ ਅਵਾਜ਼ ਬੁਲੰਦ ਕੀਤੀ ਗਈ। ਸੰਤ ਭਿੰਡਾਂਵਾਲਿਆਂ ਦੀ ਸੋਚ ਤੇ ਪਹਿਰਾ ਦਿਆਂਗੇ ਠੋਕ ਕੇ, ਸ਼ਹੀਦੋ ਤੁਹਾਡੀ ਸੋਚ ਤੇ ਪਹਿਰਾ ਦਿਆਂਗੇ ਠੋਕ ਕੇ ਖੰਡਿਆ ਤੇਰਾ ਕਾਤਲ ਕੌਣ ਹਿੰਦੋਸਤਾਨ ਹਿੰਦੋਸਤਾਨ, ਨਿੱਜਰ ਤੇਰਾ ਕਾਤਲ ਕੌਣ ਹਿੰਦੋਸਤਾਨ ਹਿੰਦੋਸਤਾਨ, ਆਦਿ ਨਾਹਰੇ ਲਗਦੇ ਰਹੇ। ਰੋਸ ਅਤੇ ਰੋਹ ਭਰਪੂਰ ਮੁਜਾਹਰੇ ਵਿੱਚ ਭਾਰਤ ਸਰਕਾਰ ਨੂੰ ਸਖਤ ਸੁਨੇਹਾ ਦਿੱਤਾ ਕਿ ਖਾਲਿਸਤਾਨ ਦਾ ਸੰਘਰਸ਼ ਜਾਰੀ ਹੈ ਅਤੇ ਜਾਰੀ ਰਹੇਗਾ। ਭਾਰਤ ਸਰਕਾਰ ਦਾ ਕੋਈ ਵੀ ਜਬਰ ਜ਼ੁਲਮ ਇਸ ਨੂੰ ਰੋਕ ਨਹੀਂ ਸਕਦਾ। ਇਸ ਮੌਕੇ ਪੁਲਿਸ ਵੱਡੀ ਗਿਣਤੀ ਵਿੱਚ ਮੌਜੂਦ ਸੀ। ਅਖੀਰ ਇੱਕ ਭਾਰਤੀ ਤਿਰੰਗੇ ਨੂੰ ਲੀਰੋ ਲੀਰ ਕਰਦਿਆਂ ਭਾਰਤੀ ਅੰਬੈਸੀ ਨੂੰ ਸਪੱਸ਼ਟ ਸੁਨੇਹਾ ਦਿੱਤਾ ਗਿਆ ਕਿ ਜਿੰਨੀਆਂ ਲੀਰਾਂ ਅਸੀਂ ਤੁਹਾਡੇ ਤਿਰੰਗੇ ਦੀਆਂ ਕੀਤੀਆਂ ਹਨ ਇੰਨੇ ਹੀ ਭਾਰਤ ਦੇ ਟੁਕੜੇ ਹੋਣਗੇ ਅਤੇ ਉਹਨਾਂ ਵਿੱਚ ਸਿੱਖਾਂ ਆਪਣਾ ਸ਼ਕਤੀਸ਼ਾਲੀ ਦੇਸ਼ ਖਾਲਿਸਤਾਨ ਹੋਵੇਗਾ। ਰੋਸ ਮੁਜਾਹਰੇ ਸ਼ਾਮਲ ਸਿੱਖ ਸੰਗਤਾ ਨੇ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਭਾਈ ਰਣਜੀਤ ਸਿੰਘ ਨੀਟਾ, ਭਾਈ ਵਧਾਵਾ ਸਿੰਘ ਬੱਬਰ, ਭਾਈ ਮਹਿਲ ਸਿੰਘ ਬੱਬਰ, ਭਾਈ ਜਗਤਾਰ ਸਿੰਘ ਜੱਗੀ ਜੌਹਲ ਦੀਆਂ ਤਸਵੀਰਾਂ ਹੱਥਾਂ ਵਿੱਚ ਫੜੀਆਂ ਹੋਈਆਂ ਸਨ। ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਦੀਆਂ ਅਨੇਕਾਂ ਤਸਵੀਰਾਂ ਲਿਖਿਆ ਹੋਇਆ "ਕਿੱਲ ਮੋਦੀ ਪੌਲਿਟਿਕਸ, ਫੇਸ ਆਫ ਇੰਡੀਆ ਹਿੰਦੂ ਟੈਰੋਰਿਜ਼ਮ"।

# ਗਲਾਸਗੋ ਵਿੱਚ ਨਵੇਂ ਭਾਰਤੀ ਵੀਜ਼ਾ ਅਤੇ ਵੀਜ਼ਾ ਪਾਸਪੋਰਟ ਅਰਜ਼ੀ ਸੈਂਟਰ ਦਾ ਉਦਘਾਟਨ

ਗਲਾਸਗੋ-(ਹਰਜੀਤ ਸਿੰਘ ਦੁਸਾਂਝ ਪੁਆਦੜਾ) - ਸਕਾਟਲੈਂਡ ਵਿੱਚ ਰਾਜਧਾਨੀ ਐਡਨਬਰਾ ਵਿੱਚ ਭਾਰਤੀ ਦੂਤਾਵਾਸ ਸਥਿਤ ਹੈ। ਸਕਾਟਲੈਂਡ ਦਾ ਸੱਭ ਤੋਂ ਵੱਡਾ ਸ਼ਹਿਰ ਗਲਾਸਗੋ ਹੈ ਅਤੇ ਇਹ ਐਡਨਬਰਾ ਤੋਂ ਲੱਗਭੱਗ 80 ਕਿੱਲੋਮੀਟਰ ਦੀ ਦੂਰੀ 'ਤੇ ਹੈ । ਭਾਰਤੀ ਭਾਈਚਾਰੇ ਦੇ ਸੱਭ ਤੋਂ ਵੱਧ ਲੋਕ ਗਲਾਸਗੋ ਵਿੱਚ ਹੀ ਵੱਸਦੇ ਹਨ । ਸਕਾਟਲੈਂਡ ਵਿੱਚ ਭਾਰਤ ਦੇ ਕੌਂਸਲ ਜਨਰਲ ਸ਼੍ਰੀ ਸਿਧਾਰਥ ਮਲਿਕ ਨੇ ਗਲਾਸਗੋ ਵਿੱਚ ਨਵੇਂ ਭਾਰਤੀ ਵੀਜ਼ਾ ਅਤੇ ਪਾਸਪੋਰਟ ਐਪਲੀਕੇਸ਼ਨ ਸੈਂਟਰ ਦਾ ਉਦਘਾਟਨ ਕੀਤਾ। ਇਹ ਨਵੀਂ ਸਹੂਲਤ ਨਾਲ ਗਲਾਸਗੋ ਜਾਂ ਆਸ ਪਾਸ ਵੱਸਦੇ ਲੋਕ ਭਾਰਤੀ ਦੂਤਾਵਾਸ ਦੀ ਲੰਬੀ ਯਾਤਰਾ ਤੋਂ ਬਚ ਸਕਦੇ ਹਨ । ਇਹ ਦਫਤਰ ਗਲਾਸਗੋ ਸ਼ਹਿਰ ਦੀ 177 ਵੈਸਟ ਜਾਰਜ ਸਟ੍ਰੀਟ ਵਿੱਚ ਖੋਲ੍ਹਿਆ ਗਿਆ ਹੈ । ਨਵਾਂ ਦਫ਼ਤਰ ਭਾਰਤੀ ਬੈਂਕ ਛੁੱਟੀਆਂ ਨੂੰ ਛੱਡ ਕੇ, ਸਾਰੇ ਕੰਮਕਾਜੀ ਦਿਨਾਂ ਸੋਮਵਾਰ ਤੋਂ ਸ਼ੁੱਕਰਵਾਰ ਤੱਕ ਸਵੇਰੇ 8:30 ਵਜੇ ਤੋਂ ਦੁਪਹਿਰ 3:30 ਵਜੇ ਤੱਕ ਖੁੱਲਿਆ ਕਰੇਗਾ । ਕੋਈ ਵੀ ਵਿਅਕਤੀ ਪਹਿਲਾਂ ਤੋਂ ਮੁਲਾਕਾਤ (ਅਪਾਇੰਟਮਿੰਟ) ਨਾਲ ਗਲਾਸਗੋ ਦਫਤਰ ਵਿਖੇ ਪਾਸਪੋਰਟ, ਵੀਜ਼ਾ, ਓ.ਸੀ.ਆਈ. ਕਾਰਡ, ਭਾਰਤੀ ਦਸਤਾਵੇਜ਼ਾਂ ਦੀ ਤਸਦੀਕ, ਜਨਮ ਰਜਿਸਟ੍ਰੇਸ਼ਨ, ਅਸਥੀਆਂ ਭੇਜਣ , ਭਾਰਤੀ ਪਾਸਪੋਰਟਾਂ ਦੇ ਸਮਰਪਣ, ਪੁਲਿਸ ਕਲੀਅਰੈਂਸ ਸਰਟੀਫਿਕੇਟ ਲਈ ਆਪਣੀਆਂ ਅਰਜ਼ੀਆਂ ਜਮ੍ਹਾਂ ਕਰਵਾ ਸਕਦਾ ਹੈ। ਮੁਲਾਕਾਤ ਆਨਲਾਇਨ ਵੀ https://www.hiclondon.govi.n/appiontment_home/ ਵੈਬਸਾਇਟ 'ਤੇ ਬੁੱਕ ਕੀਤੀ ਜਾ ਸਕਦੀ ਹੈ।



ਸਕਾਟਲੈਂਡ ਵਿੱਚ ਭਾਰਤੀ ਕੌਂਸਲ ਜਨਰਲ ਸਿਧਾਰਥ ਮਲਿਕ ਗਲਾਸਗੋ ਵਿੱਚ ਦਫਤਰ ਦਾ ਉਦਘਾਟਨ ਕਰਦੇ ਹੋਏ

ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ

ਕਿੰਗਜ਼ਵੇਅ ਬੈਂਕਿਊਟਿੰਗ ਸੁਈਟ


ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ

ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ!

ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ।
ਸਾਡੀ ਵਧੀਆ ਅਤੇ ਸ਼ਾਨਦਾਰ ਸਰਿਵਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ ।

ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ !

ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ
ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ



ਸਵ: ਸ੍ਰ. ਉਮਰਾਓ ਅਟਵਾਲ

ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ

KINGSWAY BANQUETING SUITE
270-272 BATH ROAD, HOUNSLOW, MIDDLESEX, TW4 7DF.
(OPP. HOUNSLOW WEST TUBE STATION)
TEL: 020 8570 8351
Email: Kingswaylondon@icloud.com, www.kingswaybanqueting.com

# ਨੇਪਾਲ ਵਿੱਚ ਹਿੰਦੂਤਵ ਦੀ ਸਿਆਸਤ ਵਿਚ ਸੰਘ ਪਰਿਵਾਰ ਦਾ ਹੋਇਆ ਉਭਾਰ

## ਖਾਸ ਖਬਰ ✪ ਨੇਪਾਲ ਦੀ ਸੰਪ੍ਰਭੂਤਾ ਅਤੇ ਸਮਾਜਿਕ ਸਦਭਾਵਨਾ 'ਤੇ ਸਵਾਲ ਖੜ੍ਹੇ ਹੋਏ, ਫਿਰਕੂਵਾਦ ਵਧਿਆ

ਨੇਪਾਲ, ਜੋ ਕਿ ਭਾਰਤ ਨਾਲ ਖੁੱਲ੍ਹੀ ਸਰਹੱਦ ਸਾਂਝੀ ਕਰਦਾ ਹੈ, ਅੱਜ-ਕੱਲ੍ਹ ਇੱਕ ਨਵੇਂ ਸਿਆਸੀ ਦੌਰ ਵਿੱਚੋਂ ਲੰਘ ਰਿਹਾ ਹੈ। ਇਸ ਪੜੋਸੀ ਮੁਲਕ ਵਿੱਚ ਹਿੰਦੂਤਵ ਦੀ ਸਿਆਸਤ ਤੇਜ਼ੀ ਨਾਲ ਫੈਲ ਰਹੀ ਹੈ। ਰਾਸ਼ਟਰੀ ਸਵੈਮਸੇਵਕ ਸੰਘ ਤੋਂ ਪ੍ਰੇਰਿਤ ਹਿੰਦੂ ਸਵੈਮਸੇਵਕ ਸੰਘ ਦੀ ਅਗਵਾਈ ਵਿੱਚ ਏਕਲ ਵਿਦਿਆਲਿਆਂ ਅਤੇ ਪਸ਼ੂਪਤੀ ਸਿੱਖਿਆ ਮੰਦਰਾਂ ਦੇ ਜ਼ਰੀਏ ਹਿੰਦੂ ਰਾਸ਼ਟਰ ਦੀ ਧਾਰਨਾ ਨੂੰ ਮਜ਼ਬੂਤੀ ਮਿਲ ਰਹੀ ਹੈ। ਇਸ ਦੇ ਨਾਲ ਹੀ, ਨੇਪਾਲ ਦੀ ਸੰਪ੍ਰਭੂਤਾ ਅਤੇ ਸਮਾਜਿਕ ਸਦਭਾਵਨਾ 'ਤੇ ਸਵਾਲ ਖੜ੍ਹੇ ਹੋ ਰਹੇ ਹਨ।



### ਨੇਪਾਲ ਵਿੱਚ ਹਿੰਦੂਤਵ ਦੀ ਸਿਆਸਤ ਦਾ ਉਭਾਰ ਕਿਉਂ ?

ਨੇਪਾਲ, ਜਿਸ ਨੂੰ ਕਦੇ ਦੁਨੀਆਂ ਦਾ ਇਕੱਲਾ ਹਿੰਦੂ ਰਾਸ਼ਟਰ ਮੰਨਿਆ ਜਾਂਦਾ ਸੀ, 2008 ਵਿੱਚ ਰਾਜਸ਼ਾਹੀ ਦੇ ਖਾਤਮੇ ਤੋਂ ਬਾਅਦ ਧਰਮ ਨਿਰਪੱਖ ਰਾਜ ਬਣ ਗਿਆ। ਪਰ ਹੁਣ, ਇੱਥੇ ਹਿੰਦੂ ਰਾਸ਼ਟਰ ਦੀ ਵਾਪਸੀ ਦੀ ਮੰਗ ਫਿਰ ਤੋਂ ਜ਼ੋਰ ਫੜ ਰਹੀ ਹੈ। ਬੀਬੀਸੀ ਦੀ ਰਿਪੋਰਟ ਮੁਤਾਬਕ, ਨੇਪਾਲ ਦੇ ਬੀਰਗੰਜ ਵਰਗੇ ਇਲਾਕਿਆਂ ਵਿੱਚ 1992 ਤੋਂ ਚੱਲ ਰਹੇ ਏਕਲ ਵਿਦਿਆਲਿਆਂ ਨੇ ਹਿੰਦੂਤਵ ਦੀ ਵਿਚਾਰਧਾਰਾ ਨੂੰ ਫੈਲਾਉਣ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਇਹ ਸਕੂਲ ਮੁੱਖ ਤੌਰ 'ਤੇ ਦਲਿਤ ਭਾਈਚਾਰੇ ਦੇ ਬੱਚਿਆਂ ਨੂੰ ਸਿੱਖਿਆ ਦਿੰਦੇ ਹਨ, ਪਰ ਨਾਲ ਹੀ ਉਹਨਾਂ ਨੂੰ ਹਿੰਦੂਤਵ ਦੇ ਸਿਧਾਂਤਾਂ ਜਿਵੇਂ ਕਿ ਗਊ ਹੱਤਿਆ ਰੋਕਣ, ਧਰਮ ਪਰਿਵਰਤਨ ਵਿਰੁੱਧ ਜਾਗਰੂਕਤਾ ਅਤੇ ਨੇਪਾਲ ਨੂੰ ਹਿੰਦੂ ਰਾਸ਼ਟਰ ਬਣਾਉਣ ਦੇ ਸੰਕਲਪ ਵੱਲ ਪ੍ਰੇਰਿਤ ਕਰਦੇ ਹਨ।

ਬੀਰਗੰਜ ਦੇ ਸੋਨਰਨੀਆ ਪਿੰਡ ਵਿੱਚ ਸੁਰੇਸ਼ ਪਾਸਵਾਨ ਦੇ ਘਰ ਚੱਲਣ ਵਾਲੇ ਏਕਲ ਵਿਦਿਆਲੇ ਦੇ ਮੁਖੀ ਸੋਹਨਲਾਲ ਪ੍ਰਸਾਦ ਸਾਹ ਖੁੱਲ੍ਹਕੇ ਦੱਸਦੇ ਹਨ ਕਿ ਇਹ ਸਕੂਲ ਸੰਘ ਪਰਿਵਾਰ ਨਾਲ ਜੁੜੇ ਹੋਏ ਹਨ। ਸਾਹ ਨੇ ਖੁਦ ਗੋਰਖਪੁਰ ਵਿੱਚ ਸੰਘ ਪਰਿਵਾਰ ਦੀ 21 ਦਿਨਾਂ ਦੀ ਸਿਖਲਾਈ ਵਰਕਸ਼ਾਪ ਵਿੱਚ ਹਿੱਸਾ ਲਿਆ ਸੀ। ਨੇਪਾਲ ਵਿੱਚ ਹਿੰਦੂ ਸਵੈਮਸੇਵਕ ਸੰਘ ਦੇ 1048 ਏਕਲ ਵਿਦਿਆਲੇ ਅਤੇ 35 ਪਸ਼ੂਪਤੀ ਸਿੱਖਿਆ ਮੰਦਰ ਸਰਗਰਮ ਹਨ, ਜੋ ਹਿੰਦੂਤਵ ਦੀ ਵਿਚਾਰਧਾਰਾ ਨੂੰ ਪਿੰਡ-ਪਿੰਡ ਤੱਕ ਪਹੁੰਚਾਉਣ ਦਾ ਕੰਮ ਕਰ ਰਹੇ ਹਨ।

ਇਹਨਾਂ ਸਕੂਲਾਂ ਦੀ ਸਥਾਪਨਾ ਅਤੇ ਸੰਚਾਲਨ ਦਾ ਤਰੀਕਾ ਸੰਘ ਪਰਿਵਾਰ ਦੀਆਂ ਸ਼ਾਖਾਵਾਂ ਨਾਲ ਮਿਲਦਾ-ਜੁਲਦਾ ਹੈ। ਇਹਨਾਂ ਵਿੱਚ ਸੰਘ ਪਰਿਵਾਰ ਦੀਆਂ ਸ਼ਾਖਾਵਾਂ ਵਾਂਗ ਮਾਹੌਲ, ਵਰਦੀਆਂ ਅਤੇ ਪ੍ਰਾਰਥਨਾਵਾਂ ਦੇਖਣ ਨੂੰ ਮਿਲਦੀਆਂ ਹਨ। ਸਕੂਲਾਂ ਦੀਆਂ ਕੰਧਾਂ 'ਤੇ ਸੰਘ ਪਰਿਵਾਰ ਦੇ ਸੰਸਥਾਪਕ ਕੇਸ਼ਵ ਬਲੀਰਾਮ ਹੇਡਗੇਵਾਰ ਅਤੇ ਸਾਬਕਾ ਸਰਸੰਘਚਾਲਕ ਮਾਧਵ ਸਦਾਸ਼ਿਵ ਗੋਲਵਲਕਰ ਦੀਆਂ ਤਸਵੀਰਾਂ ਪ੍ਰਮੁੱਖਤਾ ਨਾਲ ਲੱਗੀਆਂ ਹੁੰਦੀਆਂ ਹਨ, ਜੋ ਇਸ ਦੀ ਵਿਚਾਰਧਾਰਕ ਜੁੜਤ ਨੂੰ ਸਪੱਸ਼ਟ ਕਰਦੀਆਂ ਹਨ।

### ਸੰਘ ਪਰਿਵਾਰ ਦੀ ਭੂਮਿਕਾ

ਹਿੰਦੂ ਸਵੈਮਸੇਵਕ ਸੰਘ ਨੇਪਾਲ ਸਮੇਤ ਅਮਰੀਕਾ, ਬਰਤਾਨੀਆ, ਆਸਟ੍ਰੇਲੀਆ ਅਤੇ ਕੈਨੇਡਾ ਵਰਗੇ ਮੁਲਕਾਂ ਵਿੱਚ ਸਰਗਰਮ ਹੈ। ਹਾਲਾਂਕਿ ਸੰਘ ਪਰਿਵਾਰ ਅਤੇ ਹਿੰਦੂ ਸਵੈਮਸੇਵਕ ਸੰਘ ਆਪਣੀਆਂ ਵੈਬਸਾਈਟਾਂ 'ਤੇ ਇੱਕ-ਦੂਜੇ ਨਾਲ ਸਬੰਧ ਦਾ ਜ਼ਿਕਰ ਨਹੀਂ ਕਰਦੇ, ਪਰ ਦੋਹਾਂ ਦਰਮਿਆਨ ਡੂੰਘਾ ਸਬੰਧ ਸਾਫ਼ ਜ਼ਾਹਿਰ ਹੈ। ਹਿੰਦੂ ਸਵੈਮਸੇਵਕ ਸੰਘ ਦੇ ਕਾਰਜਕਰਤਾਵਾਂ ਦੀ ਸਿਖਲਾਈ ਸੰਘ ਪਰਿਵਾਰ ਦੇ ਨਾਗਪੁਰ ਸਥਿਤ ਮੁੱਖ ਦਫ਼ਤਰ ਵਿੱਚ ਵੀ ਹੁੰਦੀ ਹੈ। ਹਿੰਦੂ ਸਵੈਮਸੇਵਕ ਸੰਘ ਦੇ ਰਾਸ਼ਟਰੀ ਸੰਘਚਾਲਕ ਕਲਿਆਣ ਕੁਮਾਰ ਤਿਮਸੀਨਾ, ਜੋ ਸਾਬਕਾ ਪੁਲਿਸ ਅਧਿਕਾਰੀ ਹਨ, ਹਿੰਦੂਤਵ ਨੂੰ ਉਤਸ਼ਾਹਿਤ ਕਰਨ ਦੀ ਗੱਲ ਸਵੀਕਾਰਦੇ ਹਨ, ਪਰ ਸੰਘ ਪਰਿਵਾਰ ਨਾਲ ਸਬੰਧਾਂ 'ਤੇ ਸਪੱਸ਼ਟ ਜਵਾਬ ਦੇਣ ਤੋਂ ਬਚਦੇ ਹਨ।

ਨੇਪਾਲ ਵਿੱਚ ਹਿੰਦੂਤਵ ਦੇ ਪ੍ਰਚਾਰ ਵਿੱਚ ਰਵੀਤ ਕੁਮਾਰ ਅਤੇ ਵੇਦ ਪ੍ਰਕਾਸ਼ ਵਰਗੇ ਲੋਕ ਸਰਗਰਮ ਹਨ, ਜੋ ਹਿੰਦੂ ਸਵੈਮਸੇਵਕ ਸੰਘ ਤੋਂ ਸਿਖਲਾਈ ਪ੍ਰਾਪਤ ਹਨ। ਇਹ ਸੰਗਠਨ ਪਿੰਡਾਂ-ਪਿੰਡਾਂ ਵਿੱਚ ਸ਼ਾਖਾਵਾਂ, ਸਿੱਖਿਆ ਪ੍ਰੋਗਰਾਮਾਂ ਅਤੇ ਸਮਾਜਿਕ ਸੇਵਾਵਾਂ ਦੇ ਜ਼ਰੀਏ ਹਿੰਦੂਤਵ ਦੀ ਵਿਚਾਰਧਾਰਾ ਨੂੰ ਫੈਲਾਉਣ ਦਾ ਕੰਮ ਕਰ ਰਹੇ ਹਨ। 1992 ਵਿੱਚ ਹਿੰਦੂ ਸਵੈਮਸੇਵਕ ਸੰਘ ਦੀ ਸਥਾਪਨਾ ਨੇਪਾਲ ਵਿੱਚ ਹੋਈ ਸੀ, ਅਤੇ ਇਸ ਦੇ ਬਾਅਦ ਤੋਂ ਇਹ ਸੰਗਠਨ ਸਿੱਖਿਆ ਅਤੇ ਸਮਾਜਿਕ ਸੇਵਾਵਾਂ ਦੇ ਨਾਮ 'ਤੇ ਹਿੰਦੂਤਵ ਦੇ ਏਜੰਡੇ ਨੂੰ ਅੱਗੇ ਵਧਾ ਰਿਹਾ ਹੈ।

ਸੰਘ ਦੀ ਵਿਚਾਰਧਾਰਾ ਨੇਪਾਲ ਦੀ ਸਿਆਸਤ 'ਤੇ ਡੂੰਘਾ ਅਸਰ ਪਾਇਆ ਹੈ। 2014 ਵਿੱਚ ਭਾਰਤ ਵਿੱਚ ਨਰਿੰਦਰ ਮੋਦੀ ਦੇ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਨੇਪਾਲ ਵਿੱਚ ਹਿੰਦੂਤਵ ਨੂੰ ਹੋਰ ਉਤਸ਼ਾਹ ਮਿਲਿਆ। ਮੋਦੀ ਦੀ 2018 ਵਿੱਚ ਜਨਕਪੁਰ ਯਾਤਰਾ ਅਤੇ ਉਸ ਦੌਰਾਨ ਸ਼ਹਿਰ ਦੀਆਂ ਕੰਧਾਂ ਨੂੰ ਕੇਸਰੀ ਰੰਗ ਵਿੱਚ ਰੰਗਵਾਉਣ ਵਰਗੇ ਕਦਮਾਂ ਨੇ ਵੀ ਹਿੰਦੂਤਵ ਦੀ ਸਿਆਸਤ ਨੂੰ ਹਵਾ ਦਿੱਤੀ।

### ਹਿੰਦੂਤਵ ਦੀ ਸਿਆਸਤ ਦਾ ਇਤਿਹਾਸ ਅਤੇ ਪ੍ਰੇਰਨਾ ਸਰੋਤ

ਨੇਪਾਲ ਵਿੱਚ ਹਿੰਦੂਤਵ ਦੀ ਸਿਆਸਤ ਦਾ ਇਤਿਹਾਸ ਕਾਫ਼ੀ ਪੁਰਾਣਾ ਹੈ। ਆਧੁਨਿਕ ਨੇਪਾਲ ਦੇ ਨਿਰਮਾਤਾ ਪ੍ਰਿਥਵੀ ਨਾਰਾਇਣ ਸ਼ਾਹ ਨੇ ਨੇਪਾਲ ਨੂੰ 'ਅਸਲੀ ਹਿੰਦੁਸਤਾਨ' ਮੰਨਿਆ ਸੀ। 19ਵੀਂ ਸਦੀ ਵਿੱਚ ਮਰਾਠੀ ਬ੍ਰਾਹਮਣਾਂ ਦੇ ਪ੍ਰਭਾਵ ਅਤੇ 1925 ਵਿੱਚ ਸੰਘ ਪਰਿਵਾਰ ਦੀ ਸਥਾਪਨਾ ਨੇ ਨੇਪਾਲ ਵਿੱਚ ਹਿੰਦੂਤਵ ਦੇ ਵਿਚਾਰਾਂ ਨੂੰ ਹੋਰ ਮਜ਼ਬੂਤ ਕੀਤਾ। 1960 ਦੇ ਦਹਾਕੇ ਵਿੱਚ ਰਾਜਾ ਮਹਿੰਦਰ ਦੇ ਸ਼ਾਸਨਕਾਲ ਦੌਰਾਨ ਸੰਘ ਪਰਿਵਾਰ ਨਾਲ ਨੇੜਤਾ ਵਧੀ, ਅਤੇ 2008 ਵਿੱਚ ਰਾਜਸ਼ਾਹੀ ਦੇ ਖਾਤਮੇ ਤੋਂ ਬਾਅਦ ਵੀ ਹਿੰਦੂਤਵ ਦੀ ਸਿਆਸਤ ਨੇ ਜ਼ੋਰ ਫੜਿਆ।

ਨੇਪਾਲ ਦੀ 81% ਤੋਂ ਵੱਧ ਆਬਾਦੀ ਹਿੰਦੂ ਹੈ, ਜੋ ਹਿੰਦੂਤਵ ਦੀ ਸਿਆਸਤ ਦੇ ਉਭਾਰ ਦਾ ਇੱਕ ਵੱਡਾ ਕਾਰਨ ਹੈ। 2008 ਵਿੱਚ ਰਾਜਸ਼ਾਹੀ ਦੇ ਖਾਤਮੇ ਅਤੇ ਧਰਮ ਨਿਰਪੱਖਤਾ ਦੀ ਘੋਸ਼ਣਾ ਤੋਂ ਬਾਅਦ, ਕਈ ਸੰਗਠਨਾਂ ਅਤੇ ਸਿਆਸੀ ਪਾਰਟੀਆਂ ਨੇ ਹਿੰਦੂ ਰਾਸ਼ਟਰ ਦੀ ਮੰਗ ਨੂੰ ਜ਼ੋਰਦਾਰ ਕੀਤਾ। ਨੇਪਾਲੀ ਕਾਂਗਰਸ ਵਰਗੀਆਂ ਪਾਰਟੀਆਂ ਦੇ ਕੁਝ ਨੇਤਾ ਵੀ ਹਿੰਦੂ ਰਾਸ਼ਟਰ ਦੀ ਵਕਾਲਤ ਕਰਦੇ ਹਨ, ਜਦਕਿ ਸਾਬਕਾ ਜਨਰਲ ਰੁਕਮੰਗੁਦ ਕਟਾਵਾਲ ਨੇ 2021 ਵਿੱਚ 'ਹਿੰਦੂ ਪਹਿਚਾਣ ਬਹਾਲ' ਕਰਨ ਲਈ ਮੁਹਿੰਮ ਸ਼ੁਰੂ ਕੀਤੀ ਸੀ। ਇਸ ਦੇ ਨਾਲ ਹੀ, ਭਾਰਤ ਦੀ ਸਿਆਸਤ, ਖਾਸਕਰ ਭਾਜਪਾ ਅਤੇ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਹਿੰਦੂਤਵ ਦੀ ਮਜ਼ਬੂਤੀ ਨੇ ਨੇਪਾਲ ਵਿੱਚ ਵੀ ਇਸ ਵਿਚਾਰਧਾਰਾ ਨੂੰ ਨੈਤਿਕ ਸਮਰਥਨ ਪ੍ਰਦਾਨ ਕੀਤਾ ਹੈ। ਨੇਪਾਲ ਦੇ ਸਾਬਕਾ ਪ੍ਰਧਾਨ ਮੰਤਰੀ ਕੇਪੀ ਸ਼ਰਮਾ ਓਲੀ ਵਰਗੇ ਨੇਤਾਵਾਂ ਨੇ ਵੀ ਹਿੰਦੂ ਰਾਸ਼ਟਰਵਾਦੀ ਭਾਵਨਾਵਾਂ ਨੂੰ ਹਵਾ ਦਿੱਤੀ, ਜਿਸ ਨੇ ਪਸ਼ੂਪਤੀਨਾਥ ਮੰਦਰ ਵਿੱਚ ਪੂਜਾ ਕਰਕੇ ਅਤੇ ਰਾਮ ਦੀ ਮੂਰਤੀ ਸਥਾਪਤ ਕਰਕੇ ਹਿੰਦੂਤਵ ਨੂੰ ਉਤਸ਼ਾਹਿਤ ਕੀਤਾ ਹੈ ।

### ਸੰਪ੍ਰਭੂਤਾ ਅਤੇ ਸਮਾਜਿਕ ਸਦਭਾਵਨਾ 'ਤੇ ਸਵਾਲ

ਨੇਪਾਲ ਵਿੱਚ ਹਿੰਦੂਤਵ ਦੀ ਵਧਦੀ ਸਰਗਰਮੀ ਨੇ ਕਈ ਚਿੰਤਾਵਾਂ ਨੂੰ ਜਨਮ ਦਿੱਤਾ ਹੈ। ਸਾਬਕਾ ਵਿਦੇਸ਼ ਮੰਤਰੀ ਪ੍ਰਦੀਪ ਗਿਆਵਾਲੀ ਅਤੇ ਸੰਸਦ ਮੈਂਬਰ ਅਮਰੇਸ਼ ਸਿੰਘ ਵਰਗੇ ਲੋਕ ਮੰਨਦੇ ਹਨ ਕਿ ਹਿੰਦੂਤਵ ਦੀ ਸਿਆਸਤ ਨੇਪਾਲ ਦੀ ਸੰਪ੍ਰਭੂਤਾ ਲਈ ਖਤਰਾ ਬਣ ਸਕਦੀ ਹੈ। ਮਧੇਸ ਖੇਤਰ ਵਿੱਚ ਫਿਰਕੂ ਤਣਾਅ ਦੀਆਂ ਘਟਨਾਵਾਂ, ਜਿਵੇਂ ਕਿ ਹਨੂੰਮਾਨ ਜੈਯੰਤੀ ਅਤੇ ਰਾਮਨਵਮੀ ਦੌਰਾਨ ਹੋਈਆਂ ਝੜਪਾਂ, ਇਸ ਚਿੰਤਾ ਨੂੰ ਹੋਰ ਗੰਭੀਰ ਕਰ ਰਹੀਆਂ ਹਨ। ਨੇਪਾਲੀ ਕਾਂਗਰਸ ਦੀ ਸੰਸਦ ਮੈਂਬਰ ਜਾਵੇਦਾ ਖਾਤੂਨ ਦਾ ਕਹਿਣਾ ਹੈ ਕਿ ਭਾਰਤ ਦੀ ਸਿਆਸਤ ਦਾ ਅਸਰ ਨੇਪਾਲ ਦੇ ਧਾਰਮਿਕ ਸਦਭਾਵਨਾ 'ਤੇ ਪੈ ਰਿਹਾ ਹੈ।

ਜਨਕਪੁਰ ਵਿੱਚ ਜਾਨਕੀ ਮੰਦਰ ਅਤੇ ਮਸਜਿਦ ਦਰਮਿਆਨ ਵਧਦੀ ਦੂਰੀ ਵੀ ਇਸ ਸਮੱਸਿਆ ਨੂੰ ਦਰਸਾਉਂਦੀ ਹੈ। ਪਹਿਲਾਂ ਜਿੱਥੇ ਮੁਸਲਮਾਨ ਅਤੇ ਹਿੰਦੂ ਇਕੱਠੇ ਵਿਵਾਹ ਪੰਚਮੀ ਵਰਗੇ ਤਿਉਹਾਰਾਂ ਵਿੱਚ ਸ਼ਾਮਲ ਹੁੰਦੇ ਸਨ, ਹੁਣ ਸਥਿਤੀ ਬਦਲ ਗਈ ਹੈ। 2018 ਵਿੱਚ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਦੀ ਜਨਕਪੁਰ ਯਾਤਰਾ ਅਤੇ ਮੋਦੀ ਦੇ ਦੌਰੇ ਨੇ ਸਥਾਨਕ ਸਿਆਸਤ 'ਤੇ ਡੂੰਘਾ ਅਸਰ ਪਾਇਆ।

ਕੁਝ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਹਿੰਦੂਤਵ ਦੀ ਸਿਆਸਤ ਨੇਪਾਲ ਦੀ ਸਭਿਆਚਾਰਕ ਅਤੇ ਧਾਰਮਿਕ ਵਿਭਿੰਨਤਾ ਨੂੰ ਚੁਣੌਤੀ ਦੇ ਰਹੀ ਹੈ। ਨੇਪਾਲ ਦੀ 5% ਮੁਸਲਮਾਨ ਅਤੇ 8% ਬੋਧੀ ਆਬਾਦੀ ਦੇ ਨਾਲ-ਨਾਲ ਹੋਰ ਘੱਟ-ਗਿਣਤੀ ਕੌਮਾਂ ਨੂੰ ਇਸ ਦੇ ਪ੍ਰਭਾਵ ਦੀ ਚਿੰਤਾ ਹੈ। ਮੁਸਲਮਾਨਾਂ ਦੀ ਵਧਦੀ ਆਬਾਦੀ ਅਤੇ ਧਰਮ ਪਰਿਵਰਤਨ ਦੇ ਮੁੱਦਿਆਂ ਨੇ ਵੀ ਹਿੰਦੂਤਵ ਸੰਗਠਨਾਂ ਨੂੰ ਹੋਰ ਸਰਗਰਮ ਕੀਤਾ ਹੈ। ਨੇਪਾਲ ਦੀ ਸਰਕਾਰ ਅਤੇ ਸਮਾਜ ਨੂੰ ਇਸ ਸਥਿਤੀ ਨਾਲ ਨਜਿੱਠਣ ਲਈ ਸੁਚੇਤ ਅਤੇ ਸੰਤੁਲਿਤ ਪਹੁੰਚ ਦੀ ਲੋੜ ਹੈ, ਤਾਂ ਜੋ ਵਿਭਿੰਨਤਾ ਅਤੇ ਏਕਤਾ ਨੂੰ ਕਾਇਮ ਰੱਖਿਆ ਜਾ ਸਕੇ।



# ਬ੍ਰਿਟੇਨ ਦੀ ਫੌਜ ਵਿੱਚ ਹਥਿਆਰਾਂ ਦੀ ਘਾਟ ਬਣੀ ਇੱਕ ਗੰਭੀਰ ਸੰਕਟ

## ○ ਬ੍ਰਿਟਿਸ਼ ਫੌਜ ਕਬਾੜ ਵਰਗੇ ਹਥਿਆਰਾਂ ਉੱਤੇ ਨਿਰਭਰ ○ ਫੌਜ ਵਿੱਚ ਟੈਂਕਾਂ, ਸੈਨਿਕਾਂ ਅਤੇ ਵਿਮਾਨਾਂ ਦੀ ਘਾਟ ਨੇ ਦੇਸ਼ ਨੂੰ ਕਮਜ਼ੋਰ ਬਣਾਇਆ





ਲੰਡਨ-ਬ੍ਰਿਟੇਨ, ਜੋ ਕਦੇ ਦੁਨੀਆਂ ਦੀ ਸਭ ਤੋਂ ਤਾਕਤਵਰ ਤਾਕਤ ਸੀ ਅਤੇ ਜਿਸ ਨੇ ਦੁਨੀਆਂ ਦੇ ਬਹੁਤੇ ਮੁਲਕਾਂ ਉੱਤੇ ਰਾਜ ਕੀਤਾ ਸੀ, ਅੱਜ ਆਪਣੀ ਫੌਜੀ ਤਾਕਤ ਨੂੰ ਲੈ ਕੇ ਗੰਭੀਰ ਸੰਕਟ ਵਿੱਚ ਘਿਰਿਆ ਹੋਇਆ ਹੈ। ਇੱਕ ਵੇਲੇ ਬ੍ਰਿਟਿਸ਼ ਫੌਜ ਕੋਲ ਦੁਨੀਆਂ ਦੇ ਸਭ ਤੋਂ ਅਡਵਾਂਸ ਹਥਿਆਰ ਹੁੰਦੇ ਸਨ, ਪਰ ਅੱਜ ਇਹ ਕਬਾੜ ਵਰਗੇ ਹਥਿਆਰਾਂ ਉੱਤੇ ਨਿਰਭਰ ਹੈ। ਐਫ-35 ਜੈੱਟਾਂ ਤੋਂ ਲੈ ਕੇ ਪਨਡੁੱਬੀਆਂ ਅਤੇ ਡੈਸਟਰਾਇਰ ਜਹਾਜ਼ਾਂ ਤੱਕ, ਬ੍ਰਿਟੇਨ ਦੀ ਫੌਜ ਵਿੱਚ ਹਥਿਆਰਾਂ ਅਤੇ ਉਪਕਰਨਾਂ ਦੀ ਘਾਟ ਨੇ ਦੇਸ਼ ਦੀ ਰੱਖਿਆ ਨੂੰ ਖੋਖਲਾ ਬਣਾ ਦਿੱਤਾ ਹੈ। ਇੰਗਲੈਂਡ ਦੀਆਂ ਅਖ਼ਬਾਰਾਂ ਜਿਵੇਂ ਕਿ ਦਿ ਗਾਰਡੀਅਨ, ਬੀਬੀਸੀ, ਦਿ ਟੈਲੀਗ੍ਰਾਫ ਅਤੇ ਇੰਡੀਪੈਂਡੈਂਟ ਵਿੱਚ ਛਪੀਆਂ ਰਿਪੋਰਟਾਂ ਮੁਤਾਬਕ, ਬ੍ਰਿਟੇਨ ਦੀ ਫੌਜ ਨੂੰ ਹੁਣ ਨਵੀਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਨਵੇਂ ਹਥਿਆਰਾਂ ਅਤੇ ਵਧੇਰੇ ਬਜਟ ਦੀ ਲੋੜ ਹੈ।

### ਬ੍ਰਿਟੇਨ ਵਿੱਚ ਵਧੀਆ ਹਥਿਆਰਾਂ ਦੀ ਘਾਟ ਦੇ ਕਾਰਨ: ਲੰਮੇ ਸਮੇਂ ਦੀ ਨੀਤੀਗਤ ਗਲਤੀਆਂ

ਬ੍ਰਿਟੇਨ ਦੀ ਫੌਜ ਵਿੱਚ ਹਥਿਆਰਾਂ ਦੀ ਘਾਟ ਦਾ ਮੁੱਖ ਕਾਰਨ ਲੰਮੇ ਸਮੇਂ ਤੋਂ ਚੱਲ ਰਹੀਆਂ ਨੀਤੀਆਂ ਹਨ, ਜਿੱਥੇ ਸਰਕਾਰ ਨੇ ਘੱਟ ਗਿਣਤੀ ਵਿੱਚ ਮਹਿੰਗੇ ਅਤੇ ਅਡਵਾਂਸ ਹਥਿਆਰ ਖਰੀਦੇ ਹਨ। ਦਿ ਗਾਰਡੀਅਨ ਦੀ ਰਿਪੋਰਟ ਮੁਤਾਬਕ, ਬ੍ਰਿਟੇਨ ਨੇ ਐਫ-35ਬੀ ਜੈੱਟਾਂ ਵਰਗੇ ਅਡਵਾਂਸ ਲੜਾਕੂ ਵਿਮਾਨ ਖਰੀਦੇ, ਪਰ ਇਹਨਾਂ ਵਿੱਚ ਅਕਸਰ ਤਕਨੀਕੀ ਖਰਾਬੀਆਂ ਆਉਂਦੀਆਂ ਹਨ ਅਤੇ ਮੁਰੰਮਤ ਮਹਿੰਗੀ ਪੈਂਦੀ ਹੈ। ਹਾਲ ਹੀ ਵਿੱਚ, ਇੱਕ ਐਫ-35ਬੀ ਨੂੰ ਜਪਾਨ ਵਿੱਚ ਐਮਰਜੈਂਸੀ ਲੈਂਡਿੰਗ ਕਰਨੀ ਪਈ, ਜੋ ਐਚਐਮਐਸ ਪ੍ਰਿੰਸ ਆਫ ਵੇਲਜ਼ ਏਅਰਕ੍ਰਾਫਟ ਕੈਰੀਅਰ ਤੋਂ ਉੱਡਿਆ ਸੀ। ਇਸ ਤੋਂ ਪਹਿਲਾਂ ਜੂਨ ਵਿੱਚ ਇੱਕ ਹੋਰ ਐਫ-35ਬੀ ਨੂੰ ਭਾਰਤ ਦੇ ਕੇਰਲ ਵਿੱਚ ਉਤਾਰਨਾ ਪਿਆ ਸੀ, ਜਿਸ ਦੀ ਮੁਰੰਮਤ ਵਿੱਚ ਇੱਕ ਮਹੀਨੇ ਤੋਂ ਵੱਧ ਸਮਾਂ ਲੱਗਾ। ਐਕਸਪਰਟਾਂ ਮੁਤਾਬਕ, ਅਡਵਾਂਸ ਹਥਿਆਰਾਂ ਨੂੰ ਅਪਗ੍ਰੇਡ ਕਰਨਾ ਅਤੇ ਮੁਰੰਮਤ ਕਰਨਾ ਬਹੁਤ ਮਹਿੰਗਾ ਪੈਂਦਾ ਹੈ, ਜਿਸ ਕਰ ਕੇ ਉਪਲਬਧ ਵਿਮਾਨਾਂ ਦੀ ਗਿਣਤੀ ਘੱਟ ਜਾਂਦੀ ਹੈ।

ਬੀਬੀਸੀ ਦੀ ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਬ੍ਰਿਟੇਨ ਦੀ ਨੇਵੀ ਕੋਲ ਡੈਸਟਰਾਇਰ ਜਹਾਜ਼ਾਂ ਦੀ ਗਿਣਤੀ ਸਿਰਫ਼ 6 ਰਹਿ ਗਈ ਹੈ, ਜਦਕਿ ਲੋੜੀਂਦੇ 45 ਹੋਣੇ ਚਾਹੀਦੇ ਸਨ। ਇੱਕ ਵੇਲੇ ਵਿੱਚ ਸਿਰਫ਼ 2 ਜਹਾਜ਼ ਹੀ ਆਪਰੇਸ਼ਨਲ ਹੁੰਦੇ ਹਨ, ਅਤੇ ਇੱਕ ਵਿੱਚ ਖਰਾਬੀ ਆਉਣ ਨਾਲ ਅੱਧੀ ਸਮਰੱਥਾ ਖਤਮ ਹੋ ਜਾਂਦੀ ਹੈ। ਨਿਊਕਲੀਅਰ ਅਟੈਕ ਪਨਡੁੱਬੀਆਂ ਦੀ ਹਾਲਤ ਵੀ ਖਰਾਬ ਹੈ - ਪੰਜ ਵਿੱਚੋਂ ਅਕਸਰ ਸਿਰਫ਼ ਇੱਕ ਹੀ ਆਪਰੇਸ਼ਨਲ ਰਹਿੰਦੀ ਹੈ। ਦਿ ਟੈਲੀਗ੍ਰਾਫ ਮੁਤਾਬਕ, ਬ੍ਰਿਟੇਨ ਦੀ ਫੌਜ ਵਿੱਚ ਟੈਂਕਾਂ, ਸੈਨਿਕਾਂ ਅਤੇ ਵਿਮਾਨਾਂ ਦੀ ਘਾਟ ਨੇ ਦੇਸ਼ ਨੂੰ ਕਮਜ਼ੋਰ ਬਣਾ ਦਿੱਤਾ ਹੈ। ਲੜਾਕੂ ਵਿਮਾਨਾਂ ਦੇ 18 ਸਕੁਐਡਰਨ ਹਨ, ਪਰ ਵਿਮਾਨਾਂ ਦੀ ਗਿਣਤੀ ਘੱਟ ਹੈ, ਜਿਸ ਕਰ ਕੇ ਨੁਕਸਾਨ ਦੀ ਡਰ ਨਾਲ ਫੌਜ ਉਹਨਾਂ ਨੂੰ ਵਰਤਣ ਤੋਂ ਵੀ ਡਰਦੀ ਹੈ। ਰੈੱਡ ਸੀ ਵਿੱਚ ਐਚਐਮਐਸ ਕਵੀਨ ਐਲਿਜ਼ਾਬੈਥ ਅਤੇ ਪ੍ਰਿੰਸ ਆਫ ਵੇਲਜ਼ ਵਰਗੇ ਕੈਰੀਅਰਾਂ ਦੇ ਆਪਰੇਸ਼ਨ ਰੋਕਣ ਦੀ ਚਰਚਾ ਚੱਲ ਰਹੀ ਹੈ।

ਇੰਗਲੈਂਡ ਦੀਆਂ ਅਖ਼ਬਾਰਾਂ ਵਿੱਚ ਛਪੀਆਂ ਰਿਪੋਰਟਾਂ ਮੁਤਾਬਕ, ਬ੍ਰਿਟੇਨ ਨੇ ਲੰਮੇ ਸਮੇਂ ਤੋਂ ਰੱਖਿਆ ਬਜਟ ਵਿੱਚ ਕਟੌਤੀ ਕੀਤੀ ਹੈ, ਜਿਸ ਕਰਕੇ ਫੌਜੀ ਉਪਕਰਨਾਂ ਨੂੰ ਅਪਡੇਟ ਨਹੀਂ ਕੀਤਾ ਜਾ ਸਕਿਆ। ਦਿ ਗਾਰਡੀਅਨ ਨੇ ਰਿਪੋਰਟ ਕੀਤਾ ਕਿ ਬ੍ਰਿਟੇਨ ਦੀ ਏਅਰ ਡਿਫੈਂਸ ਸਿਸਟਮ 'ਬਹੁਤ ਸੀਮਿਤ' ਹੈ ਅਤੇ ਲੰਮੇ ਸਮੇਂ ਦੀ ਅੰਡਰ-ਇਨਵੈਸਟਮੈਂਟ ਕਰ ਕੇ ਕਮਜ਼ੋਰ ਹੋ ਗਈ ਹੈ। ਇਸੇ ਤਰ੍ਹਾਂ, ਬੀਬੀਸੀ ਨੇ ਦੱਸਿਆ ਕਿ ਫੌਜ ਵਿੱਚ ਸਕਿੱਲਾਂ ਦੀ ਘਾਟ ਵੀ ਇੱਕ ਵੱਡੀ ਸਮੱਸਿਆ ਹੈ, ਜਿੱਥੇ ਨਵੇਂ ਭਰਤੀ ਨਹੀਂ ਹੋ ਰਹੇ ਅਤੇ ਪੁਰਾਣੇ ਉਪਕਰਨਾਂ ਨੂੰ ਚਲਾਉਣ ਵਾਲੇ ਲੋਕ ਘੱਟ ਹਨ। ਐਕਸਪਰਟਾਂ ਨੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਇਸੇ ਤਰ੍ਹਾਂ ਚੱਲਦਾ ਰਿਹਾ ਤਾਂ ਬ੍ਰਿਟੇਨ ਦੀ ਨੈਸ਼ਨਲ ਸਿਕਿਓਰਿਟੀ ਖਤਰੇ ਵਿੱਚ ਪੈ ਜਾਵੇਗੀ।

### ਸਰਕਾਰੀ ਉਪਰਾਲੇ: ਰੱਖਿਆ ਬਜਟ ਵਧਾਉਣ ਅਤੇ ਸਟ੍ਰੈਟੈਜਿਕ ਡਿਫੈਂਸ ਰਿਵਿਊ

ਲੇਬਰ ਪਾਰਟੀ ਦੀ ਅਗਵਾਈ ਵਾਲੀ ਸਰਕਾਰ ਨੇ ਫੌਜੀ ਘਾਟ ਨੂੰ ਪੂਰਾ ਕਰਨ ਲਈ ਕਈ ਉਪਰਾਲੇ ਸ਼ੁਰੂ ਕੀਤੇ ਹਨ। ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਫਰਵਰੀ 2025 ਵਿੱਚ ਐਲਾਨ ਕੀਤਾ ਸੀ ਕਿ ਰੱਖਿਆ ਬਜਟ ਨੂੰ ਜੀਡੀਪੀ ਦੇ 2.5% ਤੱਕ ਵਧਾਇਆ ਜਾਵੇਗਾ 2027 ਤੱਕ, ਅਤੇ ਬਾਅਦ ਵਿੱਚ 3% ਤੱਕ ਵਧਾਉਣ ਦੀ ਯੋਜਨਾ ਹੈ। ਦਿ ਗਾਰਡੀਅਨ ਅਤੇ ਬੀਬੀਸੀ ਮੁਤਾਬਕ, ਸਰਕਾਰ ਨੇ ਜੂਨ 2025 ਵਿੱਚ ਸਟ੍ਰੈਟੈਜਿਕ ਡਿਫੈਂਸ ਰਿਵਿਊ ਜਾਰੀ ਕੀਤਾ, ਜਿਸ ਵਿੱਚ ਫੌਜ ਨੂੰ 'ਵਾਰ-ਫਾਈਟਿੰਗ ਰੈਡੀ' ਬਣਾਉਣ ਦੀ ਯੋਜਨਾ ਹੈ। ਇਸ ਰਿਵਿਊ ਵਿੱਚ ਫੌਜੀ ਸਕਿੱਲਾਂ ਨੂੰ ਵਧਾਉਣ, ਨਵੇਂ ਹਥਿਆਰ ਖਰੀਦਣ ਅਤੇ ਨੈਟੋ ਨਾਲ ਮਜ਼ਬੂਤੀ ਨਾਲ ਜੁੜਨ ਦੀ ਗੱਲ ਕੀਤੀ ਗਈ ਹੈ।

ਸਰਕਾਰ ਨੇ ਰੱਖਿਆ ਬਜਟ ਨੂੰ 2024/25 ਵਿੱਚ 60.3 ਬਿਲੀਅਨ ਪੌਂਡ ਤੱਕ ਵਧਾਇਆ ਹੈ, ਜੋ ਪਿਛਲੇ ਸਾਲ ਨਾਲੋਂ 6.4 ਬਿਲੀਅਨ ਪੌਂਡ ਵੱਧ ਹੈ। ਇਸ ਤੋਂ ਇਲਾਵਾ, 'ਗੈਪ ਈਅਰ' ਟਰੂਪਸ ਨੂੰ ਭਰਤੀ ਕਰਨ ਦੀ ਯੋਜਨਾ ਹੈ, ਜਿੱਥੇ ਸਕੂਲ ਛੱਡਣ ਵਾਲੇ ਨੌਜਵਾਨਾਂ ਨੂੰ ਫੌਜ ਵਿੱਚ ਸ਼ਾਮਲ ਕੀਤਾ ਜਾਵੇਗਾ ਤਾਂ ਜੋ ਰਿਟੈਨਸ਼ਨ ਕ੍ਰਾਈਸਿਸ ਨੂੰ ਹੱਲ ਕੀਤਾ ਜਾ ਸਕੇ।

ਡਿਫੈਂਸ ਸੈਕਰੇਟਰੀ ਜੌਨ ਹੀਲੀ ਨੇ ਕਿਹਾ ਕਿ ਦੁਨੀਆਂ ਵਧੇਰੇ ਖਤਰਨਾਕ ਹੋ ਗਈ ਹੈ ਅਤੇ ਫੌਜ ਨੂੰ ਮਜ਼ਬੂਤ ਡਿਟੈਰੈਂਟਸ ਦੀ ਲੋੜ ਹੈ। ਸਰਕਾਰ ਨੇ ਸਬਮੈਰੀਨ ਫਲੀਟ ਨੂੰ ਵਧਾਉਣ ਅਤੇ ਨਵੇਂ ਲੜਾਕੂ ਵਿਮਾਨਾਂ ਲਈ ਫੰਡਿੰਗ ਵਧਾਉਣ ਦੀ ਗੱਲ ਵੀ ਕੀਤੀ ਹੈ। ਪਰ ਐਕਸਪਰਟਾਂ ਨੇ ਕਿਹਾ ਕਿ ਇਹ ਯੋਜਨਾਵਾਂ ਕਾਫ਼ੀ ਨਹੀਂ ਹਨ ਅਤੇ ਬਜਟ ਵਿੱਚ ਹੋਰ ਵਾਧਾ ਲੋੜੀਂਦਾ ਹੈ।

ਇਸ ਤੋਂ ਇਲਾਵਾ, ਸਰਕਾਰ ਨੇ ਸੋਸ਼ਲ ਕੱਟਾਂ ਨਾਲ ਰੱਖਿਆ ਬਜਟ ਵਧਾਉਣ ਦੀ ਯੋਜਨਾ ਬਣਾਈ ਹੈ, ਜਿਵੇਂ ਕਿ ਵੈਲਫੇਅਰ ਕੱਟਾਂ ਨਾਲ ਬਿਲੀਅਨਾਂ ਪੌਂਡ ਬਚਾਉਣਾ। ਫੌਰਨ ਏਡ ਨੂੰ 40% ਘਟਾਉਣ ਨਾਲ ਰੱਖਿਆ ਬਜਟ ਵਧਾਉਣ ਦੀ ਗੱਲ ਵੀ ਚੱਲ ਰਹੀ ਹੈ। ਪ੍ਰਧਾਨ ਮੰਤਰੀ ਨੇ ਐਲਾਨ ਕੀਤਾ ਕਿ 2035 ਤੱਕ ਰੱਖਿਆ ਬਜਟ ਨੂੰ ਜੀਡੀਪੀ ਦੇ 5% ਤੱਕ ਵਧਾਇਆ ਜਾਵੇਗਾ। ਇਹ ਉਪਰਾਲੇ ਨੈਟੋ ਅਲਾਇੰਸ ਨੂੰ ਮਜ਼ਬੂਤ ਕਰਨ ਅਤੇ ਰੂਸੀ ਧਮਕੀਆਂ ਨਾਲ ਨਜਿੱਠਣ ਲਈ ਹਨ।

### ਵਿਰੋਧੀ ਪਾਰਟੀਆਂ ਦੀ ਪ੍ਰਤੀਕਿਰਿਆ

ਵਿਰੋਧੀ ਪਾਰਟੀਆਂ, ਖਾਸ ਕਰ ਕੰਜ਼ਰਵੇਟਿਵ ਪਾਰਟੀ ਨੇ ਲੇਬਰ ਸਰਕਾਰ ਦੀ ਰੱਖਿਆ ਨੀਤੀ ਉੱਤੇ ਤਿੱਖੀ ਆਲੋਚਨਾ ਕੀਤੀ ਹੈ। ਦਿ ਟੈਲੀਗ੍ਰਾਫ ਮੁਤਾਬਕ, ਵਿਰੋਧੀਆਂ ਨੇ ਕਿਹਾ ਕਿ ਲੇਬਰ ਦੀ ਯੋਜਨਾ ਕਾਫ਼ੀ ਨਹੀਂ ਹੈ ਅਤੇ ਬਜਟ ਵਿੱਚ ਹੋਰ ਵਾਧਾ ਚਾਹੀਦਾ ਹੈ। ਕੰਜ਼ਰਵੇਟਿਵ ਨੇਤਾਵਾਂ ਨੇ ਐਲਾਨ ਕੀਤਾ ਕਿ ਲੇਬਰ ਨੇ ਫੌਜ ਨੂੰ 'ਹੌਲੋ ਆਊਟ' ਕਰ ਦਿੱਤਾ ਹੈ ਅਤੇ ਨਵੇਂ ਉਪਰਾਲੇ ਨਾਕਾਫ਼ੀ ਹਨ। ਬੀਬੀਸੀ ਨੇ ਰਿਪੋਰਟ ਕੀਤਾ ਕਿ ਸਾਰੀਆਂ ਪਾਰਟੀਆਂ ਦੇ ਨੇਤਾ ਫੌਜੀ ਘਾਟ ਨੂੰ ਮੰਨਦੇ ਹਨ, ਪਰ ਵਿਰੋਧੀਆਂ ਨੇ ਲੇਬਰ ਨੂੰ ਬਜਟ ਵਧਾਉਣ ਲਈ ਦਬਾਅ ਪਾਇਆ ਹੈ।

ਲੇਬਰ ਪਾਰਟੀ ਅੰਦਰ ਵੀ ਆਲੋਚਨਾ ਹੈ। ਵਾਮਪੰਥੀ ਐਮਪੀ ਜਿਵੇਂ ਕਿ ਡਾਇਨ ਐਬੋਟ ਅਤੇ ਜ਼ਾਰਾ ਸੁਲਤਾਨਾ ਨੇ ਰੱਖਿਆ ਬਜਟ ਵਧਾਉਣ ਲਈ ਸੋਸ਼ਲ ਕੱਟਾਂ ਦੀ ਵਿਰੋਧ ਕੀਤਾ ਹੈ। ਵਰਲਡ ਸੋਸ਼ਲਿਸਟ ਵੈੱਬਸਾਈਟ ਮੁਤਾਬਕ, ਲੇਬਰ ਸਰਕਾਰ ਨੇ ਰੱਖਿਆ ਬਜਟ ਲਈ ਸੋਸ਼ਲ ਕੱਟਾਂ ਨੂੰ ਬਹਾਨਾ ਬਣਾਇਆ ਹੈ, ਜਿਸ ਨਾਲ ਪਾਰਟੀ ਅੰਦਰ ਵਿਵਾਦ ਵਧ ਰਿਹਾ ਹੈ। ਨਿਊ ਸਟੇਟਸਮੈਨ ਨੇ ਲਿਖਿਆ ਕਿ ਲੇਬਰ ਪਾਰਟੀ 'ਲੂਜ਼ਿੰਗ ਇਟਸ ਮਾਈਂਡ' ਹੈ ਅਤੇ ਆਰਥਿਕ ਨੀਤੀਆਂ ਵਿੱਚ ਅਸਥਿਰਤਾ ਹੈ। ਵਿਰੋਧੀ ਨੇਤਾਵਾਂ ਨੇ ਮੰਗ ਕੀਤੀ ਕਿ ਯੂਕਰੇਨ ਵਿੱਚ ਫੌਜ ਭੇਜਣ ਬਾਰੇ ਪਾਰਲੀਮੈਂਟ ਵਿੱਚ ਵੋਟਿੰਗ ਹੋਵੇ। ਆਲੋਚਕਾਂ ਨੇ ਕਿਹਾ ਕਿ ਸਰਕਾਰ ਨੇ ਫੌਜ ਨੂੰ ਘੱਟ ਕੀਤਾ ਹੈ ਅਤੇ ਨਵੇਂ ਪਲੇਟਫਾਰਮਾਂ ਵਿੱਚ ਦੇਰੀ ਨੇ ਸੰਕਟ ਵਧਾ ਦਿੱਤਾ ਹੈ।

### ਕੀ ਹੋਣਗੀਆਂ ਭਵਿੱਖੀ ਚੁਣੌਤੀਆਂ

ਬ੍ਰਿਟੇਨ ਦੀ ਫੌਜ ਨੂੰ ਰੂਸੀ ਧਮਕੀਆਂ ਅਤੇ ਨਵੀਂ ਤਕਨੀਕੀ ਚੁਣੌਤੀਆਂ ਨਾਲ ਨਜਿੱਠਣ ਲਈ ਵਧੇਰੇ ਹਥਿਆਰਾਂ ਅਤੇ ਸੈਨਿਕਾਂ ਦੀ ਲੋੜ ਹੈ। ਦਿ ਟੈਲੀਗ੍ਰਾਫ ਨੇ ਲਿਖਿਆ ਕਿ ਆਫਸ਼ੋਰ ਵਿੰਡ ਟਰਬਾਈਨਾਂ ਉੱਤੇ ਨਿਰਭਰਤਾ ਨੇ ਊਰਜਾ ਸੁਰੱਖਿਆ ਨੂੰ ਖਤਰੇ ਵਿੱਚ ਪਾ ਦਿੱਤਾ ਹੈ। ਐਕਸਪਰਟਾਂ ਨੇ ਸੁਝਾਅ ਦਿੱਤਾ ਕਿ ਸਰਕਾਰ ਨੂੰ ਘੱਟ ਕੀਮਤ ਵਾਲੇ ਵਿਮਾਨਾਂ ਅਤੇ ਹਥਿਆਰਾਂ ਦੀ ਵੱਡੀ ਗਿਣਤੀ ਵਿੱਚ ਖਰੀਦ ਕਰਨੀ ਚਾਹੀਦੀ ਹੈ ਤਾਂ ਜੋ ਗਿਣਤੀ ਵਧਾਈ ਜਾ ਸਕੇ। ਨੈਟਸੈਨ ਦੀ ਰਿਪੋਰਟ ਮੁਤਾਬਕ, 40% ਲੋਕ ਰੱਖਿਆ ਬਜਟ ਵਧਾਉਣ ਦੇ ਹੱਕ ਵਿੱਚ ਹਨ। ਸਿੱਟੇ ਵਜੋਂ, ਬ੍ਰਿਟੇਨ ਦੀ ਫੌਜ ਵਿੱਚ ਹਥਿਆਰਾਂ ਦੀ ਘਾਟ ਲੰਮੇ ਸਮੇਂ ਦੀ ਨੀਤੀਗਤ ਗਲਤੀਆਂ ਕਰ ਕੇ ਵਧੀ ਹੈ, ਪਰ ਸਰਕਾਰ ਨੇ ਬਜਟ ਵਧਾਉਣ ਅਤੇ ਰਿਵਿਊ ਨਾਲ ਉਪਰਾਲੇ ਸ਼ੁਰੂ ਕੀਤੇ ਹਨ। ਵਿਰੋਧੀ ਪਾਰਟੀਆਂ ਨੇ ਆਲੋਚਨਾ ਕੀਤੀ ਹੈ ਅਤੇ ਹੋਰ ਵਾਧੇ ਦੀ ਮੰਗ ਕੀਤੀ ਹੈ। ਜੇਕਰ ਇਸੇ ਤਰ੍ਹਾਂ ਚੱਲਦਾ ਰਿਹਾ ਤਾਂ ਬ੍ਰਿਟੇਨ ਦੀ ਸੁਰੱਖਿਆ ਖਤਰੇ ਵਿੱਚ ਪੈ ਜਾਵੇਗੀ, ਪਰ ਨਵੇਂ ਉਪਰਾਲੇ ਨਾਲ ਉਮੀਦ ਹੈ ਕਿ ਹਾਲਾਤ ਸੁਧਰਨਗੇ।

# ਕੈਨੇਡਾ ਵਿੱਚ ਬੇਰੁਜ਼ਗਾਰੀ ਦਾ ਸੰਕਟ: ਪੰਜਾਬੀ ਵਿਦਿਆਰਥੀਆਂ ’ਤੇ ਗਹਿਰਾ ਅਸਰ

✪ ਆਤਮਹੱਤਿਆਵਾਂ ਵਿੱਚ ਵਾਧਾ: ਮਾਨਸਿਕ ਸਿਹਤ ’ਤੇ ਬੇਰੁਜ਼ਗਾਰੀ ਦੀ ਮਾਰ ✪ ਪੀਆਰ ਦੀਆਂ ਮੁਸ਼ਕਲਾਂ ਅਤੇ ਲੱਖਾਂ ਪੰਜਾਬੀ ਵਿਦਿਆਰਥੀ ਪੰਜਾਬ ਪਰਤੇ ✪ ਕੀ ਕੈਨੇਡਾ ਹੁਣ ਸੁਰੱਖਿਅਤ ਵਿਕਲਪ ਹੈ ? ਕੀ ਹਨ ਵਿਦੇਸ਼ੀ ਦੇਸ਼ਾਂ ਵਿੱਚ ਰੁਜ਼ਗਾਰ ਦੇ ਮੌਕੇ ?

## ਟਾਪ ਵੀਕਲੀ ਸਟੋਰੀ



ਕੈਨੇਡਾ, ਜੋ ਕਦੇ ਪੰਜਾਬੀ ਵਿਦਿਆਰਥੀਆਂ ਲਈ ਸੁਪਨਿਆਂ ਦਾ ਦੇਸ਼ ਸੀ, ਹੁਣ ਬੇਰੁਜ਼ਗਾਰੀ ਅਤੇ ਆਰਥਿਕ ਸੰਕਟ ਨਾਲ ਜੂਝ ਰਿਹਾ ਹੈ। ਕੈਨੇਡੀਅਨ ਅਖਬਾਰਾਂ ਜਿਵੇਂ ਕਿ ਸੀਬੀਸੀ ਅਤੇ ਗਲੋਬ ਐਂਡ ਮੇਲ ਮੁਤਾਬਕ, 2025 ਵਿੱਚ ਅੰਤਰਰਾਸ਼ਟਰੀ ਵਿਦਿਆਰਥੀਆਂ, ਖਾਸ ਕਰਕੇ ਭਾਰਤੀ ਅਤੇ ਪੰਜਾਬੀ ਮੂਲ ਦੇ ਲੋਕਾਂ ਉੱਤੇ ਇਸ ਸੰਕਟ ਦਾ ਭਾਰੀ ਅਸਰ ਪਿਆ ਹੈ। ਪਿਛਲੇ ਸਾਲਾਂ ਵਿੱਚ, ਕੈਨੇਡਾ ਨੇ ਲੱਖਾਂ ਵਿਦਿਆਰਥੀਆਂ ਨੂੰ ਸਟੱਡੀ ਵੀਜ਼ੇ ਜਾਰੀ ਕੀਤੇ, ਪਰ ਹੁਣ ਨੀਤੀਆਂ ਵਿੱਚ ਬਦਲਾਅ ਨੇ ਉਨ੍ਹਾਂ ਨੂੰ ਮੁਸੀਬਤ ਵਿੱਚ ਪਾ ਦਿੱਤਾ ਹੈ। ਸੀਬੀਸੀ ਦੀ ਰਿਪੋਰਟ ਮੁਤਾਬਕ, ਬਹੁਤੇ ਪੰਜਾਬੀ ਵਿਦਿਆਰਥੀ ਓਂਟਾਰੀਓ ਅਤੇ ਬ੍ਰਿਟਿਸ਼ ਕੋਲੰਬੀਆ ਵਿੱਚ ਰਹਿੰਦੇ ਹਨ, ਜਿੱਥੇ ਰੁਜ਼ਗਾਰ ਦੀ ਘਾਟ ਅਤੇ ਮਹਿੰਗਾਈ ਨੇ ਉਨ੍ਹਾਂ ਨੂੰ ਮਾਨਸਿਕ ਤਣਾਅ ਵਿੱਚ ਧੱਕ ਦਿੱਤਾ ਹੈ। ਗੁਰੂ ਨਾਨਕ ਸਿਖ ਸੈਂਟਰ ਗੁਰਦੁਆਰੇ ਦੇ ਮੈਂਬਰ ਬਲਕਰਨ ਸਿੰਘ ਗਿੱਲ ਨੇ ਕਿਹਾ ਕਿ ਇਹ ਅਰਥਵਿਵਸਥਾ ਵਿੱਚ ਮੰਦੀ ਦੇ ਸੰਕੇਤ ਹਨ, ਜਿਸ ਨਾਲ ਨੌਕਰੀਆਂ ਘਟ ਰਹੀਆਂ ਹਨ। ਪੰਜਾਬੀ ਭਾਈਚਾਰੇ ਨੂੰ ਸਭ ਤੋਂ ਵੱਧ ਨੁਕਸਾਨ ਹੋਇਆ ਹੈ ,ਕਿਉਂਕਿ ਉਹ ਜ਼ਿਆਦਾਤਰ ਨਿਰਮਾਣ, ਸੇਵਾ ਅਤੇ ਵਿਦਿਅਕ ਖੇਤਰਾਂ ਵਿੱਚ ਕੰਮ ਕਰਦੇ ਹਨ। ਟੋਰਾਂਟੋ ਅਤੇ ਬਰੈਂਪਟਨ ਵਰਗੇ ਸ਼ਹਿਰਾਂ ਵਿੱਚ, ਜਿੱਥੇ ਪੰਜਾਬੀਆਂ ਦੀ ਵੱਡੀ ਗਿਣਤੀ ਹੈ, ਵਿਦਿਆਰਥੀਆਂ ਨੂੰ ਪਾਰਟ-ਟਾਈਮ ਜੌਬ ਵੀ ਨਹੀਂ ਮਿਲ ਰਹੇ। ਇਸ ਨਾਲ ਉਨ੍ਹਾਂ ਦੇ ਖਰਚੇ ਪੂਰੇ ਕਰਨੇ ਮੁਸ਼ਕਲ ਹੋ ਗਏ ਹਨ।

ਗਲੋਬ ਐਂਡ ਮੇਲ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਟੈਰਿਫ ਨੀਤੀਆਂ ਅਤੇ ਅਮਰੀਕੀ ਵਪਾਰ ਯੁੱਧ ਨੇ ਕੈਨੇਡੀਅਨ ਉਦਯੋਗਾਂ ਨੂੰ ਨੁਕਸਾਨ ਪਹੁੰਚਾਇਆ ਹੈ, ਜਿਸ ਨਾਲ ਨੌਕਰੀਆਂ ਘਟੀਆਂ ਹਨ। ਵਿਦਿਆਰਥੀਆਂ ਨੂੰ ਘਰ ਦਾ ਕਿਰਾਇਆ, ਖਾਣਾ ਅਤੇ ਪੜ੍ਹਾਈ ਦੇ ਖਰਚੇ ਚੁੱਕਣੇ ਪੈ ਰਹੇ ਹਨ, ਪਰ ਰੁਜ਼ਗਾਰ ਨਾ ਮਿਲਣ ਨਾਲ ਉਹ ਗਰੀਬੀ ਦੇ ਕੰਢੇ ਉੱਤੇ ਪਹੁੰਚ ਗਏ ਹਨ। ਇੱਕ ਪੰਜਾਬੀ ਵਿਦਿਆਰਥੀ ਨੇ ਸੀਬੀਸੀ ਨੂੰ ਦੱਸਿਆ ਕਿ "ਇੱਥੇ ਕੰਮ ਨਹੀਂ ਮਿਲ ਰਿਹਾ, ਅਸੀਂ ਭੁੱਖੇ ਮਰਨ ਵਾਲੇ ਹਾਂ।" ਇਸ ਸੰਕਟ ਨੇ ਵਿਦਿਆਰਥੀਆਂ ਦੇ ਮਾਨਸਿਕ ਸਿਹਤ ਉੱਤੇ ਬੁਰਾ ਅਸਰ ਪਾਇਆ ਹੈ, ਜਿਸ ਨਾਲ ਡਿਪਰੈਸ਼ਨ ਅਤੇ ਚਿੰਤਾ ਵਧ ਰਹੀ ਹੈ।



ਕੈਨੇਡੀਅਨ ਮੈਂਟਲ ਹੈਲਥ ਰਿਪੋਰਟਾਂ ਮੁਤਾਬਕ, ਅੰਤਰਰਾਸ਼ਟਰੀ ਵਿਦਿਆਰਥੀਆਂ ਵਿੱਚ ਮਾਨਸਿਕ ਸਿਹਤ ਸਮੱਸਿਆਵਾਂ 20% ਵਧੀਆਂ ਹਨ। ਪੰਜਾਬੀ ਭਾਈਚਾਰੇ ਨੂੰ ਇਸ ਨਾਲ ਵੱਡਾ ਨੁਕਸਾਨ ਹੋ ਰਿਹਾ ਹੈ ਕਿਉਂਕਿ ਉਹ ਜ਼ਿਆਦਾਤਰ ਵਿਦਿਆਰਥੀ ਵੀਜ਼ੇ ਉੱਤੇ ਆਏ ਹਨ ਅਤੇ ਨੌਕਰੀ ਨਾ ਮਿਲਣ ਨਾਲ ਉਨ੍ਹਾਂ ਦੇ ਸੁਪਨੇ ਟੁੱਟ ਰਹੇ ਹਨ। ਓਂਟਾਰੀਓ ਵਿੱਚ ਕਾਲਜਾਂ ਨੇ ਵੀਜ਼ਾ ਪਾਬੰਦੀਆਂ ਨਾਲ 10 ਹਜ਼ਾਰ ਸਟਾਫ ਨੂੰ ਨੌਕਰੀ ਤੋਂ ਕੱਢ ਦਿੱਤਾ ਹੈ, ਜਿਸ ਨਾਲ ਵਿਦਿਅਕ ਖੇਤਰ ਵਿੱਚ ਵੀ ਸੰਕਟ ਵਧਿਆ ਹੈ। ਇਹ ਸਥਿਤੀ ਪੰਜਾਬੀ ਵਿਦਿਆਰਥੀਆਂ ਨੂੰ ਵਾਪਸ ਪੰਜਾਬ ਵੱਲ ਮੋੜ ਰਹੀ ਹੈ।

### ਬੇਰੁਜ਼ਗਾਰੀ ਕਾਰਨ ਆਤਮ-ਹੱਤਿਆਵਾਂ ਵਿੱਚ ਵਾਧਾ

ਕੈਨੇਡਾ ਵਿੱਚ ਬੇਰੁਜ਼ਗਾਰੀ ਅਤੇ ਆਰਥਿਕ ਤਣਾਅ ਨੇ ਪੰਜਾਬੀ ਵਿਦਿਆਰਥੀਆਂ ਵਿੱਚ ਆਤਮਹੱਤਿਆਵਾਂ ਨੂੰ ਵਧਾ ਦਿੱਤਾ ਹੈ। ਨਿਊ ਕੈਨੇਡੀਅਨ ਮੀਡੀਆ ਦੀ ਰਿਪੋਰਟ ਮੁਤਾਬਕ, ਬ੍ਰਿਟਿਸ਼ ਕੋਲੰਬੀਆ ਵਿੱਚ ਘੱਟੋ-ਘੱਟ 47 ਭਾਰਤੀ ਵਿਦਿਆਰਥੀ ਡਰੱਗ ਓਵਰਡੋਜ਼ ਅਤੇ ਆਤਮ-ਹੱਤਿਆ ਨਾਲ ਮਰ ਚੁੱਕੇ ਹਨ।ਇਹ ਅੰਕੜੇ 2023 ਤੋਂ 2025 ਤੱਕ ਦੇ ਹਨ ਅਤੇ ਜ਼ਿਆਦਾਤਰ ਪੰਜਾਬੀ ਮੂਲ ਦੇ ਵਿਦਿਆਰਥੀ ਹਨ। ਸੀਬੀਸੀ ਨੇ ਵੀ ਰਿਪੋਰਟ ਕੀਤਾ ਕਿ ਅੰਤਰਰਾਸ਼ਟਰੀ ਵਿਦਿਆਰਥੀਆਂ ਵਿੱਚ ਡਿਸਕ੍ਰਿਮੀਨੇਸ਼ਨ ਅਤੇ ਐਕਸਪਲਾਇਟੇਸ਼ਨ ਨੇ ਮਾਨਸਿਕ ਸਿਹਤ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਯੌਰਕ ਯੂਨੀਵਰਸਿਟੀ ਦੀ ਪ੍ਰੋਫੈਸਰ ਨੇ ਪੰਜਾਬੀ ਵਿਦਿਆਰਥੀਆਂ ਨਾਲ ਇੰਟਰਵਿਊਜ਼ ਵਿੱਚ ਪਾਇਆ ਕਿ ਉਨ੍ਹਾਂ ਨੂੰ ਨੀਚੇ ਪੱਧਰ ਦੀਆਂ ਨੌਕਰੀਆਂ ਅਤੇ ਘੱਟ ਤਨਖਾਹ ਨਾਲ ਗੁਜ਼ਾਰਾ ਕਰਨਾ ਪੈ ਰਿਹਾ ਹੈ, ਜਿਸ ਨਾਲ ਡਿਪਰੈਸ਼ਨ ਵਧ ਰਿਹਾ ਹੈ। ਕੈਨੇਡੀਅਨ ਮੈਂਟਲ ਹੈਲਥ ਐਸੋਸੀਏਸ਼ਨ ਦੀ 2024 ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਸੁਸਾਈਡ ਰੇਟ ਵਿੱਚ ਵਾਧਾ ਹੋਇਆ ਹੈ, ਖਾਸ ਕਰਕੇ ਨੌਜਵਾਨਾਂ ਵਿੱਚ। ਭਾਰਤੀ ਵਿਦਿਆਰਥੀਆਂ ਵਿੱਚ ਇਹ ਅੰਕੜਾ ਅਲਾਰਮਿੰਗ ਹੈ, ਜਿੱਥੇ ਬੇਰੁਜ਼ਗਾਰੀ ਅਤੇ ਫਾਈਨੈਂਸ਼ਲ ਸਟ੍ਰੈੱਸ ਮੁੱਖ ਕਾਰਨ ਹਨ।

ਡੇਲੀ ਪਾਇਨੀਅਰ ਨੇ ਕਿਹਾ ਕਿ ਇਮੀਗ੍ਰੇਸ਼ਨ ਨੀਤੀਆਂ ਦੇ ਬਦਲਾਅ ਨਾਲ ਵਿਦਿਆਰਥੀਆਂ ਵਿੱਚ ਨਿਰਾਸ਼ਾ ਵਧੀ ਹੈ। ਪੰਜਾਬੀ ਭਾਈਚਾਰੇ ਵਿੱਚ ਇਹ ਸਮੱਸਿਆ ਵੱਡੀ ਹੈ ਕਿਉਂਕਿ ਉਨ੍ਹਾਂ ਨੇ ਵੱਡੇ ਲੋਨ ਲੈ ਕੇ ਕੈਨੇਡਾ ਆਉਣਾ ਹੁੰਦਾ ਹੈ ਅਤੇ ਨੌਕਰੀ ਨਾ ਮਿਲਣ ਨਾਲ ਪਰਿਵਾਰ ਨੂੰ ਵਾਪਸ ਪੈਸੇ ਭੇਜਣੇ ਮੁਸ਼ਕਲ ਹੋ ਜਾਂਦੇ ਹਨ। ਕੈਨੇਡੀਅਨ ਅਖਬਾਰਾਂ ਨੇ ਚੇਤਾਵਨੀ ਦਿੱਤੀ ਹੈ ਕਿ ਜੇ ਨੀਤੀਆਂ ਨਾ ਬਦਲੀਆਂ ਤਾਂ ਇਹ ਅੰਕੜਾ ਹੋਰ ਵਧੇਗਾ। ਵਿਦਿਆਰਥੀਆਂ ਨੂੰ ਮਾਨਸਿਕ ਸਿਹਤ ਸੇਵਾਵਾਂ ਦੀ ਲੋੜ ਹੈ, ਪਰ ਬਹੁਤੇ ਉਸ ਤੱਕ ਪਹੁੰਚ ਨਹੀਂ ਕਰ ਪਾਉਂਦੇ। ਇਸ ਨਾਲ ਪੰਜਾਬੀ ਭਾਈਚਾਰੇ ਵਿੱਚ ਡੂੰਘੀ ਚਿੰਤਾ ਪੈਦਾ ਹੋਈ ਹੈ।

### ਕਿੰਨੇ ਵਿਦਿਆਰਥੀ ਪੰਜਾਬ ਵਾਪਸ ਪਰਤੇ ਅਤੇ ਪੀਆਰ ਦੀ ਮੁਸ਼ਕਲ

2024-2025 ਵਿੱਚ ਲੱਖਾਂ ਪੰਜਾਬੀ ਵਿਦਿਆਰਥੀ ਕੈਨੇਡਾ ਤੋਂ ਵਾਪਸ ਪੰਜਾਬ ਪਰਤੇ ਹਨ। ਟ੍ਰਿਬਿਊਨ ਅਤੇ ਹਿੰਦੁਸਤਾਨ ਟਾਈਮਜ਼ ਮੁਤਾਬਕ, ਕੈਨੇਡਾ ਨੇ ਇਮੀਗ੍ਰੇਸ਼ਨ ਕੱਟ ਨਾਲ 7 ਲੱਖ ਵਿਦਿਆਰਥੀਆਂ ਨੂੰ ਵਾਪਸ ਜਾਣਾ ਪੈ ਸਕਦਾ ਹੈ। ਸੀਬੀਸੀ ਨੇ ਰਿਪੋਰਟ ਕੀਤਾ ਕਿ ਭਾਰਤੀ ਵਿਦਿਆਰਥੀਆਂ ਵਿੱਚ ਕੈਨੇਡਾ ਪੜ੍ਹਨ ਦਾ ਰੁਝਾਨ 41% ਘਟਿਆ ਹੈ। ਪੰਜਾਬ ਤੋਂ 1.36 ਲੱਖ ਵਿਦਿਆਰਥੀ 2024 ਵਿੱਚ ਵਿਦੇਸ਼ ਗਏ, ਪਰ ਬਹੁਤੇ ਵਾਪਸ ਆ ਰਹੇ ਹਨ ਕਿਉਂਕਿ ਨੌਕਰੀ ਨਹੀਂ ਮਿਲ ਰਹੀ। ਟੋਰਾਂਟੋ ਸਟਾਰ ਨੇ ਕਿਹਾ ਕਿ ਪੰਜਾਬੀ ਪਰਿਵਾਰਾਂ ਨੇ ਜਮੀਨਾਂ ਵੇਚ ਕੇ ਬੱਚੇ ਭੇਜੇ, ਪਰ ਹੁਣ ਉਨ੍ਹਾਂ ਦੇ ਸੁਪਨੇ ਟੁੱਟ ਰਹੇ ਹਨ। ਪੀਆਰ ਮੁਸ਼ਕਲ ਹੋਣ ਦਾ ਮੁੱਖ ਕਾਰਨ ਨੀਤੀ ਬਦਲਾਅ ਹੈ। ਕੈਨੇਡਾ ਨੇ 2025 ਵਿੱਚ ਪੀਆਰ ਨੂੰ 5 ਲੱਖ ਤੋਂ ਘਟਾ ਕੇ 3.95 ਲੱਖ ਕਰ ਦਿੱਤਾ ਹੈ। ਇੰਟਰਨੈਸ਼ਨਲ ਵਿਦਿਆਰਥੀਆਂ ਲਈ ਸਟੱਡੀ ਪਰਮਿਟ 10% ਘਟਾਏ ਗਏ ਹਨ ਅਤੇ ਸਕੂਲ ਬਦਲਣ ਲਈ ਨਵਾਂ ਵੀਜ਼ਾ ਚਾਹੀਦਾ ਹੈ। ਹਾਊਸਿੰਗ ਕ੍ਰਾਈਸਿਸ ਅਤੇ ਜੌਬ ਮਾਰਕੀਟ ਨੇ ਸਰਕਾਰ ਨੂੰ ਸਖਤ ਨੀਤੀਆਂ ਅਪਨਾਉਣ ਲਈ ਮਜਬੂਰ ਕੀਤਾ ਹੈ। ਗਲੋਬ ਐਂਡ ਮੇਲ ਨੇ ਕਿਹਾ ਕਿ ਇਹ ਬਦਲਾਅ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਅਨਿਸ਼ਚਿਤਤਾ ਵਿੱਚ ਧੱਕ ਦਿੰਦੇ ਹਨ। ਪੰਜਾਬੀ ਵਿਦਿਆਰਥੀਆਂ ਲਈ ਪੀਆਰ ਹੁਣ ਅਸੰਭਵ ਜਿਹਾ ਹੋ ਗਿਆ ਹੈ ਕਿਉਂਕਿ ਪੋਸਟ-ਗ੍ਰੈਜੂਏਟ ਵਰਕ ਪਰਮਿਟ ਵਿੱਚ ਬਦਲਾਅ ਹੋਏ ਹਨ। ਬਹੁਤੇ ਵਿਦਿਆਰਥੀ ਵੀਜ਼ਾ ਐਕਸਪਾਇਰ ਹੋਣ ਤੋਂ ਬਾਅਦ ਵਾਪਸ ਪਰਤ ਰਹੇ ਹਨ।

### ਕੀ ਪੰਜਾਬੀ ਵਿਦਿਆਰਥੀਆਂ ਨੂੰ ਕੈਨੇਡਾ ਜਾਣਾ ਚਾਹੀਦਾ ਜਾਂ ਹੋਰ ਦੇਸ਼


ਹੁਣ ਸਵਾਲ ਉੱਠਦਾ ਹੈ ਕਿ ਕੀ ਪੰਜਾਬੀ ਵਿਦਿਆਰਥੀਆਂ ਨੂੰ ਕੈਨੇਡਾ ਜਾਣਾ ਚਾਹੀਦਾ ? ਕੈਨੇਡੀਅਨ ਅਖਬਾਰਾਂ ਮੁਤਾਬਕ, ਮੌਜੂਦਾ ਸਥਿਤੀ ਵਿੱਚ ਨਹੀਂ, ਕਿਉਂਕਿ ਰੁਜ਼ਗਾਰ ਅਤੇ ਪੀਆਰ ਮੁਸ਼ਕਲ ਹਨ। ਵਿਕਲਪ ਵਜੋਂ ਆਸਟ੍ਰੇਲੀਆ, ਜਰਮਨੀ, ਯੂਕੇ, ਨਿਊਜ਼ੀਲੈਂਡ ਅਤੇ ਆਇਰਲੈਂਡ ਵਧੀਆ ਹਨ। ਆਸਟ੍ਰੇਲੀਆ ਵਿੱਚ ਪੋਸਟ-ਸਟੱਡੀ ਵਰਕ ਰਾਈਟਸ ਚੰਗੇ ਹਨ ਅਤੇ ਰੁਜ਼ਗਾਰ ਠੀਕ ਹੈ। ਜਰਮਨੀ ਵਿੱਚ ਐਸਟੀਐਮ ਪ੍ਰੋਗਰਾਮਾਂ ਨਾਲ ਜੌਬ ਪ੍ਰਾਸਪੈਕਟਸ ਮਜ਼ਬੂਤ ਹਨ ਅਤੇ ਸੈਟਲਮੈਂਟ ਆਸਾਨ ਹੈ। ਯੂਐਸਏ ਅਤੇ ਯੂਕੇ ਵਿੱਚ ਵੀ ਭਾਰਤੀ ਵਿਦਿਆਰਥੀ ਸੈਟਲ ਹੋ ਸਕਦੇ ਹਨ। ਕੈਨੇਡਾ ਵਰਗੇ ਸੰਕਟ ਤੋਂ ਬਚਣ ਲਈ ਇਹ ਦੇਸ਼ ਵਧੀਆ ਵਿਕਲਪ ਹਨ। ਗਲੋਬਲ ਸਿਟੀਜ਼ਨ ਸਲਿਊਸ਼ਨਜ਼ ਨੇ ਕਿਹਾ ਕਿ ਆਇਰਲੈਂਡ ਆਈਟੀ ਅਤੇ ਫਾਈਨੈਂਸ ਵਿੱਚ ਚੰਗੀਆਂ ਮੌਕੇ ਦਿੰਦਾ ਹੈ। ਪੰਜਾਬੀ ਵਿਦਿਆਰਥੀਆਂ ਨੂੰ ਇਨ੍ਹਾਂ ਦੇਸ਼ਾਂ ਵੱਲ ਵੇਖਣਾ ਚਾਹੀਦਾ ਜਿੱਥੇ ਰੁਜ਼ਗਾਰ ਅਤੇ ਸੈਟਲਮੈਂਟ ਦੇ ਮੌਕੇ ਵਧੇਰੇ ਹਨ। ਇਹ ਨੀਤੀਆਂ ਅਤੇ ਅਰਥਵਿਵਸਥਾ ਉੱਤੇ ਨਿਰਭਰ ਕਰਦਾ ਹੈ, ਪਰ ਕੈਨੇਡਾ ਵਿੱਚ ਮੌਜੂਦਾ ਸੰਕਟ ਨੇ ਵਿਦਿਆਰਥੀਆਂ ਨੂੰ ਸੋਚਣ ਲਈ ਮਜਬੂਰ ਕੀਤਾ ਹੈ।

– ਲੇਖਕ –
ਗਿ: ਗੁਰਬਖ਼ਸ਼ ਸਿੰਘ ਗੁਲਸ਼ਨ
ਸੰਪਰਕ ਲਈ:
+44 7956 302743



# ਗੁਰੂ ਬੈਠਾ ਅਮਰੁ ਸਰੂਪ ਹੋਇ


ਗੁਰਦੁਆਰਾ ਸਾਹਿਬ ਜਨਮ ਸਥਾਨ ਗੁਰੂ ਅਮਰ ਦਾਸ ਜੀ ਬਾਸਰਕੇ


ਗੁਰੂ ਅਮਰਦਾਸ ਪਾਤਸ਼ਾਹ ਜੀ

## ਕਿਸ਼ਤ–3

**ਆਪਾ ਸਮਰਪਣ**

ਮ:3॥ ਸਤਿਗੁਰੂ ਫੁਰਮਾਇਆ
ਕਾਰੀ ਏਹ ਕਰੇਹੁ॥
ਗੁਰੂ ਦੁਆਰੈ ਹੋਇ ਕੈ ਸਾਹਿਬੁ ਸੰਮਾਲੇਹੁ॥
ਸਾਹਿਬੁ ਸਦਾ ਹਜੂਰਿ ਹੈ
ਭਰਮੈ ਕੈ ਛਉੜ ਕਟਿ ਕੈ
ਅੰਤਰਿ ਜੋਤਿ ਧਰੇਹੁ॥
ਹਰਿ ਕਾ ਨਾਮੁ ਅੰਮ੍ਰਿਤੁ ਹੈ ਦਾਰੂ
ਏਹੁ ਲਾਏਹੁ॥
ਸਤਿਗੁਰ ਕਾ ਭਾਣਾ ਚਿਤਿ ਰਖਹੁ
ਸੰਜਮੁ ਸਚਾ ਨੇਹੁ॥
ਨਾਨਕ ਏਥੈ ਸੁਖੈ ਅੰਦਰਿ ਰਖਸੀ
ਅਗੈ ਹਰਿ ਸਿਉ ਕੇਲ ਕਰੇਹੁ॥2॥
ਗੁ.ਗ੍ਰੰ.ਸਾ. ਪੰਨਾ 55

ਉਪਰੋਕਤ ਵਾਕ ਤੀਜੇ ਪਾਤਸ਼ਾਹ ਜੀ ਨੇ ਉਚਾਰਣ ਕੀਤਾ ਹੈ। ਨਿਸੰਦੇਹ ਇਹ ਗੁਰਿਆਈ ਪ੍ਰਾਪਤ ਹੋਣ ਉਪਰੰਤ ਹੀ ਸੰਭਵ ਹੈ ਪਰ, ਸਾਨੂੰ ਇਉਂ ਭਾਸਦਾ ਹੈ ਕਿ ਇਸ ਸ਼ਬਦ ਵਿਚ ਅੱਜ ਦੇ ਮਿਲਾਪ ਸਮੇਂ ਦੀ ਆਪਸੀ ਵਾਰਤਾਲਾਪ ਉਪਰੰਤ ਸਿੱਖੀ ਪ੍ਰਤੀ ਆਪ ਸਮਰਪਣ ਹੋਣ ਅਰ ਸਿੱਖੀ ਧਾਰਨ ਕਰਨ ਵਾਲਿਆਂ ਪ੍ਰਤੀ ਵੀ ਸਦੀਵੀ ਸੇਧ ਹੈ। ਅਸੀਂ ਜਾਣਦੇ ਹਾਂ ਕਿ ਇਨ੍ਹਾਂ ਦੇ ਸਤਿਕਾਰਯੋਗ ਪਿਤਾ ਬਾਬਾ ਤੇਜਭਾਨ ਜੀ ਵਿਸ਼ਨੂੰ ਦੇ ਪੁਜਾਰੀ ਸਨ ਜਿਸ ਕਰ ਕੇ ਉਨ੍ਹਾਂ ਨੂੰ ਵੈਸ਼ਨਵ ਕਿਹਾ ਜਾਂਦਾ ਸੀ। ਉਸ ਸਮੇਂ ਵੈਸ਼ਨਵ ਮੱਤ ਦੇ ਧਾਰਨੀਆਂ ਦੇ ਵੈਰਾਗੀ ਆਦਿ 10 ਫਿਰਕੇ ਬਣ ਚੁੱਕੇ ਸਨ। ਇਨ੍ਹਾਂ ਅੰਦਰ ਕੁਝ ਮਤ-ਭੇਦਾਂ ਤੋਂ ਇਲਾਵਾ ਕੁਝ ਨਿਯਮਾਂ/ਸੰਜਮ ਦੀ ਸਾਂਝ ਦਾ ਵੀ ਪਤਾ ਲਗਦਾ ਹੈ ਜਿਸ ਤਰਹ ਤਿਲਕ ਲਾਉਣਾ, ਤੀਰਥਾਂ ਦਾ ਭਰਮਣ ਕਰਨਾ, ਵਿਸ਼ਨੂੰ ਅਵਤਾਰਾਂ ਦੀ ਪੂਜਾ ਮਾਨਤਾ ਕਰਨੀ ਅਰ ਮਾਸ ਖਾਣ ਤੋਂ ਪ੍ਰਹੇਜ਼ ਕਰਨਾ ਆਦਿ ਜ਼ਰੂਰੀ ਸੀ। ਬਿਨਾਂ ਸ਼ੱਕ, ਆਪਣੇ ਪਿਤਾ ਜੀ ਦੀ ਸੇਧ ਵਿਚ ਹੁਣ ਤੱਕ ਪਾਵਨ ਸ੍ਰੀ ਅਮਰਦਾਸ ਜੀ ਵੀ ਇਹ ਸਭ ਕੁਝ ਕਰਦੇ ਚਲੇ ਆ ਰਹੇ ਸਨ ਪਰ ਏਵੇਂ ਚਲਦਿਆਂ ਅਜੇ ਤਕ ਜੀਵਨ ਵਿਚ ਭਟਕਣ ਰਹਿਤ ਉਹ ਆਵਸਥਾ ਅਜੇ ਪ੍ਰਾਪਤ ਨਹੀਂ ਹੋਈ ਸੀ ਜਿਸ ਦੀ ਹੁਣ ਉਹ ਭਾਲ ਕਰ ਰਹੇ ਸਨ। ਇਸ ਕਰ ਕੇ ਖਡੂਰ ਸਾਹਿਬ ਪਹਿਲੇ ਦਿਨ ਹੀ ਬਾਬਾ ਜੀ ਨੇ ਆਪਣਾ ਇਹ ਮੰਤਵ ਗੁਰੂ ਸਾਹਿਬ ਕੋਲ ਪਰਗਟ ਕਰ ਦਿੱਤਾ,

'ਪਾਤਸ਼ਾਹ ਜੀ! ਅਸੀਂ ਗੁਰੂ ਨਾਨਕ ਸਾਹਿਬ ਦੇ ਸਿੱਖ ਬਣਨ ਲਈ ਆਏ ਹਾਂ ਤਾਂ ਜੁ ਸਾਨੂੰ ਉਹ ਪਰਮਗਤਿ ਪ੍ਰਾਪਤ ਹੋ ਸਕੇ ਜੋ ਅਜੇ ਤਕ ਨਹੀਂ ਹੋਈ'। ਇਹ ਜਾਣ ਕੇ ਦੂਜੇ ਪਾਤਸ਼ਾਹ ਜੀ ਨੇ ਰਿਸ਼ਤੇਦਾਰੀ ਦੇ ਆਪਸੀ ਸਬੰਧਾਂ ਨੂੰ ਇਕ ਪਾਸੇ ਰੱਖਦਿਆਂ ਬੜੀ ਗੰਭੀਰਤਾ ਅਤੇ ਸਹਜ ਨਾਲ ਫ਼ੁਰਮਾਇਆ, 'ਜੇ ਆਪ ਗੁਰੂ ਕੀ ਸਿੱਖੀ ਧਾਰਨ ਕਰਨ ਦਾ ਇਰਾਦਾ ਲੈ ਕੇ ਆਏ ਹੋ ਤਾਂ ਵੀ ਜੀ ਆਇਆਂ! ਫਿਰ ਆਪਾਂ ਨੂੰ ਇਹ ਜ਼ਰੂਰ ਧਿਆਨ ਕਰਨਾ ਪਵੇਗਾ ਕਿ ਤੁਹਾਡੀ ਹੁਣ ਦੀ ਜੀਵਨ ਚਾਲ ਭਾਵ ਇਸ ਵੈਸ਼ਨਵ ਵਿਚਾਰਧਾਰਾ ਅਰ ਗੁਰਮਤ ਵਿਚਾਰਧਾਰਾ ਵਿਚ ਬਹੁਤ ਫ਼ਰਕ ਹੈ। ਗੁਰੂ ਬਾਬਾ ਜੀ ਅਨੁਸਾਰ ਸਿੱਖ ਜੀਵਨ ਵਿਚ ਤਿਲਕ ਲਾਉਣ, ਤੀਰਥ ਭਰਮਣ, ਅਵਤਾਰ ਪੂਜਾ ਕਰਨ, ਮਾਸ ਖਾਣ ਤੋਂ ਸੰਕੋਚ ਅਰ ਵੈਸ਼ਨਵਾਂ ਦੇ ਅਜੇਹੇ ਹੋਰ ਨਿਯਮਾਂ ਜਾਂ ਕਰਮ-ਕਾਂਡਾਂ ਦਾ ਕੋਈ ਮਹੱਤਵ ਨਹੀਂ ਹੈ। ਇਥੇ ਕੇਵਲ ਇਕ ਕਰਤਾਰ ਨਾਲ ਪ੍ਰੇਮ ਪਾਉਣ ਲਈ ਗੁਰੂ ਕੀ ਸੰਗਤ ਵਿਚ ਨਾਮ-ਬਾਣੀ ਨਾਲ ਜੁੜਨ ਅਰ ਕਿਰਤ ਕਰ ਕੇ ਮਨੁੱਖ-ਮਾਤ੍ਰ ਦੀ ਸੇਵਾ ਕਰਨ ਨੂੰ ਹੀ ਮਹੱਤਵਪੂਰਨ ਅਤੇ ਜੀਵਨ ਦੀ ਪਰਮਗਤਿ ਦਾ ਰਾਹ ਮੰਨਿਆ ਗਿਆ ਹੈ। ਉਨ੍ਹਾਂ ਅਨੁਸਾਰ ਗ੍ਰਿਹਸਥੀ ਲਈ ਕਰਤਾਰ ਦਾ ਸਿਮਰਨ ਹੀ ਉਹ ਉੱਤਮ ਦਵਾ ਹੈ ਜੋ ਵਿਕਾਰ ਰੂਪ ਸਾਰੇ ਰੋਗਾਂ ਦਾ ਨਾਸ ਕਰ ਕੇ ਜੀਵਨ ਵਿਚੋਂ ਭਟਕਣ ਖਤਮ ਕਰ ਦੇਂਦੀ ਹੈ। ਇਸ ਤਰਹ ਜੀਵ ਉਸ ਅਵਸਥਾ ਵਿਚ ਪਹੁੰਚ ਜਾਂਦਾ ਹੈ ਜਿਸ ਨੂੰ ਤੁਸੀਂ ਪਰਮਗਤਿ ਕਹਿ ਰਹੇ ਓ'। ਗੁਰੂ-ਬਾਬਾ ਜੀ ਨੇ ਫ਼ੁਰਮਾਇਆ ਹੈ:

ੳ. ਦੁਬਿਧਾ ਨ ਪੜਉ ਹਰਿ ਬਿਨੁ
ਹੋਰੁ ਨ ਪੂਜਉ ਮੜੈ ਮਸਾਣਿ ਨ ਜਾਈ॥
ਤ੍ਰਿਸਨਾ ਰਾਚਿ ਨ ਪਰ ਘਰਿ ਜਾਵਾ
ਤ੍ਰਿਸਨਾ ਨਾਮਿ ਬੁਝਾਈ॥
ਘਰ ਭੀਤਰਿ ਘਰੁ ਗੁਰੂ ਦਿਖਾਇਆ
ਸਹਜਿ ਰਤੇ ਮਨ ਭਾਈ॥
ਤੂ ਆਪੇ ਦਾਨਾ ਆਪੇ ਬੀਨਾ
ਤੂ ਦੇਵਹਿ ਮਤਿ ਸਾਈ ॥1॥
ਮਨੁ ਬੈਰਾਗਿ ਰਤਉ ਬੈਰਾਗੀ ਸਬਦਿ
ਮਨੁ ਬੇਧਿਆ ਮੇਰੀ ਮਾਈ॥
ਅੰਤਰਿ ਜੋਤਿ ਨਿਰੰਤਰਿ ਬਾਣੀ
ਸਾਚੇ ਸਾਹਿਬ ਸਿਉ ਲਿਵਲਾਈ॥ ਰਹਾਉ॥
ਅਸੰਖ ਬੈਰਾਗੀ ਕਹਹਿ ਬੈਰਾਗ
ਸੋ ਬੈਰਾਗੀ ਜਿ ਖਸਮੈ ਭਾਵੈ॥
ਹਿਰਦੈ ਸਬਦੁ ਸਦਾ ਭੈ ਰਚਿਆ
ਗੁਰ ਕੀ ਕਾਰ ਕਮਾਵੈ॥
ਏਕੋ ਚੇਤੈ ਮਨੂਆ ਨ ਡੋਲੈ
ਧਾਵਤੁ ਵਰਜਿ ਰਹਾਵੈ॥
ਸਹਜੇ ਮਾਤਾ ਸਦਾ ਰੰਗਿ ਰਾਤਾ
ਸਾਚੇ ਕੇ ਗੁਣ ਗਾਵੈ॥2॥
ਮਨੂਆ ਪਉਣੁ ਬਿੰਦੁ ਸੁਖਵਾਸੀ
ਨਾਮਿ ਵਸੈ ਸੁਖ ਭਾਈ॥
ਜਿਹਬਾ ਨੇਤ੍ਰ ਸੋਤ੍ਰ ਸਚਿ ਰਾਤੇ
ਜਲਿ ਬੂਝੀ ਤੁਝਹਿ ਬੁਝਾਈ॥
ਆਸ ਨਿਰਾਸ ਰਹੈ ਬੈਰਾਗੀ
ਨਿਜ ਘਰਿ ਤਾੜੀ ਲਾਈ॥
ਭਿਖਿਆ ਨਾਮਿ ਰਜੇ ਸੰਤੋਖੀ
ਅੰਮ੍ਰਿਤੁ ਸਹਜਿ ਪੀਆਈ॥3॥
ਦੁਬਿਧਾ ਵਿਚਿ ਬੈਰਾਗੁ ਨ ਹੋਵੀ
ਜਬ ਲਗੁ ਦੂਜੀ ਰਾਈ॥
ਸਭੁ ਜਗੁ ਤੇਰਾ ਤੂ ਏਕੋ ਦਾਤਾ
ਅਵਰੁ ਨ ਦੂਜਾ ਭਾਈ॥
ਮਨਮੁਖਿ ਜੰਤ ਦੁਖਿ ਸਦਾ
ਨਿਵਾਸੀ ਗੁਰਮੁਖਿ ਦੇ ਵਡਿਆਈ॥
ਅਪਰ ਅਪਾਰ ਅਗੰਮ ਅਗੋਚਰ
ਕਹਣੈ ਕੀਮ ਨ ਪਾਈ॥4॥
ਸੁੰਨ ਸਮਾਧਿ ਮਹਾ ਪਰਮਾਰਥੁ
ਤੀਨਿ ਭਵਣ ਪਤਿ ਨਾਮੰ॥
ਮਸਤਕਿ ਲੇਖੁ ਜੀਆ ਜਗਿ ਜੋਨੀ
ਸਿਰਿ ਸਿਰਿ ਲੇਖੁ ਸਹਾਮੰ॥
ਕਰਮ ਸੁਕਰਮ ਕਰਾਏ ਆਪੇ
ਆਪੇ ਭਗਤਿ ਦ੍ਰਿੜਾਮੰ॥
ਮਨਿ ਮੁਖਿ ਜੂਠਿ ਲਹੈ ਭੈ ਮਾਨੰ
ਆਪੇ ਗਿਆਨੁ ਅਗਾਮੰ॥5॥
ਜਿਨ ਚਾਖਿਆ ਸੇਈ ਸਾਦੁ ਜਾਣਨਿ
ਜਿਉ ਗੁੰਗੇ ਮਿਠਿਆਈ॥
ਅਕਥੈ ਕਾ ਕਿਆ ਕਥੀਐ ਭਾਈ
ਚਾਲਉ ਸਦਾ ਰਜਾਈ॥
ਗੁਰੁ ਦਾਤਾ ਮੇਲੇ ਤਾ ਮਤਿ ਹੋਵੈ
ਨਿਗੁਰੇ ਮਤਿ ਨ ਕਾਈ॥
ਜਿਉ ਚਲਾਏ ਤਿਉ ਚਾਲਹ ਭਾਈ
ਹੋਰ ਕਿਆ ਕੋ ਕਰੇ ਚਤੁਰਾਈ॥6॥
ਇਕਿ ਭਰਮਿ ਭੁਲਾਏ ਇਕਿ ਭਗਤੀ
ਰਾਤੇ ਤੇਰਾ ਖੇਲੁ ਅਪਾਰਾ॥
ਜਿਤੁ ਤੁਧੁ ਲਾਏ ਤੇਹਾ ਫਲੁ ਪਾਇਆ
ਤੂ ਹੁਕਮੁ ਚਲਾਵਣਹਾਰਾ॥
ਸੇਵਾ ਕਰੀ ਜੇ ਕਿਛੁ ਹੋਵੈ
ਅਪਣਾ ਜੀਉ ਪਿੰਡੁ ਤੁਮਾਰਾ॥
ਸਤਿਗੁਰਿ ਮਿਲਿਐ ਕਿਰਪਾ ਕੀਨੀ
ਅੰਮ੍ਰਿਤ ਨਾਮੁ ਅਧਾਰਾ॥7॥
ਗਗਨੰਤਰਿ ਵਾਸਿਆ ਗੁਣ ਪਰਗਾਸਿਆ
ਗੁਣ ਮਹਿ ਗਿਆਨ ਧਿਆਨੰ॥
ਨਾਮੁ ਮਨਿ ਭਾਵੈ ਕਹੈ ਕਹਾਵੈ
ਤਤੋ ਤਤੁ ਵਖਾਨੰ॥
ਸਬਦੁ ਗੁਰ ਪੀਰਾ ਗਹਿਰ ਗੰਭੀਰਾ
ਬਿਨੁ ਸਬਦੈ ਜਗਿ ਬਉਰਾਨੰ॥
ਪੂਰਾ ਬੈਰਾਗੀ ਸਹਜਿ ਸੁਭਾਗੀ
ਸਚੁ ਨਾਨਕ ਮਨੁ ਮਾਨੰ॥8॥1॥
ਗੁ.ਗ੍ਰੰ.ਸਾ. ਪੰਨਾ 634

ਅ. ਇਕਿ ਗਿਰਹੀ ਸੇਵਕ
ਸਾਧਿਕਾ ਗੁਰਮਤੀ ਲਾਗੇ॥
ਨਾਮੁ ਦਾਨੁ ਇਸਨਾਨੁ ਦ੍ਰਿੜੁ
ਹਰਿ ਭਗਤਿ ਸੁ ਜਾਗੇ॥7॥
ਗੁਰ ਤੇ ਦਰੁ ਘਰੁ ਜਾਣੀਐ
ਸੋ ਜਾਇ ਸਿਞਾਣੈ॥
ਨਾਨਕ ਨਾਮੁ ਨ ਵੀਸਰੈ
ਸਾਚੇ ਮਨੁ ਮਾਨੈ॥8॥14॥
ਗੁ.ਗ੍ਰੰ.ਸਾ. ਪੰਨਾ 418

ਸ੍ਰੀ ਅਮਰਦਾਸ ਜੀ ਬਹੁਤ ਧਿਆਨ ਨਾਲ ਇਹ ਸਭ ਸੁਣ ਰਹੇ ਸਨ ਅਰ ਆਪਣੇ ਮਨ ਵਿਚ ਇਸ ਅੰਤਰ ਨੂੰ ਵਿਚਾਰ ਰਹੇ ਸਨ। ਸਤਿਗੁਰੂ ਹਜ਼ੂਰ ਨੇ ਫ਼ੁਰਮਾਇਆ,

'ਤੁਸੀਂ ਇਥੇ ਕੁਝ ਦਿਨ ਠਹਿਰ ਕੇ ਗੁਰੂ ਕੀ ਸੰਗਤ ਵਿਚ ਹਾਜ਼ਰੀ ਭਰੋ ਅਰ ਗੁਰੂ-ਬਾਬਾ ਜੀ ਦੇ ਬਚਨਾਂ ਨੂੰ ਸਮਝ ਕੇ ਫ਼ੈਸਲਾ ਕਰ ਲੈਣਾ ਕਿ ਕੀਹ ਤੁਸੀਂ ਗੁਰੂ-ਬਾਬਾ ਜੀ ਦੀ ਇਸ ਨਿਰਾਲੀ ਚਾਲ 'ਤੇ ਚੱਲਣ ਲਈ ਤਿਆਰ ਹੋ'?

ਅੱਜ ਅਸੀਂ ਭਲੀ ਪ੍ਰਕਾਰ ਸਮਝ ਸਕਦੇ ਹਾਂ ਕਿ ਸ੍ਰੀ ਅਮਰਦਾਸ ਜੀ ਇਹ ਫ਼ੈਸਲਾ ਲੈਣ ਲਈ ਕਿਸੇ ਜੱਕੋ-ਤੱਕੀ ਵਿਚ ਨਹੀਂ ਪਏ ਜਿਹੜੇ -ਏਥੇ ਸੁਖ ਅਰ ਅੱਗੇ ਹਰਿ ਨਾਲ ਕੇਲ- ਕਰਨ ਦੀ ਤੀਬਰ ਇੱਛਾ ਲੈ ਕੇ ਆਏ ਸਨ। ਉਸੇ ਸਮੇਂ ਹੀ ਆਪ ਜੀ ਉੱਠੇ ਅਰ 'ਸਤਿ ਬਚਨ ਪਾਤਸ਼ਾਹ ਜੀ!' ਕਹਿੰਦਿਆਂ ਪੂਰਨ ਨਿਸ਼ਠਾ ਨਾਲ ਹਜ਼ੂਰ ਦੇ ਚਰਨਾਂ ਵਿਚ ਸਦਾ ਲਈ ਸੀਸ ਭੇਟ ਕਰ ਦਿੱਤਾ। ਸਤਿਗੁਰਾਂ ਉਠਾ ਕੇ ਸੀਨੇ ਨਾਲ ਲਾਇਆ ਤੇ ਕਿਹਾ,

'ਗੁਰੂ ਬਾਬਾ ਤੁਹਾਡੇ ਅੰਗ-ਸੰਗ ਰਹਿਣ ਅਰ ਸਦਾ ਕਰਤਾਰ ਚਿੱਤ ਆਵੇ'!

ੳ. ਮ:2॥ ਜਿਸੁ ਪਿਆਰੇ ਸਿਉ ਨੇਹੁ
ਤਿਸੁ ਆਗੈ ਮਰਿ ਚਲੀਐ॥
ਧ੍ਰਿਗੁ ਜੀਵਣੁ ਸੰਸਾਰਿ ਤਾ ਕੈ
ਪਾਛੈ ਜੀਵਣਾ॥ ਗੁ.ਗ੍ਰੰ.ਸਾ. ਪੰਨਾ 83
ਅ. ਮ:2॥ ਸੇਈ ਪੂਰੇ ਸਾਹੁ
ਜਿਨੀ ਪੂਰਾ ਪਾਇਆ॥
ਅਠੀ ਵੇਪਰਵਾਹੁ
ਰਹਨਿ ਇਕਤੈ ਰੰਗਿ॥..2॥17॥
ਗੁ.ਗ੍ਰੰ.ਸਾ. ਪੰਨਾ 146

ਇਤਿਹਾਸ ਗਵਾਹ ਹੈ ਕਿ ਅੱਜ ਤੋਂ ਬਾਦ ਫਿਰ ਸ੍ਰੀ ਅਮਰਦਾਸ ਜੀ ਨੇ ਕਦੇ ਪਿੱਛੇ ਮੁੜ ਕੇ ਨਹੀਂ ਦੇਖਿਆ। ਅਜਿਹਾ ਕਰਦਿਆਂ ਉਹ ਗੁਰੂ-ਘਰ ਆਉਣ ਵਾਲਿਆਂ ਲਈ ਇਕ ਨਮੂਨਾ ਵੀ ਸਥਾਪਤ ਕਰ ਗਏ ਕਿ ਜੋ ਇਥੇ ਗੁਰ-ਉਪਦੇਸ਼ ਸੁਣ ਕੇ ਧਾਰਨ ਕਰਨ ਦੀ ਇੱਛਾ ਲੈ ਕੇ ਆਉਂਦਾ ਹੈ, ਉਹ ਸਦਾ ਹੀ ਗੁਰੂ ਕੀਆਂ ਖ਼ੁਸ਼ੀਆਂ ਪ੍ਰਾਪਤ ਕਰ ਕੇ ਆਪਣੇ ਜੀਵਨ ਨੂੰ ਬਦਲ ਸਕਦਾ ਹੈ, ਪਹਿਲੇ ਪਰਵਾਰਿਕ ਬਣੇ ਹੋਏ ਸੰਸਕਾਰ ਵੀ ਉਸ ਦੇ ਰਾਹ ਵਿਚ ਰੋੜਾ ਨਹੀਂ ਅਟਕਾਉਂਦੇ।

**ਚਲਦਾ.....**

ਲੜੀਵਾਰ ਨਾਵਲ

ਸ਼ਿਵਚਰਨ ਜੱਗੀ (ਕੁੱਸਾ)
ਫੋਨ : 07853 317 891
Email: jaggikussa@yahoo.de




ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

ਕਿਸ਼ਤ 38

# ਇੱਕ ਮੇਰੀ ਅੱਖ ਕਾਸ਼ਣੀ...

**ਅਮਨ ਨੇ ਸੋਸ਼ਲ ਮੀਡੀਆ ਰਾਹੀਂ ਸੋਨੀ ਨਾਲ਼ ਰਾਬਤਾ ਕਾਇਮ ਕਰ ਲਿਆ। ਉਹਨਾਂ ਦੀ ਇੱਕ ਸਹੇਲੀ 'ਮਾਣੋਂ' ਵੀ ਹੁੰਦੀ ਸੀ, ਜਿਸ ਬਾਰੇ ਅਮਨ ਨੂੰ ਸ਼ੱਕ ਸੀ ਕਿ ਉਹ ਵੀ ਇੰਗਲੈਂਡ ਵਿੱਚ ਸੀ। ਪਰ ਮਾਣੋਂ ਬਾਰੇ ਉਸ ਨੂੰ ਪੱਕਾ ਪਤਾ ਨਹੀਂ ਸੀ ਕਿ ਮਾਣੋਂ ਅੱਜ ਕੱਲ੍ਹ ਹੈ ਕਿੱਥੇ ਸੀ...? ਮਾਣੋਂ ਉਹਨਾਂ ਦੀ 'ਸੀਨੀਅਰ ਸਟੂਡੈਂਟ' ਸੀ, ਪਰ ਉਹ ਕਾਲਜ ਦੇ ਸਾਲਾਨਾ ਪ੍ਰੋਗਰਾਮ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਂਦੀਆਂ ਅਤੇ ਖ਼ੂਬ ਰੰਗ ਬੰਨ੍ਹਦੀਆਂ ਸੀ। ਅਚਾਨਕ ਕੁਝ ਸਮੇਂ ਬਾਅਦ ਮਾਣੋਂ ਕਾਲਜ ਵਿੱਚੋਂ ਅਚਾਨਕ 'ਗ਼ਾਇਬ' ਹੋ ਗਈ। ਕਾਲਜ ਦੀ ਰੌਣਕ ਚਲੀ ਗਈ। ਸਭ ਕੁੜੀਆਂ ਨੇ ਸੋਗ ਜਿਹਾ ਮਨਾਇਆ। ਪਰ ਇੱਕ ਗੱਲ ਸੁਣ ਕੇ ਸੰਤੁਸ਼ਟੀ ਅਤੇ ਖ਼ੁਸ਼ੀ ਜਿਹੀ ਵੀ ਹੋਈ ਕਿ ਉਹ 'ਬਾਹਰ' ਕਿਸੇ ਬੇਹੱਦ 'ਅਮੀਰ' ਪ੍ਰੀਵਾਰ ਵਿੱਚ ਵਿਆਹੀ ਗਈ ਸੀ।**




## ਕਾਂਡ 17

-"ਆਹ ਏਅਰਲਾਈਨਾਂ ਨੇ ਥੋੜ੍ਹਾ ਲੁੱਟਿਐ ਲੋਕਾਂ ਨੂੰ...?" ਅੱਕੇ ਡੇਵ ਨੇ ਵਾਰੀ ਲਈ।

-"ਯਾਰ ਲੁੱਟਿਆ ਕੀਹਨੇ ਨੀ...? ਜੀਹਦਾ ਲੋਟ ਲੱਗਿਆ, ਬਖ਼ਸ਼ਿਆ ਕਿਸੇ ਨੇ ਵੀ ਨੀ...!"

-"ਨਾਲ਼ੇ ਡੇਵ ਸਿਆਂ ਮੁੰਡੇ ਦੇ ਵਿਆਹ ਦੀਆਂ ਵਧਾਈਆਂ...।" ਦਿਲਬਾਗ ਚਾਹਲ ਬੋਲਿਆ।

-"ਰੱਬ ਸਭ ਨੂੰ ਵਧਾਵੇ...!"

-"ਨੂੰਹ ਆਗੀ...?"

-"ਹਾਂ ਆਗੀ...।"

-"ਅੰਬੈਸੀਆਂ ਖੁੱਲ੍ਹੀਆਂ ਸੀ...?"

-"ਖੁੱਲ੍ਹੀਆਂ ਸੀ, ਕਾਂ ਪੈਂਦੇ ਸੀ..। ਜਾਣ ਸਾਰ ਈ ਵੀਜ਼ਾ ਦੇਤਾ...।"

-"ਦੇਣਾ ਈ ਸੀ, ਫ਼ੈਮਲੀ ਵੀਜ਼ਾ ਤਾਂ ਛੇਤੀ ਦੇ ਦਿੰਦੇ ਐ...।"

-"ਉਂ ਬਚਾ ਰਿਹਾ ਕੋਰੋਨੇ ਪੱਖੋਂ...?" ਅਸੀਂ ਤਾਂ ਭਰਾਵਾ ਬਾਹਰ ਈ ਨੀ ਨਿਕਲੇ, ਅੰਦਰ ਈ ਦੜੇ ਰਹੇ...।"

-"ਵਧੀਆ ਕੀਤਾ, ਬਾਹਰ ਜਾ ਕੇ ਕਿਹੜਾ ਕੁਛ ਜਿੱਤਣਾ ਸੀ...?" ਸ਼ਰਮਾਂ ਜੀ ਨੇ ਕਿਹਾ।

## ਕਾਂਡ 18

ਅਮਨ ਤਿੰਨ ਮਹੀਨੇ ਤੋਂ 'ਗਰਭਵਤੀ' ਸੀ।

ਰੌਨੀ ਘਰ ਘੱਟ ਹੀ ਰਹਿੰਦਾ। ਉਹ ਜਾਂ ਤਾਂ ਆਪਣੀ ਜੌਬ 'ਤੇ ਚਲਿਆ ਜਾਂਦਾ ਅਤੇ ਜਾਂ 'ਵੀਕਐਂਡ' 'ਤੇ 'ਕਿਸੇ ਨੂੰ' ਮਿਲਣ ਤੁਰਿਆ ਰਹਿੰਦਾ। ਅਮਨ ਇਕੱਲੀ ਕੰਧਾਂ ਵੱਲ ਝਾਕਦੀ ਰਹਿੰਦੀ। ਕਦੇ ਟੈਲੀਵਿਯਨ ਲਾ ਲੈਂਦੀ। ਪਰ ਉਸ ਦਾ ਇਕੱਲੀ ਦਾ ਮਨ ਨਾ ਲੱਗਦਾ। ਆਪਣੇ ਮਾਂ ਬਾਪ ਨੂੰ ਉਹ ਫ਼ੋਨ ਨਹੀਂ ਕਰਨਾ ਚਾਹੁੰਦੀ ਸੀ। ਮਿੱਲੀ ਵੀ ਇੱਥੇ ਆ ਕੇ ਹੁਣ 'ਪਾਬੀ ਜੀ' ਨਾਲ਼ ਬਹੁਤੀ ਨੇੜਤਾ ਨਹੀਂ ਦਿਖਾਉਂਦੀ ਸੀ। ਉਹ ਵੀ ਆਪਣੇ ਦੋਸਤਾਂ ਮਿੱਤਰਾਂ ਵਿੱਚ 'ਬਿਜ਼ੀ' ਸੀ। ਹੁਣ ਤਾਂ ਕਿਤੇ ਆਥਣ ਸਵੇਰ ਜਾ ਕੇ ਹੀ ਉਸ ਨਾਲ਼ 'ਹਾਏ - ਹੈਲੋ' ਹੁੰਦੀ ਸੀ।

ਅਮਨ ਨੇ ਫ਼ੋਨ ਸੋਸ਼ਲ ਮੀਡੀਆ ਉਪਰ 'ਦੋਸਤ' ਲੱਭਣੇ ਸ਼ੁਰੂ ਕਰ ਦਿੱਤੇ।

ਹੋਰ ਉਸ ਕੋਲ਼ ਕਰਨ ਨੂੰ ਕੁਝ ਨਹੀਂ ਸੀ।

ਉਸ ਦਾ ਸਹੁਰਾ ਆਪਣੇ, ਅਤੇ ਸੱਸ ਆਪਣੇ ਧੰਦਿਆਂ ਵਿੱਚ ਮਸ਼ਰੂਫ਼ ਸਨ। ਸੱਸ ਨੂੰ ਤਾਂ ਉੱਕਾ ਹੀ ਫ਼ਿਕਰ ਨਹੀਂ ਸੀ ਕਿ ਉਸ ਦੀ ਨੂੰਹ ਨੂੰ ਬਾਲ ਬੱਚਾ ਹੋਣ ਵਾਲਾ ਸੀ। ਅਕਸਰ ਉਹਨਾਂ ਦੀ ਕੁਲ ਵਧਣੀ ਸੀ। ਪਰ ਸੱਸ ਬੇਪ੍ਰਵਾਹ ਜਿਹੀ ਅਮਨ ਨੂੰ "ਰੁਟੀਨ ਚੈੱਕ ਅੱਪ" ਲਈ ਲੈ ਜਾਂਦੀ ਅਤੇ ਲਿਆ ਕੇ ਘਰੇ ਛੱਡ ਦਿੰਦੀ। ਰੌਨੀ ਦੀ ਰੀਸ ਨਾਲ਼ ਉਹ ਵੀ ਸੱਸ ਨੂੰ 'ਮੰਮ' ਆਖ ਕੇ ਬੁਲਾਉਂਦੀ ਸੀ।

-"ਮੰਮ, ਰੌਨੀ ਮੇਰੇ ਕੋਲ਼ ਕਦੇ ਨੀ ਬਹਿੰਦੇ, ਪਤਾ ਨੀ ਕਿਸ ਨੂੰ ਮਿਲਣ ਤੁਰੇ ਰਹਿੰਦੇ ਨੇ...?" ਅਮਨ ਨੇ ਸੱਸ ਕੋਲ਼ ਸ਼ਿਕਵਾ ਕੀਤਾ।

-"ਇੱਥੋਂ ਦੇ ਜੰਮੇ ਬੱਚੇ ਬਹੁਤੀ ਕਿਸੇ ਦੀ ਪ੍ਰਵਾਹ ਨਹੀਂ ਕਰਦੇ, ਤੇ ਨਾ ਬਹੁਤਾ ਕਿਸੇ ਨਾਲ਼ 'ਅਟੈਚਮੈਂਟ' ਰੱਖਦੇ ਨੇ...।" ਸੱਸ ਨੇ ਇਉਂ ਉੱਤਰ ਦਿੱਤਾ, ਜਿਵੇਂ ਕੁਛ ਹੋਇਆ ਹੀ ਨਹੀਂ ਸੀ। ਜਿਵੇਂ ਸਭ ਕੁਝ ਖ਼ੈਰੀਅਤ ਸੀ। ਅਮਨ ਚੁੱਪ ਕਰ ਗਈ। ਉਹ ਸੋਚਦੀ ਸੀ ਕਿ ਸੱਸ ਮੇਰੇ ਹੱਕ ਵਿੱਚ 'ਹਾਅ ਦਾ ਨਾਅਰਾ' ਮਾਰੇਗੀ ਅਤੇ ਰੌਨੀ ਨੂੰ ਕੋਈ ਮੱਤ ਦੇਵੇਗੀ। ਪਰ ਸੱਸ ਨੇ ਤਾਂ ਹੋਰ ਹੀ ਕੱਛ 'ਚੋਂ ਘੇਸਲਾ ਕੱਢ ਮਾਰਿਆ ਸੀ...! ਅਮਨ ਸੋਚਾਂ ਵਿੱਚ ਪੈ ਗਈ...। ਮਿੱਲੀ ਨੂੰ ਸ਼ਕਾਇਤ ਜਿਹੀ ਲਾਈ, ਤਾਂ ਉਹ ਕਹਿੰਦੀ ਤੂੰ ਖ਼ੁਦ ਪੁੱਛ ਕਿ ਰੌਨੀ ਕਿਸ ਨਾਲ਼ ਫ਼ੋਨ ਉਪਰ ਬਿਜ਼ੀ ਰਹਿੰਦੈ। ਹੁਣ ਸੱਸ ਕੋਲ਼ ਇੱਕ ਅਪਣੱਤ ਭਰਿਆ ਗਿਲਾ ਕੀਤਾ, ਉਸ ਨੇ ਵੀ ਇਸ ਗੱਲ ਨੂੰ ਗੰਭੀਰਤਾ ਨਾਲ਼ ਨਹੀਂ ਲਿਆ...। ਦਾਲ਼ 'ਚ ਕੁਛ ਤਾਂ 'ਕਾਲ਼ਾ' ਸੀ...। ਕਿਤੇ ਰੌਨੀ ਦੇ ਤਲਾਕ ਦਾ ਇਹੀ ਮੁੱਖ ਕਾਰਨ ਇਹ ਤਾਂ ਨਹੀਂ ਸੀ...? ਕਿਤੇ ਇਸ ਦੀ ਪਹਿਲੀ ਘਰਵਾਲੀ ਨਾਲ਼ ਆਹੀ ਕੁਛ ਤਾਂ ਨਹੀਂ ਹੁੰਦਾ ਆਇਆ...? ਉਸ ਨੇ ਤਹਿ ਤੱਕ ਜਾਣ ਦੀ 'ਠਾਣ' ਲਈ!

ਅਚਾਨਕ 'ਸੋਸ਼ਲ ਮੀਡੀਆ' ਉਪਰ ਅਮਨ ਨੂੰ ਉਸ ਦੀ ਪੁਰਾਣੀ ਸਹੇਲੀ 'ਸੋਨੀ' ਮਿਲ਼ ਪਈ। ਸੋਨੀ ਦਾ ਪੂਰਾ ਨਾਂ "ਸੋਨੀ ਬਾਂਸਲ" ਸੀ।

ਅਮਨ ਨੇ ਸੋਸ਼ਲ ਮੀਡੀਆ ਰਾਹੀਂ ਸੋਨੀ ਨਾਲ਼ ਰਾਬਤਾ ਕਾਇਮ ਕਰ ਲਿਆ। ਉਹਨਾਂ ਦੀ ਇੱਕ ਸਹੇਲੀ 'ਮਾਣੋਂ' ਵੀ ਹੁੰਦੀ ਸੀ, ਜਿਸ ਬਾਰੇ ਅਮਨ ਨੂੰ ਸ਼ੱਕ ਸੀ ਕਿ ਉਹ ਵੀ ਇੰਗਲੈਂਡ ਵਿੱਚ ਸੀ। ਪਰ ਮਾਣੋਂ ਬਾਰੇ ਉਸ ਨੂੰ ਪੱਕਾ ਪਤਾ ਨਹੀਂ ਸੀ ਕਿ ਮਾਣੋਂ ਅੱਜ ਕੱਲ੍ਹ ਹੈ ਕਿੱਥੇ ਸੀ...? ਮਾਣੋਂ ਉਹਨਾਂ ਦੀ 'ਸੀਨੀਅਰ ਸਟੂਡੈਂਟ' ਸੀ, ਪਰ ਉਹ ਕਾਲਜ ਦੇ ਸਾਲਾਨਾ ਪ੍ਰੋਗਰਾਮ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਂਦੀਆਂ ਅਤੇ ਖ਼ੂਬ ਰੰਗ ਬੰਨ੍ਹਦੀਆਂ ਸੀ। ਅਚਾਨਕ ਕੁਝ ਸਮੇਂ ਬਾਅਦ ਮਾਣੋਂ ਕਾਲਜ ਵਿੱਚੋਂ ਅਚਾਨਕ 'ਗ਼ਾਇਬ' ਹੋ ਗਈ। ਕਾਲਜ ਦੀ ਰੌਣਕ ਚਲੀ ਗਈ। ਸਭ ਕੁੜੀਆਂ ਨੇ ਸੋਗ ਜਿਹਾ ਮਨਾਇਆ। ਪਰ ਇੱਕ ਗੱਲ ਸੁਣ ਕੇ ਸੰਤੁਸ਼ਟੀ ਅਤੇ ਖ਼ੁਸ਼ੀ ਜਿਹੀ ਵੀ ਹੋਈ ਕਿ ਉਹ 'ਬਾਹਰ' ਕਿਸੇ ਬੇਹੱਦ 'ਅਮੀਰ' ਪ੍ਰੀਵਾਰ ਵਿੱਚ ਵਿਆਹੀ ਗਈ ਸੀ। ਪਰ ਵਿਆਹੀ ਕਿਸ ਮੁਲਕ ਵਿੱਚ ਸੀ...? ਇਹ ਕਿਸੇ ਨੂੰ ਵੀ ਨਹੀਂ ਪਤਾ ਸੀ।

-"ਮੰਮ, ਮੇਰੀ ਕਾਲਜ ਦੀ ਇੱਕ ਦੋਸਤ ਮੈਨੂੰ ਮਿਲਣ ਆ ਸਕਦੀ ਐ...?" ਅਮਨ ਨੇ ਸੱਸ ਨੂੰ ਪੁੱਛਿਆ।

-"ਕਿਉਂ ਨਹੀਂ ਆ ਸਕਦੀ...? ਬੁਲਾ ਲੈ...!" ਐਨਾਂ ਆਖ ਕੇ ਸੱਸ ਨੇ ਉਸ ਦੀ ਮੁਸ਼ਕਿਲ ਹੱਲ ਕਰ ਦਿੱਤੀ।

ਤੀਜੇ ਦਿਨ ਸੋਨੀ ਅਮਨ ਨੂੰ ਮਿਲਣ ਆ ਗਈ। ਸੋਨੀ ਦੇਖੀ ਨੂੰ ਅਮਨ ਨੂੰ ਤਿੰਨ ਸਾਲ ਹੋ ਗਏ ਸਨ। ਸੋਨੀ ਕੋਲ਼ ਇੱਕ ਬੱਚਾ ਵੀ ਸੀ ਅਤੇ ਸੋਨੀ ਸਰੀਰਕ ਪੱਖੋਂ ਥੋੜ੍ਹੀ ਭਰ ਵੀ ਗਈ ਸੀ। ਦੋਨੋਂ ਸਹੇਲੀਆਂ ਗਲ਼ ਲੱਗ ਕੇ ਮਿਲ਼ੀਆਂ। ਦੁਖ ਸੁਖ ਦੀਆਂ ਗੱਲਾਂ ਹੁੰਦੀਆਂ ਰਹੀਆਂ। ਚੱਲਦੀ ਚੱਲਦੀ ਗੱਲ ਆਖਰ 'ਮਾਣੋਂ' 'ਤੇ ਆ ਕੇ ਰੁਕ ਗਈ।

-"ਮਾਣੋਂ ਨਾਲ਼ ਤਾਂ ਬਾਹਲ਼ੀ ਭੈੜ੍ਹੀ ਹੋਈ, ਅਮਨ...!"

-"ਕੀ ਹੋਇਆ...?" ਅਮਨ ਦਾ ਕਾਲਜਾ ਫੜਿਆ ਗਿਆ।

-"ਜਿਹੜਾ ਕੁਛ ਮਾਣੋਂ ਨਾਲ਼ ਹੋਇਐ, ਪ੍ਰਮਾਤਮਾ ਕਰੇ, ਕਿਸੇ ਨਾਲ਼ ਵੀ ਨਾ ਹੋਵੇ...!"

-"ਪਰ ਹੋਇਆ ਕੀ, ਦੱਸ ਤਾਂ ਸਹੀ...?"

ਸੋਨੀ ਨੇ 'ਮਾਣੋਂ' ਦੀ ਦੁਖਾਂਤਿਕ ਕਹਾਣੀ ਅਮਨ ਨੂੰ ਦੱਸਣੀ ਸ਼ੁਰੂ ਕੀਤੀ।.....

## ਕਾਂਡ 19

......ਪਾਵੀ ਵੈਨਕੂਵਰ ਨੂੰ ਜਾਣ ਵਾਲੀ ਫ਼ਲਾਈਟ ਦੀ ਉਡੀਕ ਵਿੱਚ ਟੋਕੀਓ ਏਅਰਪੋਰਟ ਦੇ ਲੌਂਜ ਵਿੱਚ ਬੈਠਾ ਸੀ। ਉਸ ਨੇ ਰਾਤ ਸਵਾ ਦੋ ਵਜੇ ਦਿੱਲੀ ਤੋਂ ਜਪਾਨ ਏਅਰਲਾਈਨਜ਼ ਦੀ ਫ਼ਲਾਈਟ ਫੜੀ ਸੀ। ਦਿੱਲੀ ਤੋਂ ਵੈਨਕੂਵਰ ਨੂੰ ਸਿੱਧੀ ਕੋਈ ਫ਼ਲਾਈਟ ਨਹੀਂ ਜਾ ਰਹੀ ਸੀ। ਇਸ ਲਈ ਉਸ ਨੇ ਟੋਕੀਓ ਰਾਹੀਂ ਜਾਣ ਵਾਲ਼ੀ ਫ਼ਲਾਈਟ ਲਈ ਸੀ।

ਅਜੇ ਵੈਨਕੂਵਰ ਜਾਣ ਵਾਲ਼ੀ ਫ਼ਲਾਈਟ ਵਿੱਚ ਛੇ ਘੰਟੇ ਬਾਕੀ ਸਨ।

ਉਸ ਦਾ ਟਾਈਮ ਨਹੀਂ ਲੰਘ ਰਿਹਾ ਸੀ।

-"ਯਾਰ ਇੱਕ ਅੱਧੀ ਬੀਅਰ ਮਾਰਦੇ ਆਂ...।" ਉਸ ਨੇ ਆਪਣੇ ਆਪ ਨੂੰ ਕਿਹਾ ਅਤੇ ਆਪਣਾ ਹੈਂਡ ਬੈਗ ਚੁੱਕ ਕੇ ਬੀਅਰ ਬਾਰ ਵੱਲ ਨੂੰ ਹੋ ਤੁਰਿਆ। ਟਾਈਮ ਤਾਂ ਟਪਾਉਣਾ ਹੀ ਸੀ। ਉਹ ਛੇ ਸਾਲਾਂ ਬਾਅਦ ਤਿੰਨ ਹਫ਼ਤੇ ਲਈ ਪੰਜਾਬ ਆਇਆ ਸੀ। ਚਾਹੇ ਪੰਜਾਬ ਉਸ ਨੇ ਗਰੀਬੀ ਕੱਟਣ ਲਈ ਹੀ ਛੱਡਿਆ ਸੀ। ਪਰ ਰੰਗਲਾ ਪੰਜਾਬ ਉਸ ਦੀਆਂ ਯਾਦਾਂ ਵਿੱਚੋਂ ਵਿੱਸਰ ਨਹੀਂ ਸੀ ਰਿਹਾ।

ਇੱਕ ਬੀਅਰ ਆਰਡਰ ਕਰ ਕੇ ਉਹ ਇੱਕ ਖੂੰਜੇ ਜਾ ਕੇ ਬੜੇ ਆਰਾਮ ਨਾਲ਼ ਬੈਠ ਗਿਆ ਅਤੇ ਅੱਖਾਂ ਮੀਟ ਲਈਆਂ। ਜਿਵੇਂ ਉਹ ਮੁੜ ਪੰਜਾਬ ਪਹੁੰਚਣਾ ਚਾਹੁੰਦਾ ਸੀ। ਧੂੜ ਭਰੇ ਰਸਤੇ ਅਤੇ ਭੋਲ਼ੇ ਚਿਹਰਿਆਂ ਦੀ ਮੁਸਕਾਨ ਉਸ ਦੇ ਸੀਨੇ ਵਿੱਚ ਮੇਖ ਵਾਂਗ ਖੁੱਭੇ ਪਏ ਸਨ। ਕੁਝ ਥਕਾਵਟ ਅਤੇ ਕੁਝ ਪੰਜਾਬ ਦੀਆਂ ਯਾਦਾਂ ਨੇ ਉਸ ਨੂੰ ਬੌਂਦਲਾਇਆ ਹੋਇਆ ਸੀ।

ਬਾਰ ਦਾ ਬਹਿਰਾ ਆ ਕੇ ਉਸ ਅੱਗੇ ਬੀਅਰ ਦਾ ਗਿਲਾਸ ਰੱਖ ਗਿਆ।

ਬੀਅਰ ਦਾ ਭਰਿਆ ਗਿਲਾਸ ਦੇਖ ਕੇ ਉਸ ਨੂੰ ਹਾਸਾ ਆ ਗਿਆ। ਉਸ ਦੇ ਪੇਂਡੂ ਬੱਲੀ ਦੇ ਕਹੇ ਬੋਲ ਯਾਦ ਆ ਗਏ, "ਓਏ ਸਾਨੂੰ ਕੋਈ ਪੈੱਗ-ਸ਼ੈੱਗ ਦੀ ਸੁਲਾਹ ਮਾਰ ਲਿਆ ਕਰ, ਆਹ ਘੋੜ੍ਹੇ ਦਾ ਮੂਤ ਜਿਆ ਲਿਆ ਕੇ ਸਾਡੇ ਅੱਗੇ ਰੱਖ ਦਿੰਨੈ, ਇਹਦਾ ਵੀ ਕੋਈ ਪੀਣ ਐਂ...? ਇਹ ਤਾਂ ਅਸੀਂ ਕਬਜੀ ਖੋਲ੍ਹਣ ਲਈ ਕਦੇ ਨਾ ਕਦੇ ਪੀਨੇ ਆਂ...!" ਟੌਟਣਭੰਨਾਂ ਦੇ ਬੱਲੀ ਨੂੰ ਬੀਅਰ ਉਕਾ ਹੀ ਪਸੰਦ ਨਹੀਂ ਸੀ। ਪਿੰਡ ਰਹਿਣ ਵੇਲ਼ੇ ਉਹਨਾਂ ਦਾ ਸਾਰਾ ਖਾਨਦਾਨ ਹੀ ਘਰੇ ਦਾਰੂ ਕੱਢ ਕੇ ਪੀਂਦਾ ਰਿਹਾ ਸੀ ਅਤੇ ਹੁਣ ਕੈਨੇਡਾ ਆ ਕੇ ਵੀ ਉਹਨਾਂ ਦੇ ਬਜ਼ੁਰਗ ਖੇਤ ਦਾਰੂ ਕੱਢ ਲੈਂਦੇ ਸਨ ਅਤੇ ਖੁੱਲ੍ਹੀ ਡੁੱਲ੍ਹੀ ਪੀਂਦੇ ਅਤੇ ਆਏ ਗਏ ਨੂੰ ਵਰਤਾਉਂਦੇ ਸਨ।

ਪਾਵੀ ਨੇ ਧੁਰਲੀ ਜਿਹੀ ਮਾਰ ਕੇ ਗਿਲਾਸ ਨੂੰ ਹੱਥ ਪਾਇਆ ਅਤੇ ਪੈਂਦੀ ਸੱਟੇ ਅੱਧਾ ਗਿਲਾਸ ਖਾਲੀ ਕਰ ਦਿੱਤਾ।

ਅੱਧਾ ਗਿਲਾਸ ਮੇਜ਼ 'ਤੇ ਰੱਖ ਕੇ ਉਸ ਨੇ ਮੁੜ ਅੱਖਾਂ ਬੰਦ ਕਰ ਲਈਆਂ ਅਤੇ ਪਿੱਛੇ ਢੋਅ ਲਾ ਲਈ।

ਅਚਾਨਕ ਪਿੱਛੋਂ ਆ ਕੇ ਕਿਸੇ ਨੇ ਉਸ ਦੀਆਂ ਅੱਖਾਂ ਉਪਰ ਹੱਥ ਰੱਖ ਦਿੱਤਾ। ਕੋਮਲ ਹੱਥਾਂ ਦੀ ਛੋਹ ਅਤੇ ਕਿਸੇ ਦੇ ਸਰੀਰ 'ਚੋਂ ਆਉਂਦੀ ਮਹਿਕ ਕੋਈ ਬਿਗਾਨੀ ਜਾਂ ਓਪਰੀ ਨਹੀਂ ਸੀ। ਮਾਲੂਕ ਹੱਥਾਂ ਦੀ ਛੋਹ ਕਿਤੇ ਨਾ ਕਿਤੇ "ਮਾਣੀ" ਹੋਈ ਸੀ। ਫ਼ਲੀਆਂ ਵਰਗੀਆਂ ਉਂਗਲ਼ਾਂ ਦਾ ਸਪੱਰਸ਼ ਕਿਸੇ ਅਪਣੱਤ ਦਾ ਗ਼ੈਬੀ ਸੁਨੇਹਾ ਦੇ ਰਿਹਾ ਸੀ। ਇਹ ਗੰਦਲ਼ਾਂ ਵਰਗੀਆਂ ਉਂਗਲ਼ਾਂ ਦੀ ਛੂਹ ਉਸ ਦੀ ਰੂਹ ਨੂੰ ਅਜੀਬ ਸਕੂਨ ਦੇ ਰਹੀ ਸੀ।

ਪਾਵੀ ਨੂੰ ਜਾਪਿਆ, ਜਿਵੇਂ ਜਾਦੂਗਰੀ ਉਂਗਲ਼ਾਂ ਦੀ ਛੂਹ ਨੇ ਉਸ ਦੀ ਸਾਰੀ ਥਕਾਵਟ ਚੂਸ ਲਈ ਸੀ ਅਤੇ ਉਸ ਨੂੰ ਨਵਾਂ ਨਰੋਆ ਕਰ ਦਿੱਤਾ ਸੀ।

ਚਲਦਾ...

ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ!
-ਸੰਪਾਦਕ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**ਕਿਸ਼ਤ-14**

# 1699 ਦੀ ਵੈਸਾਖੀ ਇੱਕ ਅਲੌਕਿਕ ਸਫ਼ਰ

## ਨਿਰਮਲ ਪੰਥ ਤੋਂ ਖਾਲਸਾ ਪੰਥ ਤੱਕ

**ਡਾ: ਕਿਰਨਪ੍ਰੀਤ ਕੌਰ ਬਾਠ**



**ਜਦੋਂ ਅੱਜ ਸਾਡੇ ਗੀਤਕਾਰ ਸੱਭਿਆਚਾਰ ਦੇ ਨਾਂ ਉੱਤੇ ਗੰਦ-ਮੰਦ ਪਰੋਸ ਰਹੇ ਹੁੰਦੇ ਹਨ ਅਤੇ ਸਾਡੇ ਆਪਣੇ ਲੋਕ ਉਸ ਉੱਤੇ ਥਿਰਕ ਰਹੇ ਹੁੰਦੇ ਹਨ ਤਾਂ ਗੁਰੂ ਨੂੰ ਪ੍ਰਣਾਏ ਹੋਏ ਸਿੱਖਾਂ ਦਾ ਮਨ ਇਸੇ ਲਈ ਉਦਾਸ ਹੁੰਦਾ ਹੈ ਕਿਉਂਕਿ ਸਾਡੇ ਗੁਰੂ ਨੇ ਸਾਨੂੰ ਉੱਚਾ-ਸੁੱਚਾ ਇੱਜ਼ਤਦਾਰ ਵਿਰਸਾ ਦਿੱਤਾ ਸੀ, ਜਿਸ ਦੇ ਉਲਟ ਅਸੀਂ ਫਿਰ ਓਸੇ ਹਨੇਰੇ ਖੂਹ ਵਿੱਚ ਡਿੰਗਣ ਨੂੰ ਨਾ ਸਿਰਫ਼ ਆਪ ਆਤੁਰ ਹਾਂ ਸਗੋਂ ਆਪਣੇ ਬੱਚਿਆਂ ਨੂੰ ਵੀ ਹੱਥ ਫੜ-ਫੜ ਸਿਖਾ ਰਹੇ ਹਾਂ। ਕੋਈ ਵੀ ਸਿੱਖ ਹੱਸਣ, ਨੱਚਣ, ਟੱਪਣ, ਗਾਉਣ ਦੇ ਵਿਰੋਧ ਵਿੱਚ ਨਹੀਂ, ਪਰ ਨੱਚਣ ਦੀਆਂ ਵੰਨਗੀਆਂ ਦਾ ਹੀ ਇਤਿਹਾਸ ਫਰੋਲ ਲਈਏ ਤਾਂ ਆਪਾਂ ਇਹ ਜਾਣ ਜਾਵਾਂਗੇ ਕਿ ਨ੍ਰਿਤ ਕਲਾ (ਹਾਲਾਂਕਿ ਉਹ ਵੀ ਸਾਡਾ ਵਿਰਸਾ ਨਹੀਂ) ਅਤੇ ਮੁਜਰੇ ਵਿੱਚ ਫ਼ਰਕ ਹੁੰਦਾ ਹੈ।**

ਗੁਰੂ ਹਰਗੋਬਿੰਦ ਸਾਹਿਬ ਨੇ ਮੀਰੀ-ਪੀਰੀ ਧਾਰਣ ਕਰ ਅਤੇ ਗੁਰਸਿੱਖਾਂ ਨੂੰ ਇਹ ਹੁਕਮ ਕਰ ਕੇ ਹੁਣ ਤੋਂ ਉਹਨਾਂ ਦੀ ਪਿਆਰੀ ਭੇਟਾ ਚੰਗਾ ਸ਼ਸਤਰ ਤੇ ਚੰਗੀ ਜਵਾਨੀ ਹੋਵੇਗੀ ਅਤੇ ਗੁਰਸਿੱਖਾਂ ਨੂੰ ਕਸਰਤਾਂ ਕਰਨ, ਘੋਲ, ਗਤਕਾ, ਸ਼ਿਕਾਰ ਖੇਡਣ ਲਈ ਜੰਗਲਾਂ ਵਿੱਚ ਜਾਣ ਅਤੇ ਘੋੜਸਵਾਰੀ ਕਰਨ ਲਈ ਹੁਕਮ ਦੇ ਕੇ ਇਹ ਸੁਨੇਹਾ ਦੇ ਦਿੱਤਾ ਕਿ ਓਹ ਸੂਰਬੀਰਾਂ ਦੀ ਉਸ ਫ਼ੌਜ ਦੇ ਜਰਨੈਲ ਹੋਣਗੇ ਜੋ ਅਕਾਲ ਪੁਰਖ ਦੇ ਭਾਣੇ ਵਿੱਚ ਰਹਿ ਜ਼ਾਲਮ ਅਤੇ ਜ਼ੁਲਮ ਦਾ ਮੂੰਹ ਭੰਨ੍ਹੇਗੀ। ਮੀਰੀ-ਪੀਰੀ ਦੇ ਮਾਲਿਕ ਗੁਰੂ ਹਰਿਗੋਬਿੰਦ ਸਾਹਿਬ ਨੇ ਉਲਝਣ ਵਿੱਚ ਫਸੀ ਉਸ ਚੇਤਨਾ ਦਾ ਬਹਾਵ ਚੜ੍ਹਦੀ ਕਲਾ ਵੱਲ ਕਰ ਦਿੱਤਾ ਸੀ।

Ernest Trumpp, The Adi Granth. Munshiram Manoharlal. New Delhi, 1997, pp.[xxx-ii ; Latif, K.B. Syed Muhammed, History Of the Punjab: From the Remotest Antiquity to the Present Time. dt. Jhang-1889; Calcutta-1891. p. 254.

ਗੁਰੂ ਹਰਿਗੋਬਿੰਦ ਸਾਹਿਬ ਨੇ ਦੋ ਤਲਵਾਰਾਂ ਬੱਧੀਆਂ ਅਤੇ ਗੁਰਸਿੱਖਾਂ ਨੂੰ ਇਹ ਸੰਕਲਪ ਦੇ ਦਿੱਤਾ ਕਿ ਹੁਣ ਉਹ ਮਜ਼ਲੂਮਾਂ ਦੀ ਰਾਖੀ ਲਈ ਤੇਗ ਵਾਹੁਣਗੇ। ਜਿਸ ਜ਼ੁਲਮ ਨੂੰ ਸਦੀਆਂ ਤੋਂ ਕਿਸੇ ਨੇ ਰਣ ਦੇ ਮੈਦਾਨ ਵਿੱਚ ਵੰਗਾਰਿਆ ਨਹੀਂ ਸੀ, ਉਸ ਨੂੰ ਹੁਣ ਇਹਨਾਂ ਦੀਆਂ ਕਿਰਪਾਨਾਂ ਵੰਗਾਰਨਗੀਆਂ ਅਤੇ ਹੁਣ ਤਖ਼ਤ ਉੱਤੇ ਐਸਾ ਦਲ-ਭੰਜਨ ਸੂਰਮਾ ਬੈਠੇਗਾ ਜੋ ਹਲੇਮੀ ਰਾਜ ਦਾ ਪੈਰੋਕਾਰ ਹੋਵੇਗਾ। ਇਸ ਸੰਕਲਪ ਨੇ ਗੁਰਸਿੱਖਾਂ ਨੂੰ ਗੁਰੂ ਅਰਜਨ ਸਾਹਿਬ ਦੀ ਸ਼ਹਾਦਤ, ਇੱਕ ਨਵੇਂ ਨਜ਼ਰੀਏ ਨਾਲ ਸਮਝਣ ਦਾ ਹੁੱਨਰ ਦਿੱਤਾ। ਜਿਸ ਸ਼ਹਾਦਤ ਕਾਰਨ ਜਾਬਰ ਹਕੂਮਤ ਸਿੱਖਾਂ ਅੰਦਰ ਭੈਅ ਪੈਦਾ ਕਰਨਾ ਚਾਹੁੰਦੀ ਸੀ, ਓਸੇ ਸ਼ਹਾਦਤ ਨੇ ਗੁਰਸਿੱਖਾਂ ਦੇ ਮਨਾਂ ਅੰਦਰ ਮੌਤ ਦਾ ਆਖਰੀ ਭੈਅ ਵੀ ਕੱਢ ਦਿੱਤਾ। ਉਹ ਗੁਰਬਾਣੀ ਦੇ ਬਚਨ ਪ੍ਰਤੱਖ ਆਪਣੇ ਸਾਹਮਣੇ ਵਾਪਰਦੇ ਵੇਖ ਰਹੇ ਸਨ ਅਤੇ ਬਾਣੀ ਨੂੰ ਅਮਲੀ ਰੂਪ ਵਿੱਚ ਸਮਝ ਰਹੇ ਸਨ :

ਜਿਹ ਮਰਨੈ ਸਭੁ ਜਗਤੁ ਤਰਾਸਿਆ ॥  
ਸੋ ਮਰਨਾ ਗੁਰ ਸਬਦਿ ਪ੍ਰਗਾਸਿਆ ॥1॥  
ਅਬ ਕੈਸੇ ਮਰਉ ਮਰਨਿ ਮਨੁ ਮਾਨਿਆ ॥  
ਮਰਿ ਮਰਿ ਜਾਤੇ ਜਿਨ ਰਾਮੁ ਨ ਜਾਨਿਆ॥1॥ ਰਹਾਉ ॥  
ਮਰਨੋ ਮਰਨੁ ਕਹੈ ਸਭੁ ਕੋਈ ॥  
ਸਹਜੇ ਮਰੈ ਅਮਰੁ ਹੋਇ ਸੋਈ ॥2॥  
ਕਹੁ ਕਬੀਰ ਮਨਿ ਭਇਆ ਅਨੰਦਾ ॥  
**ਗਇਆ ਭਰਮੁ ਰਹਿਆ ਪਰਮਾਨੰਦਾ ॥3॥20॥**

(ਅੰਗ 327)

### ਪ੍ਰਚਾਰਕਾਂ, ਕਵੀਆਂ ਅਤੇ ਢਾਡੀਆਂ ਨੂੰ ਹੁਕਮ

ਇਸ ਚੇਤਨਾ ਦੇ ਪ੍ਰਵਾਹ ਨੂੰ ਲੈਅ ਵਿੱਚ ਰੱਖਣ ਅਤੇ ਚੜ੍ਹਦੀ ਕਲਾ ਨੂੰ ਇੱਕ ਫ਼ਲਸਫ਼ੇ ਤੋਂ ਓਹਨਾਂ ਦੀ ਇੱਕ ਅਵਸਥਾ ਵਿੱਚ ਤਬਦੀਲ ਕਰਨ ਲਈ ਗੁਰੂ ਸਾਹਿਬ ਨੇ ਪ੍ਰਚਾਰਕਾਂ ਨੂੰ ਹੁਕਮ ਕੀਤਾ ਕਿ ਜਵਾਨੀ ਨੂੰ ਸਹੀ ਸੇਧ ਦੇਣ ਲਈ ਪਿੰਡਾਂ-ਪਿੰਡਾਂ ਵਿੱਚ ਜਾ ਪ੍ਰਚਾਰ ਕਰਨ। ਕਵੀਆਂ ਨੂੰ ਹੁਕਮ ਕੀਤਾ ਕਿ ਤੁਸੀਂ ਪਰਮਾਤਮਾ ਵੱਲੋਂ ਬਖ਼ਸ਼ੇ ਇਸ ਹੁਨਰ ਨੂੰ ਪਛਾਣਦੇ ਹੋਏ ਕੁਵੇਲੇ ਦੇ ਗੀਤਾਂ ਨੂੰ ਖ਼ਤਮ ਕਰ, ਕੌਮ ਨੂੰ ਚੜ੍ਹਦੀ ਕਲਾ ਦੇ ਗੀਤ ਦੇਵੋ। ਢਾਡੀਆਂ ਨੂੰ ਹੁਕਮ ਕੀਤਾ ਕਿ ਤੁਹਾਡੇ ਸਾਜਾਂ ਵਿੱਚੋਂ ਲਲਕਾਰ ਨਿਕਲੇ, ਤੁਹਾਡੇ ਸੁਰ ਕੌਮ ਨੂੰ ਵੰਗਾਰਨ।


ਜਦੋਂ ਅੱਜ ਸਾਡੇ ਗੀਤਕਾਰ ਸੱਭਿਆਚਾਰ ਦੇ ਨਾਂ ਉੱਤੇ ਗੰਦ-ਮੰਦ ਪਰੋਸ ਰਹੇ ਹੁੰਦੇ ਹਨ ਅਤੇ ਸਾਡੇ ਆਪਣੇ ਲੋਕ ਉਸ ਉੱਤੇ ਥਿਰਕ ਰਹੇ ਹੁੰਦੇ ਹਨ ਤਾਂ ਗੁਰੂ ਨੂੰ ਪ੍ਰਣਾਏ ਹੋਏ ਸਿੱਖਾਂ ਦਾ ਮਨ ਇਸੇ ਲਈ ਉਦਾਸ ਹੁੰਦਾ ਹੈ ਕਿਉਂਕਿ ਸਾਡੇ ਗੁਰੂ ਨੇ ਸਾਨੂੰ ਉੱਚਾ-ਸੁੱਚਾ ਇੱਜ਼ਤਦਾਰ ਵਿਰਸਾ ਦਿੱਤਾ ਸੀ, ਜਿਸ ਦੇ ਉਲਟ ਅਸੀਂ ਫਿਰ ਓਸੇ ਹਨੇਰੇ ਖੂਹ ਵਿੱਚ ਡਿੰਗਣ ਨੂੰ ਨਾ ਸਿਰਫ਼ ਆਪ ਆਤੁਰ ਹਾਂ ਸਗੋਂ ਆਪਣੇ ਬੱਚਿਆਂ ਨੂੰ ਵੀ ਹੱਥ ਫੜ-ਫੜ ਸਿਖਾ ਰਹੇ ਹਾਂ। ਕੋਈ ਵੀ ਸਿੱਖ ਹੱਸਣ, ਨੱਚਣ, ਟੱਪਣ, ਗਾਉਣ ਦੇ ਵਿਰੋਧ ਵਿੱਚ ਨਹੀਂ, ਪਰ ਨੱਚਣ ਦੀਆਂ ਵੰਨਗੀਆਂ ਦਾ ਹੀ ਇਤਿਹਾਸ ਫਰੋਲ ਲਈਏ ਤਾਂ ਆਪਾਂ ਇਹ ਜਾਣ ਜਾਵਾਂਗੇ ਕਿ ਨ੍ਰਿਤ ਕਲਾ (ਹਾਲਾਂਕਿ ਉਹ ਵੀ ਸਾਡਾ ਵਿਰਸਾ ਨਹੀਂ) ਅਤੇ ਮੁਜਰੇ ਵਿੱਚ ਫ਼ਰਕ ਹੁੰਦਾ ਹੈ। ਆਪਣੀਆਂ ਖ਼ੁਸ਼ੀਆਂ ਮਨਾਉਣ ਲਈ ਨੱਚਣ ਅਤੇ ਬਜ਼ਾਰ ਵਿੱਚ ਵਿਕਣ ਲਈ ਨੱਚਣ ਵਿੱਚ ਫ਼ਰਕ ਹੁੰਦਾ ਹੈ। ਆਪਾਂ ਜੋ ਕਰ ਰਹੇ ਹਾਂ ਉਹ ਮੁਜਰੇ ਵਾਂਗ ਹੀ ਜਾਪਦਾ ਹੈ, ਨਹੀਂ ਤਾਂ ਭਲਾ ਕੋਈ ਆਪਣਾ ਮਨ-ਪ੍ਰਚਾਵਾ ਕਰਨ ਲਈ ਆਪਣੇ ਸਰੀਰ ਨੂੰ ਨੰਗਾ ਕਰ ਲੋਕਾਂ ਦੇ ਵੇਖਣ ਲਈ ਸਮੱਗਰੀ ਕਿਉਂ ਬਣਾਵੇਗਾ। ਇਹ ਖ਼ਪਤਵਾਦ ਦਾ ਇੱਕ ਐਸਾ ਚਿਹਰਾ ਹੈ, ਜਿਸ ਬਾਰੇ ਕੋਈ ਖੱਬੀ-ਪੱਖੀ ਧਿਰ ਨਹੀਂ ਬੋਲੇਗੀ, ਕਿਉਂਕਿ ਇਸ ਮੰਡੀ ਦੇ ਖ਼ਪਤਕਾਰਾਂ ਵਿੱਚ ਉਹ ਆਪ ਵੀ ਆਉਂਦੇ ਹਨ। ਅੱਜ ਜਦੋਂ ਕੋਈ ਭਾਵੁਕ ਜਿਹਾ ਗੁਰਸਿੱਖ ਆਪਣੇ ਬੱਚਿਆਂ ਨੂੰ ਕੁਝ ਬੋਲ ਦੇਵੇ ਤਾਂ ਝੱਟ ਇੱਕ ਧਿਰ ਕਹਿਣ ਲੱਗ ਜਾਂਦੀ ਹੈ ਕਿ ਗੁਰੂ ਸਾਹਿਬ ਨੇ ਤਾਂ 'ਨਚਣੁ ਕੁਦਣੁ ਮਨ ਕਾ ਚਾਉ' ਕਿਹਾ ਹੈ, ਤਾਂ ਇੱਥੇ ਸਪਸ਼ਟ ਕਰਦੀ ਜਾਵਾਂ ਕਿ ਸਾਨੂੰ ਪਤਾ ਹੈ, ਪਰ ਇਸ ਤੋਂ ਪਹਿਲਾਂ ਇਸੇ ਅੰਗ ਉੱਤੇ ਗੁਰੂ ਸਾਹਿਬ ਨੇ ਇਹ ਵੀ ਲਿਖਿਆ ਹੈ :

**ਵਾਇਨਿ ਚੇਲੇ ਨਚਨਿ ਗੁਰ ॥**  
**ਪੈਰ ਹਲਾਇਨਿ ਫੇਰਨ੍ਹਿ ਸਿਰ ॥**  
**ਉਡਿ ਉਡਿ ਰਾਵਾ ਝਾਟੈ ਪਾਇ ॥**  
**ਵੇਖੈ ਲੋਕੁ ਹਸੈ ਘਰਿ ਜਾਇ ॥**  
**ਰੋਟੀਆ ਕਾਰਣਿ ਪੂਰਹਿ ਤਾਲ ॥**  
**ਆਪੁ ਪਛਾੜਹਿ ਧਰਤੀ ਨਾਲਿ ॥**

(ਅੰਗ 465)

ਨੱਚਣ ਦੀ ਗੱਲ ਗੁਰੂ ਗ੍ਰੰਥ ਸਾਹਿਬ ਵਿੱਚ ਆਉਂਦੀ ਹੈ ਪਰ ਉਹ ਉਸ ਅਕਾਲ ਪੁਰਖ ਦੇ ਸਾਹਮਣੇ, ਉਸ ਦੀ ਤਾਲ਼ ਉੱਤੇ ਨੱਚਣ ਦੀ ਗੱਲ ਹੈ। ਇਸ ਦਾ ਮਤਲਬ ਇਹ ਵੀ ਨਹੀਂ ਕਿ ਅਸੀਂ ਆਪਣੇ ਬੱਚਿਆਂ ਨੂੰ ਨਾ ਨੱਚਣ ਲਈ ਕਹਿ ਰਹੇ ਹਾਂ। ਸਿੱਖੀ ਜਿਹਾ ਧਰਮ ਜੋ ਆਪਣੇ ਸਮੇਂ ਤੋਂ ਹੀ ਤਕਰੀਬਨ ਤਿੰਨ ਸਦੀਆਂ ਅੱਗੇ ਸੀ (ਔਰਤਾਂ ਦੇ ਹੱਕਾਂ ਦੀ ਗੱਲ ਪਿੱਛੇ ਕਰ ਆਈ ਹਾਂ) ਉਹ ਅੱਜ ਪਿੱਛੇ ਨਹੀਂ ਰਹਿ ਸਕਦਾ, ਪਰ ਅਸੀਂ ਆਪਣਿਆਂ ਦਾ ਸੋਸ਼ਣ ਹੁੰਦਾ ਵੀ ਨਹੀਂ ਵੇਖ ਸਕਦੇ। ਧਿਆਨ ਦੇਈਏ ਜੋ ਆਪਾਂ ਕਰ ਰਹੇ ਹਾਂ ਉਹ ਆਪਣੀਆਂ ਖ਼ੁਸ਼ੀਆਂ ਮਨਾਉਣ ਲਈ ਨਹੀਂ, ਸਗੋਂ ਦੁਨੀਆਂ ਦੀ ਮੰਡੀ ਵਿੱਚ ਇੱਕ ਵਸਤੂ ਵਾਂਗ ਆਪਣੇ ਆਪ ਨੂੰ ਪੇਸ਼ ਕਰ ਰਹੇ ਹਾਂ ਜੋ ਕਿ ਅਕਸਰ ਗ਼ੁਲਾਮ ਲੋਕਾਂ ਦੀਆਂ ਖ਼ੂਬਸੂਰਤ ਔਰਤਾਂ ਰਾਜਸੀ ਤਾਕਤ ਵਾਲ਼ੇ ਮਰਦਾਂ ਦੇ ਦਿਲ-ਬਹਿਲਾਵੇ ਲਈ ਕਰਿਆ ਕਰਦੀਆਂ ਸਨ।

ਹੈ ਨਾ ਕਮਾਲ ਦੀ ਗੱਲ, ਖੱਬੇ ਪੱਖੀ ਧਿਰਾਂ ਨਾਰੀ-ਸ਼ਕਤੀ ਦੇ ਵੱਡੇ-ਵੱਡੇ ਨਾਹਰੇ ਲਾਉਂਦੇ ਪੰਜਾਬ ਵਿੱਚ ਫਿਰਦੇ ਨੇ, ਪਰ ਔਰਤਾਂ ਦੇ ਹੋ ਰਹੇ ਇਸ ਸ਼ੋਸ਼ਣ ਵਿੱਚ, ਜਿੱਥੇ ਔਰਤ ਨੇ ਆਪਣੇ-ਆਪ ਨੂੰ ਆਪੇ ਹੀ ਇੱਕ ਭੋਗ ਦੀ ਵਸਤੂ ਵਾਂਗ ਪੇਸ਼ ਕਰਨਾ ਸ਼ੁਰੂ ਕੀਤਾ ਹੈ, ਓਹਨਾਂ ਨਾਲ ਖੜ੍ਹੇ ਸ਼ੋਸ਼ਣ ਕਰਵਾ ਰਹੇ ਹੁੰਦੇ ਹਨ, ਉਸ ਸ਼ੋਸ਼ਣ ਦਾ ਖੁੱਲ੍ਹੇਆਮ ਸਮਰਥਣ ਕਰਦੇ ਹੋਏ ਚਲਾਕੀ ਜਿਹੀ ਵਰਤ ਕੇ ਉਸ ਸ਼ੋਸ਼ਣ ਨੂੰ ਓਹਨਾਂ ਦਾ ਸਵੈ-ਅਧਿਕਾਰ ਦੱਸ ਦਿੰਦੇ ਨੇ। ਖੈਰ, ਕੋਈ ਜੋ ਚਾਹੇ ਉਹ ਕਰ ਸਕਦਾ ਹੈ, ਪਰ ਇਹ ਸੋਚਣਾ ਆਪਾਂ ਹੈ ਕਿ ਅਸੀਂ ਗੁਰੂ ਦਾ ਵਿਰਸਾ ਸੰਭਾਲ਼ਣਾ ਹੈ, ਜਿਸ ਨੇ ਸਾਨੂੰ ਇੱਜ਼ਤ ਨਾਲ ਸਿਰ ਚੁੱਕ ਜਿਊਣਾ ਸਿਖਾਇਆ ਹੈ ਜਾਂ ਉਹ ਅਖੌਤੀ ਵਿਰਸੇ ਦੇ ਧਾਰਨੀ ਹੋਣਾ ਹੈ ਜਿੱਥੇ ਗੀਤਾਂ ਵਿੱਚ, ਨਾਚ ਵਿੱਚ ਸਿਰਫ਼ ਵਾਸਨਾ ਦਿਸਦੀ ਹੋਵੇ। ਗੁਰੂ-ਆਸ਼ੇ ਉੱਤੇ ਚੱਲਦਿਆਂ ਬਾਦਸ਼ਾਹਤ ਮਿਲਦੀ ਹੈ ਅਤੇ ਉਸ ਤੋਂ ਬਿਨਾ ਭਟਕਣਾ, ਇਹ ਆਪਾਂ ਤਹਿ ਕਰ ਲਈਏ ਕਿ ਸਾਨੂੰ ਕੀ ਚਾਹੀਦਾ ਹੈ।




### ਸਿੱਖਾਂ ਨੂੰ ਰਾਜਸੀ ਤਾਕਤ ਬਖ਼ਸ਼ਣਾ

ਰੋਜ਼ ਸਵੇਰੇ-ਸ਼ਾਮ ਦੀਵਾਨ ਲੱਗਦੇ, ਕੀਰਤਨ ਉਪਰੰਤ ਹਰਿਮੰਦਰ ਸਾਹਿਬ ਸਾਹਮਣੇ ਹੀ ਜੰਗੀ ਮਸ਼ਕਾਂ ਹੋਣ ਲੱਗ ਗਈਆਂ। ਉਹ ਗੁਰਮੁਖ ਜੋ ਨਿਰਮਲ ਪੰਥ ਦਾ ਪਾਂਧੀ ਸੀ ਹੁਣ ਖ਼ਾਲਸੇ ਪੰਥ ਤਕ ਦਾ ਆਪਣਾ ਸਫ਼ਰ ਸ਼ੁਰੂ ਕਰ ਚੁੱਕਿਆ ਸੀ। ਗੁਰਬਾਣੀ ਦੇ ਬਚਨ: 'ਏਕੋ ਧਰਮੁ ਦ੍ਰਿੜੈ ਸਚੁ ਕੋਈ ॥' (1188) ਅਨੁਸਾਰ ਧਰਮ, ਸੱਚ ਨੂੰ ਹਿਰਦੇ ਅਤੇ ਸੰਸਾਰੀ ਤੌਰ 'ਤੇ ਅਮਲ ਵਿੱਚ ਧਾਰਣ ਨੂੰ ਹੀ ਕਿਹਾ ਜਾਂਦਾ ਹੈ, ਧਰਮ ਸੱਚ ਲਈ ਜਿਊਣਾ, ਸੱਚ ਲਈ ਮਰਨਾ, ਸੱਚ ਲਈ ਬੋਲਣਾ ਅਤੇ ਸੱਚ ਲਈ ਹੀ ਜੂਝਣ ਦਾ ਨਾਂ ਹੈ। ਸੋ ਜਿਨ੍ਹਾਂ ਨੂੰ ਧਰਮ ਅਫ਼ੀਮ ਲੱਗਦਾ ਹੈ, ਉਹ ਕਦੇ ਗੁਰੂ ਨਾਨਕ ਸਾਹਿਬ ਦੇ ਧਰਮ ਦੇ ਰੂ-ਬਰੂ ਹੋਏ ਹੀ ਨਹੀਂ। ਮਾਰਕਸ ਨੇ ਆਪਣੇ ਹੀ ਰਿਲੀਜ਼ਨ ਵਿੱਚ ਹੋ ਰਹੇ ਧੱਕੇ ਨੂੰ ਵੇਖਦੇ ਇੱਕ ਭਾਵ ਪ੍ਰਗਟ ਕੀਤਾ। ਪਰ ਅਸੀਂ ਸੱਚੇ ਦਿਲੋਂ ਇੱਕ ਵਾਰ ਸੋਚੀਏ ਕਿ ਕੀ ਸਿੱਖੀ ਨੇ ਕਦੇ ਕਿਸੇ ਦਾ ਨੁਕਸਾਨ ਕੀਤਾ? ਦਸਵੰਧ, ਲੰਗਰ, ਮਨੁੱਖੀ ਅਧਿਕਾਰਾਂ ਜਿਹੀਆਂ ਕੀਮਤਾਂ ਵਾਲ਼ੇ ਇਸ ਸੱਚ ਦੇ ਧਰਮ ਨੂੰ ਮੰਗਵੀਂ ਵਿਚਾਰਧਾਰਾ ਨਾਲ਼ ਪਰਿਭਾਸ਼ਤ ਨਹੀਂ ਕੀਤਾ ਜਾ ਸਕਦਾ।

ਰਾਜਨੀਤੀ ਰਾਜ ਸੰਭਾਲ਼ਣ ਦਾ ਹੁਨਰ ਹੈ, ਜੋ ਅਕਸਰ ਤਾਕਤਵਰ ਦੇ ਕੋਲ਼ ਹੀ ਮੰਨਿਆ ਜਾਂਦਾ ਹੈ। ਅੱਜ ਵੀ ਕਹਿ ਦਿੰਦੇ ਹਨ ਕਿ 'ਰਾਜਨੀਤੀ ਹਰ ਕਿਸੇ ਦੇ ਵੱਸ ਦੀ ਗੱਲ ਨਹੀਂ, ਰਾਜਨੀਤੀ ਤਾਂ ਬਹੁਤ ਗੰਦੀ ਖੇਡ ਹੈ।' ਇਹ ਸਿਰਫ਼ ਇਸ ਲਈ ਕਿਉਂਕਿ ਸੱਚੇ-ਸੁੱਚੇ ਲੋਕਾਂ ਨੂੰ ਇਸ ਤੋਂ ਦੂਰ ਰੱਖਿਆ ਜਾ ਸਕੇ, ਨਹੀਂ ਤਾਂ ਜੇ ਏਨੀ ਹੀ ਗੰਦੀ ਖੇਡ ਹੈ ਤਾਂ ਖੇਡਣ ਵਾਲ਼ੇ ਕੁਝ ਲੋਕ ਹੀ ਕਿਉਂ ਖੇਡਦੇ ਹਨ। ਇਸੇ ਤਰੀਕੇ ਲੋਕਤੰਤਰਕ ਰਾਜਨੀਤੀ ਵੀ 'ਸ਼ੀਂਹ-ਰਾਜਿਆਂ' ਅਤੇ 'ਕੁੱਤੇ-ਮੁਕਦਮਾਂ' ਦੇ ਹੱਥ ਹੀ ਹੈ, ਜਿਸ ਕਾਰਨ ਸੱਚੇ ਲੋਕ ਰੁਲ ਰਹੇ ਹਨ। ਰਾਜਨੀਤੀ ਪਰਜਾ ਦੀ ਤਕਦੀਰ ਬਦਲਣ ਦੀ ਤਾਕਤ ਰੱਖਦੀ ਹੈ, ਚੰਗੇ ਲੋਕਾਂ ਦੇ ਹੱਥ ਹੋਵੇਗੀ ਤਾਂ ਪਰਜਾ ਦੀ ਤਕਦੀਰ ਵੀ ਚੰਗੀ ਹੋ ਜਾਵੇਗੀ, ਬੁਰੇ ਲੋਕਾਂ ਦੇ ਹੱਥ ਵਿੱਚ ਹੋਵੇ ਤਾਂ ਪਰਜਾ ਵੀ ਉੱਜੜ ਜਾਵੇਗੀ ਇਸੇ ਲਈ ਗੁਰੂ ਨਾਨਕ ਸਾਹਿਬ ਨੇ ਹਲੇਮੀ-ਰਾਜ ਦਾ ਸੰਕਲਪ ਦਿੱਤਾ ਸੀ।

ਚਲਦਾ.....

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ

ਇਸ ਸਵਾਲ ਦੇ ਜਵਾਬ ਦਾ ਪਹਿਲਾ ਹਿਸਾ ਪਿਛਲੇ ਹਫਤੇ ਦੇ ਪੇਪਰ ਸਫਾ 28 'ਤੇ ਪੜ੍ਹੋ

**618. ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਗੁਰਬਾਣੀ ਵਾਰੇ ਕੀ ਲਿਖਿਆ ਹੈ?**

"ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ ਹਰਿ ਕਰਤਾ ਆਪਿ ਮੁਹਹੁ ਕਢਾਏ ॥ ਅੰਗ 308" । ਅਤੇ "ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਮਾਨਹੁ ਇਉ ਆਤਮ ਰਾਮੈ ਲੀਨਾ ਹੇ॥14॥ ਅੰਗ 1028" । ਸਤਿਗੁਰੂ ਜੀ ਸਾਨੂੰ ਇਹ ਵੀ ਦੱਸਦੇ ਹਨ ਕਿ ਜਿਹੜੇ ਸਤਿਗੁਰੂ ਦੇ ਬਚਨਾਂ (ਬਾਣੀ) ਨੂੰ ਸਤਿ ਸਤਿ ਕਰਕੇ ਮੰਨਦੇ ਹਨ ਉਹ ਮੇਰੇ ਮਾਲਕ ਪ੍ਰਭੂ ਨੂੰ ਬਹੁਤ ਪਿਆਰੇ ਲੱਗਦੇ ਹਨ । "ਗੁਰ ਕੇ ਬਚਨ ਸਤਿ ਸਤਿ ਕਰਿ ਮਾਨੇ ਮੇਰੇ ਠਾਕੁਰ ਬਹੁਤੁ ਪਿਆਰੇ ॥6॥ ਅੰਗ 982" ।

**ਗੁਰਬਾਣੀ ਪੂਰੀ ਹੈ!**

ਗੁਰਬਾਣੀ ਪੂਰੀ ਹੈ, ਭਾਵ ਗੁਰਬਾਣੀ 'ਚ ਕੋਈ ਕਮੀ ਨਹੀਂ ਹੈ । ਗੁਰੂ ਪੂਰਾ ਹੈ, ਗੁਰੂ ਦੀ ਬਾਣੀ ਵੀ ਪੂਰਨ ਹੈ, ਉਸ ਗੁਰੂ ਦੇ ਅਨੇਕਾਂ ਹੀ ਗੁਣ ਹਨ ਜੋ ਗਿਣੇ ਨਹੀਂ ਜਾ ਸਕਦੇ । "ਗੁਰੁ ਪੂਰਾ ਪੂਰੀ ਜਾ ਕੀ ਬਾਣੀ ਅਨਿਕ ਗੁਣਾ ਜਾ ਕੇ ਜਾਹਿ ਨ ਗਣੇ ॥1॥ ਰਹਾਉ ॥ ਅੰਗ 805" । ਪੂਰੇ ਗੁਰੂ ਦੀ ਬਾਣੀ ਵੀ ਪੂਰੀ ਹੁੰਦੀ ਹੈ । ਜਿਹੜਾ ਇਸ ਨਾਲ਼ ਜੁੜਦਾ ਹੈ, ਉਹ ਪੂਰੇ ਪ੍ਰਭੂ ਵਿਚ ਸਮਾਇਆ ਰਹਿੰਦਾ ਹੈ । "ਪੂਰੇ ਗੁਰ ਕੀ ਪੂਰੀ ਬਾਣੀ ॥ ਪੂਰੈ ਲਾਗਾ ਪੂਰੇ ਮਾਹਿ ਸਮਾਣੀ ॥ ਅੰਗ 1074" ।

**ਗੁਰਬਾਣੀ ਨੂੰ ਵਾਹੁ ਵਾਹੁ ਕਰਕੇ ਸਲਾਹਿਆ ਹੈ!**

ਪਰਮਾਤਮਾ ਦੀ ਸਿਫ਼ਤਿ-ਸਾਲਾਹ ਦੀ ਬਾਣੀ ਸਦਾ ਥਿਰ ਹੈ, ਇਸ ਨਾਲ਼ ਸੱਚੇ (ਸਦਾ ਥਿਰ) ਪ੍ਰਭੂ ਨਾਲ਼ ਮਿਲਾਪ ਹੁੰਦਾ ਹੈ । "ਵਾਹੁ ਵਾਹੁ ਬਾਣੀ ਸਚੁ ਹੈ ਸਚਿ ਮਿਲਾਵਾ ਹੋਇ ॥ ਅੰਗ 514" । ਪ੍ਰਭੂ ਦੀ ਸਿਫ਼ਤਿ-ਸਾਲਾਹ ਦੀ ਬਾਣੀ ਪ੍ਰਭੂ (ਦਾ ਰੂਪ) ਹੀ ਹੈ, ਗੁਰੂ ਅਨੁਸਾਰੀ ਨੇ ਭਾਲ ਕੇ ਲੱਭ ਲਈ ਹੈ। "ਵਾਹੁ ਵਾਹੁ ਬਾਣੀ ਸਚੁ ਹੈ ਗੁਰਮੁਖਿ ਲਧੀ ਭਾਲਿ ॥ ਅੰਗ 514" । ਵਾਹ! ਵਾਹ! ਪੂਰੇ ਗੁਰੂ ਦੀ ਬਾਣੀ! "ਵਾਹੁ ਵਾਹੁ ਪੂਰੇ ਗੁਰ ਕੀ ਬਾਣੀ ॥ ਅੰਗ 754" । ਵਾਹ! ਵਾਹ! (ਪ੍ਰਭੂ ਦੀ ਸਿਫਤ ਸਲਾਹ) ਦੀ ਬਾਣੀ ਸਦਾ ਥਿਰ ਹੈ (ਇਸ ਗੱਲ ਨੂੰ) ਕੋਈ ਗੁਰੂ ਅਨੁਸਾਰੀ ਹੀ ਬੁੱਝਦਾ ਹੈ । ਉਸ ਪ੍ਰਭੂ ਨੂੰ ਵਾਹ! ਵਾਹ! ਕਰਕੇ ਸਲਾਹੀਏ, ਜਿਸ ਤੋਂ ਵੱਡਾ ਹੋਰ ਕੋਈ ਨਹੀਂ ਹੈ । "ਵਾਹੁ ਵਾਹੁ ਬਾਣੀ ਸਤਿ ਹੈ ਗੁਰਮੁਖਿ ਬੂਝੈ ਕੋਇ ॥ ਵਾਹੁ ਵਾਹੁ ਕਰਿ ਪ੍ਰਭੁ ਸਾਲਾਹੀਐ ਤਿਸੁ ਜੇਵਡੁ ਅਵਰੁ ਨ ਕੋਇ ॥ ਅੰਗ 1276" । ਅਤੇ ਜਿਸ ਤਰ੍ਹਾਂ ਕਿ ਪਹਿਲਾਂ ਦੱਸਿਆ ਹੈ ਕਿ ਵਾਹ! ਵਾਹ! (ਪ੍ਰਭੂ ਦੀ ਸਿਫਤ ਸਲਾਹ) ਦੀ ਬਾਣੀ (ਉਸ ਪ੍ਰਭੂ ਵਾਂਗ) ਨਿਰ ਆਕਾਰ ਹੈ; ਜਿਸ ਦੇ ਬਰਾਬਰ ਦਾ ਹੋਰ ਕੋਈ ਨਹੀਂ ਹੈ। "ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ ॥ ਅੰਗ 515" ।

**ਗੁਰਬਾਣੀ ਦਾ ਮਹਾਤਮ:**

ਇਸ ਸਰੀਰ ਨੂੰ ਅਗਰ (ਗੁਰੂ ਦੀ ਬਾਣੀ) ਲੱਗ ਜਾਵੇ, ਭਾਵ ਅਸਰ ਕਰ ਜਾਵੇ ਤਾਂ ਸੇਵਾ ਕਰਕੇ (ਭਾਵ ਗੁਰਬਾਣੀ ਦੀ ਕਮਾਈ ਕਰਕੇ) ਸਦੀਵੀ ਸੁਖ (ਜੰਮਣ ਮਰਨ ਤੋਂ ਛੁਟਕਾਰਾ) ਹੋ ਜਾਂਦਾ ਹੈ । "ਇਤੁ ਤਨਿ ਲਾਗੈ ਬਾਣੀਆ ॥ ਸੁਖੁ ਹੋਵੈ ਸੇਵ ਕਮਾਣੀਆ ॥3॥ ਅੰਗ 25" । ਲੇਕਿਨ ਜਿਹਨਾਂ ਉੱਤੇ ਮੇਰਾ ਪ੍ਰਭੂ ਦਇਆਲ ਹੋ ਜਾਂਦਾ ਹੈ ਉਹੀ ਗੁਰੂ ਦੀ ਬਾਣੀ ਨਾਲ਼ ਲੱਗਦੇ ਹਨ। "ਜਿਨ ਕਉ ਕ੍ਰਿਪਾਲੁ ਹੋਆ ਪ੍ਰਭੁ ਮੇਰਾ ਸੇ ਲਾਗੇ ਗੁਰ ਕੀ ਬਾਣੀ ॥3॥ ਅੰਗ 608"। ਗੁਰਬਾਣੀ ਦਾ ਇੰਨਾ ਮਹਾਤਮ ਹੈ ਕਿ ਸਤਿਗੁਰੂ ਅਰਜਨ ਦੇਵ ਜੀ ਬਚਨ ਕਰਦੇ ਹਨ ਕਿ ਹੇ ਪ੍ਰਭੂ ਦੇ ਸੰਤ ਜਨੋ! ਮੈਨੂੰ ਮਿਲੋ । ਜਿਹੜਾ ਗੁਰਬਾਣੀ ਮੂੰਹ ਨਾਲ ਉਚਾਰਦਾ ਹੈ, ਮੈਂ ਆਪਣਾ ਮਨ ਉਸ ਨੂੰ ਦੇ ਦੇਵਾਂਗਾ; ਭਾਵ ਉਸਦਾ ਗੁਲਾਮ ਹੋ ਜਾਵਾਂਗਾ। "ਹਰਿ ਕੇ ਸੰਤ ਮਿਲਹੁ ਮਨੁ ਦੇਵਾ ਜੋ ਗੁਰਬਾਣੀ ਮੁਖਿ ਚਉਦਾ ਜੀਉ॥2॥ ਅੰਗ 95" । ਪ੍ਰਭੂ ਦੀ ਬਾਣੀ ਨੂੰ ਸੁਣਨ ਨਾਲ ਕਰੋੜਾਂ ਪੁੰਨਾਂ ਦਾ ਫਲ ਪ੍ਰਾਪਤ ਹੁੰਦਾ ਹੈ ! "ਕੋਟਿ ਪੁੰਨ ਸੁਣਿ ਹਰਿ ਕੀ ਬਾਣੀ ॥ ਅੰਗ 238" । ਉਹ ਬਾਣੀ ਸਫਲ ਹੈ ਜਿਸ ਰਾਹੀਂ ਨਾਮ ਦਾ ਉਚਾਰਨ ਹੁੰਦਾ ਹੈ । ਗੁਰੂ ਕਿਰਪਾ ਨਾਲ਼ ਕਿਸੇ ਵਿਰਲੇ ਨੇ ਹੀ ਇਹ ਜਾਣੀ ਹੈ । "ਸਫਲ ਸੁ ਬਾਣੀ ਜਿਤੁ ਨਾਮੁ ਵਖਾਣੀ ॥ ਗੁਰ ਪਰਸਾਦਿ ਕਿਨੈ ਵਿਰਲੈ ਜਾਣੀ ॥ ਅੰਗ 103" । ਸਤਿਗੁਰੂ ਜੀ ਕਹਿੰਦੇ ਹਨ ਕਿ ਮੈਂ ਉਹਨਾਂ ਤੋਂ ਸਦਕੇ ਜਾਂਦਾ ਹਾਂ, ਕੁਰਬਾਨ ਜਾਂਦਾ ਹਾਂ, ਜੋ ਗੁਰੂ ਦੀ ਬਾਣੀ ਨੂੰ ਆਪਣੇ ਮਨ ਵਿਚ ਵਸਾਉਂਦੇ ਹਨ। ਉਹਨਾਂ ਨੇ ਮਾਇਆ ਵਿਚ ਰਹਿੰਦਿਆਂ ਹੀ ਮਾਇਆ ਦੀ ਕਾਲਖ ਤੋਂ ਰਹਿਤ ਨਿਰੰਜਨ ਪ੍ਰਭੂ ਨੂੰ ਪਾ ਲਿਆ ਹੈ, ਉਹ ਆਪਣੀ ਜੋਤਿ ਨੂੰ ਜੋਤੀ ਪ੍ਰਭੂ ਵਿਚ ਮਿਲਾ ਲੈਂਦੇ ਹਨ । "ਹਉ ਵਾਰੀ ਜੀਉ ਵਾਰੀ ਗੁਰ ਕੀ ਬਾਣੀ ਮੰਨਿ ਵਸਾਵਣਿਆ ॥ ਅੰਜਨ ਮਾਹਿ ਨਿਰੰਜਨੁ ਪਾਇਆ ਜੋਤੀ ਜੋਤਿ ਮਿਲਾਵਣਿਆ ॥1॥ ਰਹਾਉ॥ ਅੰਗ 112"। ਜਿਹੜਾ ਆਦਮੀ ਆਪਾ ਭਾਵ (ਹਉਮੈ) ਨੂੰ ਗੁਆ ਲੈਂਦਾ ਹੈ, ਉਸਨੂੰ ਤਿੰਨਾ ਭਵਨਾਂ ਦੀ ਸੋਝੀ ਹੋ ਜਾਂਦੀ ਹੈ । ਉਹ ਬਾਣੀ (ਦੇ ਅੰਤਰੀਵ ਭਾਵ) ਨੂੰ ਬੁੱਝ ਲੈਂਦਾ ਹੈ ਤੇ ਸਦਾ ਥਿਰ ਪ੍ਰਭੂ 'ਚ ਸਮਾ ਜਾਂਦਾ ਹੈ । "ਤ੍ਰਿਭਵਣ ਸੂਝੈ ਆਪੁ ਗਵਾਵੈ ॥ ਬਾਣੀ ਬੂਝੈ ਸਚਿ ਸਮਾਵੈ ॥ ਅੰਗ 412" । ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਆਤਮਿਕ ਅਡੋਲਤਾ ਤੇ ਸੁਖਦਾਇਕ ਬਾਣੀ ਰਾਹੀਂ ਮੈ ਮਹਾਂ ਵਿਸ਼ੈਲੇ ਪੰਜ ਵਿਕਾਰ ਜਿੱਤ ਲਏ ਹਨ; ਭਾਵ ਉਹਨਾਂ ਤੇ ਕਾਬੂ ਪਾ ਲਿਆ ਹੈ । ਹੇ ਨਾਨਕ ਆਖ ਕਿ ਮੇਰਾ ਮਨ ਪ੍ਰਕਾਸ਼ਵਾਨ (ਉੱਜਲ) ਹੋ ਗਿਆ ਹੈ ਤੇ ਮੈਂ ਵਾਸ਼ਨਾ ਰਹਿਤ ਪਦਵੀ ਪ੍ਰਾਪਤ ਕਰ ਲਈ ਹੈ । "ਜੀਤਿ ਲਏ ਓਇ ਮਹਾ ਬਿਖਾਦੀ ਸਹਜ ਸੁਹੇਲੀ ਬਾਣੀ ॥ ਕਹੁ ਨਾਨਕ ਮਨ ਭਇਆ ਪਰਗਾਸਾ ਪਾਇਆ ਪਦੁ ਨਿਰਬਾਣੀ ॥4॥4॥125॥ ਅੰਗ 206"। (ਮੈਨੂੰ) ਗੁਰਬਾਣੀ ਸਦਾ ਮਿੱਠੀ ਲੱਗਦੀ ਹੈ, ਜਿਸ ਸਦਕਾ ਮੈਂ ਆਪਣੇ ਅੰਦਰੋਂ ਪਾਪ ਤੇ ਵਿਕਾਰ ਦੂਰ ਕਰ ਲਏ ਹਨ। ਮੇਰਾ ਹਉਮੈ ਰੋਗ ਦੂਰ ਹੋ ਗਿਆ ਹੈ ਤੇ ਡਰ ਨੱਠ ਗਿਆ ਹੈ ਤੇ ਆਤਮਿਕ ਅਡੋਲਤਾ ਰਾਹੀਂ ਪ੍ਰਭੂ ਨਾਲ ਮਿਲਾਪ ਹਾਸਿਲ ਕਰ ਲਿਆ ਹੈ । "ਗੁਰਬਾਣੀ ਸਦ ਮੀਠੀ ਲਾਗੀ ਪਾਪ ਵਿਕਾਰ ਗਵਾਇਆ ॥ ਹਉਮੈ ਰੋਗੁ ਗਇਆ ਭਉ ਭਾਗਾ ਸਹਜੇ ਸਹਜਿ ਮਿਲਾਇਆ ॥ ਅੰਗ 773" । "ਸੱਚ, ਸੰਤੋਖ, ਆਤਮਿਕ ਅਡੋਲਤਾ ਤੇ ਸਦੀਵੀ ਸੁਖ (ਜੰਮਣ ਮਰਨ ਤੋਂ ਛੁਟਕਾਰਾ) ਦੇਣ ਵਾਲ਼ੀ ਬਾਣੀ ਪੂਰੇ ਗੁਰੂ ਤੋਂ ਮਿਲਦੀ ਹੈ । "ਸਚੁ ਸੰਤੋਖੁ ਸਹਜ ਸੁਖੁ ਬਾਣੀ ਪੂਰੇ ਗੁਰ ਤੇ ਪਾਵਣਿਆ ॥3॥ ਅੰਗ 115" । ਪ੍ਰਭੂ ਦੀ ਕੋਮਲ ਬਾਣੀ ਸਭ ਨੂੰ ਸੰਤੋਖ ਦਿੰਦੀ ਹੈ। "ਕੋਮਲ ਬਾਣੀ ਸਭ ਕਉ ਸੰਤੋਖੈ ॥ ਅੰਗ 299" । ਗੁਰਬਾਣੀ ਰਾਹੀਂ (ਗੁਰੂ ਨੇ) ਅਦ੍ਰਿਸ਼ਟ ਪ੍ਰਭੂ ਦੇ ਦਰਸ਼ਨ ਕਰਾ ਦਿੱਤੇ । "ਗੁਰਬਾਣੀ ਹਰਿ ਅਲਖੁ ਲਖਾਇਆ ॥1॥ ਅੰਗ 366" । ਜਿਹੜਾ ਮਨੁੱਖ ਸਤਿਗੁਰੂ ਦੀ ਬਾਣੀ ਨਾਲ ਪਿਆਰ ਪਾਉਂਦਾ ਹੈ, ਉਸ ਤੇ ਗੁਰੂ ਦਇਆਵਾਨ ਹੁੰਦਾ ਹੈ; ਉਸ ਦਾ ਜਨਮ ਮਰਨ ਦਾ ਦੁੱਖ ਦੂਰ ਹੋ ਜਾਂਦਾ ਹੈ । "ਗੁਰ ਕੀ ਬਾਣੀ ਸਿਉ ਰੰਗੁ ਲਾਇ ॥ ਗੁਰੁ ਕਿਰਪਾਲੁ ਹੋਇ ਦੁਖੁ ਜਾਇ ॥2॥ ਅੰਗ 387" । ਸੱਚੀ ਬਾਣੀ ਰਾਹੀਂ ਪ੍ਰਭੂ ਦਾ ਮਹਿਲ ਪ੍ਰਾਪਤ ਹੋ ਜਾਂਦਾ ਹੈ । "ਸਾਚੀ ਬਾਣੀ ਮਹਲੁ ਪਰਾਪਤਿ ਹੋਇ ॥5॥ ਅੰਗ 423" । ਜਿਨ੍ਹਾਂ ਮਨੁੱਖਾਂ ਨੇ ਗੁਰੂ ਦੀ ਬਾਣੀ ਨਾਲ ਆਪਣਾ ਚਿੱਤ ਜੋੜਿਆ ਹੈ, ਉਹ ਨਿਰਮਲ (ਵਿਕਾਰਾਂ/ਹਉਮੈ ਤੋਂ ਰਹਿਤ) ਹੋ ਜਾਂਦੇ ਹਨ ਤੇ ਉਹ ਪ੍ਰਭੂ ਦੇ ਦਰ ਤੇ ਕਬੂਲ ਹੁੰਦੇ ਹਨ । ਹੇ ਨਾਨਕ! ਉਹਨਾਂ ਨੂੰ ਪ੍ਰਭੂ ਦਾ ਨਾਮ ਕਦੇ ਨਹੀਂ ਭੁੱਲਦਾ, ਉਹ ਪ੍ਰਭੂ ਦੇ ਦਰ ਤੇ ਸੱਚੇ (ਅਵਿਨਾਸ਼ੀ) ਜਾਣੇ ਜਾਂਦੇ ਹਨ । "ਜਿਨ ਬਾਣੀ ਸਿਉ ਚਿਤੁ ਲਾਇਆ ਸੇ ਜਨ ਨਿਰਮਲ ਪਰਵਾਣੁ ॥ ਨਾਨਕ ਨਾਮੁ ਤਿਨ੍ਾ ਕਦੇ ਨ ਵੀਸਰੈ ਸੇ ਦਰਿ ਸਚੇ ਜਾਣੁ॥9॥13॥35॥ ਅੰਗ 429" । ਗੁਰੂ ਅਨੁਸਾਰੀ ਨੂੰ ਪ੍ਰਭੂ ਦੀ ਬਾਣੀ 'ਚੋਂ ਪ੍ਰਭੂ ਦੇ ਨਾਮ ਦੀ ਪ੍ਰਾਪਤੀ ਹੁੰਦੀ ਹੈ ।

**ਬਾਕੀ ਹਿਸਾ ਅਗਲੇ ਹਫ਼ਤੇ**

ਪੰਜਾਬ ਟਾਈਮਜ਼

PANJAB TIMES (EST 1965)

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :

FOR SUBSCRIPTION
(PLEASE TICK ONE RELEVANT BOX)

6 MONTHS ---- £105
1 YEAR ---- £205

ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ । ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ ।

NAME.................................................................................

ADDRESS...........................................................................

..................................................POST CODE...............................

TEL...................................................................................

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85

*Post with payments to:* ***SUBSCRIPTION***

PANJAB TIMES BRIDLE GATE LANE, ALVASTON, DERBY, DE24 0QW, U.K.

or call on / WHATSAPP NO : 07966 388 388

*www.panjabtimes.uk Email: Panjabtimes@aol.com*


# ਗਾਇਕ ਹਰਭਜਨ ਮਾਨ ਨੂੰ ਹਸਪਤਾਲ ਤੋਂ ਛੁੱਟੀ



ਪੰਜਾਬੀ ਗਾਇਕ, ਅਦਾਕਾਰ ਅਤੇ ਫਿਲਮ ਨਿਰਮਾਤਾ ਹਰਭਜਨ ਮਾਨ ਅਤੇ ਉਨ੍ਹਾਂ ਦੇ ਪੁੱਤਰ ਅਵਕਾਸ਼ ਮਾਨ ਨੂੰ ਹਰਿਆਣਾ ਦੇ ਕੁਰੂਕਸ਼ੇਤਰ ਵਿੱਚ ਹੋਏ ਸੜਕ ਹਾਦਸੇ ਤੋਂ ਬਾਅਦ ਮੋਹਾਲੀ ਦੇ ਫੋਰਟਿਸ ਹਸਪਤਾਲ ਤੋਂ ਛੁੱਟੀ ਦੇ ਦਿੱਤੀ ਗਈ ਹੈ। ਦੋਵੇਂ ਹੁਣ ਪੂਰੀ ਤਰ੍ਹਾਂ ਠੀਕ ਹਨ। ਇਹ ਹਾਦਸਾ 3 ਅਗਸਤ ਨੂੰ ਉਸ ਵੇਲੇ ਵਾਪਰਿਆ ਜਦੋਂ ਉਹ ਦਿੱਲੀ ਤੋਂ ਚੰਡੀਗੜ੍ਹ ਆ ਰਹੇ ਸਨ। ਹਾਦਸੇ ਅਤੇ ਸਿਹਤ ਬਾਰੇ ਜਾਣਕਾਰੀ ਹਰਭਜਨ ਮਾਨ ਨੇ ਆਪਣੇ ਸੋਸ਼ਲ ਮੀਡੀਆ ਅਕਾਊਂਟ 'ਤੇ ਇੱਕ ਵੀਡੀਓ ਰਾਹੀਂ ਦੱਸਿਆ ਕਿ ਹਾਦਸਾ ਬਹੁਤ ਭਿਆਨਕ ਸੀ ਅਤੇ ਕਾਰ ਪੂਰੀ ਤਰ੍ਹਾਂ ਨੁਕਸਾਨੀ ਗਈ ਸੀ। ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਪੁੱਤਰ ਨੂੰ ਕਈ ਸੱਟਾਂ ਲੱਗੀਆਂ ਸਨ। ਉਹਨਾਂ ਨੇ ਇਸ ਮੁਸ਼ਕਿਲ ਸਮੇਂ ਵਿੱਚ ਸਾਥ ਦੇਣ ਲਈ ਸਭ ਦਾ ਧੰਨਵਾਦ ਕੀਤਾ ਅਤੇ ਹਸਪਤਾਲ ਦੇ ਸਟਾਫ਼ ਦੀ ਵੀ ਪ੍ਰਸ਼ੰਸਾ ਕੀਤੀ।

# ਜੇ ਅਕਾਲੀ ਨੇਤਾ ਸਿਰਦਾਰ ਕਪੂਰ ਸਿੰਘ ਅਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਗੱਲ ਮੰਨ ਲੈਂਦੇ ਤਾਂ ਸਿੱਖ ਕੌਮ ਦੀ ਖਜ਼ੱਲ ਖੁਆਰੀ ਨਹੀਂ ਸੀ ਹੋਣੀ

ਲੇਖਕ - ਜਥੇਦਾਰ
ਮਹਿੰਦਰ ਸਿੰਘ ਯੂ ਕੇ
ਮੋਬਾਈਲ ਫੋਨ:
07989 927477



**ਸਿਰਦਾਰ ਕਪੂਰ ਸਿੰਘ ਦੇ ਬੋਲ ਸਨ ਕਿ ਅਖੀਰ ਖਾਲਸੇ ਦੇ ਬੋਲਬਾਲੇ ਹੋਣਗੇ । ਸਿੱਖੀ ਨੇ ਧਰਮ ਦੀ ਰਾਖੀ ਤੇ ਦੇਸ਼ ਸੰਸਾਰ ਦੀ ਸੇਵਾ ਅਕਾਲ ਪੁਰਖ ਦੇ ਹੁਕਮ ਵਿੱਚ ਕਰਨੀ ਹੈ ਅਤੇ ਅਵੱਸ਼ ਕਰਨੀ ਹੈ । ਕੋਈ ਉਜੱਡ ਦੋਖੀ ਸਿੱਖੀ ਤੇ ਖਾਲਸੇ ਨੂੰ ਹਰਾ ਨਹੀਂ ਸਕੇਗਾ । ਇਹ ਬਿਖਮਤਾ ਸਦਾ ਨਹੀਂ ਰਹਿਣੀ ਅਤੇ ਅੰਤ ਨੂੰ ਆਕੀ ਖੁਆਰ ਹੋਣਗੇ ਤੇ ਬੋਲਬਾਲੇ ਖਾਲਸੇ ਦੇ ਹੋਣਗੇ । ਪੰਥ ਗੁਰੂ ਦਾ ਆਸਰਾ ਲੈ ਕੇ ਮੁੜ ਜਥੇਬੰਦ ਹੋਵੇ।**



**ਸਿਰਦਾਰ ਕਪੂਰ ਸਿੰਘ**

ਅਨੰਦਪੁਰ ਦਾ ਅਸਲ ਮਤਾ ਸਿਰਦਾਰ ਕਪੂਰ ਸਿੰਘ ਨੇ ਲਿਖਿਆ ਸੀ ਜਿਸ ਦੀ ਹੱਥ ਲਿਖਤ (ਅੰਗ੍ਰੇਜ਼ੀ ਵਿੱਚ) ਕਾਪੀ ਅੱਜ ਵੀ ਉਪਲਬੱਧ ਹੈ। ਬਾਅਦ ਵਿੱਚ ਸ਼੍ਰੋਮਣੀ ਅਕਾਲੀ ਦਲ ਨੇ ਇਸ ਦੀ ਭੰਨ ਤੋੜ ਕਰਕੇ ਨਵੇਂ ਬਣਾਏ ਅਨੰਦਪੁਰ ਦੇ ਮਤੇ ਨੂੰ ਹੇਠ ਲਿਖੇ ਅਨੁਸਾਰ ਪ੍ਰਵਾਨ ਕੀਤਾ, ਅਨੰਦਪੁਰ ਸਾਹਿਬ ਦਾ ਮਤਾ ਜਿਹੜਾ ਖਰੜਾ ਅਕਾਲੀ ਦਲ ਵੱਲੋਂ ਆਪ ਭਾਰਤ ਸਰਕਾਰ ਨੂੰ ਸੌਂਪਿਆ ਗਿਆ ਉਹ ਇੰਝ ਹੈ:

ਸ਼੍ਰੋਮਣੀ ਅਕਾਲੀ ਦਲ ਦੇ ਪਾਲਿਸੀ-ਪ੍ਰੋਗਰਾਮ ਦਾ ਮਤਾ, ਇਹ ਸ੍ਰੀ ਅਨੰਦਪੁਰ ਸਾਹਿਬ ਦਾ ਮਤਾ ਕਰਕੇ ਪ੍ਰਸਿੱਧ ਹੈ, ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ 16-17 ਅਗਸਤ 1973 ਨੂੰ ਸ੍ਰੀ ਅਨੰਦਪੁਰ ਸਾਹਿਬ ਦੇ ਅਸਥਾਨ ਵਿਖੇ ਇਕੱਤਰਤਾ ਵਿੱਚ ਪ੍ਰਵਾਨ ਕੀਤਾ ਜੋ 28-8-77 ਨੂੰ ਸ੍ਰੀ ਅੰਮ੍ਰਿਤਸਰ ਵਿਖੇ ਹੋਏ ਜਨਰਲ ਇਜਲਾਸ ਵਿੱਚ ਪ੍ਰਵਾਨ ਕੀਤਾ ਗਿਆ ਅਤੇ ਜਿਸ ਨੂੰ 28-29 ਅਕਤੂਬਰ 1978 ਦੀ ਲੁਧਿਆਣਾ ਕਾਨਫਰੰਸ ਨੇ ਮੁਹਰ ਲਾਈ ਅਤੇ 20 ਅਗਸਤ 1980 ਦੇ ਅਕਾਲੀ ਦਲ ਦੇ ਜਨਰਲ ਇਜਲਾਸ ਨੇ ਪ੍ਰਵਾਨ ਕੀਤਾ।

ਪ੍ਰਕਾਸ਼ਕ, ਭਾਨ ਸਿੰਘ
ਸਕੱਤਰ ਜਨਰਲ ਸ਼੍ਰੋਮਣੀ ਅਕਾਲੀ ਦਲ
ਸ੍ਰੀ ਅੰਮ੍ਰਿਤਸਰ

ਉਕਤ ਮਤੇ ਦੀ ਪੂਰੀ ਕਾਪੀ ਵੀ ਉਪਲਬੱਧ ਹੈ। ਪੰਥਕ ਦਸਤਾਵੇਜ ਧਰਮ ਯੁੱਧ ਤੇ ਜੁਝਾਰੂ ਲਹਿਰ-1966-2010 ਦੇ ਸਫ਼ਾ 62 ਤੋਂ 70 ਸਫ਼ੇ ਤੱਕ ਅਕਾਲੀ ਦਲ ਦੇ ਪਾਲਿਸੀ ਪ੍ਰੋਗਰਾਮ ਦਾ ਇਹ ਮਤਾ ਪੂਰਾ ਛਪਿਆ ਹੋਇਆ ਹੈ।

ਦਾਸ ਨੇ ਹੱਥਲੇ ਲੇਖ ਵਿੱਚ ਸਿਰਦਾਰ ਕਪੂਰ ਸਿੰਘ ਦੇ ਲਿਖੇ ਅਨੰਦਪੁਰ ਦੇ ਮਤੇ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਲਿਖੇ ਅਨੰਦਪੁਰ ਦੇ ਮਤੇ ਵਿੱਚ ਕੇਵਲ ਕੁਝ ਅੰਸ਼ ਹੀ ਪਾਠਕਾਂ ਨਾਲ ਸਾਂਝੇ ਕਰਨੇ ਹਨ। ਸ਼੍ਰੋਮਣੀ ਅਕਾਲੀ ਦਲ ਦਾ ਸਿਧਾਂਤ -

(ੳ)-ਸ਼੍ਰੋਮਣੀ ਅਕਾਲੀ ਦਲ ਸਿੱਖ ਪੰਥ ਦੀ ਸਮੁੱਚੀ ਮਰਜੀ ਦਾ ਇਕੋ ਇਕ ਪ੍ਰਗਟਾਉ ਹੈ ਤੇ ਪੰਥ ਦੀ ਪ੍ਰਤੀਨਿੱਧਤਾ ਕਰਨ ਲਈ ਪੂਰਾ ਅਧਿਕਾਰ ਰੱਖਦਾ ਹੈ, ਇਸ ਜਥੇਬੰਦੀ ਦੀ ਬੁਨਿਆਦ ਮਨੁੱਖਾਂ ਦੇ ਆਪਸੀ ਸਬੰਧ, ਮਨੁੱਖੀ ਗਤੀ ਅਤੇ ਮਨੁੱਖ ਦੇ ਪਰਮ-ਤੱਤ ਨਾਲ ਸਬੰਧਾਂ ਉੱਤੇ ਰੱਖੀ ਗਈ ਹੈ। ਇਹ ਸਿਧਾਂਤ ਗੁਰੂ ਨਾਨਕ ਦੇਵ ਜੀ ਦੇ ਤ੍ਰੀ ਉਪਦੇਸ਼, ਨਾਮ ਜਪੋ ਕਿਰਤ ਕਰੋ ਅਤੇ ਵੰਡ ਛਕੋ ਦੀਆਂ ਲੀਹਾਂ ਉੱਤੇ ਆਧਾਰਿਤ ਹੈ।

(ਅ)-ਮਨੋਰਥ-ਸ਼੍ਰੋਮਣੀ ਅਕਾਲੀ ਦਲ ਹੇਠ ਲਿਖੇ ਮੰਤਵਾਂ ਦੀ ਪੂਰਤੀ ਲਈ ਸਦਾ ਤੱਤਪਰ ਰਹੇਗਾ।

(1) ਗੁਰਮਤਿ ਅਤੇ ਰਹਿਤ ਮਰਿਯਾਦਾ ਦਾ ਪ੍ਰਚਾਰ ਅਤੇ ਨਾਸਤਕਤਾ ਤੇ ਮਨਮੱਤ ਦਾ ਪ੍ਰਹਾਰ।

(2) ਸਿੱਖਾਂ ਵਿੱਚ ਪੰਥਕ ਅਜ਼ਾਦ ਹਸਤੀ ਦਾ ਅਹਿਸਾਸ ਕਾਇਮ ਰੱਖਣਾ ਅਤੇ ਅਜਿਹਾ ਦੇਸ਼ ਕਾਲ ਘੜਨਾ, ਜਿਸ ਵਿੱਚ ਸਿੱਖ ਪੰਥ ਦੇ ਕੌਮੀ ਜਜ਼ਬੇ ਤੇ ਕੌਮੀਅਤ ਦਾ ਪ੍ਰਗਟਾਉ ਪੂਰਨ ਤੌਰ 'ਤੇ ਮੂਰਤੀ ਮਾਨ ਤੇ ਪ੍ਰਜਵਲਤ ਹੋ ਸਕੇ।

(3) ਕੰਗਾਲੀ, ਭੁੱਖ-ਨੰਗ ਤੇ ਥੁੜ ਨੂੰ ਦੂਰ ਕਰਨਾ। ਨਿਆਂਕਾਰ ਤੇ ਚੰਗੇ ਨਿਜ਼ਾਮ ਨੂੰ ਕਾਇਮ ਕਰਨ ਲਈ ਦੌਲਤ ਤੇ ਉਪਜ ਨੂੰ ਵਧਾਉਣਾ ਤੇ ਮੌਜੂਦਾ ਕਾਣੀ ਵੰਡ ਤੇ ਲੁੱਟ ਖਸੁੱਟ (ਐਕਸ-ਪਲਾਇਟੇਸ਼ਨ) ਨੂੰ ਦੂਰ ਕਰਨਾ।

(4) ਗੁਰਮਤਿ ਆਸ਼ੇ ਅਨੁਸਾਰ ਅਨਪੜ੍ਹਤਾ ਛੂਤ-ਛਾਤ, ਜਾਤ-ਪਾਤ ਦੇ ਵਿਤਕਰੇ ਨੂੰ ਹਟਾਉਣਾ।

(5) ਮੰਦੀ ਸਿਹਤ ਤੇ ਬਿਮਾਰੀ ਨੂੰ ਦੂਰ ਕਰਨ ਦੇ ਉਪਾਓ, ਨਸ਼ਿਆਂ ਦੀ ਨਿਖੇਧੀ ਅਤੇ ਬੰਦਸ਼ ਤੇ ਸਰੀਰਕ ਅਰੋਗਤਾ ਦਾ ਵਾਧਾ, ਜਿਸ ਨਾਲ ਕੌਮ ਵਿੱਚ ਉਤਸ਼ਾਹ ਜਾਗੇ ਤੇ ਉਹ ਕੌਮੀ (ਪੰਥ ਦੇ) ਬਚਾਉ ਲਈ ਤਿਆਰ ਹੋ ਸਕੇ।

(6) ਖ਼ਾਲਸਾ ਪੰਥ ਦਾ ਵਿੱਦਿਅਕ ਨਿਸ਼ਾਨਾ: ਸ਼੍ਰੋਮਣੀ ਅਕਾਲੀ ਦਲ, ਸਿੱਖ ਕੌਮ ਨੂੰ ਇਕ ਮਜ਼ਬੂਤ ਪੜ੍ਹੀ ਲਿਖੀ, ਸੁਘੜ, ਆਪਣੇ ਹੱਕਾਂ ਤੋਂ ਜਾਣੂ, ਅੱਡ-ਅੱਡ ਹੁਨਰ ਵਿੱਚ ਪ੍ਰਬੀਨ ਅਤੇ ਉਨ੍ਹਾਂ ਦੀ ਕਦਰਦਾਨ ਵੇਖਣਾ ਚਾਹੁੰਦਾ ਹੈ। ਅਕਾਲੀ ਦਲ, ਸਿੱਖ ਕੌਮ ਦੇ ਵਿੱਦਿਅਕ ਮਾਹਿਰਾਂ, ਸਾਇੰਸਦਾਨਾਂ, ਫ਼ਿਲਾਸਫ਼ਰਾਂ, ਕਵੀਆਂ, ਲਿਖਾਰੀਆਂ ਤੇ ਕਲਮਕਾਰਾਂ ਆਦਿ ਨੂੰ ਕੌਮ ਦੀ ਬਹੁਮੁੱਲੀ ਪੂੰਜੀ ਸਮਝਦਾ ਹੈ, ਅਕਾਲੀ ਦਲ, ਪੇਂਡੂ ਤੇ ਪਛੜੇ ਵਰਗ ਦੇ ਵਿੱਦਿਆਰਥੀਆਂ ਨੂੰ ਉੱਚ-ਵਿੱਦਿਆ ਪ੍ਰਾਪਤੀ ਲਈ ਉਤਸ਼ਾਹਿਤ ਕਰੇਗਾ।

(7) ਸਿੱਖ ਪੰਥ ਦਾ ਰਾਜਸੀ ਨਿਸ਼ਾਨਾ: ਸ਼੍ਰੋਮਣੀ ਅਕਾਲੀ ਦਲ ਦਾ ਰਾਜਸੀ ਨਿਸ਼ਾਨਾ ਨਿਸ਼ਚੇ ਤੌਰ 'ਤੇ ਸਾਹਿਬ ਦਸਮ ਪਾਤਸ਼ਾਹ ਦੇ ਆਦੇਸ਼ਾਂ, ਸਿੱਖ ਇਤਿਹਾਸ ਦੇ ਪੰਨਿਆਂ ਅਤੇ ਖ਼ਾਲਸਾ ਪੰਥ ਦੇ ਮਨ ਮੰਦਰ ਵਿੱਚ ਉਕਰਿਆ ਚੱਲਿਆ ਆ ਰਿਹਾ ਹੈ, ਜਿਸ ਦਾ ਮਨੋਰਥ, ਖ਼ਾਲਸਾ ਜੀ ਦੇ ਬੋਲ ਬਾਲੇ ਹੈ। ਖ਼ਾਲਸੇ ਜੀ ਦੇ ਇਸ ਜਨਮ-ਸਿੱਧ ਅਧਿਕਾਰ ਨੂੰ ਦ੍ਰਿਸ਼ਟਮਾਨ ਕਰਨ ਲਈ ਲੋੜੀਂਦੇ ਦੇਸ਼ ਕਾਲ ਅਤੇ ਰਾਜਸੀ ਵਿਧਾਨ ਦੀ ਸਿਰਜਨਾ-ਪ੍ਰਾਪਤੀ, ਸ਼੍ਰੋਮਣੀ ਅਕਾਲੀ ਦਲ ਦੇ ਬੁਨਿਆਦੀ ਸਿਧਾਂਤ ਦੀ ਨੀਂਹ ਹੈ।

ਹੁਣ ਆਪਾਂ ਸਿਰਦਾਰ ਕਪੂਰ ਸਿੰਘ ਦੇ ਲਿਖੇ ਅਨੰਦਪੁਰ ਮਤੇ ਦੇ ਕੁਝ ਅੰਸ਼ ਪਾਠਕਾਂ ਨਾਲ ਸਾਂਝੇ ਕਰਦੇ ਹਾਂ।

(1) ਸਿੱਖ ਮੰਗ ਕਰਦੇ ਹਨ ਕਿ ਸਭ ਤੋਂ ਪਹਿਲਾਂ ਬਿਨਾਂ ਦੇਰ ਕੀਤਿਆਂ ਭਾਰਤ ਦੇ ਉੱਤਰ ਵਿੱਚ ਇਕ ਖ਼ੁਦਮੁਖਤਿਆਰ ਖਿੱਤਾ ਕਾਇਮ ਕੀਤਾ ਜਾਵੇ, ਜਿਥੇ ਕਿ ਦੇਸ਼ ਦੀ ਬੁਨਿਆਦੀ ਨੀਤੀ ਵਜੋਂ, ਸਿੱਖ ਹਿਤਾਂ ਦੀ ਬੁਨਿਆਦੀ ਨੀਤੀ ਵਜੋਂ, ਸਿੱਖ ਹਿਤਾਂ ਦੀ ਸੰਵਿਧਾਨਕ ਤੌਰ 'ਤੇ ਪ੍ਰਮੁੱਖ ਅਤੇ ਖ਼ਾਸ ਅਹਿਮੀਅਤ ਤਸਲੀਮ ਕੀਤੀ ਜਾਵੇ।

(2) ਦੂਸਰਾ ਇਸ ਖ਼ੁਦਮੁਖਤਿਆਰ ਖਿੱਤੇ ਵਿੱਚ ਮੌਜੂਦਾ ਭਾਰਤੀ, ਪੰਜਾਬ ਅਤੇ ਹਰਿਆਣਾ ਦੇ ਕਰਨਾਲ, ਥਾਨੇਸਰ ਅਤੇ ਅੰਬਾਲਾ ਜ਼ਿਲ੍ਹੇ, ਚੰਡੀਗੜ੍ਹ, ਹਿਮਾਚਲ ਦੇ ਕਾਂਗੜਾ ਜ਼ਿਲ੍ਹੇ ਸਮੇਤ ਹਰਿਆਣਾ ਅਤੇ ਪਿੰਜੌਰ, ਕਾਲਕਾ, ਡਲਹੌਜ਼ੀ, ਨਾਲਾਗੜ੍ਹ ਦੇਸ਼ ਸਿਰਸਾ, ਗੂਹਲਾ ਅਤੇ ਰਤੀਆ ਇਲਾਕੇ ਅਤੇ ਰਾਜਸਥਾਨ ਦਾ ਗੰਗਾ ਨਗਰ ਜ਼ਿਲ੍ਹਾ ਤਾਂ ਜੋ ਸਿੱਖਾਂ ਦੀਆਂ ਨਾਲੋਂ ਨਾਲ ਲੱਗਦੀਆਂ ਪ੍ਰਮੁੱਖ ਅਬਾਦੀਆਂ ਅਤੇ ਜੱਦੀ ਪੁਸ਼ਤੀ ਸਿੱਖ ਇਲਾਕੇ, ਭਾਰਤ ਦੇ ਅਟੁੱਟ ਹਿੱਸੇ ਵਜੋਂ ਇਹ ਖ਼ੁਦਮੁਖਤਿਆਰ ਸਿੱਖ ਖਿੱਤੇ ਵਿੱਚ ਸ਼ਾਮਿਲ ਕੀਤੇ ਜਾਣ ਅਤੇ ਤੀਸਰਾ, ਇਸ ਖ਼ੁਦਮੁਖਤਿਆਰ ਸਿੱਖ ਖਿੱਤੇ ਨੂੰ ਵਿਦੇਸ਼ੀ ਮਾਮਲੇ ਸੁਰੱਖਿਆ, ਕਰੰਸੀ ਅਤੇ ਆਮ ਸੰਚਾਰ ਦੇ ਮਹਿਕਮਿਆਂ ਨੂੰ ਫੈਡਰਲ ਭਾਰਤ ਸਰਕਾਰ ਦੇ ਅਧਿਕਾਰ ਵਿੱਚ ਛੱਡਕੇ, ਸੰਪੂਰਨ ਸੱਤਾ ਨੂੰ ਆਪਣੇ ਹੱਥ ਵਿੱਚ ਰੱਖਣ ਖਾਤਰ, ਆਪਣਾ ਅੰਦਰੂਨੀ ਸੰਵਿਧਾਨ ਆਪ ਘੜਨ ਦਾ ਅਧਿਕਾਰੀ ਐਲਾਨ ਕੀਤਾ ਜਾਵੇ, ਸਾਹਿਬ ਦਸਮ ਪਾਤਿਸ਼ਾਹ ਸਭ ਥਾਂਈਂ ਹੋਣ ਸਹਾਈ।

ਅਕਾਲੀਆਂ ਦੇ ਜਨਸੰਘ (ਅੱਜ ਭਾਜਪਾ) ਨਾਲ ਗੈਰ ਸਿਧਾਂਤਕ ਗੱਠਜੋੜ ਬਾਰੇ ਸਿਰਦਾਰ ਕਪੂਰ ਸਿੰਘ ਨੇ ਟਿੱਪਣੀ ਹੇਠ ਲਿਖੇ ਅਨੁਸਾਰ ਕੀਤੀ ਸੀ:

ਅਸੀਂ ਆਪਣੀਆਂ ਵੋਟਾਂ ਨਾਲ ਜਨਸੰਘ (ਅੱਜ ਭਾਜਪਾ) ਦੇ ਮੈਂਬਰ ਰਾਜ ਸਭਾ ਵਿੱਚ ਭੇਜੇ ਹਨ। ਜਿਹੜੇ ਦਸਮ ਪਾਤਸ਼ਾਹ ਦੇ ਬੁਨਿਆਦੀ ਅਸੂਲਾਂ ਤੇ ਨਿਸ਼ਾਨਿਆਂ ਦੇ ਕੱਟੜ ਵਿਰੋਧੀ ਹਨ। ਜਿਸ ਅਕਾਲੀ ਦਲ (ਪ੍ਰਕਾਸ਼ ਸਿੰਘ ਬਾਦਲ ਦੀ ਸਰਪ੍ਰਸਤੀ-ਵਾਲਾ) ਨੇ ਸਿੱਖ ਵੋਟਰਾਂ ਨੂੰ ਇਸ ਰਾਹ 'ਤੇ ਤੋਰਿਆ ਕਿ, ਪੰਥ ਦਾ ਸਵਾਸ ਸਵਾਸ ਭਲਾ ਲੋਚਣ ਵਾਲੇ, ਪੰਥ ਲਈ ਤਨ-ਮਨ-ਧਨ ਵਾਰਨ ਦਾ ਦਾਈਆ ਰੱਖਣ ਵਾਲੇ ਅਤੇ ਸੋਝੀਵਾਨ ਪੰਥ ਸੇਵਕਾਂ ਨੂੰ ਦੂਰ ਕਰਕੇ ਸਿੱਖ ਰਾਜਨੀਤੀ ਵਿੱਚੋਂ ਕੱਢ ਸੁੱਟੇ ਅਤੇ ਆਦਰਸ਼ ਅਸਿੱਖ ਰੁਚੀਆਂ ਵਾਲੇ ਅਤੇ ਮੌਕਾ ਪ੍ਰਸਤ ਲੋਕਾਂ ਨੂੰ ਨਿਵਾਜੋ, ਉਸ ਅਕਾਲੀ ਦਲ ਨੇ ਸਿਧਾਂਤ ਛੱਡਿਆ ਪੰਥ ਹਰਾਇਆ। ਸਿਰਦਾਰ ਕਪੂਰ ਸਿੰਘ ਹੁਰਾਂ ਨੇ ਅਕਾਲੀਆਂ ਨੂੰ ਹੋਰ ਆਖਿਆ ਕਿ ਜੇ ਪੰਥ ਦਾ ਝੰਡਾ ਛੱਡ ਕੇ ਪੰਜਾਬੀਅਤ ਆਦਿ ਦੇ ਝੰਡੇ ਹੇਠਾਂ ਜੇ ਅਸੀਂ ਕੁਝ ਜੂਠੀਆਂ ਹੱਡੀਆਂ, ਸੱਤਾ ਪ੍ਰਾਪਤ ਜਾਤੀ ਕੋਲੋਂ ਪ੍ਰਾਪਤ ਕਰ ਵੀ ਲਈਆਂ ਤਾਂ ਉਹ ਲਾਭ ਦੀ ਬਜਾਏ ਹਾਨੀਕਾਰਕ ਹੋਣਗੀਆਂ। ਉਸ ਦਾ ਸਿੱਖੀ ਤੇ ਪੰਥ ਨੂੰ ਕੋਈ ਲਾਭ ਨਹੀਂ ਹੋਵੇਗਾ। ਜਦੋਂ ਅਸੀਂ ਸਿੱਖੀ ਤੇ ਪੰਥ (ਸਿੱਖ ਵੱਖਰੀ ਕੌਮ) ਦਾ ਝੰਡਾ ਆਪ ਹੀ ਛੱਡ ਦਿੱਤਾ ਤਾਂ ਜੋ ਪ੍ਰਾਪਤੀ ਵੀ ਕੀਤੀ ਤਾਂ ਉਹ ਸਿੱਖਾਂ ਤੇ ਪੰਥ ਲਈ ਨਾ ਗੌਰਵ ਦਾ ਕਾਰਨ ਹੋ ਸਕੇਗੀ ਤੇ ਨਾ ਹੀ ਸਿੱਖੀ ਦੀ ਸਿਹਤ ਲਈ ਗੁਣਕਾਰੀ। ਸਿੱਖਾਂ ਨੂੰ ਏਨੀ ਸਿਆਸੀ ਸੂਝ ਬੂਝ ਤਾਂ ਹੋਣੀ ਚਾਹੀਦੀ ਹੈ ਕਿ ਜਿਨ੍ਹਾਂ ਚਿਰ ਉਹ ਕੋਈ ਪ੍ਰਾਪਤੀ ਖ਼ਾਲਸਈ ਪੰਥਕ ਝੰਡੇ ਹੇਠਾਂ ਅਤੇ ਸਿੱਖਾਂ ਦੇ ਯੁੱਧ ਮਨੋਰਥਾਂ ਦਾ ਐਲਾਨ ਕਰਕੇ ਨਹੀਂ ਕਰਦੇ ਓਨਾ ਚਿਰ ਭਾਵੇਂ ਉਹ ਸਾਰੀ ਤ੍ਰਿਲੋਕੀ ਨੂੰ ਵੀ ਫ਼ਤਹਿ ਕਿਉਂ ਨਾ ਕਰ ਲੈਣ, ਉਹ ਸਿੱਖਾਂ ਲਈ ਅਤੇ ਪੰਥ ਲਈ ਕੋਈ ਫ਼ਤਹਿ ਨਹੀਂ ਕਹਾਏਗੀ ਤੇ ਨਾ ਹੀ ਇਸ ਮਤਲਬ ਲਈ ਵਰਤੀ ਜਾ ਸਕੇਗੀ। ਇਹੀ ਗੱਲ ਸੰਤ ਜਰਨੈਲ ਸਿੰਘ ਭਿੰਡਰਾਵਾਲੇ ਨੇ ਧਰਮ ਯੁੱਧ ਮੋਰਚੇ ਦੌਰਾਨ ਕਹੀ ਸੀ, ਕਿ ਸਿੱਖ ਇਕ ਵੱਖਰੀ ਕੌਮ ਹੈ ਅਤੇ ਅਸੀਂ ਅਨੰਦਪੁਰ ਦਾ ਮਤਾ ਸਰਕਾਰ ਕੋਲੋਂ ਪੂਰਾ ਮਨਵਾਉਣਾ ਹੈ ਸਿਰ ਜਿਨੇ ਮਰਜੀ ਲਾਉਣੇ ਪੈਣ।

ਸਿਰਦਾਰ ਕਪੂਰ ਸਿੰਘ ਦੀ ਇਕ ਇੰਟਰਵਿਊ ਦੇਸ ਪ੍ਰਦੇਸ (ਯੂ.ਕੇ.) ਵਿੱਚ ਛਪੀ ਸੀ। ਸਿਰਦਾਰ ਕਪੂਰ ਸਿੰਘ ਦੀ ਇਹ ਇੰਟਰਵਿਊ ਸਿੱਖਾਂ ਨੂੰ ਗੁਲਾਮੀ ਦੀਆਂ ਜੰਜੀਰਾਂ ਤੋੜਨ ਅਤੇ ਪੂਰਨ ਪ੍ਰਭੂ ਸਤਾ ਸੰਪੰਨ ਖਾਲਸਾ ਰਾਜ ਕਾਇਮ ਕਰਨ ਲਈ ਇਰਾਦੇ ਨੂੰ ਦ੍ਰਿੜ ਬਣਾਉਣ ਦੀ ਪ੍ਰੇਰਨਾ ਵੀ ਦਿੰਦੀ ਹੈ ਅਤੇ ਸਿੱਖ ਇਕ ਵੱਖਰੀ ਕੌਮ ਦੇ ਸੰਕਲਪ ਨੂੰ ਵੀ ਉਜਾਗਰ ਕਰਦੀ ਹੈ। (ਨੋਟ - ਇਹ ਪੂਰੀ ਇੰਟਰਵਿਊ ਵੀ, ਪੰਥਕ ਦਸਤਾਵੇਜ-ਧਰਮ ਯੁੱਧ ਤੇ ਜੁਝਾਰੂ ਲਹਿਰ 1966-2010 ਪੁਸਤਕ ਦੇ ਪੰਨਾ 86 ਤੋਂ 88 ਉੱਤੇ ਛਪੀ ਹੋਈ ਹੈ)

**ਬਾਕੀ ਹਿਸਾ ਅਗਲੇ ਸਫ਼ੇ 32 ਤੇ ਪੜ੍ਹੋ**


# ਨਸ਼ਾ ਆਤਮਘਾਤ ਨੂੰ ਸੱਦਾ


**ਸੁਖਪਾਲ ਸਿੰਘ ਗਿੱਲ**

ਅਬਿਆਣਾ ਕਲਾਂ

9878111445



ਕਿਸੇ ਵੀ ਬੁਰਾਈ ਨੂੰ ਨੱਥ ਪਾਉਣ ਲਈ ਦ੍ਰਿੜ ਇੱਛਾ ਸ਼ਕਤੀ ਦੀ ਲੋੜ ਹੁੰਦੀ ਹੈ। ਅੱਜ ਨਸ਼ੇ ਦਾ ਦਰਿਆ ਸਰਕਾਰੀ ਉਪਰਾਲਿਆਂ ਦੇ ਬਾਵਜੂਦ ਉੱਛਲ ਕੇ ਸਾਹਮਣੇ ਆ ਰਿਹਾ ਹੈ। ਲੋਕਾਂ ਨੂੰ ਦ੍ਰਿੜ ਇੱਛਾ ਸ਼ਕਤੀ ਨਾਲ ਸਰਕਾਰ ਦਾ ਸਾਥ ਦੇਣ ਦੀ ਜ਼ਰੂਰਤ ਹੈ। ਨਸ਼ਿਆਂ ਦਾ ਸੇਵਨ ਪੰਜਾਬੀ ਕਿਰਦਾਰ ਨੂੰ ਨਕਾਰਾ ਕਰ ਰਿਹਾ ਹੈ। ਨਸ਼ੇ ਦਾ ਇਤਿਹਾਸ ਮਨੁੱਖ ਦੀ ਹੋਂਦ ਦੇ ਨਾਲੋ ਨਾਲ ਚੱਲਿਆ ਆਉਂਦਾ ਹੈ। ਸਮੇਂ-ਸਮੇਂ ਤੇ ਨਸ਼ਾ ਛੁਡਾਉਣ ਲਈ ਸਮਾਜ ਸੁਧਾਰ ਹੁੰਦੇ ਰਹੇ ਪਰ ਸਮੇਂ ਅਨੁਸਾਰ ਨਫੇ-ਨੁਕਸਾਨ ਹੁੰਦੇ ਰਹੇ। ਅੱਜ ਵੀ ਨਸ਼ਾ ਬਹੁਪਰਤੀ ਸਮੱਸਿਆ ਹੈ। ਨਸ਼ਾ ਹਮੇਸ਼ਾ ਆਤਮ-ਘਾਤ ਨੂੰ ਸੱਦਾ ਦਿੰਦਾ ਹੈ। ਇਹ ਤੰਦਰੁਸਤੀ ਦਾ ਸਭ ਤੋਂ ਵੱਡਾ ਦੁਸ਼ਮਣ ਹੈ। ਤੰਦਰੁਸਤੀ ਜਿਸਮ ਉੱਤੇ ਹੀ ਨਹੀਂ ਟਿਕੀ ਹੋਈ ਬਲਕਿ ਮਾਨਸਿਨ ਅਤੇ ਸਮਾਜਿਕ ਪੱਖੋਂ ਵੀ ਪੂਰੀ ਤੰਦਰੁਸਤੀ ਹੀ ਜੀਵਨ ਦਾ ਅਧਾਰ ਹੈ। ਮਾਨਸਿਕ ਕਮਜੋਰ ਨਸ਼ਾ ਕਰਦਾ ਹੈ ਉਸ ਤੋ ਬਾਅਦ ਸਮਾਜਿਕ, ਆਰਥਿਕ ਅਤੇ ਸਿਹਤ ਦੇ ਪੱਖਾਂ ਨੂੰ ਗ੍ਰਹਿਣ ਲੱਗ ਜਾਂਦਾ ਹੈ। ਹੈਰਾਨੀ ਹੁੰਦੀ ਹੈ ਜਦੋਂ ਨਸ਼ੇ ਨੂੰ ਇਕ ਰਿਵਾਜ਼ ਵੱਜੋਂ ਵਰਤਿਆ ਜਾਂਦਾ ਹੈ। ਸਿੱਖ ਧਰਮ ਵਿੱਚ ਇਸ ਦੀ ਪੂਰਨ ਮਨਾਹੀ ਹੈ। ਅੱਜ ਦਾ ਨੌਜਵਾਨ ਨਸ਼ੇ ਕਰਨ ਨਿਰਾਸ਼ਾ ਦੇ ਆਲਮ ਵਿੱਚ ਫੱਸ ਚੁੱਕਿਆ ਹੈ। ਪੰਜਾਬੀਆਂ ਨੂੰ ਅਸਲੀ ਜੀਵਨ ਤੋਂ ਦੂਰ ਕਰਕੇ ਨਸ਼ਾ ਜੀਵਨ ਨੂੰ ਬੇਸੁਆਦ ਕਰ ਦਿੰਦਾ ਹੈ।

ਨਸ਼ੇ ਮੁਕਾਉਣ ਲਈ ਸਰਬ ਸਾਂਝਾ ਫਰੰਟ ਬਣਾਉਣ ਦੀ ਲੋੜ ਹੈ। ਨਸ਼ਾ ਅਜਿਹਾ ਪਦਾਰਥ ਹੈ ਜੋ ਮੂੰਹ, ਨੱਕ ਅਤੇ ਖੂਨ ਰਾਹੀ ਲਿਆ ਜਾਂਦਾ ਹੈ। ਇਸ ਨਾਲ ਮਨੁੱਖੀ ਸਰੀਰ ਵਿਚ ਉਤੇਜਿਤ ਨੁਮਾ ਤਬਦੀਲੀ ਆਉਂਦੀ ਹੈ। ਅੰਦਰ ਜਾਂਦੀ ਸਾਰ ਹੀ ਵਿਅਕਤੀ ਫੰਨੇ ਖਾਂ ਬਣ ਜਾਂਦਾ ਹੈ। ਨਸ਼ਾ ਘਟਣ ਤੋਂ ਬਾਅਦ ਅਸਲੀ ਸਥਿਤੀ ਆ ਜਾਂਦੀ ਹੈ। ਇਸ ਨਾਲ ਤਨਾਅ ਵੱਧਦਾ ਹੈ। ਸੁਭਾਵਿਕ ਹੈ ਨਸ਼ੇ ਨਾਲ ਹੀ ਮੰਹਿਗਾਈ ਅਤੇ ਮਿਲਾਵਟ ਵੀ ਆਉਂਦੀ ਹੈ। ਨਸ਼ੇ ਦੀ ਲੱਤ ਵਿੱਚ ਬੰਦਾ ਅਣਸੁਖਾਵੇਂ ਨਤੀਜਿਆਂ ਦੇ ਪਤਾ ਹੋਣ ਦੇ ਬਾਵਜੂਦ ਵੀ ਇਸ ਤੋਂ ਬਚ ਨਹੀਂ ਸਕਦਾ। ਹਿੰਸਾਤਮਿਕ ਪ੍ਰਵਿਰਤੀ ਵੱਧਦੀ ਚਲੀ ਜਾਂਦੀ ਹੈ। ਜਿਸ ਨਾਲ ਸਮਾਜ ਚ ਅਣਸੁਖਾਵਾਂ ਮਾਹੌਲ ਪੈਦਾ ਹੁੰਦਾ ਹੈ। ਜ਼ੁਰਮ ਵੱਧਦੇ ਜਾਂਦੇ ਹਨ ਖਬਰਾਂ ਦੀ ਰੋਜ਼ਾਨਾ ਭਰਮਾਰ ਰਹਿੰਦੀ ਹੈ। ਅੱਜ ਨੌਕਰੀ ਅਤੇ ਵਿਆਹ ਤੋਂ ਪਹਿਲਾ ਡੋਪ ਟੈਸਟ ਦੀ ਮੰਗ ਵੀ ਉੱਠਣ ਲੱਗੀ ਹੈ। ਇਸ ਪਿੱਛੇ ਇਕ ਲੰਮਾ ਚੌੜਾ ਇਤਿਹਾਸ ਹੈ। ਹਾਂ ਇਕ ਗੱਲ ਹੋਰ ਵੀ ਹੈ ਨਸ਼ੇ ਨਾਲ ਕਿਸੇ ਵੀ ਪੱਖੋਂ ਜੁੜਿਆਂ ਵਿਅਕਤੀ ਭ੍ਰਿਸ਼ਟ ਤੰਤਰ ਦਾ ਸ਼ਿਕਾਰ ਨਹੀਂ ਹੋਣਾ ਚਾਹੀਦਾ। ਭ੍ਰਿਸ਼ਟਾਚਾਰ ਨਸ਼ੇ ਨੂੰ ਨੱਪਣ ਵਿੱਚ ਵੱਡੀ ਰੁਕਾਵਟ ਹੈ। ਨਸ਼ਈ ਨੂੰ ਮਜ਼ਾਕ ਦਾ ਪਾਤਰ ਬਣਾਉਣ ਨਾਲੋਂ ਇਸ ਨੂੰ ਕਾਨੂੰਨੀ ਅਤੇ ਸਮਾਜਿਕ ਮੁੱਖ ਧਾਰਾ ਵਿੱਚ ਲਿਆਉਣਾ ਜਰੂਰੀ ਹੁੰਦੀ ਹੈ। ਇਹੀ ਵਧੀਆ ਹੱਲ ਹੈ।

ਨਸ਼ਾ ਵੱਖ-ਵੱਖ ਕਿਸਮਾਂ ਦਾ ਹੁੰਦਾ ਹੈ। ਸਾਰਿਆਂ ਦਾ ਨੁਕਸਾਨ ਮਾਨਸਿਕ ਸਿਹਤ ਨਾਲ ਜੁੜਿਆ ਹੈ। ਕਈ ਵਾਰ ਕਿਸੇ ਦਾ ਸਮੱਸਿਆ ਦਾ ਹੱਲ ਕੱਢਣ ਲਈ ਨਸ਼ੇ ਨੂੰ ਉਤੇਜਿਤ ਹੋਣ ਲਈ ਵਰਤਿਆ ਜਾਂਦਾ ਹੈ ਜੋ ਆਤਮਘਾਤ ਹੁੰਦਾ ਹੈ। ਬੇਰੁਜਗਾਰੀ, ਰੀਸ ਕਰਨੀ, ਬੱਚਿਆਂ ਤੇ ਲੋੜ ਤੋਂ ਵੱਧ ਮਾਨਸਿਕ ਦਬਾਅ ਪਾਉਣਾ ਅਤੇ ਆਪਣੇ ਬੱਚਿਆਂ ਦੀ ਤੁਲਨਾ ਹੋਰਾਂ ਬੱਚਿਆਂ ਨਾਲ ਕਰਨੀ ਵੀ ਨਸ਼ੇ ਦਾ ਕਾਰਨ ਹੁੰਦਾ ਹੈ। ਇਹਨਾਂ ਖੇਤਰਾਂ ਵਿੱਚ ਨਸ਼ਾ ਭਾਬੜ ਬਣ ਕੇ ਮੱਚਦਾ ਹੈ। ਇਸ ਦਾ ਨਤੀਜਾ ਹਿੰਸਾ, ਬਲਤਕਾਰ ਅਤੇ ਚੋਰੀ ਤੱਕ ਪਹੁੰਚਦਾ ਹੈ। ਇੰਨਾਂ ਕੁੱਝ ਹੋਣ ਦੇ ਬਾਵਜੂਦ ਵੀ ਨਸ਼ਾ ਮਨੁੱਖ ਦਾ ਖਹਿੜਾ ਨਹੀਂ ਛੱਡ ਰਿਹਾ। ਗੁਜਰਾਤ ਦੀ ਬੰਦਰਗਾਹ ਤੇ 4269 ਕਰੋੜ ਨਸ਼ੇ ਦੀ ਤਾਰ ਵੀ ਪੰਜਾਬ ਨਾਲ ਜੁੜੀ ਸੀ ਇਹ ਵੀ ਰਹੱਸ ਹੀ ਬਣ ਗਿਆ। 3.17 ਕਰੋੜ ਪੰਜਾਬੀਆਂ ਦਾ 3 ਫੀਸਦੀ ਨਸ਼ਾ ਕਰਦੇ ਹਨ। ਹੈਰਾਨੀ ਹੁੰਦੀ ਹੈ ਕਿ ਘਰਾਂ ਵਿੱਚ ਪੂਜਾ ਰੂਮ ਦੇ ਨਾਲ ਬੀਅਰ ਬਾਰ ਬਣ ਗਏ ਹਨ। ਮਨੋਵਿਗਿਆਨ ਦੱਸਦਾ ਹੈ ਕਿ ਨਸ਼ੇ ਨਾਲ ਨ.ਫਰਤ ਕਰਨ ਵਾਲਾ ਵੀ ਨਸ਼ਾ ਕਰਦਾ ਹੈ। ਨਸ਼ੇ ਤੋਂ ਲੜ ਛੁਡਾਉਣਾ ਔਖਾ ਹੋ ਜਾਂਦਾ ਹੈ। ਹਰ ਦੂਜੇ ਤੀਜੇ ਦਿਨ ਨਸ਼ੇ ਨਾਲ ਮੌਤ ਹੁੰਦੀ ਹੈ। ਅੱਜ ਔਰਤ ਵੀ ਨਸ਼ੇ ਲਈ ਮਰਦ ਦਾ ਮੁਕਾਬਲਾ ਕਰਦੀ ਹੈ। ਸੰਸਾਰ ਸਿਹਤ ਸੰਸਥਾ ਅਨੁਸਾਰ ਮੁਲਕ ਵਿੱਚ ਸਿਰਫ ਤੰਬਾਕੂ ਦੀ ਭੇਟ 8 ਲੱਖ ਲੋਕ ਚੜ੍ਹ ਜਾਂਦੇ ਹਨ। 2030 ਤੱਕ ਇਹ ਅਨੁਮਾਨ ਕਿਤੇ ਵੱਧ ਹੋਵੇਗਾ। ਔਰਤ ਜਾਤ ਲਈ ਨਸ਼ਾ ਇਸ ਗਾਣੇ ਵਿੱਚ ਸੰਦੇਸ਼ ਦਿੰਦਾ ਹੈ। "ਧੂੰਏਂ ਨਾਲ ਛਾਤੀਆਂ ਦਾ ਦੁੱਧ ਸਾੜਤਾ, ਜੰਮਣੇ ਤੋਂ ਪਹਿਲਾ ਅੱਧਾ ਪੁੱਤ ਮਾਰਤਾ" ਸੂਬੇ ਵਿੱਚ ਔਰਤਾਂ ਦਾ ਨਸ਼ੇ ਵਿੱਚ ਗ੍ਰਸਣਾ ਬੇਹੱਦ ਚਿੰਤਾ ਜਨਕ ਹੈ।

ਨਸ਼ੇ ਦੇ ਪਸਾਰ ਅਤੇ ਪਰਸਾਰ ਨੂੰ ਰੋਕਣ ਲਈ ਸਮਾਜਿਕ ਅਤੇ ਰਾਜਨੀਤਿਕ ਮਜਬੂਤ ਇੱਛਾ ਸ਼ਕਤੀ ਦੀ ਜਰੂਰਤ ਹੈ। ਇਸ ਤੋਂ ਬਿਨਾਂ ਪਾਣੀ ਵਿੱਚ ਮਧਾਣੀ ਦੇ ਬਰਾਬਰ ਹੈ। 2015 ਦੀ ਰਿਪੋਰਟ ਅਨੁਸਾਰ ਸੂਬੇ ਵਿੱਚ 2 ਲੱਖ ਨਸ਼ੇੜੀ ਸਨ ਜੋ ਹੁਣ ਕਿਤੇ ਵੱਧ ਹਨ। ਬਾਰਡਰ ਸਟੇਟ ਹੋਣ ਕਰਕੇ ਪੰਜਾਬ ਨੂੰ ਇਸ ਦੀ ਮਾਰ ਝੱਲਣੀ ਪੈਦੀ ਹੈ। ਇਕ ਕਹਾਵਤ ਹੋਰ ਵੀ ਹੈ ਕਿ ਪੰਜਾਬੀ ਆਪਣੇ ਨਾਲ ਹੀ ਨਸ਼ੇ ਨੂੰ ਵਿਦੇਸ਼ਾਂ ਵਿੱਚ ਵੀ ਲੈ ਗਏ। ਹੁਣ ਕਨੇਡਾ ਵਰਗੇ ਮੁਲਕਾਂ ਨੇ ਤਾਂ ਛੋਟੀ ਮਾਤਰਾ ਵਿੱਚ ਨਸ਼ਾ ਚੁੱਕਣ ਤੇ ਪਾਬੰਦੀ ਹਟਾ ਦਿੱਤੀ ਹੈ। ਇਸ ਦਾ ਪ੍ਰਭਾਵ ਵੀ ਸਭ ਤੋਂ ਵੱਧ ਪੰਜਾਬੀਆਂ ਤੇ ਪਵੇਗਾ। ਇਸ ਦਾ ਕੂਟਨੀਤਕ ਹੱਲ ਕੱਢਣਾ ਜਰੂਰੀ ਹੈ। ਨਸ਼ਾ ਅਤੇ ਨੌਜਵਾਨ ਇਕ ਸਿੱਕੇ ਦੇ ਦੋ ਪਹਿਲੂ ਹਨ। ਗਵਰਨਰ ਸਾਹਿਬ ਨੇ ਵੀ ਨਸ਼ੇ ਦੇ ਪਿੱਛੇ ਚਿੰਤਾ ਜਾਹਿਰ ਕੀਤੀ ਸੀ। ਗਰਭ ਅਵਸਥਾ ਲਈ ਘਾਤਕ ਰੂਪ ਭਵਿੱਖੀ ਚਿੰਤਾ ਖੜੀ ਕਰਦਾ ਹੈ। ਪੰਜਾਬ ਪੰਚਾਇਤ ਐਕਟ ਵਿੱਚ ਵੀ ਨਸ਼ਾ ਰੋਕਣ ਦੀ ਵਿਵਸਥਾ ਕੀਤੀ ਗਈ ਹੈ। ਫਿਰ ਵੀ ਸੂਬੇ ਵਿੱਚ 40 ਲੱਖ ਲੋਕ ਨਸ਼ੇ ਦੀ ਦਲਦਲ ਵਿੱਚ ਫੱਸੇ ਹੋਏ ਹਨ। ਜਦੋਂ ਤੱਕ ਕਿਸੇ ਵੀ ਸਮਾਜਿਕ ਬੁਰਾਈ ਦਾ ਸਾਹਮਣਾ ਕਰਨ ਲਈ ਇਕਸੁਰ ਅਤੇ ਇਕਮੱਤ ਹੋ ਕੇ ਇਸ ਦਾ ਮੁਕਾਬਲਾ ਨਾ ਕੀਤਾ ਜਾਵੇ ਉੱਦੋਂ ਤੱਕ ਕਿਸੇ ਨਤੀਜੇ ਤੇ ਨਹੀਂ ਪਹੁੰਚਿਆ ਜਾ ਸਕਦਾ। ਨਸ਼ੇ ਦੀ ਪਰਖ ਪੜਚੋਲ ਕਰਕੇ ਇਸ ਨੂੰ ਕਾਬੂ ਜਾ ਖਤਮ ਕਰਨ ਲਈ ਸਾਡੀ ਦ੍ਰਿੜ ਇੱਛਾ ਸ਼ਕਤੀ ਹੀ ਪਾਸਾ ਬਦਲਾਏਗੀ। ਅਜੇ ਨਸ਼ੇ ਦਾ ਹੱਲ ਭਰੋਸਾ ਬਹਾਲੀ ਤੋਂ ਦੂਰ ਹੈ। ਪੰਜਾਬ ਦੀ ਨਸ਼ਾ ਪੀੜ ਨੂੰ ਗੱਲੀਂ ਬਾਤੀਂ ਦ.ਫਨ ਨਹੀਂ ਕੀਤਾ ਜਾ ਸਕਦਾ। ਇਸ ਬੁਰਾਈ ਨੂੰ ਕਾਬੂ ਕਰਨ ਲਈ ਮਨੋਵਿਗਿਆਨਕ ਸੋਝੀ ਜ਼ਰੂਰੀ ਹੈ। ਦੁੱਖ ਹੁੰਦਾ ਹੈ ਜਦੋਂ ਰੰਗੀਲਾ ਪੰਜਾਬ ਨਸ਼ੀਲਾ ਪੰਜਾਬ ਅਖਵਾਉਂਦਾ ਹੈ। ਨਸ਼ੇ ਦੇ ਗੱਠਜੋੜ ਦੀਆਂ ਸੁਰਖੀਆਂ ਵੀ ਭਾਰੂ ਰਹੀਆਂ। ਆਲਮੀ ਪੱਧਰ ਤੇ ਵੀ ਪੰਜਾਬ ਨਸ਼ੇ ਬਾਰੇ ਨਕਸ਼ੇ ਉੱਤੇ ਹੈ ਹੋਰ ਵੀ ਮਾੜੀ ਗੱਲ ਹੈ ਕਿ ਨਸ਼ਾ ਮਿਲਾਵਟੀ ਮਿਲ ਰਿਹਾ ਹੈ ਅੱਜ ਤੱਕ ਹੀਲੇ, ਵਸੀਲੇ ਅਤੇ ਉਪਰਾਲੇ ਨਸ਼ਾ ਰੋਕਣ ਲਈ ਹੁੰਦੇ ਰਹੇ ਪਰ ਰੁੱਕ-ਰੁੱਕ ਕੇ ਤੇਜ਼ੀ ਫੱੜਦੇ ਰਹੇ। ਆਓ ਸਰਕਾਰ ਦੀ ਨਸ਼ਿਆਂ ਵਿਰੁੱਧ ਯੁੱਧ ਨੀਤੀ ਵਿੱਚ ਆਪਣਾ ਯੋਗਦਾਨ ਪਾਈਏ ਨਸ਼ੇ ਪੰਜਾਬ ਤੋਂ ਦੂਰ ਵਾਹੀਏ। "ਪਤਝੜ ਤੋਂ ਬਚਾਈਏ ਧਰਤੀ ਪੰਜਾਬ ਦੀ, ਖੇੜੇ ਵਿੱਚ ਲਿਆਈਏ ਫੁੱਲ ਗੁਲਾਬ ਦੀ," ਜਦੋਂ ਨਸ਼ੇ ਬਾਰੇ ਰੌਲਾ ਪਾਇਆ ਜਾਂਦਾ ਹੈ ਤਾਂ ਸਮਝੋ ਬਾਹਰ ਹੋ ਜਾਂਦਾ ਹੈ ਕਿ ਨਸ਼ਾ ਆਖਿਰ ਕਿਉਂ ਖਤਮ ਨਹੀਂ ਹੁੰਦਾ "ਬਹੁਤ ਉਲਝਣ ਮੇਂ ਹੈ ਮਿਲੇ ਰੰਗੋ ਕੋ ਜੁਦਾ ਕੈਸੇ ਕਰੇ, ਬਾਤ ਨਾ ਸਮਝ ਆਈ ਕਿ ਅਸਲ ਹਕੀਕਤ ਕਿਆ ਹੈ ?" ਮੁੱਕਦੀ ਗੱਲ ਇਹ ਹੈ ਕਿ ਨਸ਼ਾ ਮਨੁੱਖੀ ਜੀਵਨ ਦੇ ਹਰ ਪੱਖ ਨੂੰ ਖਤਮ ਕਰਦਾ ਹੈ ਇਸ ਲਈ ਨਸ਼ੇ ਆਤਮਘਾਤ ਨੂੰ ਸੱਦਾ ਦਿੰਦੇ ਹਨ।

### 31 ਸਫ਼ੇ ਦੀ ਬਾਕੀ

ਇਸ ਇੰਟਰਵਿਊ ਵਿੱਚ ਸਿਰਦਾਰ ਕਪੂਰ ਸਿੰਘ ਕੋਲੋਂ ਇਹ ਸੁਆਲ ਪੁੱਛਿਆ ਗਿਆ ਸੀ ਕਿ: ਸਿੱਖਾਂ ਦੀ ਵਰਤਮਾਨ ਲੀਡਰਸ਼ਿੱਪ ਰਾਜ ਦੀ ਮੰਗ ਨਹੀਂ ਕਰ ਰਹੀ, ਸਿਰਫ਼ ਅਨੰਦਪੁਰ ਦੇ ਮਤੇ ਤੱਕ ਸੀਮਤ ਹੈ? – ਇਸ ਸੁਆਲ ਦਾ ਜੁਆਬ ਸਿਰਦਾਰ ਕਪੂਰ ਸਿੰਘ ਨੇ ਇਹ ਦਿੱਤਾ ਸੀ ਕਿ ਅਨੰਦਪੁਰ ਦਾ ਮਤਾ ਮੈਂ ਖ਼ੁਦ ਬਣਾਇਆ ਸੀ। ਇਸ ਨੂੰ ਘੋਖ ਕੇ ਪੜ੍ਹੋ। ਮਤੇ ਵਿੱਚ ਸਿੱਖ ਕੌਮ ਭਾਰਤੀ ਸੰਵਿਧਾਨ ਨੂੰ ਨਹੀਂ ਮੰਨਦੀ,

ਆਪਣਾ ਅਲਹਿਦਾ ਰਾਜ ਮੰਗਦੀ ਹੈ। (ਨੋਟ – ਅਨੰਦਪੁਰ ਮਤੇ ਦੀ ਵਿਆਖਿਆ ਪਹਿਲਾਂ ਹੀ ਕੀਤੀ ਜਾ ਚੁੱਕੀ ਹੈ, ਇਸ ਲੇਖ ਵਿੱਚ) ਸਿਰਦਾਰ ਕਪੂਰ ਸਿੰਘ ਨੇ ਕਿਹਾ ਤੁਸੀਂ ਦੁਨੀਆਂ ਦੀ ਸਾਰੀ ਤਵਾਰੀਖ ਫਰੋਲ ਲਵੋ, ਰਾਜ ਕੇਵਲ ਸਿੱਖ ਕੌਮ ਨੇ ਹੀ ਕੀਤਾ ਹੈ। ਸਿਕੰਦਰ ਦਾ ਰਾਜ, ਅਕਬਰ ਦਾ ਰਾਜ, ਟੋਰੀਆਂ ਦਾ ਰਾਜ, ਇੰਦਰਾ ਗਾਂਧੀ ਦਾ ਰਾਜ ਤਾਂ ਹੋ ਸਕਦਾ ਹੈ (ਜਿਵੇਂ ਵਰਤਮਾਨ ਵਿੱਚ ਨਰਿੰਦਰ ਮੋਦੀ ਦਾ ਰਾਜ) ਪਰ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਕੋਈ ਨਹੀਂ ਆਖਦਾ, ਸਿੱਖ ਰਾਜ ਕਿਹਾ ਜਾਂਦਾ ਹੈ। ਇਤਿਹਾਸਕ ਪੱਖੋਂ ਸਾਨੂੰ ਅੱਜ ਇਕ ਹੋਰ ਮਹੱਤਵਪੂਰਨ ਤੱਥ ਵੀ ਵਿਚਾਰਨਾ ਚਾਹੀਦਾ ਹੈ ਕਿ – 800 ਸਾਲ ਦੇ ਦੌਰ ਵਿੱਚ ਸਿੱਖ ਪੰਜਾਬ ਦੇ ਖਿੱਤੇ ਵਿੱਚ ਪਹਿਲੇ ਹੁਕਮਰਾਨ ਸਨ, ਜਿਹੜੇ ਇਸ ਧਰਤੀ ਦੇ ਜੰਮੇ ਜਾਏ ਸਨ, ਨਹੀਂ ਤਾਂ ਪੰਜਾਬ ਉੱਤੇ ਬਾਹਰੋਂ ਆਏ ਮੁਗ਼ਲਾਂ ਅਤੇ ਅਫ਼ਗਾਨਾਂ ਨੇ ਹੀ ਰਾਜ ਕੀਤਾ ਹੈ। ਜੇ ਸਿੱਖ ਕੌਮ ਕਈ ਹਕੂਮਤੀ ਜੁਲਮ ਤੇ ਝਖੜਾਂ ਵਿੱਚ ਜੀਊਂਦੀ ਰਹੀ ਹੈ ਤਾਂ ਆਪਣੀ ਮੂਲ ਵਿਚਾਰਧਾਰਾ ਨਾਲ ਜੁੜਕੇ ਹੀ ਜਿਊਂਦੀ ਰਹਿ ਸਕੀ ਹੈ। ਇਸ ਕਰਕੇ ਹੀ ਸੰਤ ਜਰਨੈਲ ਸਿੰਘ ਜੀ ਧਾਰਨਾ ਲਾਉਂਦੇ ਸਨ, ਧਰਮ ਸਿਰ ਦਿੱਤਿਆਂ ਬਾਝ ਨਹੀਂ ਰਹਿਣਾ ਅਤੇ ਸਿਰ ਜਾਵੇ ਤਾਂ ਜਾਵੇ ਮੇਰਾ ਸਿੱਖੀ ਸਿਦਕ ਨਾ ਜਾਵੇ। ਸਿੱਖਾਂ ਨੂੰ ਆਪਣੇ ਮਾਣ ਮੱਤੇ ਇਤਿਹਾਸ 'ਤੇ ਮਾਣ ਕਰਨ ਦੇ ਨਾਲ ਨਾਲ ਉਸ ਵਿੱਚ ਸਮੋਏ ਕਿਰਦਾਰ ਦੇ ਹਾਣੀ ਬਣਕੇ ਵਿਖਾਉਣਾ ਪਵੇਗਾ। ਹੁਣ ਵੇਖਣਾ ਇਹ ਹੋਵੇਗਾ ਕਿ ਨਵੇਂ ਬਣੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਜੀ ਉਹ ਸਿੱਖੀ ਦੇ ਬੁਨਿਆਦੀ ਆਦਰਸ਼ ਤੇ ਸਿੱਖ ਪਰੰਪਰਾਵਾਂ ਜਿਨ੍ਹਾਂ ਨੂੰ ਅਕਾਲੀ ਦਲ ਬਾਦਲ ਨੇ ਤਹਿਸ ਨਹਿਸ ਕਰ ਦਿੱਤਾ ਹੈ, ਉਨ੍ਹਾਂ ਨੂੰ ਪੰਥਕ ਰਵਾਇਤਾਂ ਅਨੁਸਾਰ ਮੁੜ ਸੁਰਜੀਤ ਕਰਨ ਵਿੱਚ ਕਾਮਯਾਬ ਹੁੰਦੇ ਹਨ ਜਾਂ ਨਹੀ। ਸਿੱਖ ਕੌਮ ਅੱਜ ਇਹ ਮਹਿਸੂਸ ਕਰ ਰਹੀ ਹੈ ਜੇ ਅਕਾਲੀ ਸਿਰਦਾਰ ਕਪੂਰ ਸਿੰਘ ਤੇ ਸੰਤ ਜਰਨੈਲ ਸਿੰਘ ਦੀ ਗੱਲ ਮੰਨ ਲੈਂਦੇ ਤਾਂ ਸਿੱਖ ਕੌਮ ਦੀ ਖੱਜਲ ਖੁਆਰੀ ਨਹੀਂ ਸੀ ਹੋਣੀ।

* * * * * * * *

# ਸਾਹਿਤ, ਸਿਆਸੀ ਖਰਦਾਪਨ ਅਤੇ ਮਨੁੱਖ ਦਾ ਸਿਰਜਣਾਤਮਿਕ ਵਿਕਾਸ

ਗੁਰਮੀਤ ਸਿੰਘ ਪਲਾਹੀ
-9815802070



ਸਾਹਿਤ ਦਾ ਸੋਮਾ ਜੀਵਨ-ਧਾਰਾ ਦਾ ਵੇਗ ਹੈ। ਮਨੁੱਖ ਵਿਚੋਂ, ਮਨੁੱਖ ਰਾਹੀਂ ਅਤੇ ਮਨੁੱਖ ਲਈ ਕੀਤੀ ਗਈ ਰਚਨਾ ਹੀ ਅਸਲ ਵਿੱਚ ਸਾਹਿਤ ਅਖਵਾ ਸਕਦੀ ਹੈ। ਜਦੋਂ ਗੱਲ ਮਨੁੱਖ ਲਈ ਉਤੇ ਪੁੱਜਦੀ ਹੈ ਤਾਂ ਇਸਦਾ ਸਿੱਧਾ ਸਬੰਧ ਪ੍ਰਤੀਬੱਧ ਰਾਜਨੀਤੀ ਨਾਲ ਜਾ ਜੁੜਦਾ ਹੈ। ਕੁਝ ਸਮੀਖਿਆਕਾਰ ਇਸ ਤਰ੍ਹਾਂ ਦੀ ਰਚਨਾ ਨੂੰ ਪ੍ਰਚਾਰ ਅਤੇ ਰਾਜਨੀਤਕ ਆਖਣਗੇ। ਪਰ ਇਸ ਗੱਲ ਨੂੰ ਕਦੇ ਵੀ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ ਕਿ ਲੋਕ ਹਿਤੈਸ਼ੀ ਲੇਖਕ ਦਾ ਪ੍ਰਚਾਰਕ ਅਤੇ ਸਿਆਸੀ ਹੋਣਾ ਕਠੋਰ ਸੱਚ ਹੈ।

ਸਿਆਸਤ ਜਾਂ ਰਾਜਨੀਤੀ ਨਿੱਜੀ ਜਾਂ ਸਮੂਹਿਕ ਪੱਧਰ ਉੱਤੇ ਲੋਕਾਂ ਨੂੰ ਪ੍ਰਭਾਵਤ ਕਰਨ ਦਾ ਅਮਲ ਅਤੇ ਸਿਧਾਂਤ ਹੈ। ਖ਼ਾਸ ਕਰਕੇ ਇੱਕ ਸਮਾਜ ਜਾਂ ਰਾਜ ਦੇ ਲੋਕਾਂ ਉੱਪਰ ਰਾਜ ਕਰਨਾ ਜਾਂ ਕੰਟਰੋਲ ਕਰਨਾ ਅਤੇ ਇਸਨੂੰ ਅੱਗੋਂ ਜਾਰੀ ਰੱਖਣਾ। ਸਿਆਸਤ ਦਾ ਉਦੇਸ਼ ਕਈ ਢੰਗਾਂ ਨਾਲ ਲੋਕਾਂ ਵਿੱਚ ਆਪਣੇ ਵਿਚਾਰ ਪ੍ਰਫੁਲਤ ਕਰਨੇ, ਕਾਨੂੰਨ ਬਣਾ ਕੇ ਲੋਕਾਂ 'ਤੇ ਲਾਗੂ ਕਰਨੇ ਅਤੇ ਵਿਰੋਧੀਆਂ ਖਿਲਾਫ਼ ਜੰਗ ਦੀ ਹੱਦ ਤੱਕ ਤਾਕਤ ਦੀ ਵਰਤੋਂ ਕਰਨਾ ਆਦਿ ਹੈ। ਇਸ ਸੰਬੰਧ ਵਿੱਚ ਪਲੇਟੋ ਅਤੇ ਕਨਫੂਸੀਅਸ਼ ਦੀਆਂ ਰਾਜਨੀਤੀ ਬਾਰੇ ਪੁਸਤਕਾਂ ਦਾ ਹਵਾਲਾ ਦਿੱਤਾ ਜਾ ਸਕਦਾ ਹੈ।

ਸਾਹਿਤ ਦੇ ਵੱਖੋ-ਵੱਖਰੇ ਰੂਪਾਂ ਦਾ ਫ਼ਾਇਦਾ ਹਮੇਸ਼ਾ ਰਾਜਨੀਤੀ ਨੇ ਲਿਆ ਹੈ। ਭਾਵੇਂ ਉਹ ਕਵਿਤਾ, ਨਾਵਲ, ਕਹਾਣੀ ਜਾਂ ਨਾਟਕ ਹੋਵੇ। ਸਾਹਿਤ ਨੂੰ ਪ੍ਰਭਾਸ਼ਿਤ ਕਰਨ ਲਈ ਭਾਰਤੀ ਕਾਵਿ ਸਾਸ਼ਤਰ ਅਨੁਸਾਰ ਸਾਹਿਤ ਨੂੰ "ਸੱਤਯਮ, ਸ਼ਿਵਮ, ਸੁੰਦਰਮ ਕਿਹਾ ਗਿਆ ਭਾਵ ਸੱਚ ਕਲਿਆਣਕਾਰੀ ਅਤੇ ਸੁੰਦਰ ਹੋਵੇ। ਵਣਜਾਰਾ ਬੇਦੀ ਅਨੁਸਾਰ 'ਸਾਹਿਤ ਕੋਮਲ ਭਾਵਾਂ ਦਾ ਸੁਹਜਮਈ ਪ੍ਰਗਟਾਵਾ ਹੈ' । ਜੀਵਨ ਨੂੰ ਅਗਵਾਈ ਕਰਨ ਦੀ ਸ਼ਕਤੀ ਵੀ ਇਸ ਵਿੱਚ ਹੋਣੀ ਚਾਹੀਦੀ ਹੈ। ਐਮਰਸਨ ਸਾਹਿਤ ਨੂੰ ਮਹਾਨ ਵਿਚਾਰਾਂ ਦਾ ਸੰਗ੍ਰਹਿ ਮੰਨਦਾ ਹੈ। ਮੈਥਿਓ ਅਰਨਲਡ ਸਾਹਿਤ ਨੂੰ ਜੀਵਨ ਦੀ ਅਲੋਚਨਾ ਮੰਨਦਾ ਹੈ। ਸਾਹਿਤ ਭਾਵਨਾਵਾਂ, ਕਲਪਨਾਵਾਂ ਅਤੇ ਬੁੱਧੀ ਦੇ ਬਲ 'ਤੇ ਰਚਿਆ ਜਾਂਦਾ ਹੈ। ਪੱਛਮੀ ਵਿਦਵਾਨ ਸਾਹਿਤ ਨੂੰ ਪੰਜ ਕਲਾਵਾਂ ਵਿੱਚੋਂ ਇੱਕ ਮੰਨਦੇ ਹਨ। ਉਹ ਕਲਾਵਾਂ ਸੰਗੀਤ, ਕਵਿਤਾ, ਮੂਰਤੀਕਲਾ, ਭਵਨ ਨਿਰਮਾਣ ਅਤੇ ਨਾਚ ਹਨ। ਕਲਾ ਜਾਂ ਸਾਹਿਤ ਨੂੰ ਵੀ ਉਹ ਦੋ ਵੱਖਰੇ ਨਜ਼ਰੀਏ ਤੋਂ ਵੇਖਦੇ ਹਨ। ਜਿਵੇਂ ਸਾਹਿਤ ਕਲਾ ਲਈ ਜਾਂ ਸਾਹਿਤ ਜਾਂ ਕਲਾ ਜੀਵਨ ਲਈ।

ਸਿਆਸੀ ਖਚਰੇਪਨ ਨੇ ਸੰਸਾਰ ਦੀ ਸਮਾਜਿਕ, ਦਾਰਸ਼ਨਿਕ, ਇਤਿਹਾਸਕ ਅਤੇ ਸ਼ਬਦ ਸ਼ਕਤੀ ਵਿਵਸਥਾ ਵਿਚੋਂ ਮਨੁੱਖ ਦੇ ਸਿਰਜਣਾਤਮਿਕ ਵਿਕਾਸ ਨੂੰ ਲਾਂਭੇ ਕਰ ਦਿੱਤਾ ਹੈ ਅਤੇ ਉਸਦੀ ਥਾਂ ਜੰਤਰੀ ਅਤੇ ਮੰਤਰੀ ਵਿਕਾਸ ਨੇ ਲੈ ਲਈ ਹੈ। ਮਾਨਵ ਆਪਣੀ ਬੁਨਿਆਦੀ ਹੋਂਦ ਅਤੇ ਸਿਰ-ਜਨਾਤਮਿਕ ਸ਼ਕਤੀ ਦੇ ਨੁਕਤੇ ਤੋਂ ਭਟਕ ਗਿਆ ਹੈ ਜਾਂ ਭਟਕਾ ਦਿੱਤਾ ਗਿਆ ਹੈ। ਇਥੇ ਸਿਆਸਤ ਕੰਮ ਕਰ ਰਹੀ ਹੈ। ਹਾਕਮ ਸਿਆਸੀ ਤਾਕਤ ਕਾਇਮ ਰੱਖਣ ਲਈ, ਕਿਧਰੇ ਰਾਸ਼ਟਰਵਾਦ ਕਿਧਰੇ ਕੱਟੜਤਾ, ਦਾ ਨਾਹਰਾ ਦੇ ਕੇ ਸਮਾਜ ਨੂੰ ਪ੍ਰਭਾਵਤ ਕਰਦਾ ਹੈ ਅਤੇ ਉਸ ਕਿਸਮ ਦੇ ਸਾਹਿਤ ਨੂੰ ਉਤਸ਼ਾਹਤ ਕਰਦਾ ਹੈ ਜੋ ਉਸਦੇ ਹਿੱਤਾਂ ਦੀ ਪੂਰਤੀ ਲਈ ਲਾਹੇਬੰਦ ਹੈ। ਇੱਕ ਕੌਮ, ਇੱਕ ਭਾਸ਼ਾ, ਇੱਕ ਸਭਿਆਚਾਰ ਦਾ ਪ੍ਰਚਾਰ ਇਸੇ ਤੱਥ ਦੀ ਤਰਜ਼ਮਾਨੀ ਕਰਦਾ ਹੈ।

ਕੌਮੀਅਤਾਂ ਦਾ ਮਸਲਾ ਭਾਰਤ ਦੀਆਂ ਵੱਖ-ਵੱਖ ਕੌਮੀਅਤਾਂ ਦੇ ਸੰਦਰਭ ਵਿੱਚ ਸਿਆਸੀ ਬਣ ਗਿਆ ਹੈ। ਕੇਂਦਰੀ ਸ਼ਕਤੀ ਦੀਆਂ ਮੁਦੱਈ ਰਾਜਨੀਤਕ ਸ਼ਕਤੀਆਂ ਭਾਰਤ ਨੂੰ ਵੱਖ-ਵੱਖ ਕੌਮੀਅਤਾਂ, ਭਾਸ਼ਾਈ ਇਕਾਈਆਂ, ਸਭਿਆਚਾਰਕ ਬਹੁ ਬਚਨੀ ਵਖਰੇਵਿਆਂ ਨੂੰ ਮਾਨਤਾ ਨਹੀਂ ਦਿੰਦੀਆਂ ਸਗੋਂ ਇੱਕ ਕੌਮ, ਇੱਕ ਭਾਸ਼ਾ, ਇੱਕ ਸਭਿਆਚਾਰਕ ਦਾ ਪ੍ਰਚਾਰ ਹੀ ਨਹੀਂ ਕਰਦੀਆਂ ਸਗੋਂ ਰਾਜ ਸ਼ਕਤੀ ਦੇ ਆਸਰੇ ਬਹੁ- ਕੌਮਾਂ, ਭਾਸ਼ਾਵਾਂ ਅਤੇ ਸਭਿਆਚਾਰਾਂ ਨੂੰ ਜਬਰੀ ਖ਼ਤਮ ਕਰਨ ਦੇ ਰਾਹ ਪਈਆਂ ਹਨ। ਸਿਆਸੀ ਚੇਤਨਾ ਨਾਲ ਉਤਪੋਤ ਸਾਹਿਤਕਾਰ, ਲੋਕ ਹਿੱਤਾਂ ਦੀ ਖ਼ਾਤਰ ਅਨਿਆ ਦੇ ਵਿਰੋਧ ਵਿੱਚ ਖੜ੍ਹਦੇ ਹਨ। ਸਾਹਿਤ ਰਚਦੇ ਹਨ ਅਤੇ ਸਿਆਸੀ ਜਬਰ ਸਹਿੰਦੇ ਹਨ। ਭਾਰਤ ਦੇ ਕੋਨੇ-ਕੋਨੇ 'ਚ ਸਾਹਿਤਕਾਰ, ਬੁੱਧੀਜੀਵੀ, ਪੱਤਰਕਾਰ ਮੌਜੂਦਾ ਹਾਕਮਾਂ ਵਲੋਂ ਚਲਾਏ ਦੇਸ਼ ਧ੍ਰੋਹ ਦੇ ਮੁਕੱਦਮਿਆਂ ਦਾ ਸਾਹਮਣਾ ਕਰਦੇ ਹੋਏ ਵੀ ਕੌਮੀਅਤਾਂ ਦੀ ਖ਼ੁਦ ਮੁਖਤਾਰ ਅਤੇ ਲੋਕ ਇਨਸਾਫ ਦਾ ਝੰਡਾ ਉਚਾ ਕਰੀ ਰੱਖਦੇ ਹਨ।

ਇਸ ਖਿੱਤੇ ਵਿੱਚ ਚਲੀਆਂ ਹੁਣ ਤੱਕ ਦੀਆਂ ਸਾਰੀਆਂ ਰਾਜਸੀ, ਧਾਰਮਿਕ, ਆਰਥਿਕ ਲਹਿਰਾਂ ਅਤੇ ਇਸ ਦੌਰਾਨ ਰਚੇ ਸਾਹਿਤ ਦਾ ਵਿਸਥਾਰ ਨਾਲ ਮੁਲੰਕਣ, ਲੇਖਾ-ਜੋਖਾ ਕਰਕੇ ਇਹ ਗੱਲ ਸਹਿਜੇ ਹੀ ਪ੍ਰਵਾਨ ਕਰਨ ਯੋਗ ਹੈ ਕਿ ਸਾਹਿਤ ਸਮਾਜ ਦਾ ਸ਼ੀਸ਼ਾ ਹੈ (ਲੈਨਿਨ)। ਇਸੇ ਗੱਲ ਨੂੰ ਅੱਗੇ ਤੋਰਦਿਆਂ ਟਰਾਟਸਕੀ ਕਹਿੰਦਾ ਹੈ ਕਿ ਸਾਹਿਤ ਸ਼ੀਸ਼ੇ ਵਿੱਚ ਸਮਾਜਕ ਵਿਵਸਥਾ ਦੀ ਸਥਿਤੀ ਨੂੰ ਦੇਖਦੇ ਉਸ ਵਿਚਲੇ ਚਿੱਬਾਂ ਨੂੰ ਠੀਕ ਕਰਨ ਲਈ ਇੱਕ ਹਥੋੜਾ ਵੀ ਹੈ। ਇਸੇ ਲਈ ਜਦੋਂ ਸਾਹਿਤਕ ਹਥੋੜਾ ਚੱਲਦਾ ਹੈ, ਤਾਂ ਸਿਆਸੀ ਧਿਰ ਉਪਰਾਮ ਹੁੰਦੀ ਹੈ ਅਤੇ ਸਾਹਿਤ ਨੂੰ ਆਪਣੇ ਨਿਸ਼ਾਨੇ 'ਤੇ ਲਿਆਉਂਦੀ ਹੈ। ਇਥੇ ਇਹ ਗੱਲ ਵੀ ਕਹਿਣੀ ਬਣਦੀ ਹੈ ਕਿ ਰਾਜਨੀਤੀ ਲੋਕਾਂ 'ਤੇ ਸਾਸ਼ਨ ਕਰਨ ਦੀ ਗੱਲ ਕਰਦੀ ਹੈ ਪਰ ਸਾਹਿਤ ਲੋਕਾਂ ਦੇ ਹਿੱਤ 'ਚ ਭੁਗਤਦਾ ਹੈ।

ਪੰਜਾਬ ਵਿੱਚ ਸਮਾਜਿਕ ਅਤੇ ਰਾਜਨੀਤਕ ਬਦਲਾਅ ਲਿਆਉਣ ਲਈ ਪੰਜਾਬੀ ਕਵੀਆਂ, ਪਾਸ਼, ਲਾਲ ਸਿੰਘ ਦਿਲ, ਸੰਤ ਰਾਮ ਉਦਾਸੀ, ਸੰਤ ਸੰਧੂ, ਰਵਿੰਦਰ ਸਹਿਰਾਅ ਵਰਗੇ ਦਰਜ਼ਨਾਂ ਕਵੀਆਂ ਨੇ ਲੋਕ ਚੇਤਨਾ ਪੈਦਾ ਕਰਨ ਦਾ ਯਤਨ ਕੀਤਾ, ਪਰ ਉਹ ਸਿਆਸੀ ਦੰਭ ਦਾ ਸ਼ਿਕਾਰ ਹੋਏ। ਸਟੇਟ ਪਾਵਰ ਨੇ ਉਹਨਾ ਦੀ ਆਵਾਜ਼ ਕੁਚਲਣ ਦਾ ਯਤਨ ਕੀਤਾ। ਜਸਵੰਤ ਸਿੰਘ ਕੰਵਲ ਆਪਣੇ ਲੋਕਾਂ ਦੀ ਸੰਘਰਸ਼ੀ ਧੁਨੀ ਦੀ ਪਛਾਣ ਕਰਦਿਆਂ ਰਾਤ ਬਾਕੀ ਹੈ, ਤਾਰੀਖ ਵੇਖਦੀ ਹੈ, ਲਹੂ ਦੀ ਲੋਅ, ਐਨਿਆਂ 'ਚੋਂ ਉਠਿਆ ਸੂਰਮਾ ਆਦਿ ਸਫ਼ਲ ਸਿਆਸੀ ਸੰਗਰਾਮਾਂ ਦੇ ਨਾਵਲਾਂ ਦੀ ਰਚਨਾ ਕਰਦਾ ਹੈ।

ਪੰਜਾਬ ਸਦਾ ਰਾਜਨੀਤਕ, ਆਰਥਿਕ, ਸਮਾਜਿਕ ਅਤੇ ਸਭਿਆਚਾਰਕ ਸੰਘਰਸ਼ਾਂ ਦੀ ਕਰਮ ਭੂਮੀ ਰਿਹਾ ਹੈ, ਮੁਜਾਹਰਾ ਲਹਿਰ, ਕਿਰਤੀ-ਕਿਰਸਾਨ ਲਹਿਰ, ਪਰਜਾ ਮੰਡਲ ਲਹਿਰ, ਖੁਸ਼ ਹੈਸੀਅਤ ਟੈਕਸ ਵਿਰੋਧੀ ਲਹਿਰ ਅਤੇ ਮੌਜੂਦਾ ਤਿੰਨ ਖੇਤੀ ਕਾਨੂੰਨਾਂ ਵਿਰੁੱਧ ਲਹਿਰ ਨੂੰ ਧਿਆਨ 'ਚ ਰੱਖਦਿਆਂ ਲੇਖਕਾਂ ਨੇ ਸਾਹਿਤ ਰਚਨਾ ਕੀਤੀ। ਇਹ ਲੋਕ ਸਰੋਕਾਰਾਂ ਨੂੰ ਪਰਨਾਈ ਵਿਹਰਮੀ-ਸੁਰ ਵਾਲਾ ਸਾਹਿਤ ਹੈ।

ਸਾਹਿਤ ਅਤੇ ਰਾਜਨੀਤੀ ਜਾਂ ਸਿਆਸਤ ਦਾ ਮੁਢ ਕਦੀਮ ਤੋਂ ਆਪਸ ਵਿੱਚ ਟੱਕਰ ਰਹੀ। ਰਾਜਨੀਤੀ ਮਨੁੱਖ ਨੂੰ ਅਧੀਨ ਕਰਨ ਦੀ ਕੋਸ਼ਿਸ਼ ਕਰਦੀ ਹੈ ਜਦੋਂ ਕਿ ਸਾਹਿਤ ਆਜ਼ਾਦੀ ਦਾ ਹਾਮੀ ਹੈ। ਸਿਆਸਤ ਨੇ ਸਾਹਿਤ ਨੂੰ ਲੋਕ ਹਿੱਤ ਵਰਤਣ ਦੀ ਵਿਜਾਏ ਆਪਣੇ ਹਿੱਤਾਂ ਲਈ ਵਰਤਣ ਦੀ ਕੋਸ਼ਿਸ਼ ਕੀਤੀ। ਪੰਜਾਬ ਵਿੱਚ ਬਾਬਾ ਫਰੀਦ ਜੀ ਦੇ ਸਲੋਕ ਵਿੱਚ ਬਗਾਵਤੀ ਸੁਰ ਦਿਸਦੀ ਹੈ, ਜਦੋਂ ਉਹਨਾ ਕਿਹਾ:-

ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਦੇਹਿ
ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ।

ਗੁਰਮਿਤ ਸਾਹਿਤ ਵਿੱਚ ਵੀ ਅਨੇਕਾਂ ਉਦਾਹਰਨਾਂ ਮਿਲਦੀਆਂ ਹਨ ਜਿਵੇਂ ਕਬੀਰ, ਬਾਬਾ ਨਾਨਕ ਨੇ ਅਪਾਣੇ ਸਾਹਿਤ ਵਿੱਚ ਰਾਜਨੀਤੀ ਦੀਆਂ ਬੁਰੀਆਂ ਅਲਾਮਤਾਂ ਦੀਆਂ ਧੱਜੀਆਂ ਉਡਾਈਆਂ ਹਨ। ਬਾਬਾ ਨਾਨਕ ਨੇ ਉਸ ਸਮੇਂ ਦੇ ਸਾਸ਼ਕਾਂ ਨੂੰ ਸਿੱਧੇ ਤੌਰ 'ਤੇ ਵੰਗਾਰਿਆ ਸੀ।

'ਰਾਜੇ ਸ਼ੀਹ ਮੁਕੱਦਮ ਕੁਤੇ,
ਜਾਇ ਜਗਾਇਨ ਬੈਠੇ ਸੁੱਤੇ'
'ਏਤੀ ਮਾਰ ਪਈ ਕੁਰਲਾਣੇ
ਤੈ ਕਿ ਦਰਦ ਨਾ ਆਇਆ'।

ਬਾਬਰ ਦਾ ਅਤਿਆਚਾਰ ਦੇਖਦੇ ਹੋਏ ਉਹਨਾ ਨੇ ਉਸ ਸਮੇਂ ਦੀ ਰਾਜਨੀਤੀ ਨੂੰ ਲੋਕ ਹਿੱਤ ਵਿੱਚ ਨਾ ਹੋਣ ਕਰਕੇ ਪੂਰੀ ਤਰ੍ਹਾਂ ਭੰਡਿਆ। ਸ਼ਾਹ ਮੁਹੰਮਦ ਨੇ ਅਗਰੇਜ਼ਾਂ ਤੇ ਸਿੱਖਾਂ ਦੀ ਲੜਾਈ ਦਾ ਬਿਆਨ ਆਪਣੀਆਂ ਲਿਖਤਾਂ ਵਿੱਚ ਜ਼ਿਕਰ ਕੀਤਾ-

ਸ਼ਾਹ ਮੁਹੰਮਦਾ ਇੱਕ ਸਰਕਾਰ ਬਾਝੋਂ ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ...।

ਇਹ ਵੀ ਜ਼ਿੰਦਗੀ ਸਾਹਿਤ 'ਤੇ ਸਿਆਸਤ ਦਾ ਇੱਕ ਦਸਤਾਵੇਜ਼ ਹੈ। ਅੰਮ੍ਰਿਤਾ ਪ੍ਰੀਤਮ ਦੀ ਕਵਿਤਾ 'ਅੱਜ ਆਖਾ ਵਾਰਸ ਸ਼ਾਹ ਨੂੰ' ਵੀ ਇੱਕ ਰਾਜਨੀਤੀ ਜਾਂ ਸਿਆਸਤ ਨੂੰ ਵੰਗਾਰ ਸੀ। ਹੁਣ ਵੀ ਜਦੋਂ ਰਾਜਨੀਤੀ ਲੋਕ ਹਿੱਤ ਵਿੱਚ ਨਹੀਂ ਤੁਰਦੀ ਉਸ ਖਿਲਾਫ਼ ਸਾਹਿਤ ਮੈਦਾਨ ਵਿੱਚ ਨਿਤਰਦਾ ਹੈ-ਕਵੀ, ਲੇਖਕ, ਨਾਟਕਕਾਰ ਆਪਣੀਆਂ ਰਚਨਾਵਾਂ ਰਾਹੀਂ ਇਸ ਦਾ ਵਿਰੋਧ ਕਰਕੇ ਨੀਤੀਆਂ ਬਦਲਣ ਲਈ ਸੁਝਾਅ ਦਿੰਦੇ ਹਨ। ਨਿਡਰ ਹੋ ਕੇ ਮੈਦਾਨ ਵਿੱਚ ਆਉਂਦੇ ਹਨ ਭਾਵੇਂ ਬਹੁਤ ਵਿਚਰਵਾਨਾਂ ਨੂੰ ਜੇਲ੍ਹਾਂ ਦੇ ਦਰਵਾਜ਼ੇ ਅੰਦਰ ਡੱਕਿਆ ਜਾਂਦਾ ਹੈ। ਬਹੁਤ ਸਾਰੇ ਸਾਹਿਤਕਾਰ ਜੇਲ੍ਹਾਂ ਵਿੱਚ ਸ਼ਹੀਦ ਵੀ ਹੋਏ ਤੇ ਹੋ ਰਹੇ ਹਨ। ਇਸਤੇ ਤਰ੍ਹਾਂ ਸਾਹਿਤ ਤੇ ਸਿਆਸਤ ਇੱਕ ਦੂਜੇ ਨੂੰ ਪ੍ਰਭਾਵਤ ਕਰਦੇ ਰਹਿੰਦੇ ਹਨ।

"ਰਾਜੇ ਸ਼ੀਹ ਮੁਕੱਦਮ ਕੁਤੇ" ਵਰਗੇ ਸ਼ਬਦ ਅਪਨਾਉਣ, ਸੱਚ ਨੂੰ ਪ੍ਰਚਾਰਣ ਲਈ ਗੁਰੂ ਨਾਨਕ ਦੇਵ ਜੀ ਨੂੰ ਚੱਕੀਆਂ ਪੀਸਣੀਆਂ ਪਈਆਂ। ਗੁਰੂ ਅਰਜਨ ਦੇਵ ਜੀ ਨੂੰ ਤੱਤੀਆਂ ਤਵੀਆਂ 'ਤੇ ਬੈਠਣਾ ਪਿਆ, ਗੁਰੂ ਤੇਗ ਬਹਾਦਰ ਜੀ ਨੂੰ ਚਾਂਦਨੀ ਚੌਂਕ 'ਚ ਸੀਸ ਭੇਟ ਕਰਨਾ ਪਿਆ, ਗੁਰੂ ਗੋਬਿੰਦ ਸਿੰਘ ਜੀ ਨੂੰ ਸਰਬੰਸ ਵਾਰਨਾ ਪਿਆ। ਇਹ ਕੁਰਬਾਨੀਆਂ ਹੱਕ ਸੱਚ ਲਈ ਅਮੀਰ-ਗਰੀਬ, ਕਿਰਤੀ-ਵਿਹਲੜ, ਭਾਗੋ ਤੇ ਲਾਲੋ ਦੀ ਜਮਾਤੀ ਲੜਾਈ ਹੈ। ਇਸ 'ਚ ਲੋਕ ਹਿਤੈਸ਼ੀ 'ਸੱਚ ਸੁਣਾਇਸੀ ਸੱਚ ਦਾ ਵੇਲਾ' ਦੀ ਭਾਵਨਾ ਹੈ। ਸਿਆਸੀ ਦੰਭ ਨੂੰ ਇੱਕ ਲਲਕਾਰ ਹੈ। ਵਿਭਚਾਰੀ, ਭ੍ਰਿਸ਼ਟ ਸਿਆਸਤ ਨੂੰ ਸਿੱਧਾ ਚੈਲਿੰਜ ਹੈ ਅਤੇ ਭੈੜੇ ਸਿਆਸੀ ਤਾਣੇ-ਬਾਣੇ ਉਤੇ ਸਿੱਧੀ ਸੱਟ ਹੈ।

ਇਹ ਗੱਲ ਸਮਝਣ ਵਾਲੀ ਹੈ ਕਿ ਮਨੁੱਖੀ ਜ਼ਿੰਦਗੀ ਇੱਕ ਆਵੇਸ਼, ਅਕਸ, ਛਾਇਆ ਜਾਂ ਕਲਪਨਾ ਨਹੀਂ ਹੈ। ਸਗੋਂ ਇੱਕ ਪ੍ਰਵੇਸ਼-ਗੁਣ ਭਰਪੂਰ ਗਤੀਸ਼ੀਲਤਾ ਹੈ ਜੋ ਟਿਮਟਮਾਉਣ, ਵਿਗਸਣ, ਬਿਨਸਨ ਦੇ ਨਾਲ-ਨਾਲ ਸ਼ਬਦ ਗ੍ਰੰਥ, ਸਮਾਜ, ਇਤਿਹਾਸ ਅਤੇ ਦਰਸ਼ਨ ਦੀ ਸਿਰਜਨਾ ਅਤੇ ਸੰਭਾਲ ਕਰਦੀ ਹੈ। ਮਾਨਵ ਪ੍ਰਕਿਤਰਿਕ ਆਵੇਸ਼ ਦਾ ਭਾਗ ਹੈ। ਉਹ ਇਸ ਵਿੱਚ ਵਿਵੇਕ ਭਰਪੂਰ ਪ੍ਰਵੇਸ਼ ਕਰਦਿਆਂ ਵਿਪਰਿਤ ਸਥਿਤੀਆਂ ਨਾਲ ਨਿਰੰਤਰ ਟਕਰਾਓ, ਤਣਾਓ ਅਤੇ ਸੰਘਰਸ ਵਿੱਚ ਰਹਿੰਦਾ ਹੈ। ਚੇਤਨਾ ਦਾ ਸੰਘਰਸ਼ ਉਸਨੂੰ ਸਾਹਿਤ ਰਚਨਾ ਲਈ ਪ੍ਰੇਰਿਤ ਕਰਦਾ ਹੈ। ਇਹੋ ਹੀ ਕਾਰਨ ਹੈ ਕਿ ਭਾਰਤੀ ਸਮਾਜਿਕ ਵਿਵਸਥਾ ਵਿੱਚ ਭ੍ਰਿਸ਼ਟਾਚਾਰ, ਦੁਰ-ਅਚਾਰ, ਰਾਜਨੀਤਕ ਮਕਾਰੀ, ਆਰਥਿਕ ਨਾ ਬਰਾਬਰੀ, ਜਾਤੀ-ਪਾਤੀ ਪ੍ਰਥਾ, ਮਿਹਨਤ ਦੀ ਲੁੱਟ, ਅਨੈਤਿਕ ਜਿਨਸੀ ਰਿਸ਼ਤਿਆਂ, ਸਭਿਆਚਾਰਕ ਗਿਰਾਵਟ, ਅਣ-ਮਨੁੱਖੀ ਵਿਵਹਾਰ ਨੂੰ ਹੀ ਸਾਹਿਤਕਾਰਾਂ ਨੇ ਨਿਸ਼ਾਨਾ ਨਹੀਂ ਬਣਾਇਆ ਸਗੋਂ ਇਸ ਵਰਤਾਰੇ ਵਿਰੁੱਧ ਸੰਘਰਸ਼ ਕਰਦੇ ਮਨੁੱਖ ਦੀ ਜਿੱਤ ਨੂੰ ਧੁਨੀ ਦੀ ਮਾਨਤਾ ਦਿੱਤੀ ਹੈ, ਇਥੋਂ ਤੱਕ ਕਿ ਪੰਜਾਬੀ ਮੱਧ ਕਾਲੀ ਕਿੱਸਾ ਕਾਵਿ ਦੀਆਂ ਪ੍ਰੀਤ ਕਥਾਵਾਂ ਹੀਰ-ਰਾਂਝਾਂ, ਸੱਸੀ ਪੰਨੂ, ਲੈਲਾ-ਮਜਨੂੰ, ਮਿਰਜ਼ਾ-ਸਾਹਿਬਾ ਆਦਿ ਦਾ ਕੇਂਦਰੀ ਪ੍ਰਤੀਕ ਸਿਰੜੀ ਅਤੇ ਸਿਦਕ ਦਿਲੀ ਵਾਲਾ ਰਿਹਾ ਹੈ। ਪ੍ਰਿੰਸੀਪਲ ਸੰਤ ਸਿੰਘ ਸੇਖੋਂ ਅਨੁਸਾਰ ਸਾਡੀਆਂ ਇਨ੍ਹਾਂ ਪ੍ਰਾਚੀਨ ਅਤੇ ਮੱਧ ਕਾਲੀਨ ਕਥਾਵਾਂ ਵਿਚਲਾ ਪ੍ਰਤੀਕ ਲੋਕ-ਮਿੱਤਰਤਾ ਵਾਲਾ ਰਿਹਾ ਹੈ ਜਿਸਦਾ ਅਰਥ ਮਨੁੱਖ ਦੁਆਰਾ ਆਪਣੇ ਅਧਿਕਾਰ ਜਾਂ ਇੱਛਾ ਦੀ ਪ੍ਰਾਪਤੀ ਲਈ ਪ੍ਰਕਿਰਤੀ ਜਾਂ ਸਮਾਜ ਉਸਾਰੀ ਦੀਆਂ ਵਿਰੋਧਤਾਈਆਂ ਵਾਲਾ ਹੈ।

ਇਸ ਸਮੇਂ ਸਾਹਿਤ, ਰਾਜਨੀਤੀ ਦੇ ਪਰਛਾਵੇਂ ਹੇਠ ਹੈ। ਨਿਰਪੱਖ ਪੱਤਰਕਾਰੀ, ਲੇਖਨੀ ਦੀ ਗੱਲ ਪ੍ਰਚਾਰੀ ਜਾ ਰਹੀ ਹੈ। ਜਦਕਿ ਇਹ ਸਪਸ਼ਟ ਹੈ ਕਿ ਸਾਹਿਤ,ਪੱਤਰਕਾਰੀ ਨਿਰਪੱਖ ਨਹੀਂ ਹੁੰਦੀ, ਉਹ ਜਾਂ ਤਾਂ ਲੋਕ ਹਿਤੈਸ਼ੀ ਹੁੰਦੀ ਹੈ ਜਾਂ ਲੋਕ ਵਿਰੋਧੀ। ਅੱਜ ਜਦੋਂ ਸਮਕਾਲ ਵਿੱਚ ਫਿਰਕਪ੍ਰਸਤੀ, ਧਾਰਮਿਕ ਕਾਨੂੰਨ ਪੁਨਰ ਸੁਰਜੀਤੀ ਦੀ ਮਾਨਸਿਕਤਾ ਦੜ ਦੜਾਉਂਦੀ ਫਿਰਦੀ ਹੈ। ਨਾਲ ਹੀ ਸਿਆਸਤ ਵਿੱਚ ਭ੍ਰਿਸ਼ਟਾਚਾਰ, ਬਦ ਦਿਆਨਤਕਾਰੀ ਦਾ ਬੋਲਬ-ਾਲਾ ਹੈ ਅਤੇ ਭਾਰਤ ਦਾ ਹਰ ਸਧਾਰਨ ਮਨੁੱਖ ਕਾਲਾ ਬਜ਼ਾਰੀ, ਬੇਰੁਜ਼ਗਾਰੀ, ਮਾਨਸਿਕ ਗੁਲਾਮੀ, ਆਰਥਿਕ ਲੁੱਟ ਦੇ ਪੁੜਾਂ 'ਚ ਪਿੱਸ ਰਿਹਾ ਹੈ ਤਾਂ ਲੇਖਕ ਦਾ ਫਰਜ਼ ਬਣਦਾ ਹੈ ਕਿ ਉਹ ਇਸ ਪ੍ਰਸੰਗਕ ਸੱਚ ਨੂੰ ਬਿਆਨ ਹੀ ਨਾ ਕਰੇ ਸਗੋਂ ਪ੍ਰਸੰਗਕਤਾ ਦੀ ਸਥਿਤੀ ਚੋਂ ਲੋਕਾਂ ਨੂੰ ਮੁਕਤ ਕਰਨ ਦਾ ਰਾਹ ਉਲੀਕੇ। ਮੈਂ ਰਸੂਲ ਹਮਜ਼ਾਤੋਵ ਦੇ ਇਸ ਕਥਨ "ਇਹ ਨਾ ਕਹੋ ਕਿ ਮੈਨੂੰ ਵਿਸ਼ਾ ਦੇਓ, ਸਗੋਂ ਇਹ ਕਹੋ ਕਿ ਮੈਨੂੰ ਅੱਖਾਂ ਦਿਓ" ਨਾਲ ਆਪਣੇ ਵਿਚਾਰ ਸਮਾਪਤ ਕਰਦਾ ਹਾਂ।

**30 ਅਗਸਤ ਨੂੰ ਜਨਮ ਦਿਨ 'ਤੇ ਵਿਸ਼ੇਸ਼**



– ਲੇਖਕ –
ਭਗਵਾਨ ਸਿੰਘ ਜੌਹਲ
Email:bhagwansinghjohal@gmail.com

# ਮਹਾਨ ਕੋਸ਼ ਦੇ ਰਚੇਤਾ ਸ਼੍ਰੋਮਣੀ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ



ਸਿੱਖ ਧਾਰਮਿਕ ਗ੍ਰੰਥਾਂ, ਦੂਜੇ ਧਰਮਾਂ ਦੇ ਧਾਰਮਿਕ ਗ੍ਰੰਥਾਂ, ਅਧਿਆਤਮਿਕ ਵਿਚਾਰਧਾਰਾ ਨੂੰ ਅਸਲ ਰੂਪ ਵਿੱਚ ਜਾਨਣ ਲਈ ਜਿਹੜਾ ਕਾਰਜ ਭਾਈ ਕਾਨ੍ਹ ਸਿੰਘ ਨਾਭਾ ਨੇ ਕੀਤਾ, ਉਸ ਦਾ ਅੱਜ ਤੱਕ ਕੋਈ ਬਦਲ ਨਹੀਂ। ਇਹ ਸਮੁੱਚਾ ਕਾਰਜ ਉਨ੍ਹਾਂ 20ਵੀਂ ਸਦੀ ਦੇ ਪਹਿਲੇ ਅੱਧ ਵਿੱਚ ਸੰਪੂਰਨ ਕੀਤਾ। ਬਹੁਤ ਸਾਰੇ ਧਾਰਮਿਕ ਗ੍ਰੰਥਾਂ ਦੇ ਰਚੇਤਾ ਭਾਈ ਕਾਨ੍ਹ ਸਿੰਘ ਨਾਭਾ ਨੂੰ ਮਹਾਨ ਕੋਸ਼ ਦੀ ਰਚਨਾ ਕਰਕੇ ਜਿਹੜੀ ਪ੍ਰਸਿੱਧੀ ਪ੍ਰਾਪਤ ਹੋਈ, ਇਸ ਵੱਡੇ ਕਾਰਜ ਕਰਕੇ ਭਵਿੱਖ ਵਿੱਚ ਵੀ ਉਨ੍ਹਾਂ ਨੂੰ ਅਜਿਹਾ ਸਤਿਕਾਰ ਤੇ ਮਾਣ ਮਿਲਦਾ ਰਹੇਗਾ। ਆਪ ਦਾ ਜਨਮ 30 ਅਗਸਤ, 1861 ਈ: ਵਿੱਚ ਪਟਿਆਲਾ ਰਿਆਸਤ ਦੇ ਪਿੰਡ ਸਬਜ਼-ਬਨੇਰਾ ਵਿੱਚ ਭਾਈ ਨਾਰਾਇਣ ਸਿੰਘ ਦੇ ਘਰ ਮਾਤਾ ਹਰਿ ਕੌਰ ਦੀ ਕੁੱਖ ਤੋਂ ਹੋਇਆ ਸੀ। ਆਪ ਜੀ ਦੇ ਪਿਤਾ ਜੀ ਉਸ ਸਮੇਂ ਨਾਭਾ ਸ਼ਹਿਰ ਦੇ ਪ੍ਰਸਿੱਧ ਧਾਰਮਿਕ ਅਸਥਾਨ ਗੁਰਦੁਆਰਾ ਬਾਬਾ ਅਜੈਪਾਲ ਸਿੰਘ ਦੇ ਪ੍ਰਬੰਧਕ ਵਜੋਂ ਡਿਊਟੀ ਨਿਭਾਉਂਦੇ ਸਨ। ਪਿਤਾ ਜੀ ਦੇ ਪ੍ਰਭਾਵ ਕਾਰਨ ਉਨ੍ਹਾਂ ਮੁੱਢਲੀ ਗੁਰਮਤਿ ਵਿੱਦਿਆ ਭਾਈ ਰੂਪ ਸਿੰਘ ਤੋਂ ਅਤੇ ਸੰਸਕ੍ਰਿਤ ਬਾਬਾ ਕਲਿਆਣ ਦਾਸ ਤੋਂ ਪ੍ਰਾਪਤ ਕੀਤੀ। ਨਾਭਾ ਰਿਆਸਤ ਦੇ ਵਿਦਵਾਨ ਉਨ੍ਹਾਂ ਦੇ ਪਿਤਾ ਜੀ ਦਾ ਬਹੁਤ ਸਤਿਕਾਰ ਕਰਦੇ ਸਨ, ਇਸੇ ਕਰਕੇ 15 ਕੁ ਸਾਲ ਦੀ ਉਮਰ ਵਿੱਚ ਹੀ ਘਰ ਆਉਣ ਜਾਣ ਵਾਲੇ ਵਿਦਵਾਨ ਦੀ ਸੰਗਤ ਕਰਕੇ ਉਹ ਵਿਦਵਾਨਾਂ ਵਿੱਚ ਸਤਿਕਾਰੇ ਜਾਣ ਲੱਗੇ। ਇਸ ਤੋਂ ਅਗਲੇ ਦੋ ਤਿੰਨ ਸਾਲ ਉਨ੍ਹਾਂ ਦਿੱਲੀ, ਲਖਨਊ ਅਤੇ ਲਾਹੌਰ ਰਹਿ ਕੇ ਫ਼ਾਰਸੀ ਅਤੇ ਅੰਗ੍ਰੇਜ਼ੀ ਦੀ ਤਾਲੀਮ ਹਾਸਲ ਕੀਤੀ।

ਭਾਈ ਕਾਨ੍ਹ ਸਿੰਘ ਨਾਭਾ ਨੇ ਭਰ ਜਵਾਨੀ ਤੱਕ ਪੰਜਾਬੀ, ਹਿੰਦੀ, ਸੰਸਕ੍ਰਿਤ, ਉਰਦੂ, ਫ਼ਾਰਸੀ ਅਤੇ ਅੰਗ੍ਰੇਜ਼ੀ ਛੇ ਭਾਸ਼ਾਵਾਂ ਵਿੱਚ ਮੁਹਾਰਤ ਹਾਸਲ ਕਰ ਲਈ। ਉਨ੍ਹਾਂ ਦੇ ਜਵਾਨੀ ਦੇ ਦਿਨਾਂ ਵਿੱਚ ਸਿੰਘ ਸਭਾ ਲਹਿਰ ਦੀਆਂ ਸਰਗਰਮੀਆਂ ਸ਼ੁਰੂ ਹੋ ਗਈਆਂ। 1883 ਈ: ਵਿੱਚ ਉਨ੍ਹਾਂ ਪ੍ਰੋ: ਗੁਰਮੁੱਖ ਸਿੰਘ ਤੋਂ ਪ੍ਰਭਾਵਿਤ ਹੋ ਕੇ ਆਪਣੀਆਂ ਰਚਨਾਵਾਂ ਵਿੱਚ ਸਿੱਖ ਧਰਮ ਨੂੰ ਨਿਵੇਕਲੇ ਧਰਮ ਵਜੋਂ ਪ੍ਰਚਾਰਨਾ ਆਰੰਭ ਕੀਤਾ। 1884 ਈ: ਵਿੱਚ ਜਦੋਂ ਆਪ ਵਾਪਸ ਨਾਭਾ ਪੁੱਜੇ ਤਾਂ ਮਹਾਰਾਜਾ ਨਾਭਾ ਨੇ ਉਨ੍ਹਾਂ ਦੀ ਯੋਗਤਾ ਅਨੁਸਾਰ ਉਨ੍ਹਾਂ ਨੂੰ ਰਾਜ ਸਰਕਾਰ ਦੇ ਪ੍ਰਬੰਧਕੀ ਢਾਂਚੇ ਵਿੱਚ ਲੈ ਆਂਦਾ। ਉਹ ਨਾਭਾ ਹਾਈ ਕੋਰਟ ਦੇ ਜੱਜ, ਮੈਂਬਰ ਜੁਡੀਸ਼ੀਅਲ ਕੌਂਸਲ ਨਾਭਾ, ਪੁਲਿਟੀਕਲ ਏਜੰਸੀ ਦੇ ਵਕੀਲ ਵਜੋਂ ਪਟਿਆਲਾ ਵਿੱਚ ਤਾਇਨਾਤ ਰਹੇ। ਇਕ ਸਮੇਂ ਭਾਈ ਸਾਹਿਬ ਟਿੱਕਾ ਰਿਪੁਦਮਨ ਸਿੰਘ ਦੇ ਉਸਤਾਦ ਵੀ ਰਹੇ। ਇਸੇ ਦੌਰਾਨ ਆਪ ਕਈ ਵਾਰ ਇੰਗਲੈਂਡ ਵੀ ਗਏ।

ਭਾਈ ਕਾਨ੍ਹ ਸਿੰਘ ਨਾਭਾ ਦੇ ਕੋਸ਼ ਨੂੰ ਸੰਪੂਰਨਤਾ ਦੇਣ ਵਾਲੇ ਮਹਾਨ ਵਿਦਵਾਨਾਂ ਵਿੱਚ ਮਹੰਤ ਭਾਈ ਬਿਸ਼ਨ ਸਿੰਘ, ਪੰਡਿਤ ਕ੍ਰਿਸ਼ਨ ਦਾਸ ਉਦਾਸੀ, ਪ੍ਰੋ: ਤੇਜਾ ਸਿੰਘ, ਪ੍ਰਿੰਸੀਪਲ ਧਰਮਾਨੰਤ ਸਿੰਘ, ਮਹਾਰਾਜਾ ਦਲਜੀਤ ਸਿੰਘ ਕਪੂਰਥਲਾ ਸ. ਮੁਕੰਦ ਸਿੰਘ ਇੰਜੀਨੀਅਰ ਸ਼ਿਮਲਾ, ਭਾਈ ਮੋਹਨ ਸਿੰਘ ਵੈਦ ਤਰਨਤਾਰਨ, ਭਾਈ ਧਰਮ ਸਿੰਘ ਵੈਦ, ਸ. ਨੰਦ ਸਿੰਘ ਸ਼ਿਮਲਾ, ਮੌਲਵੀ ਹਕੀਮ ਮਿਰਜ਼ਾ ਮੁਹੰਮਦ ਧਨੌਲਾ, ਸ. ਕਰਮ ਸਿੰਘ ਹਿਸਟੋਰੀਅਨ, ਲਾਲਾ ਧਨੀ ਰਾਮ ਚਾਤ੍ਰਿਕ ਵਰਗੇ ਮਹਾਂਪੁਰਸ਼ਾਂ ਦੀ ਨੇਕ ਨੀਤੀ ਨਾਲ ਕੀਤੀ ਸਖ਼ਤ ਮਿਹਨਤ ਦਾ ਜ਼ਿਕਰ ਕੀਤਾ ਹੈ। ਕੋਸ਼ ਨੂੰ ਸੰਪੂਰਨਤਾ ਦੇਣ ਲਈ ਭਾਈ ਸਾਹਿਬ ਦਾ ਆਪਣਾ ਸਕੱਤਰੇਤ ਸੀ। ਅਸਲ ਵਿੱਚ ਕੋਸ਼ ਨੂੰ ਮੌਜੂਦਾ ਰੂਪ ਦੇਣ ਲਈ ਸੈਂਕੜੇ ਵਿਦਵਾਨਾਂ, ਮਹਾਂਪੁਰਸ਼ਾਂ ਦੀ ਸਖ਼ਤ ਮਿਹਨਤ ਤੇ ਲਗਨ ਨੂੰ ਕਦੇ ਵੀ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਇਸ ਦੀ ਛਪਾਈ ਲਈ ਮਹਾਰਾਜਾ ਫ਼ਰੀਦਕੋਟ ਰਾਜਾ ਬ੍ਰਿਜ ਇੰਦਰ ਸਿੰਘ ਨੇ ਜ਼ਿੰਮੇਵਾਰੀ ਲਈ ਸੀ, ਪਰ ਮਹਾਰਾਜਾ ਪਹਿਲਾਂ ਹੀ ਇਸ ਸੰਸਾਰ ਨੂੰ ਅਲਵਿਦਾ ਆਖ ਗਏ। ਮਹਾਰਾਜਾ ਰਿਪੁਦਮਨ ਸਿੰਘ ਨਾਭਾ ਦੇ ਗੱਦੀ ਤੋਂ ਲਹਿ ਜਾਣ ਕਾਰਨ ਨਾਭਾ ਸਰਕਾਰ ਨੇ ਸਹਾਇਤਾ ਦੇਣ ਤੋਂ ਇਨਕਾਰ ਕਰ ਦਿੱਤਾ

ਢੇਰ ਸਾਰੇ ਯਤਨਾਂ ਤੋਂ ਪਿੱਛੋਂ ਮਹਾਨ ਕੋਸ਼ ਨੂੰ ਛਾਪਣ ਲਈ ਮਹਾਰਾਜਾ ਭੁਪਿੰਦਰ ਸਿੰਘ ਪਟਿਆਲਾ ਨੇ ਇਕਵੰਜਾ ਹਜ਼ਾਰ ਦੇਣਾ ਪ੍ਰਵਾਨ ਕੀਤਾ। ਅਕਤੂਬਰ, 1927 ਈ: ਵਿੱਚ ਅੰਮ੍ਰਿਤਸਰ ਦੀ ਇਕ ਪ੍ਰੈਸ ਤੋਂ ਮਹਾਨ ਕੋਸ਼ ਛਪਣਾ ਸ਼ੁਰੂ ਹੋਇਆ। ਅਪ੍ਰੈਲ, 1930 ਵਿੱਚ ਇਹ ਕਾਰਜ ਮੁਕੰਮਲ ਹੋਇਆ। ਇਸ ਤੋਂ ਪਿੱਛੋਂ 3335 ਪੰਨਿਆਂ ਦੇ ਇਸ ਕੋਸ਼ ਨੂੰ ਚਾਰ ਜਿਲਦਾਂ ਵਿੱਚ ਤਿਆਰ ਕੀਤਾ ਗਿਆ। ਇਸ ਦੀ ਕੀਮਤ 110 ਰੁਪਏ ਰੱਖੀ ਗਈ। ਇਸ ਤੋਂ 30 ਸਾਲਾਂ ਪਿੱਛੋਂ 1960 ਵਿੱਚ ਇਕੋ ਜਿਲਦ ਵਿੱਚ ਭਾਸ਼ਾ ਵਿਭਾਗ ਪੰਜਾਬ ਨੇ ਇਸ ਨੂੰ ਮੁੜ ਛਾਪਿਆ ਅਤੇ 3335 ਪੰਨਿਆਂ ਨੂੰ 835 ਪੰਨਿਆਂ ਵਿੱਚ ਸਮੁੱਚੇ ਮੈਟਰ ਨੂੰ ਸਮੋ ਦਿੱਤਾ। ਇਸ ਤੋਂ ਬਿਨਾਂ ਭਾਈ ਸਾਹਿਬ ਵੱਲੋਂ ਕੀਤੇ ਨਵੇਂ ਵਾਧੇ ਦੇ 90 ਪੰਨੇ ਹੋਰ ਜੋੜ ਦਿੱਤੇ। ਇਸ ਤੋਂ ਇਲਾਵਾ 21 ਪੰਨਿਆਂ ਦੀ ਆਰੰਭ ਵਿੱਚ ਸਮੱਗਰੀ ਵੀ ਸ਼ਾਮਿਲ ਕੀਤੀ ਗਈ। ਲਗਪਗ ਛੇ ਦਰਜਨ ਤਸਵੀਰਾਂ ਅਤੇ ਪੁਰਾਤਨ ਨਕਸ਼ੇ ਵੀ ਛਾਪੇ ਗਏ। ਇਸ ਦੀ ਕੀਮਤ ਵੀ ਕੇਵਲ 42 ਰੁਪਏ ਰੱਖੀ ਗਈ। ਇਸ ਤੋਂ ਪਿੱਛੋਂ ਇਸ ਦੇ ਹੁਣ ਤੱਕ ਕਿੰਨੇ ਹੋਰ ਸੰਸਕਰਨ ਛੱਪ ਚੁੱਕੇ ਹਨ। ਨੈਸ਼ਨਲ ਬੁੱਕ ਸ਼ਾਪ ਦਿੱਲੀ ਨੇ ਵੀ ਇਸ ਨੂੰ ਪ੍ਰਕਾਸ਼ਿਤ ਕੀਤਾ ਹੈ।

ਇਸ ਮਹਾਨ ਵਿਦਵਾਨ ਦੀ ਇਸ ਖੋਜ-ਭਰਪੂਰ ਰਚਨਾਂ ਮਹਾਨ ਕੋਸ਼ ਨੂੰ ਅੱਜ ਤੱਕ ਅਧਿਕਾਰਤ ਰਚਨਾ ਵਜੋਂ ਪ੍ਰਵਾਨ ਕੀਤਾ ਜਾਂਦਾ ਹੈ। ਕਿਉਂਕਿ ਸਿੱਖ ਧਰਮ, ਸਾਹਿਤ, ਇਤਿਹਾਸ ਵਿੱਚ ਕੌਮ ਦੀਆਂ ਰੀਤੀ ਰਿਵਾਜਾਂ, ਸੱਭਿਆਚਾਰਕ ਦੇਣ ਸਬੰਧੀ ਇਸ ਤੋਂ ਪਹਿਲਾਂ ਕੋਈ ਵੀ ਇਨਸਾਈਕਲੋਪੀਡੀਆ ਨਹੀਂ ਸੀ ਮਿਲਦਾ, ਪਰ ਇਸ ਮਹਾਨ ਰਚਨਾ ਨੂੰ ਅਜੋਕੇ ਸਮੇਂ ਮੁਤਾਬਿਕ ਵਾਪਰੀਆਂ ਇਤਿਹਾਸਕ ਘਟਨਾਵਾਂ ਅਤੇ ਕੌਮੀ ਦੁਖਾਂਤਾਂ ਨੂੰ ਮੁੜ ਸ਼ਾਮਿਲ ਕਰਕੇ ਛਾਪਣ ਅਤੇ ਸਮੇਂ ਦੇ ਹਾਣ ਦਾ ਬਣਾਉਣ ਦੇ ਯਤਨਾਂ ਦੀ ਲੋੜ ਹੈ। ਭਾਈ ਕਾਨ੍ਹ ਸਿੰਘ ਨਾਭਾ ਦੀਆਂ ਹੋਰ ਮਹੱਤਵਪੂਰਨ ਰਚਨਾਵਾਂ ਵਿੱਚ ਗੁਰਮਤਿ ਪ੍ਰਭਾਕਰ, ਗੁਰਮਤਿ ਸੁਧਾਕਰ, ਗੁਰਚੰਦ ਦਿਵਾਕਰ, ਗੁਰਸ਼ਬਦਲੰਕਾਰ, ਚੰਡੀ ਦੀ ਵਾਰ ਸਟੀਕ, ਗੁਰਮਤਿ ਮਾਰਤੰਡ, ਸ੍ਰੀ ਗੁਰੂ ਮਹਿਮਾ ਰਚਨਾਵਲੀ, ਵੀ ਗੁਰਮਤਿ ਦੇ ਵੱਖ-ਵੱਖ ਵਿਸ਼ਿਆਂ ਉੱਪਰ ਰੋਸ਼ਨੀ ਪਾਉਂਦੀਆਂ ਹਨ। ਇਸ ਤੋਂ ਇਲਾਵਾ ਡਾ: ਰਛਪਾਲ ਕੌਰ ਨੇ 1983 ਵਿੱਚ ਭਾਈ ਕਾਨ੍ਹ ਸਿੰਘ ਨਾਭਾ ਦੇ ਅਪ੍ਰਕਾਸ਼ਿਤ ਸਫ਼ਰਨਾਮੇ ਵੀ ਪੁਸਤਕ ਰੂਪ ਵਿੱਚ ਪਾਠਕਾਂ ਦੇ ਸਨਮੁੱਖ ਪੇਸ਼ ਕਰਕੇ ਨਿਮਰ ਯੋਗਦਾਨ ਪਾਇਆ ਹੈ। ਭਾਈ ਕਾਨ੍ਹ ਸਿੰਘ ਨਾਭਾ ਨੂੰ ਚੀਫ਼ ਖ਼ਾਲਸਾ ਦੀਵਾਨ ਵੱਲੋਂ 21ਵੀਂ ਸਿੱਖ ਐਜੂਕੇਸ਼ਨਲ ਕਾਨਫਰੰਸ ਦੀ ਪ੍ਰਧਾਨਗੀ ਵੀ ਸੌਂਪੀ ਗਈ ਸੀ। 1932 ਈ: ਵਿੱਚ ਹਿੰਦੁਸਤਾਨ ਦੀ ਬਰਤਾਨਵੀ ਸਰਕਾਰ ਵੱਲੋਂ ਭਾਈ ਕਾਨ੍ਹ ਸਿੰਘ ਨਾਭਾ ਨੂੰ ਸਰਦਾਰ ਬਹਾਦਰ ਦੇ ਖਿਤਾਬ ਨਾਲ ਸਨਮਾਨਿਤ ਕੀਤਾ। ਸਿੱਖ ਕੌਮ ਦਾ ਇਹ ਨਾਮਵਰ ਸ਼੍ਰੋਮਣੀ ਵਿਦਵਾਨ 23 ਨਵੰਬਰ, 1938 ਈ: ਨੂੰ ਨਾਭਾ ਵਿਖੇ ਸਾਨੂੰ ਸਦੀਵੀ ਵਿਛੋੜਾ ਦੇ ਗਿਆ। ਭਾਈ ਸਾਹਿਬ ਸਿੱਖ ਸਾਹਿਤ, ਸਿੱਖ ਇਤਿਹਾਸ ਅਤੇ ਸੱਭਿਆਚਾਰ ਨੂੰ ਦਿੱਤੇ ਨਿਗੱਰ ਯੋਗਦਾਨ ਸਦਕਾ ਹਮੇਸ਼ਾਂ ਅਮਰ ਰਹਿਣਗੇ।

**ਪੰਜਾਬ ਟਾਈਮਜ਼ ਨੂੰ ਸਹਿਯੋਗ ਦਿਓ**

**ਪਾਠਕਾਂ ਨੂੰ ਬੇਨਤੀ ਹੈ ਕਿ ਪੰਜਾਬ ਟਾਈਮਜ਼ ਨੂੰ ਸਹਿਯੋਗ ਦੇਣ ਲਈ ਆਪਣੇ ਨੇੜੇ ਦੀ ਦੁਕਾਨ ਤੋਂ ਪੂਰਾ ਅਖ਼ਬਾਰ ਖਰੀਦ ਕੇ ਪੜ੍ਹੋ ਜੀ। ਜੇ ਤੁਹਾਡੇ ਨੇੜੇ ਅਖ਼ਬਾਰ ਨਹੀਂ ਮਿਲਦਾ ਤਾਂ ਹੇਠਾਂ ਦਿੱਤੇ ਨੰਬਰ ਤੇ ਸੰਪਰਕ ਕਰਕੇ ਜਾਣਕਾਰੀ ਲੈ ਸਕਦੇ ਹੋ ।**

**07966 388 388**

**ਰਾਮਗੜ੍ਹੀਆ ਸਿੱਖ ਗੁਰਦੁਆਰਾ, ਫੌਰੈਸਟ ਗੇਟ ਵਿਖੇ ਤਿੰਨ ਧਾਰਮਿਕ ਸੇਵਾਦਾਰਾਂ (ਕੀਰਤਨੀ ਜਥੇ) ਦੀ ਤੁਰੰਤ ਲੋੜ ਹੈ**

**3 Vacancies for Religious Workers (Tier 5) at Ramgarhia Sikh Gurdwara, Forest Gate, London E7 9QX**

**Job requirement:** Applicant must have relevant experience in a similar role and must be capable to perform all religious ceremonies according to the Sikh Rehat Maryada. Knowledge and understanding of Sikh religion and Sikh way of life. Good written and oral command of Punjabi language.

**Duties & responsibilities:**
To undertake non-pastoral work and support activities to assist the Minister of Religion (Head Priest) as and when required at all religious duties within the organisation.
Duties include reading of the Sri Guru Granth Sahib Ji, singing hymns, saying prayers, participating in weekly diwans to support the activities of the Gurdwara.
Performing Akhand Path, Sehaj Path, saying daily prayers from Sri Guru Granth Sahib ji.
Perform kirtan using instruments like, tabla and harmonium.
Co-ordinate all religious programs and events in promotion of Sikh way of life.
Assist with the preparation and serving of Langar.
Undertake any other reasonable religious duties/activities in pursuing the organisation's religious programs.

**PS** – This is not a Pastoral role and duties will not include leading a congregation.

**Salary:** According to UK Employment Law and National minimum wage for a minimum of 30 hours a week.

**Employee Benefits:** Free Food and accommodation will be provided by the Gurdwara Sahib.


**Other requirements:** Applicant has to be a UK resident or must have the right to work in the UK.
Must be able to provide references from previous employers.
The successful applicant will be required to abide by the Sikh moral codes of conduct and practice.

**Closing date 12th September 2025.**

**For more information,**
please contact the General Secretary (6:30pm - 8:00pm - Mon to Fri)
**on 020 8552 9494.**
**Interested candidates please send your application /CV to the Gen. Secretary on the address below or email to: rsgtemple@yahoo.co.uk**

**RAMGARHIA SIKH GURDWARA**
**10-16 Neville Road, Forest Gate, London, E7 9QX. Tel: 020 8552 9494**

ਲੜੀਵਾਰ ਨਾਵਲ



ਕਮਲ ਗਿੱਲ

Mob : +44 07454 394684


ਕਿਸ਼ਤ-38

# ਗੰਧਲੇ ਰਿਸ਼ਤੇ

**"ਕੈਲਾਸ਼ ਦੀਆਂ ਗੱਲਾਂ ਸੁਣ ਮੈਂ ਫਰੀਜ਼ ਹੋ ਰਹੀ ਸਾਂ, ਕਿੱਥੇ ਇਹ ਔਰਤ ਜਿਸ ਦੀਆਂ ਲਿਖਤਾਂ ਪੜਨ ਲਈ ਲੋਕ ਅਖਬਾਰਾਂ-ਰਸਾਲਿਆਂ ਦੀ ਉਡੀਕ ਕਰਦੇ ਸਨ ਕਿ ਉਸ ਦੀ ਨਵੀਂ ਕਿਤਾਬ ਕਦੋਂ ਨਿਕਲੇਗੀ? ਤੇ ਕਿੱਥੇ ਉਹ ਆਹ ਕੰਜਰਖਾਨੇ 'ਚ ਫਸ ਗਈ ਸੀ। ਕਿੱਥੇ ਆ ਬੇਵਕੂਫ ਲੋਕਾਂ ਦੇ ਚੱਕਰ 'ਚ ਉੱਲਝ ਗਈ ਸੀ। ਉਸ ਦੀਆਂ ਗੱਲਾਂ ਸੁਣ ਕੇ ਮੇਰੇ ਮਨ 'ਚ ਅੱਗ ਲੱਗ ਰਹੀ ਸੀ। ਸੱਚੀ ਸਿਆਣੇ ਸਹੀ ਕਹਿੰਦੇ ਹਨ ਅਕਲ ਡਿਗਰੀਆਂ ਲੈ ਕੇ ਨਹੀਂ ਆਂਉਦੀ ਇਹ ਚੰਗੀ ਪਰਵਰਿਸ਼, ਚੰਗੀ ਸੋਚ ਅਤੇ ਆਪਣੀ ਸਮਝ ਨਾਲ ਆਉਂਦੀ ਹੈ।**

**"ਫਿਰ ਤੁਸੀਂ ਕੀ ਕੀਤਾ?" "ਕੁਝ ਨਹੀ ਉੱਪਰ ਗਈ, ਚੋਰੀ-ਚੋਰੀ ਹੰਝੂ ਵਹਾਏ... ਮੂੰਹ ਧੋਤਾ ਤੇ ਮੁੜ ਦੋ ਬੈਗ ਲੈ ਕੇ ਥੱਲੇ ਆ ਗਈ।"**

**"ਉਨ੍ਹਾਂ ਬੈਗਾਂ 'ਚ ਕੀ ਸੀ? "ਮੇਰੀ ਮਾਂ ਇੰਡੀਆਂ ਤੋਂ ਸਾਰੇ ਟੱਬਰ ਲਈ ਜੋ ਸੂਟ ਲੈ ਕੇ ਆਈ ਸੀ ਉਹ ਸਨ। ਮਾਮਾ-ਮਾਮੀ ਤੇ ਬਾਕੀ ਪਰਿਵਾਰ ਦੇ ਵੀ। ਨਵੀਂ ਰਿਸ਼ਤੇਦਾਰੀ ਦੇ ਹਿਸਾਬ ਨਾਲ ਮਾਂ ਦੇ ਜੋ ਰਿਵਾਜ਼ ਸਨ ਉਸੇ ਹਿਸਾਬ ਨਾਲ ਮਾਂ ਨੇ ਸਾਰਾ ਸਾਮਾਨ ਭੇਜਿਆ ਸੀ।**





ਜਨਵਰੀ ਦੀ ਪਹਿਲੀ ਵੀਕ ਸੀ। ਮੈਂ ਕੋਈ ਤਕਰੀਬਨ ਅੱਠ-ਦੱਸ ਬੈਗ ਲੈ ਕੇ ਉਨ੍ਹਾਂ ਦੇ ਘਰ ਪਹੁੰਚੀ ਸਾਂ। ਮਾਮੀ-ਮਾਮੇ ਨੂੰ ਮਿਲਣ ਤੋ ਬਾਅਦ ਮੈਂ ਕਾਰ ਵਿੱਚੋ ਸਾਮਾਨ ਕੱਢ ਕੇ ਉੱਪਰ ਆਪਣੇ ਬੈੱਡਰੂਮ 'ਚ ਲਿਜਾਣਾ ਸ਼ੁਰੂ ਕਰ 'ਤਾ। ਲੋਹੇ ਦੀਆਂ ਪੌੜੀਆਂ ਵਿਚ ਮੈਂ ਇਕੱਲੀ ਨੇ ਬਹੁਤ ਭਾਰੇ ਬੈਗ ਧੋਹੋ-ਧੂਹੀ ਕਰਕੇ ਉੱਪਰ ਲੈ ਕੇ ਜਾ ਰਹੀ ਸੀ। ਸਿਆਲ ਆਉਣ ਕਰਕੇ ਮੈਂ ਆਪਣੇ ਘਰੋਂ ਨਵੀ ਰਜਾਈ, ਛਾੜ, ਸਿਰਾਹਣੇ, ਕੰਬਲ ਬਹੁਤ ਕੁਝ ਨਾਲ ਲੈ ਕੇ ਗਈ ਸੀ ਤੇ ਪਰਮ ਲਈ ਨਵੇਂ ਸਾਲ ਦੇ ਬਹੁਤ ਸਾਰੇ ਤੋਹਫੇ ਵੀ। ਸੋ ਲਾ ਪਾ ਕੇ ਫੁੱਲ ਕਾਰ ਕਰ ਕੇ ਪੁੱਜੀ ਸਾਂ। ਨਾਲੇ ਫਰਵਰੀ ਆ ਰਹੀ ਸੀ ਨਜ਼ਦੀਕ ਤੇ ਮੈਨੂੰ ਕੋਰਟ ਮੈਰਿਜ ਦਾ ਚਾਅ ਵੀ ਸੀ। ਜਦ ਮੈ ਸੱਤਵਾਂ ਆਖਰੀ ਗੇੜਾ ਉੱਪਰ ਸਮਾਨ ਦਾ ਲੈ ਕੇ ਜਾਣ ਲੱਗੀ ਤਾਂ ਉਹ ਬਾਹਰ ਡੋਰ ਕੋਲ ਆ ਗਿਆ।"

"ਪਹਿਲਾਂ ਉਹ ਕਿੱਥੇ ਸੀ? ਤੁਹਾਡੇ ਨਾਲ ਸਮਾਨ ਕਢਾਉਣ 'ਚ ਕੋਈ ਹੈਲਪ ਕਰਨ ਨਹੀਂ ਆਇਆ।"

"ਉਹ ਉੱਥੇ ਹੀ ਸਾਹਮਣੇ ਫੂਨ 'ਤੇ ਲੱਗਾ ਹੋਇਆ ਸੀ ਆਪਣੀ ਮਾਂ ਦਾ ਫੂਨ ਨੈੱਟਵਰਕ ਸੈੱਟ ਕਰਾਉਣ।, ਮੇਰੇ ਘਰ ਵੜਦਿਆਂ ਹੀ ਉਸ ਔਰਤ ਨੇ ਆਪਣਾ ਫੂਨ ਫੜਾ ਉਸ ਨੂੰ ਬਿਜ਼ੀ ਕਰ ਦਿੱਤਾ ਸੀ।"

"ਉਹੀ ਸਾਈਡ ਇਫੈਕਟ ਔਫ ਪਾਕਿਸਾਤਾਨੀ ਡਰਾਮੇ....ਮੈਂ ਹੱਸ ਕੇ ਆਖਿਆ।"

"ਹਾਂ ਬਿਲਕੁਲ, ਆਖਰੀ ਗੇੜੇ ਤੱਕ ਉਹ ਫ੍ਰੀ ਹੋ ਆਪਣੇ 'ਰੌਕ' ਨੂੰ ਫੂਨ ਫੜਾ ਮੇਰੇ ਕੋਲ ਆ ਪਹੁੰਚਿਆ। ਕੋਈ ਹੈਲਪ ਤਾਂ ਨਹੀਂ ਚਾਹੀਦੀ? ਉਸ ਨੇ ਪੁੱਛਿਆ।"

ਹੁਣ ਤੱਕ ਸਾਰਾ ਸਮਾਨ ਉੱਪਰ ਕਮਰੇ 'ਚ ਜਾ ਚੁੱਕਾ ਸੀ ਬਸ ਆਖਰੀ ਗੇੜਾ ਹੀ ਸੀ। ਮੈਂ ਉਦਾਸ ਜਿਹੀ ਹੋ ਕੇ ਆਖਿਆ, "ਹੁਣ ਤੇ ਸਾਰਾ ਸਮਾਨ ਮੈਂ ਢੋਹ ਲਿਆ ਉੱਪਰ, ਤੁਸੀ ਬਾਤ ਹੀ ਨਹੀਂ ਪੁੱਛੀ.... ਮੈਂ ਇੱਕਲੀ ਮਸਾਂ ਉੱਪਰ ਲੈ ਕੇ ਗਈ ਇੰਨੇ ਬੈਗ।"

ਜਿਵੇ ਇੱਕ ਜਨਾਨੀ ਆਪਣੇ ਆਦਮੀ ਨੂੰ ਰੋਸ ਨਾਲ ਨਹੋਰਾ ਮਾਰਦੀ ਹੈ ਬੱਸ ਮੇਰਾ ਉਹ ਛੋਟਾ ਜਿਹਾ ਨਹੋਰਾ ਹੀ ਸੀ। ਉਹ ਵੀ ਬੜੀ ਦੱਬੀ ਜਿਹੀ ਜ਼ੁਬਾਨ ਨਾਲ। ਕਰ ਕੇ ਮੈਂ ਉਸ ਦੇ ਐਂਗਰ ਈਸ਼ੂ ਤੋਂ ਹੁਣ ਜਾਣੂੰ ਸੀ। ਕੁਝ ਵੀ ਕਹਿਣ ਤੋਂ ਪਹਿਲਾਂ ਮਨ ਡਰ ਜਾਂਦਾ ਕਿ ਕਿਤੇ ਖਿੱਝ ਹੀ ਨਾ ਜਾਵੇ।

"ਫਿਰ ਇਸ ਵਾਰ ਕੀ ਬਣਿਆ ਤੁਹਾਡੇ ਇਸ ਨਹੋਰਾ ਮਾਰਨ ਤੇ ਬਾਅਦ।"

"ਹਾ ਹਾ ਕੁਝ ਨਾ ਪੁੱਛ ਬੀਰਾ, ਮੈਨੂੰ ਤਾਂ ਦੱਸਦਿਆਂ ਵੀ ਸ਼ਰਮ ਆਉਂਦੀ ਹੈ।"

"ਇਹੋ ਜਿਹਾ ਕੀ ਹੋਇਆ, ਇਹ ਤਾਂ ਮਾਮੂਲੀ ਜਿਹੀ ਗੱਲ ਸੀ । ਇਸ 'ਚ ਗੁੱਸਾ ਕਰਨਾ ਤਾਂ ਉਸ ਦਾ ਬਣਦਾ ਹੀ ਨਹੀ ਸੀ।" ਮੈਂ ਹੈਰਾਨ ਜਿਹੀ ਹੋ ਪੁੱਛਿਆ।

"ਮੇਰੇ ਇੰਨੀ ਗੱਲ ਕਹਿਣ ਦੀ ਦੇਰ ਸੀ ਬੀਰਾ ਉਹ ਤੇ ਭੜਕ ਉਠਿਆ ਉਸ ਦੇ ਬੋਲ ਅੱਜ ਵੀ ਮੇਰੇ ਕੰਨ ਚੀਰਦੇ ਹਨ, "ਮੈਂ ਭੈਣ....,ਚ....ਦਾ *...*ਨ ਫੜ ਕੇ ਨਹੀਂ ਬੈਠਾ ਸੀ। ਕੁਝ ਕੰਮ ਹੀ ਕਰ ਰਿਹਾ ਸੀ।" ਨਾਲ ਹੀ ਉਸ ਨੇ ਬਹੁਤ ਹੀ ਗੰਦੇ ਢੰਗ ਨਾਲ ਗੰਦਾ ਲਫ਼ਜ ਬੋਲ ਕੇ ਆਪਣੇ ਹੱਥ ਨਾਲ ਬਹੁਤ ਹੀ ਗੰਦਾ ਇਸ਼ਾਰਾ ਕੀਤਾ। ਤੇ ਜ਼ੋਰ-ਜ਼ੋਰ ਨਾਲ ਬੋਲਣ ਲੱਗ ਗਿਆ, ਤੈਨੂੰ ਪਤਾ ਨੀ ਕੀ ਬੀਮਾਰੀ ਆ ਆਪਣੇ ਘਰ ਤੂੰ ਬੜੀ ਸੋਹਣੀ ਖੁਸ਼ ਰਹਿੰਦੀ ਆ, ਜਦ ਇੱਥੇ ਸਾਡੇ ਆ ਜਾਂਦੀ ਤੈਨੂੰ ਕੋਈ ਨਾ ਕੋਈ ਬੀਮਾਰੀ ਪੈ ਜਾਂਦੀ। ਕਦੇ ਤੈਨੂੰ ਮੇਰੀ ਮਾਮ ਨੀ ਚੰਗੀ ਲੱਗਦੀ, ਕਦੇ ਤੈਨੂੰ ਮੇਰਾ ਗੇਮ ਖੇਡਣਾ ਨਹੀ ਚੰਗਾ ਲੱਗਦਾ, ਹੁਣ ਤੈਨੂੰ ਭੈ...'ਚੋ ਮੇਰਾ ਮੇਰੀ ਮਾਮ ਲਈ ਫੂਨ ਸੈੱਟ ਕਰਨ ਤੇ ਵੀ ਬੀਮਾਰੀ ਪੈ ਗਈ।" ਪਤਾ ਨਹੀਂ ਕਿੰਨਾਂ ਕੁਝ ਉਹ ਬੋਲ ਗਿਆ ਬੀਰਾ ਤੇ ਮੈਂ ਸੁੰਨ ਖੜੀ ਸੁਣਦੀ ਰਹੀ। ਇੱਕ ਵਾਰ ਹੱਥ ਵੀ ਜੋੜੇ ਕਿ ਪਲੀਜ਼ ਹੌਲੀ ਬੋਲ ਅੰਦਰ ਮਾਮਾ-ਮਾਮੀ ਬੈਠੇ ਹਨ। ਫਿਰ ਵੀ ਉਸ ਨੂੰ ਕੋਈ ਸ਼ਰਮ ਨਹੀ ਸੀ। ਆਖਿਰ ਮੈਂ ਚੁੱਪ-ਚਾਪ ਉੱਪਰ ਕਮਰੇ ਵਿੱਚ ਚਲੇ ਗਈ।

"ਕੈਲਾਸ਼ ਦੀਆਂ ਗੱਲਾਂ ਸੁਣ ਮੈਂ ਫਰੀਜ਼ ਹੋ ਰਹੀ ਸਾਂ, ਕਿੱਥੇ ਇਹ ਔਰਤ ਜਿਸ ਦੀਆਂ ਲਿਖਤਾਂ ਪੜਨ ਲਈ ਲੋਕ ਅਖਬਾਰਾਂ-ਰਸਾਲਿਆਂ ਦੀ ਉਡੀਕ ਕਰਦੇ ਸਨ ਕਿ ਉਸ ਦੀ ਨਵੀਂ ਕਿਤਾਬ ਕਦੋਂ ਨਿਕਲੇਗੀ? ਤੇ ਕਿੱਥੇ ਉਹ ਆਹ ਕੰਜਰਖਾਨੇ 'ਚ ਫਸ ਗਈ ਸੀ। ਕਿੱਥੇ ਆ ਬੇਵਕੂਫ ਲੋਕਾਂ ਦੇ ਚੱਕਰ 'ਚ ਉੱਲਝ ਗਈ ਸੀ। ਉਸ ਦੀਆਂ ਗੱਲਾਂ ਸੁਣ ਕੇ ਮੇਰੇ ਮਨ 'ਚ ਅੱਗ ਲੱਗ ਰਹੀ ਸੀ। ਸੱਚੀ ਸਿਆਣੇ ਸਹੀ ਕਹਿੰਦੇ ਹਨ ਅਕਲ ਡਿਗਰੀਆਂ ਲੈ ਕੇ ਨਹੀਂ ਆਂਉਦੀ ਇਹ ਚੰਗੀ ਪਰਵਰਿਸ਼, ਚੰਗੀ ਸੋਚ ਅਤੇ ਆਪਣੀ ਸਮਝ ਨਾਲ ਆਉਂਦੀ ਹੈ।

"ਫਿਰ ਤੁਸੀਂ ਕੀ ਕੀਤਾ?"

"ਕੁਝ ਨਹੀ ਉੱਪਰ ਗਈ, ਚੋਰੀ-ਚੋਰੀ ਹੰਝੂ ਵਹਾਏ... ਮੂੰਹ ਧੋਤਾ ਤੇ ਮੁੜ ਦੋ ਬੈਗ ਲੈ ਕੇ ਥੱਲੇ ਆ ਗਈ।"

"ਉਨ੍ਹਾਂ ਬੈਗਾਂ 'ਚ ਕੀ ਸੀ? "ਮੇਰੀ ਮਾਂ ਇੰਡੀਆਂ ਤੋਂ ਸਾਰੇ ਟੱਬਰ ਲਈ ਜੋ ਸੂਟ ਲੈ ਕੇ ਆਈ ਸੀ ਉਹ ਸਨ। ਮਾਮਾ-ਮਾਮੀ ਤੇ ਬਾਕੀ ਪਰਿਵਾਰ ਦੇ ਵੀ। ਨਵੀਂ ਰਿਸ਼ਤੇਦਾਰੀ ਦੇ ਹਿਸਾਬ ਨਾਲ ਮਾਂ ਦੇ ਜੋ ਰਿਵਾਜ਼ ਸਨ ਉਸੇ ਹਿਸਾਬ ਨਾਲ ਮਾਂ ਨੇ ਸਾਰਾ ਸਾਮਾਨ ਭੇਜਿਆ ਸੀ । ਮੈਂ ਬੈਗ ਮਾਤਾ ਦੇ ਹੱਥ ਫੜਾਉਦਿਆਂ ਬੜੇ ਸਤਿਕਾਰ ਨਾਲ ਉਸ ਨੂੰ ਦੱਸਿਆ ਕਿ ਆਹ ਤੁਹਾਡੇ, ਮਾਮੀ ਜੀ ਅਤੇ ਬਾਕੀ ਸਾਰਿਆਂ ਦੇ ਕੱਪੜੇ ਹਨ ਜੋ ਮੇਰੀ ਮਾਂ ਨੇ ਭੇਜੇ ਹਨ।"

ਸੂਟ ਦੇਖਦਿਆਂ ਹੀ ਬਾਪੂ ਨੇ ਰੌਲਾ ਪਾ ਲਿਆ "ਨਾ-ਨਾ ਇਹ ਨਹੀਂ ਬਣਦੇ... ਅਸੀਂ ਨਹੀਂ ਲੈਣੇ ਤੂੰ ਹੁਣੇ ਕਾਰ 'ਚ ਰੱਖ ਆ।"

"ਮਾਮੀ ਬਹੁਤ ਸਿਆਣੀ ਸੀ ਉਸ ਨੇ ਕੋਈ ਕਮਲ ਨਾ ਕੁੱਟਿਆ ਤੇ ਪਿਆਰ ਨਾਲ ਗੱਲ ਕੀਤੀ। ਉਹ ਦੋਵੇਂ ਤੀਵੀ-ਆਦਮੀ ਇੱਕੋ ਸਾਹੇ ਵਾਰ-ਵਾਰ ਆਖੀ ਜਾਣ ਅਸੀਂ ਨਹੀਂ ਲੈਣਾ ਇਹ ਸਾਮਾਨ... ਹੁਣੇ ਹੀ ਕਾਰ 'ਚ ਰੱਖ ਆ।

ਮੈਂ ਬਹੁਤ ਹੈਰਾਨ-ਪ੍ਰੇਸ਼ਾਨ ਹੋ ਗਈ ਤੇ ਬਥੇਰਾ ਕਿਹਾ ਕਿ "ਮਾਂ ਸਾਰਿਆ ਲਈ ਮਾਣ ਨਾਲ ਲੈ ਕੇ ਆਈ ਹੈ ਕ੍ਰਿਪਾ ਕਰਕੇ ਰੱਖ ਲਓ ਇਹ ਬਸ ਇੱਕ ਮਾਣ ਸਤਿਕਾਰ ਹੀ ਹੈ ਮੇਰੇ ਪਰਿਵਾਰ ਵੱਲੋਂ।" ਪਰ ਬੀਰਾ ਉਸ ਦੇ ਮਾਂ-ਪਿਓ ਸ਼ੁਦਾਈਆਂ ਵਾਂਗ ਅੜੇ ਰਹੇ, ਨਹੀਂ ਅਸੀਂ ਨਹੀਂ ਲੈਣੇ ਹੁਣੇ ਕਾਰ 'ਚ ਰੱਖ ਆ।

ਜਦ ਬਾਪੂ ਵਾਰ ਵਾਰ ਇਹ ਕਹੀ ਜਾਂਦਾ ਹੁਣੇ ਕਾਰ 'ਚ ਰੱਖ ਕੇ ਆ ਤਾਂ ਮੈਨੂੰ ਜਮਾਂ ਚੰਗਾ ਨਾ ਲੱਗਦਾ, ਏਦਾਂ ਲੱਗਦਾ ਜਿਵੇਂ ਕਹਿ ਰਿਹਾ ਹੋਵੇ ਕਿ ਹੁਣੇ ਲੈ ਕੇ ਵਾਪਸ ਹੀ ਚਲੀ ਜਾ। ਮੈਂ ਬਹੁਤ ਪ੍ਰੇਸ਼ਾਨ ਹੋ ਗਈ। ਜਦੋਂ ਮੈਂ ਪਰਮ ਦੇ ਮੂੰਹ ਵੱਲ ਦੇਖਾਂ ਤਾਂ ਉਹ ਕੁਝ ਨਾ ਬੋਲੇ। ਮੈਨੂੰ ਆਪਣੇ ਆਪ ਨੂੰ ਬਹੁਤ ਮਾੜਾ ਮਹਿਸੂਸ ਹੋਇਆ।

ਖ਼ੈਰ ਮੈਂ ਵਾਪਸ ਕਾਰ ਵਿਚ ਸੂਟਾਂ ਵਾਲੇ ਬੈਗ ਰੱਖ ਆਈ। ਮੇਰਾ ਜੀ ਕਰੇ ਮੈਂ ਹੁਣੇ ਕਾਰ ਲੈ ਕੇ ਘਰ ਭੱਜ ਜਾਂਵਾ। ਪਰ ਨਵਾਂ ਸਾਲ ਸੀ ਮੈਂ ਇਸ ਤਰ੍ਹਾਂ ਬਿਲਕੁਲ ਨਹੀਂ ਕਰਨਾ ਚਾਹੁੰਦੀ ਸੀ। ਉਦਾਂ ਵੀ ਮੈਂ ਇਹ ਮਨ ਬਣਾਇਆ ਸੀ ਕਿ ਮੈਂ ਆਪਣਾ ਘਰ ਹਰ ਹਾਲ 'ਚ ਵਸਾਉਣਾ ਹੈ। ਆਪਣੇ ਵਲੋਂ ਕੋਈ ਕਸਰ ਨਹੀਂ ਛੱਡਣੀ।"

"ਉਹ ਕੁਝ ਨਹੀਂ ਬੋਲਿਆ?"

"ਨਹੀ ਬਿਲਕੁੱਲ ਨਹੀ।"

"ਅਗਾਂਹ ਕਿਸ ਤਰ੍ਹਾਂ ਰਹੇ ਤੁਸੀਂ ਤਿੰਨ ਦਿਨ ਉਥੇ ਉਹੋ ਜਿਹੇ ਮਾਹੌਲ 'ਚ ਕੈਲਾਸ਼ ਜੀ?"

"ਕੁਝ ਨਾ ਪੁੱਛ ਬੀਰਾ, ਮਾਮਾ ਮਾਮੀ ਥੋੜ੍ਹੀ ਦੇਰ ਬਾਅਦ ਚਲੇ ਗਏ। ਉਨ੍ਹਾਂ ਦੇ ਜਾਣ ਬਾਅਦ ਮਾਤਾ ਨੇ ਪਰਮ ਨੂੰ ਪੁੱਛਿਆ ਖਾਣਾ ਕੀ ਹੈ ਤੁਸੀਂ ਸਾਰਿਆਂ ਨੇ।"

ਮੈਨੂੰ ਹਾਲੇ ਥੋੜਾ ਚਿਰ ਹੀ ਆਈ ਨੂੰ ਹੋਇਆ ਸੀ। ਅੱਜ ਸ਼ਨੀਵਾਰ ਸੀ ਤੇ ਮੈਂ ਸੋਮਵਾਰ ਵਾਪਸ ਮੁੜਨਾ ਸੀ। ਪਰਮ ਨੂੰ ਤੇ ਮੇਰੇ ਘਰ ਮਾਂ ਅਤੇ ਤਾਜ ਨੂੰ ਵੀ ਇਹੀ ਪਤਾ ਸੀ।

ਖ਼ੈਰ ਪਰਮ ਨੇ ਆਪਣੀ ਮਾਮ ਦਾ ਜਵਾਬ ਦਿੰਦਿਆਂ ਕਿਹਾ ਕਿ ਅੱਜ ਸ਼ਨੀਵਾਰ ਹੈ ਆਪਾਂ ਹਰ ਸ਼ਨੀਵਾਰ ਬਾਹਰੋਂ ਹੀ ਖਾਈਦਾ ਆ। ਸੋ ਮੈਂ ਪੀਜ਼ਾ ਆਰਡਰ ਕਰ ਦਿੱਤਾ ਆ, ਮੈਂ ਤੇ ਕੈਲਾਸ਼ ਸ਼ੌਪ ਤੋਂ ਜਾ ਕੇ ਚੁੱਕ ਲਿਆਂਉਦੇ ਹਾਂ। ਮਾਤਾ ਦੇ ਮੰਨੋ ਅੱਗ ਹੀ ਲੱਗ ਗਈ। ਪਰਮ ਨੇ ਮੈਨੂੰ ਨਾਲ ਜਾਣ ਲਈ ਕਿਹਾ ਤਾਂ ਮੈ ਤੁਰ ਪਈ। ਜਦ ਬਾਹਰ ਡੋਰ ਕੋਲ ਪਹੁੰਚਣ ਲੱਗੇ ਤਾਂ ਮਗਰੋਂ ਆਵਾਜ਼ ਮਾਰ ਕੇ ਕਹਿੰਦੀ- ਜੇਬ ਵਿਚ ਬਹੁਤ ਪੌਂਡ ਖਟਕ ਰਹੇ ਹਨ, ਘਰ ਖਾਣਾ ਬਣਾ ਕੇ ਨਹੀਂ ਖਾ ਸਕਦੇ, ਇੰਨਾ ਨੂੰ ਬਾਹਰ ਦਾ ਖਾਣਾ ਖਾਣ ਦਾ ਬੜੇ ਸ਼ੌਕ ਚੜ੍ਹਿਆ ਹੋਇਆ ਹੈ।

"ਹਾਏ ਮੇਰਿਆ ਰੱਬਾ ਇੱਦਾਂ ਦੀ ਬੁੱਢੀ। "ਕੈਲਾਸ਼ ਦੀ ਗੱਲ ਸੁਣ ਮੈਂ ਦੋਵੇ ਹੱਥ ਮੂੰਹ 'ਤੇ ਰੱਖ ਲਏ।"

"ਸੱਚੀ ਕੈਲਾਸ਼ ਜੀ ਬਹੁਤ ਖਤਰਨਾਕ ਜਨਾਨੀ ਸੀ ਉਹ।"

"ਹਾਂ ਬੀਰਾ, ਮੈਂ ਤੇ ਖੁਦ ਹੈਰਾਨ ਸੀ ਹਰ ਸ਼ਨੀਵਾਰ ਉਹ ਪਰਮ ਦੇ ਕਾਰਡ ਤੋਂ ਬਾਹਰੋ ਖਾਣਾ ਮੰਗਾਉਂਦੀ, ਡਿਜਰਟ ਮੰਗਾਉਂਦੀ, ਮੈ ਗਈ ਤਾਂ ਬਾਹਰੋਂ ਖਾਣਾ ਮੰਗਵਾਉਣ 'ਤੇ ਇਸ ਨੂੰ ਸਾੜਾ ਪੈ ਰਿਹਾ ਸੀ। "ਇੰਨਾਂ ਆਖ ਕੈਲਾਸ਼ ਆਪ ਵੀ ਹੱਸ ਪਈ।

"ਹਾਏ ਬੀਰਾ ਮੈਂ ਤਾਂ ਇਹੋ ਜਿਹੇ ਕਰੈਕਟਰ ਫਿਲਮਾਂ ਨਾਟਕਾਂ ਵਿੱਚ ਵੀ ਨਹੀਂ ਦੇਖੇ ਸਨ, ਜਿਹੋ ਜਿਹੇ ਕਰੈਕਟਰ ਦੀ ਉਹ ਜਨਾਨੀ ਸੀ।"

ਖ਼ੈਰ ਪੀਜ਼ਾ ਚੁੱਕਣ ਜਾਂਦਿਆਂ ਮੈਂ ਕਾਰ 'ਚ ਖਾਮੋਸ਼ ਬੈਠੀ ਸੀ। ਮੇਰਾ ਮਨ ਕੋਈ ਗੱਲ ਕਰਨ ਦਾ ਨਹੀਂ ਸੀ। ਐਤਕੀ ਮੈਂ ਬਹੁਤ ਦੇਰ ਬਾਅਦ ਆਈ ਸੀ ਇੱਥੇ ਤੇ ਮੈਨੂੰ ਉਮੀਦ ਸੀ ਕਿ ਇਸ ਵਾਰ ਸਭ ਠੀਕ ਮਿਲੇਗਾ। ਪਰ ਜਦੋਂ ਦਾ ਮੈਂ ਪੈਰ ਬੂਹੇ ਪਾਇਆ ਸੀ ਇੱਕ ਤੋਂ ਵੱਧ ਇੱਕ ਮੇਰੇ ਨਾਲ ਹੋ ਰਹੀ ਸੀ।

ਚਲਦਾ....

# How Sikh Religion Could Be Established and Preached to the World

IQBAL SINGH LALPURA
9780003333



The Sikh religion began in 1469 with the birth of Guru Nanak Dev Ji, a spiritual light who rejected hollow rituals as the path to God. Guru Nanak proclaimed that the human body itself is the true temple of the Divine. To light the lamp of the soul, one must live truthfully, follow the guidance of the Guru and the scriptures, and engage in service to humanity. Meditation and prayer are the tools for enlightenment. Guru Nanak's mission was to transform ordinary human beings into beings of higher consciousness — angels in human form:

"Balhari Gur Aapne
Deohari Sad Vaar
Jin Manas Te Devte Kiye,
Kart Na Lagi Vaar."

Another foundation of his teaching was equality:

"Jano Jot Na Puchho Jati,
Aage Jat Na Hai."

For over two centuries, ten Gurus preached the same message, culminating in 1708 AD. Guru Gobind Singh Ji, the tenth Guru, infused the Sikh spirit with martial strength, transforming his followers into the Khalsa — the army of the Almighty — with the divine mission to protect humanity and uphold righteousness. Guru Nanak preached that life without honour is worthless:

"Je Jive Pat Lathi Jai,
Sab Haram Jeta Kichh Khae."

And for honour, one must be ready to sacrifice life itself:

"Jo Tou Prem Khelan Ka Chau,
Sir Dhar Tali Gali Meri Aao."

Equality and Courage as the Foundations of Sikhism

From the very beginning, the Sikh Gurus eliminated social distinctions:

"Manas Ki Jaat
Sabhe Eko Pahchanbo."

They rejected caste barriers, championed equality, and urged their followers to live with honour and self-respect. This message of human dignity appealed to both Hindus and Muslims of the time. Guru Nanak Dev Ji came to be lovingly remembered as "Jahar Peer, Jagat Guru Baba" — the spiritual guide of the world.

But the courage to speak truth to power often came at a high cost. The contemporary rulers felt threatened by the growing influence of the Gurus. Guru Arjan Dev Ji, the fifth Guru, was martyred in 1606 for preaching this Gospel of Angels, to the annoyance of the Mughal Emperor Jahangir. Later, Guru Tegh Bahadur Ji, the ninth Guru, laid down his life in 1675 to protect the right to freedom of religion — not for his own faith, but for the Kashmiri Hindus who faced forced conversion. In that era, his sacrifice was unparalleled in the world.



***Khalsa Rule and Its Legacy***

After Guru Gobind Singh Ji's passing, the Khalsa rose to power under Baba Banda Singh Bahadur, establishing rule in 1710 — just two years after the Guru left for his heavenly abode. Although Banda Singh's rule was short-lived, by the late 18th century, the Khalsa had conquered Delhi and later, under Maharaja Ranjit Singh, established a kingdom spanning from the Khyber Pass to Tibet. This empire was larger than England at the time — prosperous, just, and committed to religious harmony.

During his lifetime, Guru Nanak Dev Ji travelled extensively, covering much of Asia, including Mecca, Madina, Sri Lanka, Iran, Afghanistan, China, and the length and breadth of India. He engaged with religious leaders of various faiths, many of whom accepted his philosophy and became his followers. Similarly, Guru Tegh Bahadur Ji travelled widely across India, blessing countless communities and planting seeds of spiritual awareness.

***Decline of Propagation After the British Takeover***

The middle of the 19th century saw the fall of the Sikh empire. The British annexed the Khalsa Kingdom of Lahore in 1849. Before this, the Gurus had established organised systems for spreading Sikh teachings through Manjis and Masands, which ensured continuous learning and preaching.

However, with the loss of sovereignty and the British control over historical Gurdwaras, the active propagation of Sikhism diminished sharply. Gurdwara management committees, formed under colonial-era laws, gradually became stepping stones to political power. Today, these committees are often controlled by political parties. Sadly, religious preaching no longer appears high on their agenda.

In many places, the noble mission of prachar (preaching) has shifted from being a selfless service to becoming a source of livelihood. New Gurdwaras are frequently built, yet without parallel efforts to make them centres of learning and spiritual training, they remain underutilised as instruments of transformation. Expenditure on research, history, and philosophical study is minimal, despite the vast heritage of Sikh thought.

***The Global Sikh Presence — A Missed Opportunity***

Over the past century, four to five million Sikhs have settled abroad — in North America, Africa, Europe, and Australia. While these communities have achieved considerable economic success, their primary focus has been livelihood, not religious propagation. A major challenge is the language barrier — many preachers lack command over the local languages, which limits their ability to communicate Sikh philosophy effectively. Moreover, there is an absence of dedicated Sikh research and training centres in foreign countries.

The global Sikh diaspora represents an untapped potential for spreading Guru Nanak's universal message. Just as Guru Nanak Ji engaged with the world, our modern presence across continents could be a platform for global outreach — if channelled with vision and unity.

***The 350th Martyrdom Anniversary of Guru Tegh Bahadur Ji — An Opportunity***

In November 2025, Sikhs will commemorate the 350th martyrdom anniversary of Sri Guru Tegh Bahadur Ji. This is not just a historical milestone, but a golden opportunity to reintroduce the Sikh message to the world.

Guru Tegh Bahadur's martyrdom for the defence of another community's religious freedom is a story of moral courage that resonates far beyond Sikhism. In today's world, where intolerance and persecution still exist, his life offers a universal lesson: the defence of another's rights is the highest form of faith.

We must ask ourselves — can we use this occasion to launch a renewed movement for the promotion and propagation of Sikhism? Can we tell the world about the Guru who gave his life for the right to religion, centuries before human rights became a global ideal?

Imagine if, across countries, Sikh communities organised exhibitions, lectures, and publications in local languages detailing Guru Tegh Bahadur's life, Sikh philosophy, and way of life. Imagine distributing this material not only among Sikhs, but also among neighbours and friends of other faiths.

***A Call for Unity and Organisation***

To make this vision a reality, we must address internal weaknesses. Can we stop the infighting and public defamation of fellow Sikhs, especially during such sacred commemorations? The world cannot take our message seriously if we ourselves are divided.

We could also collaborate with non-governmental organisations (NGOs) that work in interfaith dialogue, human rights, and education. Such partnerships could amplify our reach. Equally, we can approach local governments to support events that showcase the Sikh contribution to universal values.

***... Continue on page 37***

*... Continue from page 36*

A key initiative could be the creation of a group of 350 respected Sikh achievers from various walks of life — scholars, artists, soldiers, entrepreneurs, and community leaders — who would commit to promoting Sikh values globally in honour of Guru Tegh Bahadur's 350th martyrdom anniversary. This symbolic group could spearhead events, media outreach, and community engagement.

***From Celebration to Continuous Effort***

While the anniversary in 2025 provides a strong focal point, our efforts should not be limited to one year. We need a long-term plan to establish Sikh study centres, both in Punjab and abroad, where Sikh philosophy can be studied, researched, and taught in multiple languages. We must invest in training young Sikhs — men and women — to become effective communicators of Guru Nanak's vision.

Technology, too, must be harnessed. Digital platforms can carry Sikh teachings into homes and hearts across the globe. Online courses, interactive apps, podcasts, and translated scripture can connect with audiences far beyond our physical reach.

***Seizing the Moment***

Sikhism was born with a message for all humanity — a message of equality, truth, courage, and service. Guru Nanak Dev Ji walked across continents to share it. Guru Tegh Bahadur Ji laid down his life to defend its principles. The Khalsa built kingdoms on these ideals and protected the oppressed.

History has shown us that Sikhism flourishes when it actively engages with the world. Today, with millions of Sikhs living globally and modern communication at our fingertips, the potential to spread Guru Nanak's light is greater than ever.

But potential alone is not enough. We must unite, plan, and act. We must train preachers who can speak in the world's languages. We must build institutions that study and share Sikh philosophy. We must turn our Gurdwaras into beacons of learning, not merely places of ritual. Above all, we must live the values we preach — truth, humility, service, and fearlessness.

As we approach the 350th martyrdom anniversary of Guru Tegh Bahadur Ji, let us pray for the strength to rise to this occasion. Let us work together — across borders and differences — to tell the world about the Guru who gave his life so others could worship freely. Let us turn this commemoration into the beginning of a new chapter in Sikh history.

This is an appeal to every Sikh — wherever you live, whatever your profession — to join in the service of the Guru at this historic moment. Bring your time, your skills, your voice, and your resources to this sacred mission. Let us stand as one Khalsa Panth to spread the light of Guru Nanak and the courage of Guru Tegh Bahadur to the entire world.

The time is now. The opportunity is before us.

Let us begin this sacred work — for the honour of our Gurus and the service of humanity.

**Former Chairman, National Commission for Minorities, Government of India**

# ਆਜ਼ਾਦੀ ਦਿਵਸ

ਕਰਮ ਸਿੰਘ ਦੇ ਦੋ ਬੇਟੇ ਸਨ। ਮੋਟਾ ਰੁਪਿਆ ਖ਼ਰਚ ਕੇ ਕਨੇਡਾ ਪੜ੍ਹਾਈ ਕਰਨ ਵਾਸਤੇ ਭੇਜ ਦਿੱਤੇ ਸਨ ਹੁਣ ਦੋਵੇਂ ਹੀ ਕਨੇਡਾ ਵਿੱਚ ਸਿਟੀਜ਼ਨ ਹੋ ਚੁੱਕੇ ਸਨ। ਆਪ ਕਰਮ ਸਿੰਘ ਇੰਡੀਆ ਨਗਰ ਕੌਂਸਲ ਦਾ ਪ੍ਰਧਾਨ ਸੀ। ਇਸ ਵਾਰ ਪੰਦਰਾਂ ਅਗਸਤ ਆਜ਼ਾਦੀ ਦਿਵਸ ਮਨਾਉਣ ਲਈ ਮੀਟੰਗ ਕਰਕੇ ਰੂਪ ਰੇਖਾ ਤਿਆਰ ਹੋ ਰਹੀ ਸੀ।

ਕਰਮ ਸਿੰਘ ਨੇ ਕੌਂਸਲ ਦੇ ਦਫ਼ਤਰ ਉੱਤੇ ਪੰਦਰਾਂ ਅਗਸਤ ਨੂੰ ਝੰਡਾ ਲਹਿਰਾਉਣ ਦੀ ਡਿਊਟੀ ਵਾਇਸ ਪ੍ਰਧਾਨ ਦੀ ਲਗਾ ਦਿੱਤੀ ਜਦ ਸਾਰਿਆਂ ਨੇ ਕਿਹਾ ਇਹ ਰਸਮ ਪ੍ਰਧਾਨ ਜੀ ਤੁਸੀਂ ਕਰਿਓ ! ਤਾਂ ਅੱਗੋਂ ਉਸ ਨੇ ਕਿਹਾ ਮੈਂ ਪੰਦਰਾਂ ਅਗਸਤ ਸਵੇਰੇ ਬੱਚਿਆਂ ਕੋਲ ਵਿਦੇਸ਼ ਜਾਣਾ ਹੈ ਮੈਂ ਜਾਣ ਦੀ ਤਿਆਰੀ ਵੀ ਕਰਨੀ ਹੈ। ਸਾਰਿਆਂ ਦੇ ਕਹਿਣ ਤੇ ਝੰਡਾ ਲਹਿਰਾਉਣ ਦੀ ਰਸਮ ਕਰਨ ਲਈ ਮੰਨ ਗਿਆ।

ਪੰਦਰਾਂ ਅਗਸਤ ਨੂੰ ਪ੍ਰਧਾਨ ਝੰਡਾ ਲਹਿਰਾ ਕੇ ਸਭ ਨੂੰ ਸੰਬੋਧਨ ਕਰਦਾ ਆਖਣ ਲੱਗਾ ਅੱਜ ਦੇ ਦਿਨ ਬੜੀਆਂ ਕੁਰਬਾਨੀਆਂ ਦੇਣ ਤੋਂ ਬਾਅਦ ਆਜ਼ਾਦੀ ਪ੍ਰਾਪਤ ਹੋਈ ਸੀ। ਸਾਨੂੰ ਆਜ਼ਾਦੀ ਲੈਕੇ ਦੇਣ ਵਾਲੇ ਸ਼ਹੀਦਾਂ ਨੂੰ ਯਾਦ ਰੱਖਣਾ ਚਾਹੀਦਾ ਹੈ ਅਤੇ ਆਪਣੇ ਦੇਸ਼ ਨਾਲ ਪਿਆਰ ਕਰਨਾਂ ਚਾਹੀਦਾ ਹੈ।

ਅਜੀਹੀਆਂ ਤਕਰੀਰਾਂ ਕਰਨ ਤੋਂ ਬਾਅਦ ਆਖਣ ਲੱਗਾ ਭਰਾਵੋ ਮੇਰੇ ਕੋਲ ਸਮਾਂ ਬਹੁਤ ਘੱਟ ਹੈ ਮੈਂ ਅੱਜ ਕਨੇਡਾ ਬੱਚਿਆ ਕੋਲ ਚੱਲਿਆ ਹਾਂ ਅੱਜ ਮੇਰੀ ਫਲੈਟ ਹੈ ਆਖ ਸਟੇਜ ਤੋਂ ਛਾਲ ਮਾਰ ਕੋਲ ਖੜੀ ਗੱਡੀ ਵਿੱਚ ਬੈਠ ਦਿੱਲੀ ਏਅਰਪੋਰਟ ਦੇ ਰਾਹ ਪੈ ਗਿਆ। -ਸੁਖਵਿੰਦਰ ਸਿੰਘ

ਮੁੱਲਾਂਪੁਰ ਕੈਲਪੁਰ ਰੋਡ ਮੁੱਲਾਂਪੁਰ ਦਾਖਾ +61 461 530 169

# ਮਾਨਚੈਸਟਰ 'ਚ ਚੜਦੇ ਅਤੇ ਲਹਿੰਦੇ ਪੰਜਾਬ ਦੀਆਂ ਮੁਟਿਆਰਾਂ ਦੇ 'ਮਿਸ ਟਾਇਲੈਂਟਡ ਪੰਜਾਬਣ' 'ਮੁਕਾਬਲੇ' ਕਰਵਾਏ ਗਏ

## ✪ ਸਪਰੀ ਸ਼ਰਮਾ ਪਹਿਲੇ, ਤਨਵੀਰ ਕੌਰ ਦੂਜੇ ਅਤੇ ਸੁਖਬੀਰ ਕੌਰ ਤੀਜੇ ਸਥਾਨ ਤੇ ਰਹੀ



*ਪਹਿਲੇ ਨੰਬਰ ਤੇ ਆਉਣ ਵਾਲੀ ਮੁਟਿਆਰ ਸਪਰੀ ਸ਼ਰਮਾ ਨੂੰ ਤਾਜ ਪਹਿਨਾ ਕੇ ਤੇ ਯਾਦਗਾਰੀ ਚਿੰਨ ਦੇ ਕੇ ਸਨਮਾਨਿਤ ਕਰਦੀਆਂ ਹੋਈਆਂ ਪ੍ਰਬੰਧਕਾਂ ਤੇ ਜੱਜ।*

ਮਾਨਚੈਸਟਰ-(ਸੁਖਜਿੰਦਰ ਸਿੰਘ ਢੱਡੇ)- ਇੰਗਲੈਂਡ ਦੇ ਸ਼ਹਿਰ ਮਾਨਚੈਸਟਰ ਦੇ 'ਸਾਂਝਾ ਵਿਰਸਾ' ਗਰੁੱਪ ਦੀਆਂ ਪ੍ਰਬੰਧਕਾਂ ਰੋਜੀ ਕੌਰ ਅਤੇ ਗਗਨ ਸਿੱਧੂ ਵੱਲੋਂ ਇੰਗਲੈਂਡ ਦੇ ਸ਼ਹਿਰ ਮਾਨਚੈਸਟਰ ਚ ਚੜਦੇ ਅਤੇ ਲਹਿੰਦੇ ਪੰਜਾਬ ਦੀਆਂ ਪੰਜਾਬਣ ਮੁਟਿਆਰਾਂ ਦੇ 'ਮਿਸ ਟਾਇਲੈਂਟਡ ਪੰਜਾਬਣ' ਮੁਕਾਬਲੇ ਕਰਵਾਏ ਗਏ। ਜਿਸ ਵਿੱਚ ਇੰਗਲੈਂਡ ਸਮੇਤ ਯੂਰਪ ਤੋਂ ਪੁੱਜੀਆਂ ਮੁਟਿਆਰਾਂ ਵੱਲੋਂ ਆਪੋ ਆਪਣੀ ਕਲਾ ਦੇ ਜ਼ੌਹਰ ਵਿਖਾਏ ਗਏ। ਇਹਨਾਂ ਮੁਕਾਬਲਿਆਂ ਚ ਸਮੀਨਾ ਖਾਨ, ਸਮੀਮਾਂ ਖਾਨ, ਰਿਦਮ ਬਰਦਬਾਜ, ਆਰ ਜੇ ਜੋਤੀ, ਆਰੀਆ ਰਜਨੀ ਅਤੇ ਮੋਹਣੀ ਬਸਰਾ ਵੱਲੋਂ ਜੱਜ ਦੀ ਭੂਮਿਕਾ ਨਿਭਾਈ ਗਈ।

ਇਹਨਾਂ ਮੁਕਾਬਲਿਆਂ ਚ ਸਪਰੀ ਸ਼ਰਮਾ ਪਹਿਲੇ, ਤਨਵੀਰ ਕੌਰ ਦੂਜੇ ਅਤੇ ਸੁਖਬੀਰ ਕੌਰ ਤੀਜੇ ਸਥਾਨ ਤੇ ਰਹੀਆਂ। ਜੇਤੂ ਰਹੀਆਂ ਮੁਟਿਆਰਾਂ ਨੂੰ ਮੌਕੇ ਤੇ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ। ਪਹਿਲੇ ਸਥਾਨ ਤੇ ਆਉਣ ਵਾਲੀ ਪ੍ਰਤੀਯੋਗੀਤਾਂ ਸਪਰੀ ਸ਼ਰਮਾ ਨੂੰ ਪ੍ਰਬੰਧਕਾਂ ਵੱਲੋਂ ਤਾਜ ਪੈਨਾ ਕੇ ਯਾਦ ਕਰ ਸੀਲਡ ਨਾਲ ਸਨਮਾਨਿਤ ਕੀਤਾ ਗਿਆ। ਇਸ ਪ੍ਰੋਗਰਾਮ ਚ ਕੋਸਲਰ ਜਾਸਮੀਨ ਦਾਰ, ਕੋਸਲਰ ਈਸਾ ਮੁਸਤਾਨ ਨੇ ਆਪਣੀਆਂ ਸਾਥਣਾਂ ਸਮੇਤ ਹਾਜਰੀ ਭਰੀ। ਇਸ ਮੌਕੇ ਤੇ ਕੋਸਲਰ ਹੂਸੈਨ ਰਿਜ਼ਰਵਡ ਨੇ ਮੁੱਖ ਮਹਿਮਾਨ ਦੇ ਤੌਰ ਤੇ ਸ਼ਿਰਕਤ ਕੀਤੀ।


ਇਸ ਪ੍ਰੋਗਰਾਮ ਦੌਰਾਨ ਪ੍ਰਬੰਧਕਾਂ ਵੱਲੋਂ ਚੜਦੇ ਅਤੇ ਲਹਿੰਦੇ ਪੰਜਾਬ ਦੀਆਂ ਪੰਜਾਬਣ ਮੁਟਿਆਰਾਂ ਲਈ ਮੁਫਤ ਰੱਖਿਆ ਗਿਆ ਅਤੇ ਇਸ ਸਾਰੇ ਪ੍ਰੋਗਰਾਮ ਦੌਰਾਨ ਪੀਂਘਾਂ, ਪੰਜਾਬੀ ਗਹਿਣਿਆਂ ਦੇ ਸਟਾਲ ਖਿੱਚ ਦਾ ਕੇਂਦਰ ਬਣੇ ਰਹੇ।

# ਕਪਲ ਸ਼ਰਮਾ ਦਾ ਕੈਫੇ ਮੁੜ ਖੋਲਿਆ ਗੋਲੀਬਾਰੀ ਦੀ ਘਟਨਾ ਮਗਰੋਂ ਕੀਤਾ ਗਿਆ ਸੀ ਬੰਦ

ਵੈਨਕੂਵਰ- (ਮਲਕੀਤ ਸਿੰਘ )-ਪ੍ਰਸਿੱਧ ਟੀਵੀ ਸ਼ੋਅ 'ਦਾ ਕਪਲ ਸ਼ਰਮਾ ਸ਼ੋਅ 'ਦੇ ਸੰਚਾਲਕ ਕਪਲ ਸ਼ਰਮਾ ਵੱਲੋਂ ਸਰੀ ਚ ਖੋਲੇ ਗਏ ਆਪਣੇ ਨਵੇਂ ' ਕੈਬਸ ਕੈਫੇ' ਤੇ ਗੋਲੀਬਾਰੀ ਦੀ ਘਟਨਾ ਵਾਪਰਨ ਮਗਰੋਂ ਬੰਦ ਰੱਖੇ ਗਏ ਉਕਤ ਕੈਫੇ ਨੂੰ ਗਾਹਕਾਂ ਦੀ ਸਹੂਲਤ ਲਈ ਮੁੜ ਖੋਲ ਦਿੱਤਾ ਗਿਆ ਹੈ। ਜ਼ਿਕਰਯੋਗ ਹੈ ਕਿ 10 ਜੁਲਾਈ ਦੀ ਰਾਤ ਨੂੰ ਕੈਫੇ ਦੇ ਬਾਹਰ ਵਾਰ ਵਾਪਰੀ ਗੋਲੀਬਾਰੀ ਦੀ ਇੱਕ ਘਟਨਾ ਮਗਰੋਂ ਇਹ ਕੈਫੇ ਆਰਜੀ ਤੌਰ ਤੇ ਬੰਦ ਰੱਖਿਆ ਗਿਆ ਸੀ।

# ਬਹੁਪੱਖੀ ਸੰਕਟਾਂ ਵਿਚ ਘਿਰੇ ਪੰਜਾਬ ਨੂੰ ਕਿਵੇਂ ਬਚਾਇਆ ਜਾਵੇ

**ਸਤਨਾਮ ਮਾਣਕ**



ਇਸ ਗੱਲ ਬਾਰੇ ਕੋਈ ਦੋ ਰਾਵਾਂ ਨਹੀਂ ਹਨ ਕਿ ਪੰਜਾਬ ਦਾ ਆਜ਼ਾਦੀ ਤੋਂ ਪਹਿਲਾਂ ਵੀ ਅਤੇ ਆਜ਼ਾਦੀ ਤੋਂ ਬਾਅਦ ਵੀ ਦੇਸ਼ ਦੇ ਇਤਿਹਾਸ, ਰਾਜਨੀਤੀ ਤੇ ਆਰਥਿਕਤਾ ਵਿਚ ਵੱਡਾ ਯੋਗਦਾਨ ਰਿਹਾ ਹੈ। ਇਕ ਲੰਮੇ ਸਮੇਂ ਤੱਕ ਇਸ ਧਰਤੀ ਦੇ ਜਾਏ ਕੇਂਦਰੀ ਏਸ਼ੀਆ ਤੋਂ ਆਉਣ ਵਾਲੇ ਹਮਲਾਵਰਾਂ ਦਾ ਮੂੰਹ ਮੋੜਦੇ ਰਹੇ ਹਨ। 1469 ਵਿਚ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਨੇ ਇਸ ਸਮੁੱਚੇ ਖੇਤਰ ਨੂੰ ਇਕ ਨਵੀਂ ਦਿਸ਼ਾ ਦਿੱਤੀ। ਗੁਰੂ ਨਾਨਕ ਦੇਵ ਜੀ ਤੋਂ ਲੈ ਕੇ 10ਵੇਂ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਤੱਕ ਸਿੱਖਿਆ ਅਤੇ ਦੀਖਿਆ ਦੀ ਇਕ ਅਜਿਹੀ ਲਹਿਰ ਚੱਲੀ, ਜਿਸ ਨੇ ਇਸ ਧਰਤੀ 'ਤੇ ਅਣਖੀ ਤੇ ਗ਼ੈਰਤਮੰਦ ਮਨੁੱਖ ਪੈਦਾ ਕੀਤਾ, ਜੋ ਨਾ ਤਾਂ ਜ਼ੁਲਮ ਕਰਨ ਦੇ ਹੱਕ ਵਿਚ ਸੀ ਅਤੇ ਨਾ ਹੀ ਜ਼ੁਲਮ ਸਹਿਣ ਦੇ ਹੱਕ ਵਿਚ ਸੀ। ਗੁਰੂ ਸਾਹਿਬਾਨ ਨੇ ਆਪਣੀ ਕਰਨੀ ਅਤੇ ਕਥਨੀ ਰਾਹੀਂ ਲੋਕਾਂ ਦੀ ਮਾਨਸਿਕਤਾ ਵਿਚ ਵੱਡੀ ਤਬਦੀਲੀ ਲਿਆਂਦੀ। ਜਾਤ-ਪਾਤ ਤੋਂ ਰਹਿਤ ਅਤੇ ਬਰਾਬਰੀ ਵਾਲੇ ਸਮਾਜ ਦੀ ਸਥਾਪਨਾ ਵਿਚ ਵੱਡਾ ਯੋਗਦਾਨ ਪਾਇਆ। ਇਸ ਪ੍ਰਸੰਗ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਇਕ ਵੱਡਾ ਕ੍ਰਾਂਤੀਕਾਰੀ ਕਾਰਜ ਸੀ। ਇਸੇ ਰਾਜਨੀਤਕ ਅਤੇ ਸਮਾਜਿਕ ਚੇਤਨਾ ਦਾ ਸਿੱਟਾ ਬਾਅਦ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਸ਼ਕਤੀਸ਼ਾਲੀ ਰਾਜ ਦੇ ਰੂਪ ਵਿਚ ਸਾਹਮਣੇ ਆਇਆ, ਜਿਸ ਨੇ ਪੰਜਾਬ ਦੇ ਮਹੱਤਵ ਅਤੇ ਮਾਣ-ਸਨਮਾਨ ਨੂੰ ਪੂਰੀ ਦੁਨੀਆ ਵਿਚ ਬੁਲੰਦ ਕੀਤਾ ਸੀ।

1849 ਵਿਚ ਅੰਗਰੇਜ਼ਾਂ ਦੁਆਰਾ ਪੰਜਾਬ 'ਤੇ ਕਾਬਜ਼ ਹੋਣ ਤੋਂ ਤੁਰੰਤ ਬਾਅਦ ਹੀ ਗੁਰੂ ਸਾਹਿਬਾਨ ਦੁਆਰਾ ਚੇਤਨ ਕੀਤੇ ਅਤੇ ਜਗਾਏ ਹੋਏ ਪੰਜਾਬੀਆਂ ਨੇ ਅੰਗਰੇਜ਼ ਸਾਮਰਾਜ ਦੇ ਖ਼ਿਲਾਫ਼ ਲੜਾਈ ਵਿੱਢ ਦਿੱਤੀ। ਸੌ ਸਾਲ ਤੱਕ ਚੱਲੀ ਇਸ ਲੜਾਈ ਵਿਚ ਪੰਜਾਬੀਆਂ ਅਤੇ ਖ਼ਾਸ ਕਰਕੇ ਸਿੱਖ ਭਾਈਚਾਰੇ ਨੇ ਵੱਡਾ ਹਿੱਸਾ ਪਾਇਆ। ਇਹ ਧਰਤੀ ਏਨੀ ਜ਼ਰਖੇਜ਼ ਸੀ ਕਿ ਇੱਥੇ ਇਕ ਤੋਂ ਬਾਅਦ ਇਕ ਆਜ਼ਾਦੀ ਲਈ ਲਹਿਰਾਂ ਉੱਠਦੀਆਂ ਰਹੀਆਂ, ਜਿਨ੍ਹਾਂ ਨੇ ਅੰਗਰੇਜ਼ ਸਾਮਰਾਜ ਨੂੰ ਟਿਕ ਕੇ ਨਹੀਂ ਬੈਠਣ ਦਿੱਤਾ। ਲੋਕਾਂ ਨੂੰ ਗੁਰੂ ਸਾਹਿਬਾਨ ਦੇ ਵਿਰਸੇ ਨਾਲ ਜੋੜਨ ਅਤੇ ਆਪਣੇ ਇਤਿਹਾਸ ਤੋਂ ਜਾਣੂ ਕਰਾਉਣ ਲਈ ਸਭ ਤੋਂ ਪਹਿਲਾਂ ਸਿੰਘ ਸਭਾ ਲਹਿਰ ਸਾਹਮਣੇ ਆਈ, ਜਿਸ ਨੇ ਲੋਕਾਂ ਨੂੰ ਇਕ ਵਾਰ ਫਿਰ ਤੋਂ ਪੰਜਾਬ ਦੇ ਗੌਰਵਸ਼ਾਲੀ ਇਤਿਹਾਸ ਅਤੇ ਗੁਰਬਾਣੀ ਨਾਲ ਜੋੜਿਆ। ਪੰਜਾਬੀ ਸਮਾਜ ਵਿਚ ਆਈਆਂ ਕਮੀਆਂ ਕਮਜ਼ੋਰੀਆਂ ਨੂੰ ਦੂਰ ਕੀਤਾ। ਇਸ ਦੇ ਨਾਲ ਹੀ ਚੀਫ਼ ਖ਼ਾਲਸਾ ਦੀਵਾਨ ਨੇ ਵਿੱਦਿਅਕ ਅਦਾਰੇ ਬਣਾ ਕੇ ਸਿੱਖਿਆ ਦੇ ਪ੍ਰਚਾਰ ਪ੍ਰਸਾਰ ਵਿਚ ਵੱਡਾ ਯੋਗਦਾਨ ਪਾਇਆ। ਇਸ ਤੋਂ ਬਾਅਦ ਨਾਮਧਾਰੀ ਲਹਿਰ, ਗ਼ਦਰ ਲਹਿਰ, ਅਕਾਲੀ ਲਹਿਰ, ਬੱਬਰ ਅਕਾਲੀ ਲਹਿਰ ਦੀ ਜੱਦੋ-ਜਹਿਦ ਨੇ ਅੰਗਰੇਜ਼ਾਂ ਨੂੰ ਇਹ ਚੰਗੀ ਤਰ੍ਹਾਂ ਅਹਿਸਾਸ ਕਰਵਾ ਦਿੱਤਾ ਸੀ ਕਿ ਨਾ ਪੰਜਾਬ ਅਤੇ ਨਾ ਹੀ ਇਹ ਦੇਸ਼ ਬਹੁਤੀ ਦੇਰ ਤੱਕ ਉਨ੍ਹਾਂ ਦੀ ਗ਼ੁਲਾਮੀ ਅਧੀਨ ਰਹੇਗਾ। ਬਿਨਾਂ ਸ਼ੱਕ ਕੌਮੀ ਪੱਧਰ 'ਤੇ ਕਾਂਗਰਸ ਦੇਸ਼ ਦੀ ਆਜ਼ਾਦੀ ਲਈ ਲੜਨ ਵਾਲੀ ਇਕ ਵੱਡੀ ਧਿਰ ਸੀ, ਪਰ ਇਸ ਦੇ ਨਾਲ-ਨਾਲ ਪੰਜਾਬ, ਬੰਗਾਲ, ਮਹਾਰਾਸ਼ਟਰ, ਬਿਹਾਰ ਅਤੇ ਇਸ ਵਿਸ਼ਾਲ ਦੇਸ਼ ਦੇ ਵੱਖ-ਵੱਖ ਹੋਰ ਖੇਤਰਾਂ ਵਿਚ ਉੱਠੀਆਂ ਸਥਾਨਕ ਲਹਿਰਾਂ ਨੇ ਵੀ ਅਹਿਮ ਯੋਗਦਾਨ ਪਾਇਆ। ਇਸ ਪ੍ਰਸੰਗ ਵਿਚ ਪੰਜਾਬ ਦਾ ਯੋਗਦਾਨ ਬਿਨਾਂ ਸ਼ੱਕ ਸਭ ਤੋਂ ਵਧੇਰੇ ਰਿਹਾ ਹੈ।

ਪਰ ਦੇਸ਼ ਦੀ ਵੰਡ ਪਹਿਲਾ ਅਜਿਹਾ ਵੱਡਾ ਘਟਨਾਕ੍ਰਮ ਸੀ, ਜਿਸ ਨੇ ਪੰਜਾਬ ਦਾ ਬਹੁਤ ਜ਼ਿਆਦਾ ਨੁਕਸਾਨ ਕੀਤਾ। ਪੰਜਾਬੀ ਵਸੇਬੇ ਦਾ ਲੱਕ ਤੋੜ ਦਿੱਤਾ। ਪੰਜਾਬ ਨਾ ਕੇਵਲ ਭੂਗੋਲਿਕ ਤੌਰ 'ਤੇ ਵੰਡਿਆ ਗਿਆ, ਸਗੋਂ ਇਸ ਦੀ ਇਤਿਹਾਸਕ ਵਿਰਾਸਤ ਜੋ ਵੰਡ ਤੋਂ ਬਾਅਦ ਪਾਕਿਸਤਾਨ (ਲਹਿੰਦਾ ਪੰਜਾਬ) ਵਿਚ ਰਹਿ ਗਈ ਸੀ, ਉਸ ਦੀ ਸਾਂਭ ਸੰਭਾਲ ਦੇ ਰਾਹ ਵਿਚ ਵੀ ਵੱਡੀਆਂ ਰੁਕਾਵਟਾਂ ਪੈਦਾ ਹੋਈਆਂ। ਬਹੁਤ ਸਾਰੇ ਇਤਿਹਾਸਕ ਅਤੇ ਸੱਭਿਆਚਾਰਕ ਮਹੱਤਵ ਵਾਲੇ ਅਸਥਾਨਾਂ ਦੀ ਹੋਂਦ ਬਰਕਰਾਰ ਨਾ ਰੱਖੀ ਜਾ ਸਕੀ ਅਤੇ ਨਾ ਹੀ ਭਾਰਤੀ ਪੰਜਾਬ ਦੇ ਲੋਕ ਆਸਾਨੀ ਨਾਲ ਉਨ੍ਹਾਂ ਥਾਵਾਂ ਦੇ ਦਰਸ਼ਨ-ਦੀਦਾਰ ਕਰ ਸਕੇ। ਦੇਸ਼ ਦੀ ਵੰਡ ਸਮੇਂ ਇਕ ਅੰਦਾਜ਼ੇ ਮੁਤਾਬਿਕ 250 ਤੋਂ ਵੀ ਵੱਧ ਗੁਰਦੁਆਰੇ ਅਤੇ ਸੱਭਿਆਚਾਰਕ ਤੌਰ 'ਤੇ ਅਹਿਮੀਅਤ ਰੱਖਣ ਵਾਲੇ ਸਥਾਨ ਪਾਕਿਸਤਾਨ (ਲਹਿੰਦਾ ਪੰਜਾਬ) ਵਿਚ ਸਨ। ਇਨ੍ਹਾਂ ਵਿਚੋਂ ਕੁਝ ਖ਼ਾਸ ਅਸਥਾਨਾਂ ਨੂੰ ਹੀ ਸੰਭਾਲਿਆ ਜਾ ਸਕਿਆ।

ਇਧਰ ਭਾਰਤ ਵਿਚ ਪੰਜਾਬ ਦਾ ਪੁਨਰਗਠਨ ਨਿਆਂਸੰਗਤ ਢੰਗ ਨਾਲ ਨਾ ਹੋਣ ਕਾਰਨ ਨਵਾਂ ਬਣਿਆ ਪੰਜਾਬੀ ਸੂਬਾ ਆਪਣੀ ਰਾਜਧਾਨੀ ਅਤੇ ਆਪਣੇ ਦਰਿਆਵਾਂ ਦੇ ਪਾਣੀ 'ਤੇ ਆਪਣੇ ਅਧਿਕਾਰ ਤੇ ਕੰਟਰੋਲ ਤੋਂ ਵੀ ਇਕ ਤਰ੍ਹਾਂ ਨਾਲ ਵਾਂਝਾ ਹੋ ਗੁਆ ਬੈਠਾ। ਇਸ ਸੰਬੰਧੀ ਰੇੜਕੇ ਅਜੇ ਤੱਕ ਚਲਦੇ ਆ ਰਹੇ ਹਨ। ਕਾਂਗਰਸ ਪਾਰਟੀ ਤੋਂ ਲੈ ਕੇ ਭਾਰਤੀ ਜਨਤਾ ਪਾਰਟੀ ਤੱਕ ਕੇਂਦਰ ਵਿਚ ਸੱਤਾਧਾਰੀ ਰਹੀਆਂ ਬਹੁਤੀਆਂ ਸਰਕਾਰਾਂ ਨੇ ਪੰਜਾਬ ਨੂੰ ਇਨਸਾਫ਼ ਨਹੀਂ ਦਿੱਤਾ। ਪਰ ਇਨ੍ਹਾਂ ਸਾਰੀਆਂ ਔਕੜਾਂ ਦੇ ਬਾਵਜੂਦ ਪੰਜਾਬੀਆਂ ਨੇ ਆਪਣੀ ਅਣਥੱ, ਮਿਹਨਤ ਨਾਲ ਰਾਜ ਦੀ ਆਰਥਿਕਤਾ ਨੂੰ ਮਜ਼ਬੂਤ ਕੀਤਾ ਅਤੇ ਕੌਮੀ ਪੱਧਰ 'ਤੇ ਵੀ ਆਪਣੀ ਹੋਂਦ ਦਾ ਸਿੱਕਾ ਮਨਵਾਇਆ। ਬਿਨਾਂ ਸ਼ੱਕ ਹਰੇ ਇਨਕਲਾਬ ਨੇ ਪੰਜਾਬ ਦੇ ਰਾਜਨੀਤਕ ਅਤੇ ਆਰਥਿਕ ਉਭਾਰ ਵਿਚ ਬਹੁਤ ਵੱਡਾ ਯੋਗਦਾਨ ਪਾਇਆ ਸੀ, ਪਰ ਇਕ ਸਮੇਂ ਤੋਂ ਬਾਅਦ ਜਦੋਂ ਹਰਾ ਇਨਕਲਾਬ ਉਲਟ ਪ੍ਰਭਾਵੀ ਹੋ ਗਿਆ ਤਾਂ ਉਸ ਸਮੇਂ ਪੰਜਾਬ ਨੂੰ ਨਵੀਂ ਖੇਤੀ ਨੀਤੀ ਦੇਣ ਦੇ ਨਾਲ-ਨਾਲ ਰਾਜ ਦੀ ਖੇਤੀ ਨੂੰ ਹੰਢਣਸਾਰ ਬਣਾਈ ਰੱਖਣ ਲਈ ਇਥੇ ਖੇਤੀ ਅਧਾਰਿਤ ਸਨਅਤਾਂ ਲਾਉਣ ਦੀ ਲੋੜ ਸੀ, ਪਰ ਪੰਜਾਬ ਵਿਚ ਸਨਅਤਾਂ ਲਗਾਉਣ ਦੀ ਥਾਂ ਕੇਂਦਰ ਵਿਚ ਬਣੀਆਂ ਸਰਕਾਰਾਂ ਦੀ ਮਨਸ਼ਾ ਇਸ ਨੂੰ ਕੱਚੇ ਮਾਲ ਦੀ ਮੰਡੀ ਬਣਾਈ ਰੱਖਣ ਦੀ ਹੀ ਰਹੀ।

ਅੱਜ ਪੰਜਾਬ ਜਿਨ੍ਹਾਂ ਬਹੁਤ ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਕਰ ਰਿਹਾ ਹੈ, ਉਹ ਉਨ੍ਹਾਂ ਵਿਚੋਂ ਜ਼ਿਆਦਾ ਸਮੱਸਿਆਵਾਂ ਪੰਜਾਬ ਦੀ ਖੇਤੀ ਵਿਚ ਆਈ ਹੋਈ ਖੜੋਤ ਅਤੇ ਰਾਜ ਦਾ ਸਮੇਂ ਸਿਰ ਸਨਅਤੀਕਰਨ ਨਾ ਹੋਣ ਕਾਰਨ ਆਰਥਿਕਤਾ ਵਿਚ ਆਈ ਖੜੋਤ ਵਿਚੋਂ ਪੈਦਾ ਹੋਈਆਂ ਹਨ। ਇਸੇ ਕਾਰਨ ਇਥੇ ਰੁਜ਼ਗਾਰ ਦੇ ਅਵਸਰ ਨਾ ਵਧ ਸਕੇ। ਨੌਜਵਾਨ ਹਰ ਦੇਸ਼ ਤੇ ਹਰ ਸਮਾਜ ਦੀ ਚਾਲਕ ਸ਼ਕਤੀ ਹੁੰਦੇ ਹਨ, ਪਰ ਪੰਜਾਬ ਵਿਚ ਹਾਲਾਤ ਇਹ ਬਣ ਗਏ ਹਨ, ਕਿ ਨੌਜਵਾਨਾਂ ਦਾ ਇਕ ਵੱਡਾ ਵਰਗ ਅੱਜ ਆਪਣੇ ਲਈ ਵੀ ਤੇ ਸਮਾਜ ਲਈ ਵੀ ਮੁਸੀਬਤ ਬਣ ਗਿਆ ਹੈ। ਗੈਂਗਸਟਰਵਾਦ ਅਤੇ ਨਸ਼ਿਆਂ ਦੇ ਵਧੇ ਪ੍ਰਕੋਪ ਨੂੰ ਇਸ ਸੰਦਰਭ ਵਿਚ ਹੀ ਦੇਖਿਆ ਤੇ ਸਮਝਿਆ ਜਾ ਸਕਦਾ ਹੈ। ਪੰਜਾਬ ਵਿਚ ਰਾਜ ਕਰਨ ਵਾਲੀਆਂ ਸਰਕਾਰਾਂ ਨੂੰ ਆਰਥਿਕਤਾ ਵਿਚ ਆਈ ਖੜੋਤ ਨੂੰ ਤੋੜਨ ਲਈ ਸਮੇਂ ਸਿਰ ਉਪਰਾਲੇ ਕਰਨੇ ਚਾਹੀਦੇ ਸਨ, ਕੇਂਦਰੀ ਸਰਕਾਰਾਂ ਨੂੰ ਇਸ ਲਈ ਮਜ਼ਬੂਰ ਕਰਨਾ ਚਾਹੀਦਾ ਸੀ। ਪਰ ਇਹ ਦੁਖ ਦੀ ਗੱਲ ਹੈ ਕਿ ਰਾਜ ਵਿਚ ਬਣੀਆਂ ਸਰਕਾਰਾਂ ਖ਼ਾਸ ਕਰਕੇ ਖਾੜਕੂਵਾਦ ਤੋਂ ਬਾਅਦ 1997 ਤੋਂ ਬਣੀਆਂ ਸਰਕਾਰਾਂ ਨੇ ਸਿੱਖਿਆ, ਸਿਹਤ ਆਦਿ ਦੇ ਮਹੱਤਵਪੂਰਨ ਖੇਤਰਾਂ ਵਲ ਧਿਆਨ ਦੇਣ ਅਤੇ ਰਾਜ ਦੇ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਸਿਰਜਣ ਲਈ ਕੋਈ ਵੱਡੇ ਉਪਰਾਲੇ ਨਹੀਂ ਕੀਤੇ। ਸਗੋਂ ਰਾਜ ਦੀਆਂ ਸਿਆਸੀ ਪਾਰਟੀਆਂ ਨੇ ਸੱਤਾ ਹਾਸਿਲ ਕਰਨ ਲਈ ਲੋਕਾਂ ਨੂੰ ਵੱਖ-ਵੱਖ ਖੇਤਰਾਂ ਵਿਚ ਤੁਰੰਤ ਸਿੱਧੇ ਵਿੱਤੀ ਲਾਭ ਦੇ ਕੇ ਵੋਟਾਂ ਬਟੋਰਨ ਦਾ ਰਸਤਾ ਅਖ਼ਤਿਆਰ ਕੀਤਾ। ਇਸੇ ਵਿਚੋਂ ਹੀ ਕਿਸਾਨਾਂ ਨੂੰ ਬਿਜਲੀ ਪਾਣੀ ਮੁਫ਼ਤ ਦੇਣ, ਚੁੰਗੀਆਂ ਮੁਆਫ਼ ਕਰਨ, ਸਾਰੀਆਂ ਔਰਤਾਂ ਨੂੰ ਮੁਫ਼ਤ ਸਫ਼ਰ ਦੀ ਸਹੂਲਤ ਦੇਣ ਅਤੇ ਘਰੇਲੂ ਖਪਤਕਾਰਾਂ ਨੂੰ ਮੁਫ਼ਤ ਬਿਜਲੀ ਦੇਣ ਵਰਗੀਆਂ ਸਕੀਮਾਂ ਨਿਕਲੀਆਂ ਅਤੇ ਰਾਜ ਦੇ ਵਿੱਤੀ ਸਾਧਨਾਂ ਦਾ ਇਸੇ ਤਰ੍ਹਾਂ ਉਜਾੜਾ ਅੱਗੇ ਵੀ ਜਾਰੀ ਰਹਿਣ ਦੀ ਸੰਭਾਵਨਾ ਹੈ। ਬਿਨਾਂ ਸ਼ੱਕ ਸਮੇਂ-ਸਮੇਂ ਸਿਆਸੀ ਪਾਰਟੀਆਂ ਇਨ੍ਹਾਂ ਮੁਫ਼ਤਖੋਰੀਆਂ ਨਾਲ ਸਰਕਾਰਾਂ ਬਣਾਉਣ ਵਿਚ ਸਫ਼ਲ ਰਹੀਆਂ ਹਨ। ਪਰ ਪੰਜਾਬ ਅਜਿਹੀਆਂ ਸਕੀਮਾਂ ਨਾਲ ਆਰਥਿਕ ਤੌਰ 'ਤੇ ਦੀਵਾਲੀਆ ਹੋ ਗਿਆ।

ਇਸ ਸਮੇਂ ਵੀ ਹਾਲਤ ਇਹ ਹੈ ਕਿ ਰਾਜ ਸਰਕਾਰ ਨੂੰ ਪਿਛਲਾ ਕਰਜ਼ਾ ਮੋੜਨ ਅਤੇ ਮੌਜੂਦਾ ਸਮੇਂ ਵਿਚ ਪ੍ਰਸ਼ਾਸਨ ਚਲਾਉਣ ਲਈ ਨਿਰੰਤਰ ਹੋਰ ਕਰਜ਼ਾ ਲੈਣਾ ਪੈ ਰਿਹਾ ਹੈ। ਰਾਜ ਦੀਆਂ ਸੜਕਾਂ ਬੁਰੀ ਤਰ੍ਹਾਂ ਟੁੱਟੀਆਂ ਪਈਆਂ ਹਨ। ਸ਼ਹਿਰਾਂ ਵਿਚ ਸਫਾਈ ਤੇ ਸੀਵਰੇਜ ਪ੍ਰਣਾਲੀ ਦਾ ਮੰਦਾ ਹਾਲ ਹੈ। ਸਰਕਾਰੀ ਸਕੂਲ, ਕਾਲਜ ਤੇ ਯੂਨੀਵਰਸਿਟੀਆਂ ਵੱਡੇ ਪੱਧਰ 'ਤੇ ਅਧਿਆਪਕਾਂ ਤੇ ਹੋਰ ਅਮਲੇ ਤੋਂ ਸੱਖਣੀਆਂ ਹਨ। ਸਰਕਾਰੀ ਹਸਪਤਾਲ ਸਰਕਾਰ ਦੇ ਸਾਰੇ ਦਾਅਵਿਆਂ ਦੇ ਬਾਵਜੂਦ ਦਮ ਤੋੜਦੇ ਜਾ ਰਹੇ ਹਨ।

ਜੇਕਰ ਇਸ ਸਮੇਂ ਪੰਜਾਬ ਨੂੰ ਦਰਪੇਸ਼ ਬਹੁਪੱਖੀ ਸੰਕਟਾਂ ਦੇ ਸੰਦਰਭ ਵਿਚ ਸੱਤਾਧਾਰੀ ਆਮ ਆਦਮੀ ਪਾਰਟੀ ਅਤੇ ਇਥੋਂ ਤੱਕ ਕਿ ਵਿਰੋਧੀ ਪਾਰਟੀਆਂ ਦੇ ਰੋਲ ਨੂੰ ਵੀ ਦੇਖਣ ਤੇ ਸਮਝਣ ਦਾ ਯਤਨ ਕਰੀਏ ਤਾਂ ਨਿਰਾਸ਼ਾ ਹੀ ਹੱਥ ਲਗਦੀ ਹੈ। ਰਾਜ ਵਿਚ ਖੇਤੀ ਗੰਭੀਰ ਸੰਕਟ ਵਿਚ ਹੈ। ਇਕ ਸੁਆਲ ਦੇ ਜਵਾਬ ਵਿਚ ਸੰਸਦ ਵਿਚ ਵੀ ਇਹ ਜਾਣਕਾਰੀ ਦਿੱਤੀ ਗਈ ਹੈ ਕਿ ਪੰਜਾਬ ਦੇ ਕਿਸਾਨ ਦੇਸ਼ ਵਿਚ ਸਭ ਤੋਂ ਵਧ ਕਰਜ਼ੇ ਵਿਚ ਡੁੱਬੇ ਹੋਏ ਹਨ। ਇਸੇ ਕਰਕੇ ਹੀ ਬਹੁਤ ਸਾਰੇ ਕਿਸਾਨਾਂ ਵਲੋਂ ਖੇਤੀਬਾੜੀ ਛੱਡਣ ਤੇ ਕਰਜ਼ੇ ਵਿਚ ਡੁੱਬੇ ਕਿਸਾਨਾਂ ਦੇ ਖ਼ੁਦਕੁਸ਼ੀ ਕਰਨ ਦੀਆਂ ਖ਼ਬਰਾਂ ਨਿਰੰਤਰ ਆਉਂਦੀਆਂ ਰਹਿੰਦੀਆਂ ਹਨ। ਸਰਕਾਰ ਵਲੋਂ ਨਸ਼ਿਆਂ ਖ਼ਿਲਾਫ਼ ਯੁੱਧ ਛੇੜਨ ਦੇ ਬਾਵਜੂਦ ਨਸ਼ਿਆਂ ਦਾ ਪ੍ਰਚਲਨ ਨਹੀਂ ਰੁਕ ਸਕਿਆ। ਅਜੇ ਵੀ ਨੌਜਵਾਨਾਂ ਦੇ ਵਧੇਰੇ ਨਸ਼ਾ ਲੈ ਕੇ ਮਰਨ ਦੀਆਂ ਨਿਰੰਤਰ ਖ਼ਬਰਾਂ ਆ ਰਹੀਆਂ ਹਨ। ਗੈਂਗਸਟਰਾਂ ਵਲੋਂ ਲੋਕਾਂ ਨੂੰ ਗੋਲੀਆਂ ਮਾਰਨ ਤੇ ਫਿਰੌਤੀਆਂ ਵਸੂਲਣ ਦਾ ਸਿਲਸਿਲਾ ਨਿਰੰਤਰ ਜਾਰੀ ਹੈ।

ਇਸ ਸਾਲ ਨਵੰਬਰ ਵਿਚ ਗੁਰੂ ਤੇਗ਼ ਬਹਾਦਰ ਜੀ ਦਾ 350 ਸਾਲਾ ਸ਼ਹੀਦੀ ਦਿਵਸ ਆ ਰਿਹਾ ਹੈ। ਇਸ ਨੂੰ ਮਨਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਪੰਜਾਬ ਸਰਕਾਰ ਦਰਮਿਆਨ ਕਈ ਪੱਖਾਂ ਤੋਂ ਮੁਕਾਬਲੇਬਾਜ਼ੀ ਹੁੰਦੀ ਨਜ਼ਰ ਆ ਹੀ ਹੈ। ਇਸ ਸੰਦਰਭ ਵਿਚ ਅਸੀਂ ਇਹ ਕਹਿਣਾ ਚਾਹੁੰਦੇ ਹਾਂ ਕਿ ਬਿਨਾਂ ਸ਼ੱਕ ਸ੍ਰੀ ਗੁਰੂ ਤੇਗ਼ ਬਹਾਦਰ ਜੀ ਵਲੋਂ ਮਾਨਵਤਾ ਲਈ ਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਦਿੱਤੀ ਗਈ ਵੱਡੀ ਸ਼ਹਾਦਤ ਨੂੰ ਪੂਰੇ ਸਤਿਕਾਰ ਨਾਲ ਮਨਾਉਣਾ ਚਾਹੀਦਾ ਹੈ। ਪਰ ਸਾਡੀਆਂ ਸਾਰੀਆਂ ਰਾਜਨੀਤਕ ਅਤੇ ਧਾਰਮਿਕ ਜਥੇਬੰਦੀਆਂ ਨੂੰ ਇਹ ਵੀ ਸਮਝਣਾ ਚਾਹੀਦਾ ਹੈ ਕਿ ਸਮੁੱਚਾ ਪੰਜਾਬ ਗੁਰੂਆਂ ਦੀ ਵਿਰਾਸਤ ਹੈ। ਇਸ ਦੇ ਚੱਪੇ-ਚੱਪੇ 'ਤੇ ਉਨ੍ਹਾਂ ਦੇ ਚਰਨ ਪਏ ਹੋਏ ਹਨ। ਇਸ ਨੂੰ ਵਸਦਾ-ਰਸਦਾ ਰੱਖਣਾ ਅਤੇ ਇਸ ਨੂੰ ਅੱਗੇ ਵਧਾਉਣਾ ਹੀ ਗੁਰੂਆਂ, ਸੂਫ਼ੀਆਂ ਅਤੇ ਭਗਤੀ ਲਹਿਰ ਦੇ ਸੰਤਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ। ਸ਼੍ਰੋਮਣੀ ਕਮੇਟੀ ਇਨ੍ਹਾਂ ਸ਼ਤਾਬਦੀ ਸਮਾਰੋਹਾਂ ਨੂੰ ਇਸ ਤਰ੍ਹਾਂ ਮਨਾਵੇ ਕਿ ਪੰਜਾਬ ਦੇ ਨੌਜਵਾਨ ਨਸ਼ਿਆਂ ਤੋਂ ਉੱਭਰ ਕੇ ਚੰਗੀ ਜੀਵਨ ਜਾਚ ਅਖ਼ਤਿਆਰ ਕਰਨ ਵੱਲ ਰੁਚਿਤ ਹੋਣ। ਆਪਣੇ ਰਾਗੀਆਂ ਢਾਡੀਆਂ ਤੇ ਪ੍ਰਚਾਰਕਾਂ ਨੂੰ ਉਹ ਰਾਜ ਦੇ ਹਰੇਕ ਕੋਨੇ ਵਿਚ ਭੇਜੇ। ਲੋਕਾਂ ਨੂੰ ਸਿੱਖ ਇਤਿਹਾਸ ਤੇ ਗੁਰਬਾਣੀ ਤੇ ਆਧਾਰਿਤ ਜੀਵਨ-ਜਾਚ ਤੋਂ ਜਾਣੂ ਕਰਵਾਏ। ਦੂਜੇ ਪਾਸੇ ਪੰਜਾਬ ਸਰਕਾਰ ਨੂੰ ਇਹ ਸ਼ਤਾਬਦੀ ਸਮਾਰੋਹ ਇਸ ਤਰ੍ਹਾਂ ਮਨਾਉਣਾ ਚਾਹੀਦੇ ਹਨ ਕਿ ਉਹ ਆਪਣੇ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਅਤੇ ਹੋਰ ਅਦਾਰਿਆਂ ਨੂੰ ਬਿਹਤਰ ਬਣਾਉਣ ਲਈ ਸਾਧਨ ਮੁਹੱਈਆ ਕਰੇ। ਇਸ ਤੋਂ ਇਲਾਵਾ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਸਿਰਜਣ ਅਤੇ ਪੰਜਾਬ ਵਿਚ ਅਮਨ ਕਾਨੂੰਨ ਦੀ ਸਥਿਤੀ ਨੂੰ ਬਿਹਤਰ ਬਣਾਉਣਾ ਵੀ ਉਸ ਦੀ ਮੁੱਖ ਤਰਜੀਹ ਹੋਣੀ ਚਾਹੀਦੀ ਹੈ।


– ਲੇਖਕ –
ਗਿਆਨੀ
ਗੁਰਦਿੱਤ ਸਿੰਘ



**ਲੜੀ ਜੋੜਨ ਲਈ ਪਿਛਲਾ ਅੰਕ ਦੇਖੋ**
**ਕਿਸ਼ਤ–7**

# ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਜਿਨ੍ਹਾਂ ਭਗਤਾਂ ਦੀ ਬਾਣੀ ਹੈ, ਉਨ੍ਹਾਂ ਭਗਤਾਂ ਵਿੱਚੋਂ ਪਹਿਲਾਂ ਕਈ ਕ੍ਰਿਸ਼ਨ ਭਗਤ ਕੁਝ ਰਾਮ ਭਗਤ ਅਤੇ ਦੇਵੀ ਭਗਤ ਸਨ। ਭਗਤੀ ਦਾ ਇਕ ਅੰਸ਼ ਮੰਦਿਰਾਂ ਦੀ ਯਾਤਰਾ ਦੇਵੀ–ਦੇਵ, ਪੂਜਦੇ ਸਨ । ਕਈਆਂ ਨੇ ਪੱਥਰ ਦੇ ਠਾਕਰਾਂ ਤੋਂ ਭਗਤੀ ਆਰੰਭੀ ਸੀ। ਕੁਝ ਕੁ ਮੂਰਤੀਆਂ ਪੂਜਣ ਵਾਲੇ, ਕੁਝ ਕਰਮਕਾਂਡੀ ਹਠ ਵਾਲੇ ਭੀ ਪਹਿਲਾਂ ਰਹੇ ਸਨ, ਕੁਝ ਮੁਸਲਮਾਨ, ਰਸੂਲ ਨੂੰ ਮੰਨਣ ਵਾਲੇ ਸ਼ੇਖਾਂਪੀਰਾਂ ਔਲੀਆਂ ਦੀ ਇਸਲਾਮੀ ਮਾਨਤਾ ਦੇ ਵਿਸ਼ਵਾਸੀ ਸਨ । ਕੀ ਇਹ ਭਗਤ ਅਤੇ ਸ਼ੇਖ ਤੇ ਹੋਰ ਮੁਸਲਮਾਨ ਸਾਧਕ, ਜੋ ਪਹਿਲਾਂ ਭਿੰਨ–ਭਿੰਨ ਮਤਾਂ ਦੇ ਸਨ, ਪਰਮਪਦ ਦੀ ਪ੍ਰਾਪਤੀ ਪਿੱਛੋਂ ਵੀ ਵਿਭਿੰਨਤਾ ਦੇ ਧਾਰਨੀ ਰਹੇ, ਜਾਂ ਇਕ ਗੁਰਮਤਿ ਦੇ ਧਾਰਨੀ ਬਣੇ ?**




ਐਸੀ ਪ੍ਰਕ੍ਰਿਆ ਕੋ ਮੁਕਤ ਹੋਣਾ ਕਹਾ ਹੈ।

ਰਾਮਾਨੁਜ ਨੇ ਮੁਕਤੀ ਦੀ ਪ੍ਰਾਪਤੀ ਉਪਾਸ਼ਨਾ ਦਵਾਰਾ ਸੰਭਵ ਮੰਨੀ ਹੈ:–

ਰਾਮਾਨੁਜ ਕੀ ਭਕਤੀ ਹ੍ਰਿਦਯ ਪਖੀ ਔਰ ਬੁੱਧੀ ਪਖੀ, ਦੋਨੋਂ ਕਾ ਸੁਮੇਲ ਹੈ।

(ਤਾਮਲ ਪ੍ਰਬੋਧਮ ਸਫ਼ਾ 69)

ਭਗਤੀ ਮਤ ਦੇ ਇਸ ਪਹਿਲੂ ਦੇ ਥੋੜ੍ਹੇ ਜਿਹੇ ਪਿਛੋਕੜ ਤੋਂ ਜਾਣੂ ਹੋਣਾ ਇਸ ਲਈ ਜ਼ਰੂਰੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਜਿਨ੍ਹਾਂ ਭਗਤਾਂ ਦੀ ਬਾਣੀ ਹੈ,– ਜਿਸ ਅਚਾਰੀਆ ਦੇ, ਪਹਿਲਾਂ ਪ੍ਰਮੁੱਖ ਚੇਲੇ ਸਨ, ਉਨ੍ਹਾਂ ਦਾ ਪਿੱਛਾ ਰਾਮਾਨੰਦ ਤੋਂ ਰਾਮਾਨੁਜ ਨਾਲ ਜੁੜਦਾ ਹੈ। ਕਬੀਰ, ਰਵਿਦਾਸ, ਸੈਣ, ਧੰਨਾ, ਪੀਪਾ,– ਪਹਿਲਾਂ ਰਾਮਾਨੰਦ ਦੇ ਚੇਲੇ ਸਨ। ਸਵਾਮੀ ਰਾਮਾਨੰਦ ਦੇ ਰਾਮਾਨੁਜ ਪਧਤੀ ਦੇ ਚੌਧਵੀ ਥਾਂ ਅਚਾਰੀਆ ਹੋਣ ਦੀ ਪੂਰੀ ਚਰਚਾ ਵੱਖਰੀ ਥਾਂ ਕੀਤੀ ਗਈ ਹੈ। ਜਿਨ੍ਹਾਂ ਨੇ ਆਪਣੇ ਗੁਰੂ ਰਾਘਵਾ ਨੰਦ ਤੋਂ ਵਿਦ੍ਰੋਹ ਕਰਕੇ ਕ੍ਰਿਸ਼ਨ ਭਗਤੀ ਦੀ ਥਾਂ ਰਾਮ ਭਗਤੀ ਸ਼ਾਖਾ ਖੜ੍ਹੀ ਕੀਤੀ ਸੀ। ਇਹ ਕਿਉਂ ਕੀਤਾ? ਕ੍ਰਿਸ਼ਨ ਭਗਤੀ ਦੇ ਸ਼ਿੰਗਾਰ ਤੇ ਮਧੁਰ ਰਸੀਲੇ ਸਾਹਿਤ ਅਤੇ ਲੀਲਾ ਪੱਖੀ ਭਗਤੀ ਦੇ ਰੰਗ ਨੇ ਰਾਮ ਭਗਤੀ ਦਾ ਅਭਾਵ ਹੀ ਕਰ ਦਿੱਤਾ ਸੀ। ਰਾਮ ਭਗਤੀ ਨੂੰ ਰਾਮਾਨੰਦ ਜੀ ਨੇ ਮੁੜ ਜਿਉਂਦਾ ਕੀਤਾ, ਭਾਵੇਂ ਉੱਤਰ ਭਾਰਤ ਵਿੱਚ ਪ੍ਰਚੱਲਤ ਹੋਈ ਰਾਮ ਭਗਤੀ ਦੇ ਦੱਖਣੀ ਲੋਕ ਹੁਣ ਤੱਕ ਵਿਰੋਧੀ ਹਨ। ਰਾਮ ਭਗਤੀ ਅਤੇ ਕ੍ਰਿਸ਼ਨ ਭਗਤੀ ਦੇ ਭੇਦਾਂ ਦੀ ਚਰਚਾ, ਭਗਤੀ ਦੀ ਜਾਣਕਾਰੀ ਅਤੇ ਬਦਲਦੀ ਵਿਆਖਿਆ ਦੱਖਣ ਵਾਲਾ ਪਹਿਲੂ ਹੈ। ਰਾਮਾਨੰਦ ਜੀ ਜਦੋਂ ਕ੍ਰਿਸ਼ਨ ਭਗਤ ਸਨ, ਉਨ੍ਹਾਂ ਦਾ ਮੰਤਰ ਓਮ ਕ੍ਰਿਸ਼ਣਾਵਾਸਦੇਵਾ ਸੀ, ਆਪ ਜੀ ਨੇ ਰਾਮ ਭਗਤੀ ਸ਼ਾਖ ਚਲਾਈ, ਉਸ ਦਾ ਮੰਤਰ ਨਿਰਧਾਰਤ ਕੀਤਾ ਓਅੰਰਾਮ ਏ ਨਮ: ਰਾਮ ਭਗਤੀ ਵਿੱਚ ਸਾਤਵਿਕ ਤੇ ਭਲਮਾਣਸੀ ਦਾ ਪੱਖ ਭਾਰੂ ਹੈ, ਕ੍ਰਿਸ਼ਨ ਭਗਤੀ ਵਿਲਾਸ ਭਾਵਨਾ ਨਾਲ ਭਰੀ ਪਈ ਹੈ। ਰਾਮ ਭਗਤ ਸ਼ਾਖਾ ਮੇਂ ਮਧੁਰ ਉਪਾਸ਼ਨਾਂ। ਗ੍ਰੰਥ ਦੇ ਲੇਖਕ ਨੇ ਦੱਸਿਆ ਹੈ (ਸਫ਼ਾ 127) ਮੌਲਨਾ ਰਸੀਦ ਦੀ ਫ਼ਾਰਸੀ ਲਿਖਤ ਤਜ਼ਕਰਾਤੁਲ ਫ਼ੁਕਰਾ ਵਿੱਚ ਸੀਤਾ ਜੀ ਦਾ ਮਨਣ ਕਰਨ– ਵਾਲੇ ਰਾਮਾਨੰਦ ਜੀ ਨੇ ਸ੍ਰੀ ਪੰਥ ਚਲਾਇਆ ਸੀ, ਜਿਸ ਦਾ ਆਮ ਜਨਤਾ ਵਿੱਚ ਰਾਧਾ ਕ੍ਰਿਸ਼ਨ ਵਾਂਗ, ਸੀਤਾ ਰਾਮ ਦਾ ਸ਼ਬਦ ਪ੍ਰਚੱਲਤ ਅਤੇ ਜਾਪ ਮੰਤ੍ਰ ਰਾਮ ਨਾਮੁ ਪ੍ਰਸਿੱਧ ਹੋਇਆ।

ਰਵਿਦਾਸ ਜੀ ਦੀ ਕਬੀਰ ਜੀ ਨਾਲ ਸਰਗੁਣਵਾਦ ਦੇ ਪੱਖੀ ਹੋ ਕੇ ਚਰਚਾ, ਪੁਰਾਤਨ ਲਿਖਤਾਂ ਵਿੱਚ ਕੀਤੀ, ਜਿਵੇਂ ਸੈਣ ਭਗਤ ਦੀ ਲਿਖੀ ਹੋਈ ਮਿਲਦੀ ਹੈ, ਜਿਸ ਨੂੰ ਕਬੀਰ ਜੀ ਅਤੇ ਰਵਿਦਾਸ ਦਾ ਸੰਬਾਦ ਕਿਹਾ ਜਾਂਦਾ ਹੈ। ਇਹ ਸੰਬਾਦ ਰਵਿਦਾਸ ਤੇ ਕਬੀਰ ਜੀ ਦੇ ਸਮਕਾਲੀ ਹੋਣ ਦੇ ਨਾਲ–ਨਾਲ ਉਨ੍ਹਾਂ ਦੇ ਸਮੇਂ ਨੂੰ ਨਿਸ਼ਚਿਤ ਕਰਨ ਵਿੱਚ ਭੀ ਸਹਾਈ ਹੁੰਦਾ ਹੈ। ਇਕ ਮੱਤ ਅਨੁਸਾਰ ਰਵਿਦਾਸ ਜੀ ਸੰਮਤ 1597 ਵਿੱਚ ਸਮਾਏ ਇਹ ਮਤ ਗੋਬਿੰਦ ਤ੍ਰਿਗੁਣਾਇਤ ਜੀ ਦਾ ਹੈ। ਡਾ. ਯੋਗਿੰਦਰ ਸਿੰਘ ਜੀ ਦੇ ਮਤ ਅਨੁਸਾਰ ਰਵਿਦਾਸ ਜੀ ਨੇ 1606 ਵਿੱਚ ਚਲਾਣਾ ਕੀਤਾ। ਰਵਿਦਾਸ ਜੀ ਨੂੰ ਮੀਰਾਂ ਬਾਈ ਦਾ ਗੁਰੂ ਮੰਨਿਆ ਜਾਂਦਾ ਹੈ। ਮੀਰਾਂ ਬਾਈ ਦਾ ਚਲਾਣਾ ਭੀ 1606 ਵਿੱਚ ਹੋਇਆ। ਮੀਰਾਂ ਦਾ ਜਨਮ ਪਹਿਲਾਂ ਤੋਂ ਪਹਿਲਾਂ ਦਾ 1555 ਸੰਮਤ ਦਾ ਹੈ।

ਰਾਮਾਨੰਦ ਅਤੇ ਉਨ੍ਹਾਂ ਦੇ ਚੇਲਿਆਂ ਦਾ ਸਮਾਂ ਸੰਮਤ 1500 ਤੋਂ 1600 ਬਿਕ੍ਰਮੀ ਦੇ ਵਿੱਚ ਵਿਚਾਲੇ ਦਾ ਬਣਦਾ ਹੈ। ਏਹੋ ਸਮਾਂ 1526–1569–97 ਬਿਕ੍ਰਮੀ ਗੁਰੂ ਨਾਨਕ ਜੀ ਦਾ ਹੈ। ਆਰੰਭ ਵਿਚ ਇਹ ਭਗਤ ਜਿਸ ਭਾਂਤ ਦੀ ਭਗਤੀ ਕਰਦੇ ਸਨ, ਇਸ ਦਾ ਪਤਾ ਉਨ੍ਹਾਂ ਦੀ ਬਾਣੀ ਦੱਸਦੀ ਹੈ। ਦੂਜਾ ਪਹਿਲੂ ਹੋਰ ਸਾਹਮਣੇ ਆਉਂਦਾ ਹੈ, ਇਹ ਭਗਤ ਸਰਗੁਣ ਜਾਂ ਅਵਤਾਰ ਪ੍ਰਸਤੀ ਤੋਂ ਕਿਵੇਂ ਨਿਰਾਕਾਰ ਨਿਰੰਜਨ ਦੇ ਉਪਾਸ਼ਕ ਬਣੇ? ਜਿਸ ਭਾਂਤ ਦੀ ਨਿਰੰਜਨ ਨਿਰੰਕਾਰ ਦੀ ਉਪਾਸ਼ਨਾ ਦਾ ਉਨ੍ਹਾਂ ਮਨਣ ਕੀਤਾ, ਇਹ ਵਿਚਾਰਧਾਰਾ ਤੇ ਮਤ ਪਹਿਲਾਂ ਨਾ ਕਿਸੇ ਭਗਤੀ ਮਤ ਅਚਾਰੀਆ ਦਾ ਸੀ ਨਾ ਕਿਸੇ ਭਗਤ ਦਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਜਿਨ੍ਹਾਂ ਭਗਤਾਂ ਦੀ ਬਾਣੀ ਹੈ, ਉਨ੍ਹਾਂ ਭਗਤਾਂ ਵਿੱਚੋਂ ਪਹਿਲਾਂ ਕਈ ਕ੍ਰਿਸ਼ਨ ਭਗਤ ਕੁਝ ਰਾਮ ਭਗਤ ਅਤੇ ਦੇਵੀ ਭਗਤ ਸਨ। ਭਗਤੀ ਦਾ ਇਕ ਅੰਸ਼ ਮੰਦਿਰਾਂ ਦੀ ਯਾਤਰਾ ਦੇਵੀ–ਦੇਵ, ਪੂਜਦੇ ਸਨ। ਕਈਆਂ ਨੇ ਪੱਥਰ ਦੇ ਠਾਕਰਾਂ ਤੋਂ ਭਗਤੀ ਆਰੰਭੀ ਸੀ। ਕੁਝ ਕੁ ਮੂਰਤੀਆਂ ਪੂਜਣ ਵਾਲੇ, ਕੁਝ ਕਰਮਕਾਂਡੀ ਹਠ ਵਾਲੇ ਭੀ ਪਹਿਲਾਂ ਰਹੇ ਸਨ, ਕੁਝ ਮੁਸਲਮਾਨ, ਰਸੂਲ ਨੂੰ ਮੰਨਣ ਵਾਲੇ ਸ਼ੇਖਾਂਪੀਰਾਂ ਔਲੀਆਂ ਦੀ ਇਸਲਾਮੀ ਮਾਨਤਾ ਦੇ ਵਿਸ਼ਵਾਸੀ ਸਨ। ਕੀ ਇਹ ਭਗਤ ਅਤੇ ਸ਼ੇਖ ਤੇ ਹੋਰ ਮੁਸਲਮਾਨ ਸਾਧਕ, ਜੋ ਪਹਿਲਾਂ ਭਿੰਨ–ਭਿੰਨ ਮਤਾਂ ਦੇ ਸਨ, ਪਰਮਪਦ ਦੀ ਪ੍ਰਾਪਤੀ ਪਿੱਛੋਂ ਵੀ ਵਿਭਿੰਨਤਾ ਦੇ ਧਾਰਨੀ ਰਹੇ, ਜਾਂ ਇਕ ਗੁਰਮਤਿ ਦੇ ਧਾਰਨੀ ਬਣੇ? ਉਸ ਆਤਮਿਕ ਯਾਤਰਾ ਦੇ ਇਤਿਹਾਸ ਦਾ ਵਿਵਰਣ ਇਸ ਪੋਥੀ ਵਿੱਚ ਦੇਣ ਦਾ ਯਤਨ ਕੀਤਾ ਹੈ।

**ਭਗਤੀ ਮੱਤ ਦਾ ਸਰਗੁਣ ਪੱਖ:–** ਭਗਤੀ ਮੱਤ ਦੇ ਸਰਗੁਣ ਪੱਖ ਦਾ ਵਿਸ਼ਾ ਮਨੋਰੰਜਕ ਹੈ। ਜਿਵੇਂ ਪਿੱਛੇ ਚਰਚਾ ਕੀਤੀ ਗਈ ਹੈ, ਇਸ ਦਾ ਇਕ ਪੜਾ ਰਾਮਾਨੁਜ ਤੋਂ ਚੱਲਕੇ ਰਾਮਾਨੰਦ ਨਾਲ ਆ ਮਿਲਦਾ ਹੈ। ਸਰਗੁਣ ਵਾਦੀ ਮਤ ਦਾ ਮੂਲ ਅਧਾਰ ਅਵਤਾਰਪ੍ਰਸਤੀ ਸੀ। ਭਗਤਾਂ ਦੇ ਵੱਡੇ ਅਰਾਧਯ ਸ੍ਰੀ ਕ੍ਰਿਸ਼ਨ ਜੀ ਸਨ। ਕ੍ਰਿਸ਼ਨ ਜੀ ਦੇ ਕਈ ਕਿਰਤਮ ਨਾਮ ਚੱਲਦੇ ਰਹੇ, ਮਾਧਵ, ਕੇਸ਼ਵ, ਗੋਬਿੰਦ, ਨੰਦ ਕੋ ਨੰਦਨ, ਗੋਪਾਲ, ਕਨ੍ਹਈਆ, ਗੋਵਰਧਨ, ਸਾਵਲ ਸੁੰਦਰ, ਰਮਈਆ ਆਦਿ। ਸਰ ਭੰਡਾਰਕਾਰ ਦਾ ਕਥਨ ਹੈ, ਈਸਾ ਪੂਰਬ ਪਹਿਲੀ ਸਦੀ ਤੱਕ ਭਾਗਵਤ ਧਰਮ ਸੰਬੰਧੀ ਕਿਸੇ ਪ੍ਰਮਾਣਿਕ ਗ੍ਰੰਥ ਵਿੱਚ ਕ੍ਰਿਸ਼ਨ ਜੀ ਬਾਰੇ ਕੋਈ ਚਰਚਾ ਉਪਲਬਧ ਨਹੀਂ। ਉਸ ਪਿੱਛੋਂ ਦੇ ਧਾਰਮਿਕ ਗ੍ਰੰਥਾਂ ਵਿੱਚ ਕ੍ਰਿਸ਼ਨ ਜੀ ਦੀ ਲੀਲਾ ਦੀ ਚਰਚਾ ਅਤੇ ਸਾਹਿਤ ਦਾ ਭਾਰੀ ਹਿੱਸਾ ਹੈ। ਹਿਰਦਯ ਕੋ ਦ੍ਰਵਤ ਕਰਨੇ ਵਾਲੇ ਭਗਤੀ ਭਾਵਨਾ ਕੇ ਪ੍ਰਗਟ ਕਰਨੇ ਕੇ ਲੀਏ ਤਾਮਲ ਭਾਸ਼ਾ ਮੇਂ ਪ੍ਰਯਾਪਤ ਸੁਵਧਾਰੀ ਦੋਹੇ ਕੇ ਪਦ ਗਾਇਕੋਂ ਨੇ ਇਕ ਸ਼ੈਲੀ ਕੋ ਅਪਣਾਇਆ ਹੈ। ਜਿਸ ਤੋਂ ਪਤਾ ਚੱਲਦਾ ਹੈ ਭਗਤੀ ਪਹਿਲਾਂ ਲੋਕ ਧਰਮ ਸੀ ਫਿਰ ਸ਼ਾਸਤ੍ਰੀ ਬਣਿਆ।

ਮਹਾਂਭਾਰਤ ਗ੍ਰੰਥ ਵਿੱਚ ਕ੍ਰਿਸ਼ਨ ਜੀ ਇਕ ਸ਼ਕਤੀਸ਼ਾਲੀ ਸਮਰਾਟ, ਨੀਤੀਵਾਨ, ਦੂਰਦਰਸ਼ੀ ਔਖੇ ਵੇਲੇ ਸਹਾਈ ਹੋਣ ਵਾਲੇ, ਅਦਭੁੱਤ ਗਿਆਨਵਾਨ ਗੀਤਾ ਦੇ ਕਰਮਯੋਗ ਮਤ ਦੇ ਸਥਾਪਕ, ਗੌਰਵਸ਼ਾਲੀ, ਮਾਯਾਵੀ ਸ਼ਕਤੀਆਂ ਦੇ ਮਾਲਕ, ਅਜਿਹੇ ਮਹਾਨ ਨਾਇਕ ਦੱਸੇ ਗਏ ਹਨ ਕਿ ਦੁਨੀਆਂ ਦਾ ਹੋਰ ਕੋਈ ਪੁਰਸ਼ ਉਨ੍ਹਾਂ ਜਿਹਾ ਕਲਪਿਆ ਹੀ ਨਹੀਂ ਜਾ ਸਕਦਾ। ਏਥੋਂ ਤੱਕ ਕਿ ਕ੍ਰਿਸ਼ਨ ਜੀ ਨੂੰ ਖੁਦ ਪਾਰਬ੍ਰਹਮ ਹੋਣ ਦੀ ਉਪਮਾ ਭੀ ਦਿੱਤੀ ਗਈ ਹੈ।

### ਪੁਰਾਤਨ ਵਿਦਵਾਨਾਂ ਦੀ ਖੋਜ ਹੈ:–

ਆਰੀਆ ਅਤੇ ਦੱਖਣ ਦੀਆਂ ਦਰਾਵੜ ਜਾਤੀਆਂ ਦਾ ਸੰਗਮ ਦੇਵਤਿਆਂ ਦੀ ਮਾਨਤਾ ਦੇ ਏਕੀਕਰਨ ਤੋਂ ਆਰੰਭ ਹੁੰਦਾ ਹੈ। ਵੇਦ, ਵੇਦਾਂਗ ਦਾ ਪ੍ਰਚਾਰ, ਚੌਥੀ ਸਦੀ ਵਿੱਚ ਗੁਪਤ ਰਾਜਿਆਂ ਦੇ ਸਮੇਂ ਵਧੇਰੇ ਹੋਇਆ। ਇਤਿਹਾਸਕਾਰ ਇਸ ਕਾਲ ਨੂੰ ਭਾਗਵਤ ਧਰਮ ਦਾ ਸਵਰਣਯੁੱਗ ਮੰਨਦੇ ਹਨ। ਏਸੇ ਸਮੇਂ ਬ੍ਰਹਮਣੀ ਧਰਮ ਦਾ ਪੁਨਰ ਗਠਨ ਹੋਇਆ, ਪੁਰਾਣ ਦੀ ਮਹੱਤਤਾ ਵਧੀ, ਖ਼ਾਸ ਕਰਕੇ ਸ੍ਰੀ ਮਦ ਭਾਗਵਤ ਨੂੰ ਵਿਲਖੱਣ ਰਚਨਾ ਮੰਨਿਆ। ਸ੍ਰੀ ਮਦ ਭਾਗਵਤ ਵਿੱਚ ਕ੍ਰਿਸ਼ਨ ਜੀ ਦੀ ਬਾਲ ਲੀਲਾ ਤੋਂ ਲੈ ਕੇ ਜੁਆਨੀ ਦੀਆਂ ਰੰਗ ਰਲੀਆਂ, ਗੋਪੀਆਂ ਨਾਲ ਸ਼ਿੰਗਾਰ ਰੱਸ ਭਰੀਆਂ ਕੋਲਾਂ, ਕੁੰਜ ਗਲੀਆਂ ਦੇ ਕੌਤਕ ਭਰੇ ਪਏ ਹਨ ਉਹ ਭੀ ਅਜਿਹੇ ਰਸੀਲੇ ਤੇ ਚਟਕੀਲੇ ਬਣਾ ਬਣਾ ਕੇ ਲਿਖੇ ਗਏ ਹਨ ਕਿ ਕ੍ਰਿਸ਼ਨ ਜੀ ਦੁਨੀਆਂ ਵਿੱਚ ਸਭ ਤੋਂ ਵੱਡੇ ਕਲਾਧਾਰੀ ਅਵਤਾਰ ਹੋਣ ਦੀ ਥਾਂ, ਏਨ੍ਹਾਂ ਭਗਤਾਂ ਨੇ ਗੋਪੀਆਂ ਨਾਲ ਅਸ਼ਲੀਲ ਕਿਸਮ ਦੀ ਛੇੜ ਛਾੜ ਕਰਨ ਵਾਲੇ ਸ਼੍ਰੋਮਣੀਆਂ ਤੋਂ ਭੀ ਸ਼੍ਰੋਮਣੀ ਰਸੀਏ ਬਣਾ ਦਿੱਤੇ ਹਨ। ਜਿਨ੍ਹਾਂ ਲਿਖਾਰੀਆਂ ਨੇ ਇਹ ਲਿਖਤਾਂ ਲਿਖੀਆਂ ਇਉਂ ਕਰਕੇ ਕੀ ਉਨ੍ਹਾਂ ਅਵਤਾਰ ਦੀ ਸੋਭਾ ਕੀਤੀ ਹੈ? ਜੇ ਇਹ ਸੋਭਾ ਹੈ ਫਿਰ ਨਿੰਦਿਆ ਕੀ ਹੋ ਸਕਦੀ ਹੈ? ਗੁਰਬਾਣੀ ਵਿੱਚ ਬ੍ਰਿੰਦਾਬਨ ਮਹਿ ਰੰਗ ਕੀਤਾ, ਅਜਿਹੇ ਗੁਰਵਾਕ, ਕ੍ਰਿਸ਼ਨ ਜੀ ਦੇ ਵਿਰਤਾਂਤਾਂ ਵੱਲ ਇਸ਼ਾਰੇ ਹਨ। ਸ੍ਰੀ ਮਦ ਭਗਵਤ ਗ੍ਰੰਥ ਵਿੱਚ ਕ੍ਰਿਸ਼ਨ ਜੀ ਦੀਆਂ ਲੀਲਾ ਦੇ ਅਜਿਹੇ ਵਚਿੱਤਰ ਪਰ ਨੰਗੇ ਪ੍ਰਸੰਗ ਲਿਖੇ ਹਨ ਕਿ ਕੋਈ ਭੀ ਬੰਦਾ ਸ਼ਰਮ ਹਯਾ ਖਾਧੇ ਬਿਨਾ ਪੜ੍ਹ ਸੁਣ ਨਹੀਂ ਸਕਦਾ। ਪੁਰਾਣਾਂ ਵਿੱਚ ਦਿੱਤੇ ਗਏ ਕ੍ਰਿਸ਼ਨ ਜੀ ਦੇ ਇਸ ਰੂਪ ਨੂੰ ਲੈ ਕੇ ਹਿੰਦੂਆਂ ਦੀਆਂ ਦੋ ਪ੍ਰਤਿਸ਼ਟ ਸੰਸਥਾਵਾਂ, ਸਨਾਤਨ ਧਰਮ ਅਤੇ ਆਰੀਆ ਸਮਾਜ ਵਿੱਚਕਾਰ, ਬੜੀ ਤਿੱਖੇ ਕਟਾਖਸ਼ਾਂ ਭਰੀ ਚਰਚਾ ਚੱਲਦੀ ਰਹੀ ਹੈ। ਆਰੀਆ ਸਮਾਜੀਆਂ ਨੇ ਅਵਤਾਰਵਾਦ ਦਾ ਪੋਲ ਖਾਤਾ ਗ੍ਰੰਥਾਵਲੀ ਛਾਪਕੇ ਕ੍ਰਿਸ਼ਨ ਜੀ ਬਾਰੇ ਲਿਖੀਆਂ ਲਿਖਤਾਂ ਉੱਤੇ ਬੜੇ–ਕਰੜੇ ਪ੍ਰਹਾਰ ਕੀਤੇ ਹਨ।

ਆਰੀਆ ਸਮਾਜੀਆਂ ਨੇ ਸ੍ਰੀ ਮਦ ਭਾਗਵਤ ਦੇ ਕਈ ਸਲੋਕਾਂ ਦੇ ਹਵਾਲੇ ਦੇ ਕੇ ਕ੍ਰਿਸ਼ਨ ਜੀ ਦੀਆਂ, ਕਾਮ ਕਲੋਲਾਂ, ਰਾਸ ਲੀਲਾ, ਦੇ ਪੋਲ ਖੋਲ੍ਹੇ ਹਨ, ਅਜਿਹੇ ਲੇਖ ਉਨ੍ਹਾਂ ਦੇ ਲਫ਼ਜ਼ਾਂ ਵਿੱਚ ਹੀ ਪੜ੍ਹਨ ਨਾਲ ਸਬੰਧ ਰੱਖਦੇ ਹਨ। (ਦੇਖੋ ਅਵਤਾਰਵਾਦ ਸਫ਼ਾ 30 ਲੇਖਕ ਸ੍ਰੀ ਰਾਮ ਸ਼ਰਮਾ ਕਾਸਗੰਜ ਯੂ.ਪੀ.)

*ਬਾਕੀ ਹਿਸਾ ਅਗਲੇ ਹਫ਼ਤੇ ਪੜ੍ਹੋ*

# ਪਾਠਕਾਂ ਦੇ ਪੱਤਰ

ਪੰਜਾਬ ਟਾਈਮਜ਼ ਦਾ ਇਹ ਮੰਚ ਲੇਖਕਾਂ, ਸਾਹਿਤਕਾਰਾਂ, ਚਿੱਠੀ ਲੇਖਕਾਂ ਅਤੇ ਪਾਠਕਾਂ ਲਈ ਆਪਣੇ ਵਿਚਾਰ ਪੇਸ਼ ਕਰਨ ਲਈ ਸਭ ਨੂੰ ਬਰਾਬਰੀ ਦੇ ਆਧਾਰ ਤੇ ਮੁਹੱਈਆ ਕੀਤਾ ਜਾਂਦਾ ਹੈ। ਪਾਠਕਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤ ਜ਼ਰੂਰੀ ਨਹੀਂ ਹੈ । ਸਾਰੇ ਪਾਠਕਾਂ ਨੂੰ ਬੇਨਤੀ ਹੈ ਕਿ ਇਸ ਕਾਲਮ ਦੀ ਵਰਤੋਂ ਕਿਸੇ ਪਾਰਟੀ, ਦਲ, ਸੰਸਥਾ ਦੇ ਏਜੰਡੇ ਪ੍ਰਚਾਰਨ ਜਾਂ ਆਪਣੇ ਕਾਰੋਬਾਰ ਜਾਂ ਵਪਾਰ ਦੀ ਮਸ਼ਹੂਰੀ ਜਾਂ ਕਿਸੇ ਵਿਅਕਤੀ/ਸੰਸਥਾ ਦੇ ਵਿਰੁੱਧ ਆਪਣੀ ਨਿੱਜੀ ਰੰਜਿਸ਼ ਕੱਢਣ ਲਈ ਨਾ ਕੀਤੀ ਜਾਵੇ । ਕਿਸੇ ਲਿਖਤ ਵਿੱਚ ਗਲਤ ਬਿਆਨੀ ਜਾਂ ਦਾਅਵਿਆਂ ਵਿੱਚ ਸੱਚਾਈ ਨਾ ਲੱਗੇ ਤਾਂ ਸਬੂਤਾਂ ਦੇ ਆਧਾਰ ਤੇ ਉਸ ਨੂੰ ਰੱਦ ਕਰਨ ਦਾ ਲੇਖਕਾਂ ਤੇ ਪਾਠਕਾਂ ਕੋਲ ਹੱਕ ਹੈ, ਪਰ ਕਿਸੇ ਲੇਖਕ ਦੇ ਵਿਰੁੱਧ ਵਿਅਕਤੀਗਤ ਟਿੱਪਣੀਆਂ ਕਰਨ ਤੋਂ ਗੁਰੇਜ਼ ਕੀਤਾ ਜਾਵੇ । ਜੇ ਕੋਈ ਰਚਨਾ/ਲਿਖਤ ਪਰਚੇ ਦੀ ਨੀਤੀ ਤੋਂ ਉਲਟ ਲੱਗੇ ਤਾਂ ਸੰਪਾਦਕ ਨੂੰ ਉਸ ਵਿਚ ਕੱਟ ਵੱਢ ਕਰਨ ਦੇ ਪੂਰੇ ਹੱਕ ਹਨ । -ਡਾਇਰੈਕਟਰ, ਪੰਜਾਬ ਟਾਈਮਜ਼

## ਮਸਲਾ ਸ੍ਰੀ ਸਾਹਿਬ ਦਾ

ਪਿਆਰੇ ਸੰਪਾਦਕ ਜੀਓ,

ਗੁਰ ਫ਼ਤਿਹ ਪ੍ਰਵਾਨ ਹੋਵੇ ਜੀ।

ਅਜੇ ਰਾਜਸਥਾਨ 'ਚ ਸ੍ਰੀ ਸਾਹਿਬ ਦੇ ਵਿਤਕਰੇ ਦੀ ਸਿਆਹੀ ਸੁੱਕੀ ਨਹੀਂ ਸੀ ਕਿ ਦਿੱਲੀ ਲਾਲ ਕਿਲ੍ਹੇ ਵਿਚ ਪੰਜਾਬ ਦੇ ਇਕ ਪਿੰਡ ਦੇ ਸਰਪੰਚ ਨੂੰ ਸ੍ਰੀ ਸਾਹਿਬ ਪਹਿਨੀ ਹੋਣ ਕਰ ਕੇ ਆਜ਼ਾਦੀ ਦੇ ਜਸ਼ਨਾਂ ਵਿਚ ਨਹੀਂ ਜਾਣ ਦਿਤਾ ਗਿਆ ਹਾਲਾਂ ਕਿ ਉਸ ਨੂੰ ਵਿਸ਼ੇਸ਼ ਪਾਸ ਦੇ ਕੇ ਸਰਕਾਰ ਵਲੋਂ ਬੁਲਾਇਆ ਗਿਆ ਸੀ। ਉਸ ਦੇ ਦਿਲ 'ਤੇ ਕੀ ਬੀਤੀ ਹੋਵੇਗੀ? ਕਤਾਰ ਵਿਚ ਲੱਗੇ ਲੋਕਾਂ ਸਾਹਮਣੇ ਜਦੋਂ ਉਸ ਨੂੰ ਜ਼ਲੀਲ ਕੀਤਾ ਗਿਆ ਹੋਵੇਗਾ ਤਾਂ ਉਹ ਸੋਚਦਾ ਹੋਵੇਗਾ ਕਿ ਕੀ ਇਸੇ ਆਜ਼ਾਦੀ ਲਈ ਅਸੀਂ ਫਾਂਸੀਆਂ ਦੇ ਰੱਸੇ ਚੁੰਮੇ ਅਤੇ ਘਰ-ਘਾਟ ਗੁਆਏ।

ਹਰੇਕ ਵਾਰੀ ਜਦੋਂ ਅਜਿਹਾ ਵਿਤਕਰਾ ਹੁੰਦਾ ਹੈ ਤਾਂ ਲੀਡਰਾਂ ਦੇ ਬਿਆਨ ਆਉਂਦੇ ਹਨ ਕਿ ਸਰਕਾਰ ਸੁਰੱਖਿਆ ਏਜੰਸੀਆਂ ਨੂੰ ਹਦਾਇਤਾਂ ਜਾਰੀ ਕਰੇ। ਪਾਠਕਾਂ ਦੇ ਗਿਆਤ ਹਿਤ ਹੈ ਕਿ ਭਾਰਤੀ ਸੰਵਿਧਾਨ ਦੀ ਧਾਰਾ 25 ਵਿਚ ਅੰਮ੍ਰਿਤਧਾਰੀ ਸਿੱਖ ਨੂੰ ਸ੍ਰੀ ਸਾਹਿਬ ਧਾਰਨ ਕਰਨ ਦਾ ਹੱਕ ਦਿਤਾ ਗਿਆ, ਇਸ ਤੋਂ ਵੱਡੀ ਹਦਾਇਤ ਹੋਰ ਕਿਹੜੀ ਹੋਵੇਗੀ। ਕੋਰਟਾਂ ਕਈ ਵਾਰੀ ਫ਼ੈਸਲੇ ਦੇ ਚੁੱਕੀਆਂ ਹਨ ਪਰ ਇਹ ਵਿਤਕਰਾ ਖ਼ਤਮ ਨਹੀਂ ਹੋ ਰਿਹਾ ਸਗੋਂ ਵਿਦਿਆਰਥੀਆਂ ਦੇ ਇਮਤਿਹਾਨਾਂ ਦੇ ਨੇੜੇ ਤਾਂ ਇਸ ਵਿਚ ਹੋਰ ਵਾਧਾ ਹੋ ਜਾਂਦਾ ਹੈ। ਇਸ ਵਰਤਾਰੇ ਪਿੱਛੇ ਉਹ ਮਾਨਸਿਕਤਾ ਕੰਮ ਕਰਦੀ ਹੈ ਜੋ ਬੱਚਿਆਂ ਨੂੰ ਨਿਰਉਤਸਾਹਿਤ ਕਰ ਕੇ ਉਨ੍ਹਾਂ ਨੂੰ ਆਪਣੇ ਧਰਮ ਤੋਂ ਮੂੰਹ ਮੋੜਨ ਦਾ ਰੋਲ ਅਦਾ ਕਰਦੀ ਹੈ। ਇਸ ਲਈ ਉਨ੍ਹਾਂ ਪੱਖਪਾਤੀ ਅਧਿਕਾਰੀਆਂ ਨੂੰ ਕਿਸੇ ਤੋਂ ਆਗਿਆ ਲੈਣ ਦੀ ਲੋੜ ਨਹੀਂ ਹੁੰਦੀ। ਉਹ ਆਪਣੇ ਤੌਰ 'ਤੇ ਹੀ ਫ਼ੈਸਲਾ ਲੈ ਕੇ ਮਾਅਰਕਾ ਮਾਰਿਆ ਸਮਝਦੇ ਹਨ। ਅਜਿਹੇ ਲੋਕਾਂ ਦਾ ਇਲਾਜ ਸਖ਼ਤ ਸਜ਼ਾ ਹੈ, ਪਰ ਸਜ਼ਾ ਕੌਣ ਦੇਵੇਗਾ?



**ਦਾਸਰਾ:-ਨਿਰਮਲ ਸਿੰਘ ਕੰਧਾਲਵੀ**


## ਅੰਧ - ਵਿਸ਼ਵਾਸਾਂ ਵਿਰੁੱਧ ਵਿਦਿਆਰਥੀਆਂ ਨੂੰ ਕੀਤਾ ਜਾਗਰੂਕ



ਸ਼੍ਰੀ ਅਨੰਦਪੁਰ ਸਾਹਿਬ- ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਗੰਭੀਰਪੁਰ ਲੋਅਰ ਦੇ ਸਟੇਟ ਐਵਾਰਡੀ ਮਾਸਟਰ ਸੰਜੀਵ ਧਰਮਾਣੀ ਨੇ ਸਵੇਰ ਦੀ ਸਭਾ ਦੇ ਦੌਰਾਨ ਸਕੂਲ ਦੇ ਵਿਦਿਆਰਥੀਆਂ ਨੂੰ ਅੰਧ - ਵਿਸ਼ਵਾਸਾਂ ਵਿਰੁੱਧ ਜਾਗਰੂਕ ਕੀਤਾ ਅਤੇ ਇਸ ਸੰਬੰਧੀ ਤਰਕਸ਼ੀਲ ਸੋਚ ਅਤੇ ਵਿਗਿਆਨਿਕ ਨਜ਼ਰੀਆ ਅਪਣਾਉਣ ਲਈ ਉਦਾਹਰਨਾ ਸਹਿਤ ਸਮਝਾਇਆ ਤੇ ਦੱਸਿਆ ਕਿ ਕਈ ਵਾਰ ਅਸੀਂ ਸੋਸ਼ਲ ਮੀਡੀਆ ਰਾਹੀਂ ਜਾਂ ਹੋਰ ਸਾਧਨਾਂ ਰਾਹੀਂ ਕਈ ਤਰ੍ਹਾਂ ਦੇ ਅੰਧ - ਵਿਸ਼ਵਾਸਾਂ ਜਾਂ ਭਰਮ - ਭੁਲੇਖਿਆਂ ਆਦਿ ਵਿੱਚ ਪੈ ਜਾਂਦੇ ਹਾਂ , ਜਿਸ ਨਾਲ਼ ਵਿਦਿਆਰਥੀ ਦੀ ਮਾਨਸਿਕ ਸਿਹਤ ਵੀ ਪ੍ਰਭਾਵਿਤ ਹੁੰਦੀ ਹੈ। ਉਹਨਾਂ ਨੇ ਵਿਦਿਆਰਥੀਆਂ ਨੂੰ ਸਮਝਾਉਂਦੇ ਹੋਇਆ ਕਿਹਾ ਕਿ ਇਹ ਵਿਗਿਆਨ ਤੇ ਕੰਪਿਊਟਰ ਦਾ ਯੁਗ ਹੈ ਤੇ ਸਾਨੂੰ ਹਰ ਗੱਲ ਨੂੰ ਵਿਗਿਆਨਿਕ ਨਜਰੀਏ ਅਤੇ ਤਰਕ ਦੇ ਨਾਲ ਦੇਖਣਾ , ਸਮਝਣਾ ਤੇ ਜਾਂਚਣਾ ਚਾਹੀਦਾ ਹੈ ਅਤੇ ਅਜੋਕੇ ਕੰਪਿਊਟਰ ਯੁਗ ਵਿੱਚ ਸਾਨੂੰ ਕਿਸੇ ਤਰ੍ਹਾਂ ਦੇ ਵੀ ਭਰਮ - ਭੁਲੇਖਿਆਂ ਤੇ ਅੰਧ - ਵਿਸ਼ਵਾਸਾਂ ਵਿੱਚ ਨਹੀਂ ਪੈਣਾ ਚਾਹੀਦਾ ਤੇ ਆਪਣਾ ਜੀਵਨ ਤਰਕ ਅਤੇ ਵਿਗਿਆਨਿਕ ਨਜਰੀਏ ਨੂੰ ਅਪਣਾਉਂਦੇ ਹੋਏ ਸਕਾਰਾਤਮਕ ਸਹੀ ਤੇ ਉਸਾਰੂ ਸੋਚ ਨਾਲ ਜਿਉਣਾ ਚਾਹੀਦਾ ਹੈ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਸਮਝਾਇਆ ਕਿ ਪੜ੍ਹਾਈ ਕਰਕੇ ਤੇ ਵਿਗਿਆਨਕ ਸੋਚ ਅਪਣਾ ਕੇ ਹੀ ਵਧੀਆ ਇਨਸਾਨ ਤੇ ਦੇਸ਼ ਦੇ ਚੰਗੇ ਨਾਗਰਿਕ ਬਣਿਆ ਜਾ ਸਕਦਾ ਹੈ। ਇਸ ਮੌਕੇ ਸਕੂਲ ਮੁਖੀ ਮੈਡਮ ਅਮਨਪ੍ਰੀਤ ਕੌਰ , ਸ਼ਾਮ ਲਾਲ , ਅਮਨਦੀਪ ਸਿੰਘ ਹਾਜ਼ਰ ਸਨ।

## ਸਾਧਾਂ ਦੇ ਡੇਰਿਆਂ ਤੋਂ ਸੁਚੇਤ ਰਹੋ ਧਾਰਮਿਕ ਆਗੂਆਂ ਨੂੰ ਮਿਲ ਬੈਠ ਕੇ ਨਵੀਂ ਨੀਤੀ ਨਾਲ ਅੱਗੇ ਵੱਧਣ ਦੀ ਲੋੜ ਹੈ

ਇਹ ਦੋਵੇਂ ਵਿਸ਼ੇ ਇਤਨੇ ਕਮਾਲ ਦੇ ਹਨ ਭਾਵੇਂ ਕਿਤਾਬਾਂ ਲਿਖੀ ਜਾਵੋ, ਜਿਥੇ ਮਰਜੀ ਲਿਖੋ, ਅਖ਼ਬਾਰ ਵਿੱਚ ਆਰਟੀਕਲ ਦੇਵੋ ਪਰ ਪਰਨਾਲਾ ਉਥੇ ਦਾ ਉਥੇ ਰਹਿਣਾ ਹੈ। ਸਾਧਾਂ ਦੇ ਡੇਰਿਆਂ ਦੀ ਗੱਲ ਕਰੀਏ। ਪੰਜਾਬ ਵਿੱਚ ਜਾਂ ਭਾਰਤ ਵਿੱਚ ਇਹ ਅੱਗੇ ਤੋਂ ਅੱਗੇ ਵਧੀ ਜਾਂਦੇ ਹਨ, ਇਨ੍ਹਾਂ ਤੋਂ ਸੁਚੇਤ ਰਹਿਣਾ ਕਿਸੇ ਦੇ ਵੱਸ ਦੀ ਗੱਲ ਨਹੀਂ। ਸਾਧਾਂ ਦਾ ਡੇਰਾ ਖੁੱਲ੍ਹਦਾ ਕਿਉਂ ਹੈ, ਪਿੰਡ ਵਿੱਚ ਅਕਸਰ ਨੰਬਰਦਾਰ, ਸਰਪੰਚ ਜਾਂ ਪਿੰਡ ਦਾ ਫੌਜੀ ਅਫਸਰ, ਪੁਲਸ ਦਾ ਅਫਸਰ ਦਾ ਹੱਥ ਹੁੰਦਾ ਹੈ। ਹੌਲੀ ਹੌਲੀ ਇਕ ਪਿੰਡ ਤੋਂ ਫੈਲਦਾ ਇਲਾਕੇ ਵਿੱਚ ਫੈਲ ਜਾਂਦਾ ਹੈ। ਕਿਉਂ ਡੇਰੇ ਵਿੱਚ ਪੈਸੇ ਦੀ ਚੜ੍ਹਤ ਜਿਆਦਾ ਹੁੰਦੀ ਹੈ, ਉਸ ਪੈਸੇ ਨੂੰ ਸਹੀ ਜਗ੍ਹਾ ਵਰਤਣ ਦੀ ਜਾਂ ਅਕਸਰ ਨਸ਼ੇ ਪੱਤੇ ਦਾ ਅੱਡਾ ਬਣਦਾ ਹੈ 24 ਘੰਟੇ ਲੰਗਰ ਚੱਲਦਾ ਹੈ। ਕਈ ਕੁਝ ਹੋਣ ਲੱਗ ਪੈਂਦਾ ਹੈ। ਅਕਸਰ ਲੀਡਰ ਲੋਕ ਇਸ ਵਿੱਚ ਸ਼ਾਮਿਲ ਹੋ ਜਾਂਦੇ ਹਨ ਕਿਉਂ ਪਿੰਡ ਪਿੰਡ ਘਰ ਘਰ ਫਿਰਨ ਦੀ ਬਜਾਏ ਅਕਸਰ ਡੇਰੇ 'ਤੇ ਜਾਂਦੇ ਹਨ ਉਥੇ ਪੈਸਾ ਦਿੰਦੇ ਹਨ ਹੋਰ ਲੋੜੀਂਦੀਆਂ ਵਸਤਾਂ ਦਿੰਦੇ ਹਨ ਤਾਂ ਕਿ ਉਨ੍ਹਾਂ ਦਾ ਵੋਟ ਬੈਂਕ ਬਣ ਸਕੇ, ਉਨ੍ਹਾਂ ਵੋਟ ਬੈਂਕ ਪੱਕਾ ਕਰਨਾ ਹੁੰਦਾ ਹੈ, ਫਿਰ ਲੀਡਰ ਜਿੱਤ ਕੇ ਅਸੈਂਬਲੀ ਵਿੱਚ ਚਲਾ ਜਾਂਦਾ ਹੈ, ਤੱਦ ਉਸ ਡੇਰੇ ਵਾਲੇ ਦਾ ਕੰਮ ਪਹਿਲੇ ਨੰਬਰ 'ਤੇ ਹੁੰਦਾ ਹੈ। ਉਸ ਕੋਲ ਲੀਡਰ ਦਾ ਕਾਰਡ ਹੁੰਦਾ ਹੈ। ਉਸ ਦਾ ਸਿੱਧਾ ਸੰਪਰਕ ਮੰਤਰੀ ਸਾਹਿਬ, ਹੋਰ ਲੀਡਰਾਂ ਨਾਲ ਹੁੰਦਾ ਹੈ। ਪਹਿਲ ਦੇ ਆਧਾਰ 'ਤੇ ਕੰਮ ਹੁੰਦੇ ਹਨ, ਭਾਵੇਂ ਨਸ਼ੇ ਦਾ ਮਾਮਲਾ ਹੋਵੇ, ਭਾਵੇਂ ਹੋਰ ਕੋਈ ਕੇਸ ਸੰਤ ਜੀ ਮਹਾਰਾਜ ਆਪਣੇ ਸੇਵਕ ਦੀ ਮਦਦ 'ਤੇ ਹਰ ਥਾਂ ਪੁੱਜ ਜਾਂਦੇ ਹਨ, ਫਿਰ ਆਮ ਜਨਤਾ ਕਿਵੇਂ ਸੁਚੇਤ ਹੋ ਸਕਦੀ ਹੈ। ਅਗਰ ਸੰਤ ਜੀ ਹੋਰਾਂ ਦੇ ਖਿਲਾਫ਼ ਉਠ ਪੈਂਦਾ ਹੈ ਅਕਸਰ ਉਸ ਦਾ ਨਤੀਜਾ ਉਸ ਨੂੰ ਭੁਗਤਣਾ ਪੈਂਦਾ ਹੈ, ਆਮ ਆਦਮੀ ਚੱਕੀ ਦੇ ਪੁੜਾ ਵਿੱਚਕਾਰ ਪਿੱਸ ਹੋ ਜਾਂਦਾ ਹੈ ਕੀ ਕਰੋ ਨਹੀਂ ਤਾਂ ਨਾ ਘਰ ਜੋਗਾ ਨਾ ਘਾਟ ਜੋਗਾ। ਹਰ ਥਾਂ ਇਹ ਹੋ ਰਿਹਾ ਹੈ ਫਿਰ ਦੱਸੋ ਤੁਸੀਂ ਕਿਵੇਂ ਸੁਚੇਤ ਰਹਿ ਸਕਦੇ ਹੋ। ਅੱਜ ਨਹੀਂ ਕੱਲ੍ਹ ਤੁਹਾਨੂੰ ਸੰਤ ਜੀ ਦਾ ਹੁਕਮ ਮੰਨਣ ਲਈ ਮਜਬੂਰ ਹੋਣਾ ਪੈਂਦਾ। ਹੁਣ ਗੱਲ ਕਰੀਏ ਧਾਰਮਿਕ ਆਗੂਆਂ ਨੂੰ ਮਿਲ ਬੈਠ ਕੇ ਨਵੀਂ ਨੀਤੀ ਨਾਲ ਚੱਲਣ ਦੀ ਲੋੜ ਹੈ ਤਾਂ ਕਿ ਅੱਗੇ ਵੱਧ ਫੁੱਲ ਸਕੀਏ। ਸਥਿਤੀ ਇਤਨੀ ਗੰਭੀਰ ਹੋ ਚੁੱਕੀ ਹੈ ਕਿ ਇਸ ਨੂੰ ਠੀਕ ਕਰਨਾ ਆਮ ਆਦਮੀ ਦੇ ਵੱਸ ਨਹੀਂ। ਇਥੇ ਆਵਾ ਹੀ ਊਤਿਆ ਹੋਇਆ, ਫਿਰ ਆਮ ਆਦਮੀ ਜਾਂ ਇਕ ਅੱਧਾ ਧਾਰਮਿਕ ਆਗੂ ਕੀ ਕਰੇ। ਜ਼ਿਆਦਾ ਸੁਧਾਰ ਕਰਨ ਲਈ ਹਰ ਇਕ ਵਿਅਕਤੀ ਦਾ ਕੰਮ ਹੈ। ਪਰ ਹਰ ਇਕ ਧਾਰਮਿਕ ਆਗੂ ਦਾ ਨਿਸ਼ਾਨਾ ਇਕ ਹੈ ਮੈਂ (Chairman) ਪ੍ਰਧਾਨ ਬਣਾ ਤੁਸੀਂ ਇਕ ਸੰਸਥਾ ਵਿੱਚ ਕਿਤਨੇ ਪ੍ਰਧਾਨ ਬਣਾ ਸਕਦੇ ਹੋ। ਇਕ ਥਾਂ ਇਕੱਠੇ ਹੋਣ, ਕਿਸ ਤਰ੍ਹਾਂ ਹਰ ਇਕ ਦਾ ਉਦੇਸ਼ ਵੱਖੋ ਵੱਖਰਾ ਹੈ। ਖਾਣ-ਪੀਣ ਦੇ ਮਸਲੇ ਵਿੱਚ ਸਿਰਫ਼ ਸਾਰੇ ਇਕੱਠੇ ਹੋ ਸਕਦੇ ਹਨ ਪਰ ਵਿਉਂਤਬੰਦੀ ਨਾਲ ਕੰਮ ਕੋਈ ਕਰਨ ਲਈ ਤਿਆਰ ਨਹੀਂ, ਕੀ ਬਣੇਗਾ ਇਨ੍ਹਾਂ ਲੀਡਰਾਂ ਦਾ ਜਾਂ ਸੰਤਾਂ ਦੇ ਡੇਰਿਆਂ ਦਾ। ਵਾਹਿਗੁਰੂ ਬਲ ਬਖ਼ਸ਼ੇ ਇਨ੍ਹਾਂ ਨੂੰ ਕੋਈ ਚੰਗੀ ਮਤ ਦੇਵੇ। ਫਿਰ ਭਾਵੇਂ ਕੁਝ ਫ਼ਰਕ ਪੈ ਜਾਵੇ। ਉਪਰੋਕਤ ਕਿਸੇ ਦੀ ਸ਼ਾਨ ਖਿਲਾਫ ਲਿਖ ਦਿੱਤਾ ਹੋਵੇ ਖਿਮਾਂ ਦਾ ਜਾਚਕ ਹਾਂ। ਆਪ ਦਾ ਦਾਸ-K.Singh Jogi



## 1,428 ਭਾਰਤੀਆਂ ਨੂੰ ਮਿਲਿਆ ਅਮਰੀਕਾ ਦਾ ਈ.ਬੀ.-5 ਵੀਜ਼ਾ

ਨਿਊ ਯਾਰਕ : ਅਮਰੀਕਾ ਵਿਚ ਦਾਖਲ ਹੋਣ ਦੇ ਜ਼ਿਆਦਾਤਰ ਰਾਹ ਬੰਦ ਹੋ ਜਾਣ ਮਗਰੋਂ ਵੱਡੇ ਨਿਵੇਸ਼ ਵਾਲਾ ਈ.ਬੀ.-5 ਵੀਜ਼ਾ ਹੀ ਬਾਕੀ ਬਚਿਆ ਹੈ ਜਿਸ ਰਾਹੀਂ ਭਾਰਤੀ ਲੋਕ ਸੁਖਾਲੇ ਤਰੀਕੇ ਨਾਲ ਆਪਣੇ ਸੁਪਨਿਆਂ ਦੇ ਮੁਲਕ ਪੁੱਜ ਸਕਦੇ ਹਨ। ਅਮਰੀਕਾ ਦੇ ਸਿਟੀਜ਼ਨਸ਼ਿਪ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਵਿਭਾਗ ਵੱਲੋਂ 2024 ਦੌਰਾਨ 1,428 ਈ.ਬੀ.-5 ਵੀਜ਼ਾ ਜਾਰੀ ਕੀਤੇ ਗਏ ਜੋ ਅੱਜ ਤੱਕ ਸਭ ਤੋਂ ਵੱਡਾ ਅੰਕੜਾ ਬਣਦਾ ਹੈ। 2023 ਵਿਚ 815 ਭਾਰਤੀ ਪਰਵਾਰਾਂ ਨੂੰ ਈ.ਬੀ.-5 ਵੀਜ਼ਾ ਜਾਰੀ ਕੀਤੇ ਗਏ ਸਨ। ਈ.ਬੀ.-5 ਵੀਜ਼ਾ ਅਧੀਨ ਅਰਜ਼ੀਆਂ ਦਾ ਨਿਪਟਾਰਾ ਵੀ ਜਲਦ ਹੋ ਜਾਂਦਾ ਹੈ ਜਦਕਿ ਈ.ਬੀ.-2 ਅਤੇ ਈ.ਬੀ.-3 ਵੀਜ਼ਾ ਸ਼੍ਰੇਣੀ ਵਿਚ ਅਰਜ਼ੀਆਂ ਦਾ ਲੰਮਾ ਚੌੜਾ ਬੈਕਲਾਗ ਮੌਜੂਦ ਹੈ। ਇੰਮੀਗ੍ਰੇਸ਼ਨ ਵਿਭਾਗ ਮੁਤਾਬਕ ਭਾਰਤ ਅਤੇ ਚੀਨ ਦੇ ਲੋਕਾਂ ਵੱਲੋਂ ਈ.ਬੀ.-5 ਵੀਜ਼ਾ ਦੀ ਗੈਰਰਾਖਵੀਂ ਸ਼੍ਰੇਣੀ ਸਭ ਤੋਂ ਵੱਧ ਪਸੰਦ ਕੀਤੀ ਜਾ ਰਹੀ ਹੈਅਤੇ ਇਸ ਵਿਚ ਕਟਆਫ਼ ਦਿਨ ਵਿਚ ਵੱਡੀ ਕਟੌਤੀ ਕੀਤੀ ਗਈ ਹੈ। ਭਾਰਤ ਨਾਲ ਸਬੰਧਤ ਬਿਨੈਕਾਰਾਂ ਲਈ 198 ਦਿਨ ਦੀ ਕਟੌਤੀ ਸਾਹਮਣੇ ਆਈ ਹੈ ਜਿਸ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਈ.ਬੀ.-5 ਵੀਜ਼ਾ ਵੀਜ਼ੇ ਜਾਰੀ ਕਰਨ ਦੀ ਰਫ਼ਤਾਰ ਕਾਫ਼ੀ ਤੇਜ਼ ਹੋ ਚੁੱਕੀ ਹੈ। ਦੂਜੇ ਪਾਸੇ ਰਾਸ਼ਟਰਪਤੀ ਡੌਨਲਡ ਟਰੰਪ ਦਾ ਗੋਲਡ ਕਾਰਡ ਵੀ ਮੌਜੂਦ ਹੈ ਪਰ ਇਸ ਰਾਹੀਂ 50 ਲੱਖ ਡਾਲਰ ਦਾ ਨਿਵੇਸ਼ ਲਾਜ਼ਮੀ ਹੈ। ਗੋਲਡ ਕਾਰਡ ਰਾਹੀਂ ਵੀ ਤਕਰੀਬਨ ਉਸੇ ਕਿਸਮ ਦੀਆਂ ਸਹੂਲਤਾਂ ਮਿਲੀਆਂ ਹਨ ਜਿਵੇਂ ਈ.ਬੀ.-5 ਵੀਜ਼ਾ ਅਧੀਨ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਅਮਰੀਕਾ ਦੇ ਵਣਜ ਮੰਤਰੀ ਹਾਵਰਡ ਲੁਟਨਿਕ ਦਾ ਕਹਿਣਾ ਹੈ ਕਿ ਈ.ਬੀ.-5 ਵੀਜ਼ਾ ਵਿਚ ਢਾਈ ਲੱਖ ਅਰਜ਼ੀਆਂ ਦਾ ਬੈਕਲਾਗ ਹੈ ਅਤੇ ਜੇ ਇਨ੍ਹਾਂ ਵਿਚੋਂ 2 ਲੱਖ ਅਮੀਰ ਲੋਕ ਗੋਲਡ ਕਾਰਡ ਖਰੀਦ ਲੈਂਦੇ ਹਨ ਤਾਂ ਇਕ ਖਰਬ ਡਾਲਰ ਦੀ ਰਕਮ ਅਮਰੀਕਾ ਦੇ ਖ਼ਜ਼ਾਨੇ ਵਿਚ ਆ ਜਾਵੇਗੀ।

# ਪੰਜਾਬੀ ਸਾਹਿਤ ਸਭਾ ਗਲਾਸਗੋ ਦੀ ਨਵੀਂ ਕਮੇਟੀ ਦਾ ਗਠਨ



ਪੰਜਾਬੀ ਸਾਹਿਤ ਸਭਾ ਦੀ ਨਵੀਂ ਕਮੇਟੀ ਦੇ ਮੈਂਬਰ

ਗਲਾਸਗੋ, (ਹਰਜੀਤ ਸਿੰਘ ਦੁਸਾਂਝ ਪੁਆਦੜਾ) – ਸਕਾਟਲੈਂਡ ਦੀ ਇੱਕੋ ਇੱਕ ਵੱਕਾਰੀ ਸਾਹਿਤਕ ਸੰਸਥਾ 'ਪੰਜਾਬੀ ਸਾਹਿਤ ਸਭਾ ਗਲਾਸਗੋ' ਦੀ ਸਲਾਨਾ ਜਨਰਲ ਮੀਟਿੰਗ ਗਲਾਸਗੋ ਦੇ ਗੁਰਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਅਲਬਰਟ ਡਰਾਈਵ ਪੌਲਕਸ਼ੀਲਡ ਵਿਖੇ ਹੋਈ। ਮੀਟਿੰਗ ਦੀ ਪ੍ਰਧਾਨਗੀ ਸਰਦਾਰ ਦਿਲਾਵਰ ਸਿੰਘ ਨੇ ਕੀਤੀ। ਮੀਟਿੰਗ ਵਿੱਚ ਜਨਰਲ ਸਕੱਤਰ ਦਲਜੀਤ ਸਿੰਘ ਦਿਲਬਰ ਨੇ ਸਾਹਿਤ ਸਭਾ ਵੱਲੋਂ ਬੀਤੇ ਸਮੇਂ ਵਿੱਚ ਕੀਤੇ ਗਏ ਕਾਰਜਾਂ ਅਤੇ ਵਿੱਤੀ ਲੇਖੇ ਜੋਖੇ ਦਾ ਵੇਰਵਾ ਪੇਸ਼ ਕੀਤਾ। ਜਿਸ ਤੇ ਸਭਾ ਦੇ ਸਾਰੇ ਮੈਬਰਾਂ ਨੇ ਸਹਿਮਤੀ ਪ੍ਰਗਟ ਕੀਤੀ। ਜੁਲਾਈ ਮਹੀਨੇ ਦੌਰਾਨ ਸਾਹਿਤ ਸਭਾ ਵੱਲੋਂ ਕਰਵਾਏ ਗਏ ਨਾਟਕ 'ਛੱਲਾ' ਦੀ ਕਾਮਯਾਬੀ ਲਈ ਤਰਲੋਚਨ ਮੁਠੱਡਾ ਵੱਲੋਂ ਜੋ ਸਿਰਤੋੜ ਯਤਨ ਕੀਤੇ ਗਏ, ਉਸ ਲਈ ਸਭ ਮੈਬਰਾਂ ਨੇ ਉਹਨਾਂ ਨੂੰ ਸ਼ਾਬਾਸ਼ ਦਿੱਤੀ। ਭਵਿੱਖ ਵਿੱਚ ਸਾਹਿਤ ਸਭਾ ਹੋਰ ਵੀ ਵੱਡੇ ਕਾਰਜ ਸ਼ੁਰੂ ਕਰਨ ਜਾ ਰਹੀ ਹੈ, ਉਸਨੂੰ ਧਿਆਨ ਵਿੱਚ ਰੱਖਦੇ ਹੋਏ ਪਰਧਾਨ ਦਿਲਾਵਰ ਸਿੰਘ ਨੇ ਆਪਣਾ ਤਿਆਗ ਪੱਤਰ ਪੇਸ਼ ਕੀਤਾ ਤਾਂ ਜੋ ਨਵੀਂ ਕਮੇਟੀ ਚੁਣੀ ਜਾ ਸਕੇ । ਉਪਰੰਤ ਅਗਲੇ ਦੋ ਸਾਲ ਲਈ ਨਵੀਂ ਕਮੇਟੀ ਦੀ ਚੋਣ ਸਰਵਸੰਮਤੀ ਨਾਲ ਕੀਤੀ ਗਈ। ਸਭਾ ਦੇ ਮੈਬਰਾਂ ਵੱਲੋਂ ਸਰਬਸੰਮਤੀ ਨਾਲ ਪਰਧਾਨ ਦੀ ਜ਼ਿੰਮੇਵਾਰੀ ਦਿਲਜੀਤ ਸਿੰਘ ਦਿਲਬਰ, ਮੀਤ ਪ੍ਰਧਾਨ ਕਮਲਜੀਤ ਕੌਰ ਮਿਨਹਾਸ, ਜਨਰਲ ਸਕੱਤਰ ਅਮਨਦੀਪ ਸਿੰਘ ਅਮਨ, ਸਹਾਇਕ ਜਨਰਲ ਸਕੱਤਰ ਕਰਮਜੀਤ ਸਿੰਘ ਮੀਨੀਆਂ, ਖਜ਼ਾਨਚੀ ਜਗਦੀਸ਼ ਸਿੰਘ, ਮੀਡੀਆ ਸਕੱਤਰ ਹਰਜੀਤ ਸਿੰਘ ਅਤੇ ਟੀਮ ਕੋਆਰਡੀਨੇਟਰ ਦੀ ਜ਼ਿੰਮੇਵਾਰੀ ਤਰਲੋਚਨ ਮੁਠੱਡਾ ਨੂੰ ਸੌਂਪੀ ਗਈ। ਸਭ ਤੋਂ ਪਿਆਰੀ ਤੇ ਨਿਆਰੀ ਗੱਲ ਇਹ ਸੀ ਕਿ ਇਸ ਚੋਣ ਦੀ ਸਾਰੀ ਕਾਰਵਾਈ ਸਾਬਕਾ ਪਰਧਾਨ ਦਿਲਾਵਰ ਸਿੰਘ ਦੀ ਅਗਵਾਈ ਵਿੱਚ ਹੋਈ। ਇਸ ਉਪਰੰਤ ਨਵੀਂ ਕਮੇਟੀ ਨੇ ਪੁਰਾਣੀ ਕਮੇਟੀ ਅਤੇ ਆਏ ਹੋਏ ਸਭ ਮੈਬਰਾਂ ਨੂੰ ਇਹ ਯਕੀਨ ਦਿਵਾਇਆ ਕਿ ਉਹ ਆਪਣੀ ਜ਼ਿੰਮੇਵਾਰੀ ਤਨਦੇਹੀ ਨਾਲ ਨਿਭਾਉਣਗੇ, ਅਤੇ ਸਾਹਿਤ ਸਭਾ ਨੂੰ ਹੋਰ ਬੁਲੰਦੀ ਤੱਕ ਲੈ ਕੇ ਜਾਣਗੇ। ਅੱਜ ਦੀ ਮੀਟਿੰਗ ਵਿੱਚ ਉਪਰੋਕਤ ਮੈਂਬਰਾਂ ਤੋਂ ਇਲਾਵਾ ਡਾ ਇੰਦਰਜੀਤ ਸਿੰਘ, ਦਿਲਬਾਗ ਸੰਧੂ, ਮਾਸਟਰ ਗੁਰਦੇਵ ਸਿੰਘ, ਹਰਜੀਤ ਦੁਸਾਂਝ,ਅਮਰ ਮੀਨੀਆਂ, ਸੁਖਦੇਵ ਰਾਹੀ, ਸਰਬਜੀਤ ਸਿੰਘ ਮਿਨਹਾਸ, ਜਤਿੰਦਰ ਸੰਧੂ ਅਤੇ ਦੁਪਿੰਦਰ ਕੌਰ ਵੀ ਹਾਜ਼ਰ ਸਨ।

# ਡੰਗ ਮਨਚੰਦੇ ਦੇ



ਤੇਜਿੰਦਰ ਮਨਚੰਦਾ ਪ੍ਰਦੇਸੀ
rajinder.pardesi7@gmail.com

**ਜਨਾਬ!ਅੱਜ ਕੋਈ ਮੁਰਗਾ ਫਸਿਆ ਨਹੀਂ ! ਇਸ ਲਈ ਮੈਂ ਇਹ ਕਬੂਤਰ ਹੀ ਫੜ੍ਹ ਲਿਆਇਆ! ਇਹ ਕੁਝ ਜ਼ਿਆਦਾ ਹੀ ਗੁਟਰ-ਗੂੰ ਗੂਟਰ-ਗੂੰ ਕਰਦਾ ਸੀ!**




ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ ।।

## ਗੁਰੂ ਨਾਨਕ ਦਰਬਾਰ ਨੌਰਥ ਲੰਡਨ ਗੁਰਦੁਆਰਾ

### ਤਿੰਨ ਸਿੰਘਾਂ ਦੇ ਕੀਰਤਨੀ ਜਥੇ ਦੀ ਤੁਰੰਤ ਲੋੜ ਹੈ

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥

**ਸੇਵਾ ਸ਼ੁਰੂ ਕਰਨ ਦੀ ਤਾਰੀਖ** : 12 ਫਰਵਰੀ 2026 ਤੋਂ 18 ਤੋਂ 24 ਮਹੀਨਿਆਂ ਲਈ ।

**ਤਨਖਾਹ** : ਹਫ਼ਤੇ ਦੇ 35 ਘੰਟੇ ਕੰਮ ਲਈ ਯੂ ਕੇ ਦੀ ਨੈਸ਼ਨਲ ਘੱਟੋ ਘੱਟ ਤਨਖਾਹ, ਰਿਹਾਇਸ਼ ਤੇ ਖਾਣਾ ਮੁਫ਼ਤ ਉਮੀਦਵਾਰਾਂ ਰਿਹਾਇਸ਼ ਯੂ ਕੇ ਵਿੱਚ ਅਤੇ ਉਹਨਾਂ ਕੋਲ ਕੰਮ ਕਰਨ ਦੀ ਇਜਾਜ਼ਤ ਹੋਣੀ ਜ਼ਰੂਰੀ ਹੈ।

**ਸੇਵਾਵਾਂ ਅਤੇ ਜਿੰਮੇਵਾਰੀਆਂ** :

ਇਸ ਗੁਰਦੁਆਰਾ ਸਾਹਿਬ ਵਿਖੇ ਗੁਰੂ ਘਰ ਦੀਆਂ ਰੋਜ਼ਾਨਾ ਸੇਵਾਵਾਂ ਕਰਨ ਲਈ ਤਿੰਨ ਸਿੰਘਾਂ ਦੇ ਇਕ ਕੀਰਤਨੀ ਜਥੇ ਦੀ ਜ਼ਰੂਰਤ ਹੈ । ਸਫ਼ਲ ਉਮੀਦਵਾਰ ਰੋਜ਼ਾਨਾ ਨਿੱਤਨੇਮ ਦੀਆਂ ਸੇਵਾਵਾਂ ਨਿਭਾਉਣਗੇ ਅਤੇ ਉਹਨਾਂ ਨੂੰ ਹਰੇਕ ਮੌਕੇ ਮੁਤਾਬਕ ਢੁਕਵੇਂ ਸ਼ਬਦਾਂ ਰਾਹੀਂ ਕੀਰਤਨ ਦੀ ਸੇਵਾ ਨਿਭਾਉਣ ਦਾ ਗਿਆਨ ਹੋਣਾ ਬਹੁਤ ਜ਼ਰੂਰੀ ਹੈ । ਰੋਜ਼ਾਨਾ ਸਵੇਰੇ ਅਤੇ ਸ਼ਾਮ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ, ਪ੍ਰਕਾਸ਼ ਤੇ ਸੁਖਆਸਨ ਦੀ ਸੇਵਾ ਉਹਨਾਂ ਦੀ ਜਿੰਮੇਵਾਰੀ ਹੋਵੇਗੀ ।

ਉਮੀਦਵਾਰਾਂ ਦਾ ਅੰਮ੍ਰਿਤਧਾਰੀ ਹੋਣਾ ਜ਼ਰੂਰੀ ਹੈ ਅਤੇ ਪੰਜਾਬੀ ਬੋਲਣ ਤੇ ਲਿਖਣ ਦੀ ਖਾਸ ਮੁਹਾਰਤ ਹੋਵੇ – ਕਿਉਂਕਿ ਸਿੱਖ ਧਰਮ ਦੀ ਇਹ ਮੁੱਖ ਬੋਲੀ ਹੈ । ਉਹ ਕੀਰਤਨ ਦੇ ਸਾਜ ਖਾਸ ਕਰਕੇ ਹਰਮੋਨੀਅਮ ਅਤੇ ਤਬਲਾ ਵਧੀਆ ਵਜਾਉਣ ਜਾਣਦੇ ਹੋਣ – ਉਹਨਾਂ ਕੋਲ ਕਲਾਸੀਕਲ ਰਾਗਾਂ ਵਿੱਚ ਕੀਰਤਨ ਕਰਨ ਦਾ ਤਜ਼ਰਬਾ ਹੋਵੇ । ਸਿੱਖ ਕੈਲੰਡਰ ਦੇ ਮੁਤਾਬਕ ਸਾਲ ਵਿੱਚ ਆਉਣ ਵਾਲੇ ਸਾਰੇ ਇਤਿਹਾਸਕ ਦਿਹਾੜਿਆਂ ਮੌਕੇ ਮੁੱਖ ਗਰੰਥੀ ਜਾਂ ਪ੍ਰਬੰਧਕ ਕਮੇਟੀ ਦੀਆਂ ਹਦਾਇਤਾਂ ਅਨੁਸਾਰ ਉਹ ਰੋਜ਼ਾਨਾ ਕੀਰਤਨ ਦੀ ਸੇਵਾ ਨਿਭਾਉਣ ਲਈ ਜਿੰਮੇਵਾਰ ਹੋਣਗੇ ।

ਇਹ ਨਿਯੁਕਤੀਆਂ ਨੌਨ ਪਾਸਟਰਲ (ਟੀਅਰ–5) ਹਨ । ਨਿਯੁਕਤ ਕੀਤੇ ਗਏ ਸੇਵਾਦਾਰ ਉਪਦੇਸ਼, ਹੁਕਮ ਜਾਂ ਅਨੰਦ ਕਾਰਜ ਦੀ ਸੇਵਾ ਨਹੀਂ ਨਿਭਾਉਣਗੇ । ਵਿਆਹ ਦੀ ਰਸਮ ਦੀ ਸੇਵਾ ਗੁਰਦੁਆਰਾ ਸਾਹਿਬ ਦੇ ਆਨਰੇਰੀ ਸੈਕਟਰੀ ਨਿਭਾਉਣਗੇ ਅਤੇ ਜਥਾ ਸਿੱਖ ਮਰਯਾਦਾ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਨਿਰਧਾਰਤ ਸ਼ਬਦਾਂ ਦਾ ਕੀਰਤਨ ਕਰੇਗਾ । ਜਥੇ ਸਾਰਾ ਸਮਾਂ ਦੀਵਾਨ ਹਾਲ ਵਿੱਚ ਮੌਜੂਦ ਰਹਿਣਗੇ ਅਤੇ ਇਹ ਯਕੀਨੀ ਬਨਾਉਣਗੇ ਕਿ ਦੀਵਾਨ ਹਾਲ ਅਤੇ ਗੁਰੂ ਘਰ ਦੀ ਇਮਾਰਤ ਸਾਫ਼ ਸੁੱਥਰੀ ਅਤੇ ਅੱਛੀ ਹਾਲਤ ਵਿੱਚ ਹੈ ।

**ਚਾਹਵਾਨ ਉਮੀਦਵਾਰ ਕਿਰਪਾ ਕਰਕੇ ਆਪਣੇ ਵੇਰਵੇ ਸੀ ਵੀ ਸਮੇਤ**
**30 ਸਤੰਬਰ ਤੱਕ 2025 ਤੱਕ ਹੇਠਾਂ ਦਿੱਤੇ ਪਤੇ ਤੇ ਭੇਜਣ**

## GURU NANAK DARBAR NORTH LONDON GURDWARA

### Vacancy for a group of three Kirtani Jatha (Tier-5)

**Starting date:** 12th February 2026 for a period of 18 to 24 months

**Salary:** Minimum National Wage plus full board & Lodging for 35 hours a week

The applicants must be a UK resident or have the right to work in the UK.

**Duties and responsibilities:**

A group of three Kirtani Jathas are required to assist in the day to day activities of our Gurudwara. The successful applicants will be required to undertake daily religious recitals and must have a working knowledge of the appropriate verses with accompanying music for each occasion. Duties include attending the cleaning and preparation of the Shri Guru Granth Sahib at the start and end of each day.

The successful candidates must be Amritdhari and be fluent in spoken and written Punjabi - the core language of the Sikh faith. They must be proficient in the use of a selection of musical instruments - including the harmonium and tabla - used to perform kirtan and classical ragas. They will be responsible for recital of the prescribed scriptures on a daily basis and at formal ceremonies throughout the Sikh calendar as instructed by the nominated Head Granthi and/or the Management Committee.

These are a non-pastorial appointments (Tier-5). The post holders will not be required to deliver sermons, ordain or solemnise civil marriages. The marriage ceremonies are conducted by the Hon. Secretary of the Temple and the Jathas are required to read and sing the accompanying hymns from the Shri Guru Granth Sahib in accordance with the Sikh Maryada in support of the officiant. The Jathas will be required to be on site at all times and will be charged with ensuring that the prayer hall and building is kept in a clean and presentable condition.

**Closing date for applications is 30th September 2025 and these must be by CV sent to the address below.**

## GURU NANAK DARBAR GURDWARA, NORTH LONDON

136 High Road, New Southgate, London N11 1PG (Registered with commissioner of Charities Reg No 275315)
For more Information: Tel: 020 8368 7104 / 2484 Email : nanakdarbarnorthlondon@btinternet.com / Website: www.nanakdarbar.co.uk

-ਡਾ: ਜਸਬੀਰ ਸਿੰਘ ਸਰਨਾ
-ਦਿਲਜੀਤ ਸਿੰਘ ਬੇਦੀ

# ਗੁਰੂ ਸਾਹਿਬਾਨ ਨਾਲ ਸੰਬੰਧਿਤ ਗੁਰਦੁਆਰਾ ਸਾਹਿਬਾਨ ਦਾ ਇਤਿਹਾਸ

# ਗੁਰਦੁਆਰਾ ਕੋਸ਼

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

## ਗੁਰਦੁਆਰਾ ਮਾਈ ਥਾਨ

ਇਹ ਗੁਰਦੁਆਰਾ ਗੁਰੂ ਤੇਗ ਬਹਾਦਰ ਨਾਲ ਸੰਬੰਧਿਤ ਹੈ। ਮਾਈ ਜੱਸੀ ਸਿੱਖ ਧਰਮ ਦੀ ਪੈਰੋਕਾਰ ਮਾਈ ਸੀ, ਜਿਸ ਨੇ ਸੂਤ ਦੇ ਬਸਤਰ ਆਪਣੇ ਹੱਥਾਂ ਨਾਲ ਬਣਾ ਕੇ ਗੁਰੂ ਤੇਗ ਬਹਾਦਰ ਸਾਹਿਬ ਨੂੰ ਭੇਟਾ ਕੀਤੇ ਸਨ। ਮਾਈ ਜੱਸੀ ਦਾ ਘਰ ਜੋ ਆਗਰਾ ਸ਼ਹਿਰ ਦੇ ਵਿੱਚਕਾਰ ਹੈ (ਜਿਸ ਨੂੰ ਮਾਈ ਥਾਨ ਮਹੱਲਾ ਆਖਦੇ ਹਨ) ਥਾਨ ਦਾ ਅਰਥ ਘਰ ਹੈ, ਇਸ ਤੋਂ ਗੁਰਦੁਆਰੇ ਦਾ ਨਾਂ ਮਾਈ ਥਾਨ ਪੈ ਗਿਆ। ਗੁਰੂ ਸਾਹਿਬ ਨੇ ਮਾਈ ਜੱਸੀ ਤੋਂ ਚੋਲਾ ਸਵੀਕਾਰ ਕੀਤਾ ਤੇ ਉਪਦੇਸ਼ ਦਿੱਤਾ ਕਿ ਮਾਈ ਦਾ ਨਾਂ ਸਦਾ ਕਾਇਮ ਰਹੇਗਾ। ਇਸੇ ਮਾਈ ਦੇ ਘਰ ਵਾਲੀ ਥਾਂ 'ਤੇ ਅੱਜ ਗੁਰਦੁਆਰਾ ਸੁਸ਼ੋਭਿਤ ਹੈ। ਗੁਰਦੁਆਰੇ ਦੇ ਆਸ-ਪਾਸ ਮਾਈ ਥਾਨ ਮਹੱਲਾ ਵੱਸਦਾ ਹੈ।

ਇਹ ਗੁਰਦੁਆਰਾ ਤੰਗ ਗਲੀ ਵਿੱਚੋਂ ਲੰਘ ਕੇ ਆਉਂਦਾ ਹੈ, ਜਿਸ ਦਾ ਮੁਰੱਬਾ ਦੀਵਾਨ ਹਾਲ ਹੈ, ਜਿਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਸੰਗਮਰਮਰ ਦੇ ਉਂਚੇ ਤਖ਼ਤ ਉੱਤੇ ਕੀਤਾ ਜਾਂਦਾ ਹੈ। ਗੁਰ-ਦੁਆਰੇ ਅੰਦਰ ਜਾਂਦੇ ਸਮੇਂ ਇਕ ਛੋਟਾ ਜਿਹਾ ਅਜਾਇਬ ਘਰ ਬਣਿਆ ਹੋਇਆ ਹੈ, ਜਿਥੇ ਸਿੱਖ ਇਤਿਹਾਸ ਸੰਬੰਧੀ ਤਸਵੀਰਾਂ ਰਾਹੀਂ ਸ਼ਹੀਦੀ ਪਰੰਪਰਾ ਨੂੰ ਉਜਾਗਰ ਕੀਤਾ ਗਿਆ ਹੈ। ਇਹ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਦੇ ਨਾਂ 'ਤੇ ਰਜਿਸਟਰਡ ਕੀਤਾ ਗਿਆ ਹੈ ਅਤੇ ਜਿਸ ਦਾ ਪ੍ਰਬੰਧ ਸ੍ਰੀ ਗੁਰੂ ਤੇਗ ਬਹਾਦਰ ਸੈਂਟਰਲ ਬੋਰਡ, ਆਗਰਾ ਕਰਦਾ ਹੈ।

ਗੁਰਪ੍ਰਤਾਪ ਸੂਰਜ ਗ੍ਰੰਥ ਦੇ ਕਰਤਾ ਅਨੁਸਾਰ ਗੁਰੂ ਹਰਿਗੋਬਿੰਦ ਸਾਹਿਬ ਵੀ ਆਗਰੇ ਆਏ ਸਨ। ਸਾਹਿਬਜ਼ਾਦਾ ਅਜੀਤ ਸਿੰਘ ਦੇ ਸਪੁੱਤਰ ਹਠੀ ਸਿੰਘ ਦਾ ਜਨਮ ਦਸੰਬਰ 9, 1705 ਨੂੰ ਬੀਬੀ ਤਾਰਾ ਬਾਈ ਦੀ ਕੁੱਖੋਂ ਇਸੇ ਸ਼ਹਿਰ ਵਿੱਚ ਭਾਈ ਸ਼ਰਧਾ ਸਿੰਘ ਗੋਲਾਟੀ ਦੇ ਘਰ ਹੋਇਆ ਸੀ। ਮਾਤਾ ਸੁੰਦਰ ਕੌਰ ਵੀ ਇਸੇ ਘਰ ਵਿੱਚ ਬੀਬੀ ਤਾਰਾ ਬਾਈ ਦੇ ਜਣੇਪੇ ਸਮੇਂ ਚਾਰ ਮਹੀਨੇ ਠਹਿਰੇ ਸਨ। ਆਗਰਾ ਵਿੱਚ ਗੁਰੂ ਗੋਬਿੰਦ ਸਿੰਘ ਸਾਹਿਬ ਨਾਲ ਸੰਬੰਧਿਤ ਗੁਰਦੁਆਰਾ, ਇਕ ਬਾਗ ਵਿੱਚ ਸੀ, ਜੋ ਹੁਣ ਮੌਜੂਦ ਨਹੀਂ।

**ਪੁਸਤਕ ਸੂਚੀ:-**

(1) ਦਿਲਗੀਰ, ਹਰਜਿੰਦਰ ਸਿੰਘ (ਡਾ.)- ਦੀ ਰੈਫਰੈਂਸ ਬੁੱਕ, ਕੈਨੇਡਾ, 1997
(2) ਹਰਬੰਦ ਸਿੰਘ (ਐਡੀਟਰ)- ਦੀ ਇਨਸਾਈਕਲੋਪੀਡੀਆ ਆਫ ਸਿੱਖਇਜ਼ਮ, ਜਿਲਦ ਪਹਿਲੀ, ਪਟਿਆਲਾ, 1998
(3) ਕਾਨ੍ਹ ਸਿੰਘ ਨਾਭਾ- ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ ਛਾਪ, 1990

## ਆਲਮਗੀਰ

ਪੰਜਾਬ ਦੇ ਜ਼ਿਲ੍ਹੇ ਲੁਧਿਆਣਾ ਵਿੱਚ ਪਿੰਡ ਆਲਮਗੀਰ ਆਉਂਦਾ ਹੈ, ਜੋ ਲੁਧਿਆਣਾ ਸ਼ਹਿਰ ਤੋਂ 13 ਕਿਲੋਮੀਟਰ ਦੱਖਣ ਪੱਛਮ



ਗੁਰਦੁਆਰਾ ਸ੍ਰੀ ਮੰਜੀ ਸਾਹਿਬ
ਆਲਮਗੀਰ ਲੁਧਿਆਣਾ

ਵੱਲ ਹੈ। ਲੁਧਿਆਣਾ ਸ਼ਹਿਰ ਦਾ ਅਕਸ਼ਾਂਸ਼ 300-54 ਅਤੇ ਰੇਖਾਸ਼ ਦੇਸ਼ਾਤਰ 750-52 ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਦੀ ਯਾਦ ਵਿੱਚ ਇਤਿਹਾਸਕ ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਦਸਵੀਂ ਸੁਸ਼ੋਭਿਤ ਹੈ। ਚਮਕੌਰ ਸਾਹਿਬ ਦੇ ਯੁੱਧ (14 ਦਸੰਬਰ, 1705) ਬਾਅਦ ਗੁਰੂ ਸਾਹਿਬ ਕੁਝ ਸਮਾਂ ਇਥੇ ਠਹਿਰੇ ਸਨ। ਗੁਰੂ ਸਾਹਿਬ ਭਾਈ ਕੀਰਤ ਸਿੰਘ ਦੇ ਘਰ ਇਕ ਰਾਤ ਠਹਿਰੇ ਸਨ। ਮਾਛੀਵਾੜੇ ਤੋਂ ਪਲੰਘ 'ਤੇ ਅਸਵਾਰ ਗੁਰੂ ਸਾਹਿਬ ਇਸ ਥਾਂ 'ਤੇ ਆਏ, ਇਥੋਂ ਘੋੜੇ ਉਪਰ ਸਵਾਰ ਹੋਏ। ਘੋੜਾ ਗੁਰੂ ਸਾਹਿਬ ਨੂੰ ਇਕ ਪੁਰਾਣੇ ਸੇਵਕ ਭਾਈ ਨੌਧਾ ਸਿੰਘ ਨੇ ਭੇਟ ਕੀਤਾ ਸੀ।

ਮੰਜੀ ਸਾਹਿਬ ਕਾਫੀ ਸਮੇਂ ਬਾਅਦ ਤਾਮੀਰ ਕੀਤਾ ਗਿਆ। ਅੱਜ ਕੱਲ੍ਹ ਇਸ ਗੁਰ-ਦੁਆਰੇ ਨਾਲ ਤਿੰਨ ਏਕੜ ਜ਼ਮੀਨ ਹੈ। ਗੁਰਦੁਆਰੇ ਅੰਦਰ ਵੱਡਾ ਦੀਵਾਨ ਹਾਲ, ਆਸ-ਪਾਸ ਵਰਾਂਡਾ ਤੇ ਛੋਟੇ-ਵੱਡੇ ਗੁੰਬਦ ਦੂਰੋਂ ਨਜ਼ਰੀਂ ਪੈਂਦੇ ਹਨ। ਪ੍ਰਕਾਸ਼ ਅਸਥਾਨ ਪੁਰਾਣੇ ਮੰਜੀ ਸਾਹਿਬ 'ਤੇ ਹੀ ਉਸਾਰਿਆ ਗਿਆ ਹੈ। 1969 ਵਿੱਚ ਵੱਡਾ ਲੰਗਰ ਹਾਲ ਉਸਾਰਿਆ ਗਿਆ ਹੈ। ਯਾਤਰੂਆਂ ਅਤੇ ਸੇਵਾਦਾਰਾਂ ਵਾਸਤੇ ਵੱਖਰੇ ਕਮਰੇ ਤਿਆਰ ਕੀਤੇ ਗਏ ਹਨ।

ਇਕ ਪਵਿੱਤਰ ਸਰੋਵਰ ਤੀਰ ਸਰ 63X63 ਮੀਟਰ ਹੈ। ਇਸੇ ਥਾਂ ਗੁਰੂ ਸਾਹਿਬ ਨੇ ਇਕ ਵੱਡੇ ਸੱਪ ਨੂੰ ਮਾਰਿਆ ਸੀ, ਜਿਸ ਨੇ ਖੂਹ ਨੂੰ ਘੇਰਿਆ ਹੋਇਆ ਸੀ। ਇਸ ਸੱਪ ਵਿੱਚੋਂ ਅਜਿਹਾ ਖੂਨ ਨਿਕਲਿਆ ਕਿ ਖੂਹ ਦਾ ਪਾਣੀ ਪੀਣ ਯੋਗ ਨਾ ਰਿਹਾ। ਗੁਰੂ ਸਾਹਿਬ ਨੇ ਆਪਣਾ ਤੀਰ ਦੂਜੇ ਪਾਸੇ ਮਾਰਿਆ ਤਾਂ ਸਾਫ ਪਾਣੀ ਦੀ ਆਬਸ਼ਾਰ ਫੁੱਟ ਪਈ। ਇਸੇ ਦਾ ਨਾਂ ਬਾਅਦ ਵਿੱਚ ਤੀਰ ਸਰ ਹੋ ਗਿਆ। ਮੁਕਾਮੀ ਲੋਕਾਂ ਦਾ ਵਿਸ਼ਵਾਸ ਹੈ ਕਿ ਇਸ ਦੇ ਪਾਣੀ ਨਾਲ ਕਈ ਚਮੜੀ ਰੋਗ ਦੂਰ ਹੁੰਦੇ ਹਨ। ਇਕ ਤਿੰਨ ਦਿਨਾਂ ਦਾ ਜੋੜ-ਮੇਲਾ 14-16 ਪੋਹ (ਦਸੰਬਰ ਅਖੀਰ) ਹਰ ਵਰ੍ਹੇ ਲੱਗਦਾ ਹੈ। ਗੁਰਦੁਆਰੇ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਨੇਜਰ ਰਾਹੀਂ ਚਲਾ ਰਹੀ ਹੈ। ਇਹ ਗੁਰ-ਅਸਥਾਨ ਹੁਣ ਗੁਰਦੁਆਰਾ ਐਕਟ ਦੇ ਸੈਕਸ਼ਨ 85 ਅਧੀਨ ਹੈ। ਆਲਮਗੀਰ ਸ਼ਹਿਰ ਮਲੇਰਕੋਟਲਾ-ਲੁਧਿਆਣਾ ਸੜਕ ਤੋਂ 2 ਕਿਲੋਮੀਟਰ ਹੈ।

**ਪੁਸਤਕ ਸੂਚੀ:-**

1. ਤਾਰਾ ਸਿੰਘ- ਸ੍ਰੀ ਗੁਰ ਤੀਰਥ ਸੰਗ੍ਰਹਿ, ਕਨਖੱਲ, 1975
2. ਰਣਧੀਰ, ਜੀ. ਸਿੰਘ- ਸਿੱਖ ਸ਼ਰਾਇਨਜ਼ ਇਨ ਇੰਡੀਆ, ਦਿੱਲੀ, 1990
3. ਠਾਕਰ ਸਿੰਘ ਗਿ.- ਸ੍ਰੀ ਗੁਰਦੁਆਰੇ ਦਰਸ਼ਨ, ਅੰਮ੍ਰਿਤਸਰ, 1923

## ਆਲਮਪੁਰ

ਪੰਜਾਬ ਦੇ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਦਸੂਹਾ ਤੋਂ 11 ਕਿਲੋਮੀਟਰ ਦੂਰ ਦੱਖਣ-ਪੱਛਮ ਵੱਲ ਆਉਂਦਾ ਹੈ। ਦਸੂਹਾ ਦਾ ਅਕਸ਼ਾਸ਼ 310-49 ਅਤੇ ਰੇਖਾਸ਼ ਦੇਸ਼ਾਂਤਰ 750-39 ਹੈ। ਇਹ ਦਸੂਹਾ-ਮਿਆਣੀ ਸੜਕ 'ਤੇ ਸਥਿਤ ਹੈ।

ਗੁਰੂ ਹਰਿਗੋਬਿੰਦ ਸਾਹਿਬ (1590-1640) ਕੁਝ ਦਿਨ ਇਸ ਪਿੰਡ ਵਿੱਚ ਰਹੇ ਸਨ ਜਦੋਂ ਆਪ ਜੀ ਸ਼ਿਕਾਰ ਖੇਡਣ ਦੀ ਮੁਹਿੰਮ 'ਤੇ ਆਏ ਸ੍ਨ। ਗੁਰੂ ਸਾਹਿਬ ਨੇ ਜਿਸ ਥਾਂ ਆਪਣਾ ਤੰਬੂ ਗੱਡਿਆ ਸੀ, ਉਹ ਥਾਂ ਪਵਿੱਤਰ ਹੋ ਗਈ, ਜਿਸ ਕਾਰਨ ਗੁਰ-ਦੁਆਰਾ ਗੁਰਦੁਆਰਾ ਤੰਬੂ ਸਾਹਿਬ ਪਾਤਸ਼ਾਹੀ ਦੱਸਵੀਂ ਕਰਕੇ ਪ੍ਰਸਿੱਧ ਹੋ ਗਿਆ। ਇਹ ਗੁਰਦੁਆਰਾ ਹੇਠਲੀ ਢਿੱਬੀ 'ਤੇ ਹੈ, ਜੋ ਪਿੰਡ ਦੇ ਦੱਖਣ ਵੱਲ 250 ਮੀਟਰ 'ਤੇ ਸਥਿਤ ਹੈ। ਸਿੱਖ ਰਾਜ ਸਮੇਂ ਇਸ ਗੁਰਦੁਆਰੇ ਨਾਲ 75 ਏਕੜ ਜ਼ਮੀਨ ਲੱਗੀ ਹੋਈ ਸੀ। ਗੁਰਦੁਆਰਾ ਸਾਹਿਬ ਦੀ ਅਜੋਕੀ ਇਮਾਰਤ ਮੁਕਾਮੀ ਸੰਗਤ ਨੇ 1983 ਵਿੱਚ ਬਣਾਈ, ਜਿਸ ਵਿੱਚ ਬਹੁਤ ਵੱਡਾ ਹਾਲ, ਪ੍ਰਕਾਸ਼ ਅਸਥਾਨ, ਇਕ ਨੁੱਕਰ ਵਿੱਚ ਹੈ। ਇਹ ਗੁਰਦੁਆਰਾ ਨਿਰਮਲ ਅਖਾੜੇ ਨਾਲ ਸੰਬੰਧਿਤ ਹੈ ਅਤੇ ਪ੍ਰਬੰਧ ਨਿਰਮਲੇ ਪੁਜਾਰੀ ਕਰਦੇ ਹਨ।

**ਪੁਸਤਕ ਸੂਚੀ:-**

(1) ਹਰਬੰਸ ਸਿੰਘ (ਸੰਪਾਦਕ)- ਦੀ ਇਨਸਾਈਕਲੋਪੀਡੀਆ ਆਫ ਸਿੱਖਇਜ਼ਮ, ਜਿਲਦ ਪਹਿਲੀ, ਪਟਿਆਲਾ, 1998

## ਆਰੌੜਾ

ਉੱਤਰ ਪ੍ਰਦੇਸ਼ ਦੇ ਜ਼ਿਲ੍ਹਾ ਮਿਰਜ਼ਾਪੁਰ ਵਿੱਚ ਇਕ ਛੋਟਾ ਜਿਹਾ ਪਿੰਡ ਆਰੌੜਾ ਹੈ। ਇਹ ਵਾਰਾਨਸੀ ਤੋਂ 40 ਕਿਲੋਮੀਟਰ ਦੂਰ ਹੈ। ਵਾਰਾਨਸੀ ਦਾ ਅਕਸ਼ਾਸ਼ 250-20 ਅਤੇ ਰੇਖਾਸ਼ ਦੇਸ਼ਾਂਤਰ 820-58 ਹੈ। ਗੁਰੂ ਤੇਗ ਬਹਾਦਰ ਸਾਹਿਬ ਇਸ ਪਿੰਡ 1665-66 ਵਿੱਚ ਆਏ ਸਨ। ਗੁਰੂ ਸਾਹਿਬ ਦੀ ਯਾਦ ਵਿੱਚ ਗੁਰਦੁਆਰਾ ਬਾਗ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਕਾ ਸੁਸ਼ੋਭਿਤ ਹੈ।

ਗੁਰੂ ਸਾਹਿਬ ਨੇ ਆਪਣੇ ਸੇਵਕ ਭਾਈ ਸਾਧੂ ਜੀ ਨੂੰ ਬਾਗ ਵਿੱਚ ਇਕ ਦਰੱਖਤ ਲਗਾਉਣ ਦਾ ਹੁਕਮ ਕੀਤਾ। ਇਸ ਬਾਗ ਦੀ ਸ਼ੁਰੂਆਤ ਅਜੇ ਤੱਕ ਕਾਇਮ ਹੈ। ਇਸੇ ਬਾਗ ਦੇ ਨਾਂ ਤੋਂ ਗੁਰਦੁਆਰੇ ਦਾ ਨਾਂ ਪ੍ਰਸਿੱਧ ਹੋ ਗਿਆ। ਗੁਰਦੁਆਰੇ ਵਿੱਚਕਾਰ ਨਿਵਾਸ ਸਥਾਨ ਹੈ, ਜਿਥੇ ਗੁਰੂ ਸਾਹਿਬ ਠਹਿਰੇ ਸਨ। ਇਹ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਨਾਂ ਹੇਠ ਰਜਿਸਟਰਡ ਹੈ ਅਤੇ ਪ੍ਰਬੰਧ ਮੁਕਾਮੀ ਸੰਗਤ ਕਰਦੀ ਹੈ। .

ਇਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਇਕ ਹੱਥ-ਲਿਖਤ ਬੀੜ ਹੈ, ਜਿਸ 'ਤੇ 1799 ਬਿਕਰਮੀ (1742) ਲਿਖਿਆ ਹੋਇਆ ਹੈ ਅਤੇ ਗ੍ਰੰਥੀ ਸਿੰਘ ਦੇ ਨਿੱਜੀ ਘਰ ਵਿੱਚ ਰੱਖਿਆ ਹੋਇਆ ਹੈ। ਇਕ ਛੋਟੇ ਨਿਸ਼ਾਨ ਵਾਲੀ ਕਾਗਜ਼ ਦੀ ਟੁੱਕੜੀ ਨੱਥੀ ਕਰ ਦਿੱਤੀ ਗਈ ਹੈ। ਦੂਸਰੀ ਹੱਥ-ਲਿਖਤ ਪੋਥੀ ਹੈ, ਜਿਸ 'ਤੇ ਗੁਰੂ ਤੇਗ ਬਹਾਦਰ ਸਾਹਿਬ ਦੇ ਨਿਸ਼ਾਨ ਹਨ, ਜੋ ਦੂਸਰੇ ਵਿਅਕਤੀ ਹੀਰਾ ਸਿੰਘ ਪਾਸ ਹੈ। ਇਸ ਵਿਅਕਤੀ ਨੇ ਇਕ ਗੁਰਦੁਆਰਾ ਤਾਮੀਰ ਕਰਕੇ ਗੁਰ-ਦੁਆਰਾ ਗੁਰੂ ਗੋਬਿੰਦ ਸਿੰਘ ਜੀ ਦਸਖਤੀ ਸਾਹਿਬ ਪੋਥੀ ਸਾਹਿਬ ਦੇ ਸਤਿਕਾਰ ਕਾਰਨ ਰੱਖਿਆ ਹੈ। ਪੋਥੀ ਨੂੰ ਆਪਣੇ ਘਰ ਵਿੱਚ ਰੱਖਦਾ ਹੈ। ਪਰ ਖਾਸ ਗੁਰਪੁਰਬਾਂ ਸਮੇਂ ਗੁਰਦੁਆਰੇ ਆਣ ਕੇ ਦਰਸ਼ਨ ਕਰਾਉਂਦਾ ਹੈ।

**ਪੁਸਤਕ ਸੂਚੀ:-**

(1) ਫੌਜਾ ਸਿੰਘ- ਗੁਰੂ ਤੇਗ ਬਹਾਦਰ ਯਾਤਰਾ ਅਸਥਾਨ, ਪਰੰਪਰਾਵਾਂ ਤੇ ਯਾਦ ਚਿੰਨ੍ਹ, ਪਟਿਆਲਾ, 1976

## ਆਲੋਹਰਖ

ਪੰਜਾਬ ਦੇ ਜ਼ਿਲ੍ਹਾ ਸੰਗਰੂਰ ਵਿੱਚ ਪਿੰਡ ਆਲੋਹਰਖ ਭਵਾਨੀਗੜ੍ਹ ਵਿੱਚ ਆਉਂਦਾ ਹੈ। ਗੁਰੂ ਤੇਗ ਬਹਾਦਰ ਸਾਹਿਬ ਘੁੰਨਕੀ ਤੋਂ ਹੁੰਦੇ ਹੋਏ ਇਸ ਪਿੰਡ ਆਏ ਸਨ। ਇਥੇ ਗੁਰੂ ਸਾਹਿਬ ਦੀ ਯਾਦ ਵਿੱਚ ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਆਲੋਹਰਖ ਸੁਸ਼ੋਭਿਤ ਹੈ। ਇਕ ਮੰਜੀ ਸਾਹਿਬ ਹੇਠਾਂ ਵੱਲ ਗੁੰਬਦਦਾਰ, ਪੁਰਾਣੇ ਬੋਹੜ ਦੇ ਦਰਖ਼ਤ ਹੇਠ ਬਣਿਆ ਹੈ, ਜਿਥੇ ਗੁਰੂ ਸਾਹਿਬ ਨੇ ਨਿਵਾਸ ਕੀਤਾ ਸੀ। ਦੀਵਾਨ ਹਾਲ ਵੱਡਾ ਅਤੇ ਗੁੰਬਦਦਾਰ ਪ੍ਰਕਾਸ਼ ਅਸਥਾਨ ਕੇਂਦਰ ਵਿੱਚ ਹੈ। ਦੋਵੇਂ ਹਾਲਾਂ ਅਤੇ ਮੰਜੀ ਸਾਹਿਬ ਨੂੰ ਦੁਬਾਰਾ 1909 ਈ. ਵਿੱਚ ਬਣਾਇਆ ਗਿਆ ਸੀ। ਇਸ ਗੁਰਦੁਆਰੇ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਹੀਂ ਨਾਮਜ਼ਦ ਕਮੇਟੀ ਕਰਦੀ ਹੈ। ਇਹ ਗੁਰ-ਦੁਆਰਾ ਨੋਟੀਫਾਈਡ ਹੈ ਅਤੇ ਗੁਰਦੁਆਰਾ ਐਕਟ ਦੇ ਸੈਕਸ਼ਨ 87 ਅਧੀਨ ਹੈ। ਵੱਡੇ ਜੋੜ ਮੇਲੇ ਗੁਰਪੁਰਬਾਂ 'ਤੇ ਸੱਜਦੇ ਹਨ। ਭਵਾਨੀਗੜ੍ਹ ਨਾਭਾ ਸੜਕ ਤੋਂ ਦੋ ਕਿਲੋਮੀਟਰ ਦੂਰ ਹੈ।

**ਪੁਸਤਕ ਸੂਚੀ:-**

1. ਦੀ ਇਨਸਾਈਕਲੋਪੀਡੀਆ ਆਫ ਸਿੱਖਇਜ਼ਮ, ਜਿਲਦ ਪਹਿਲੀ, 1998

ਬਾਕੀ ਹਿਸਾ ਅਗਲੇ ਹਫ਼ਤੇ ਪੜ੍ਹੋ

# ਸ੍ਰੀ ਦਰਬਾਰ ਸਾਹਿਬ ਫਿਰਕੂਆਂ, ਨਸਲਵਾਦੀਆਂ ਦੇ ਨਿਸ਼ਾਨੇ ਉਪਰ ਕਿਉਂ ?

**ਪੰਥਕ ਹਲਚਲ**

## ✪ ਨਸਲਵਾਦੀਆਂ ਵਲੋਂ ਏਆਈ ਨਾਲ ਦਰਬਾਰ ਸਾਹਿਬ ਉਪਰ ਡਿਜੀਟਲ ਹਮਲਾ ਕਿਉਂ ? ✪ ਪੁਲੀਸ ਜਾਂਚ ਜਾਰੀ, ਸਾਈਬਰ ਕਰਾਈਮ ਵਿਭਾਗ ਸਰਗਰਮ ✪ ਸਿੱਖ ਪੰਥ ਵਿਚ ਰੋਸ, ਸਖ਼ਤ ਕਾਨੂੰਨ ਦੀ ਮੰਗ

ਸਿੱਖ ਧਰਮ ਦੇ ਸਭ ਤੋਂ ਪਵਿੱਤਰ ਅਸਥਾਨ ਸ੍ਰੀ ਦਰਬਾਰ ਸਾਹਿਬ ਨੂੰ ਨਿਸ਼ਾਨਾ ਬਣਾਉਂਦੇ ਹੋਏ ਏਆਈ ਤਕਨੀਕ ਨਾਲ ਬਣਾਈ ਗਈ ਇੱਕ ਝੂਠੀ ਵੀਡੀਓ ਸੋਸ਼ਲ ਮੀਡੀਆ ਤੇ ਵਾਇਰਲ ਹੋ ਰਹੀ ਹੈ, ਜਿਸ ਵਿੱਚ ਇਸ ਰੂਹਾਨੀ ਅਸਥਾਨ ਨੂੰ ਹੜ੍ਹਾਂ ਦੇ ਪਾਣੀ ਨਾਲ ਢਹਿ-ਢੇਰੀ ਹੁੰਦਾ ਵਿਖਾਇਆ ਗਿਆ ਹੈ। ਇਹ ਵੀਡੀਓ 'ਗੁਡ ਫਾਰਮਰ@ ਫਾਰਮ ਏ 17' ਨਾਂ ਦੇ ਇੱਕ ਸੋਸ਼ਲ ਮੀਡੀਆ ਪੇਜ ਤੋਂ ਅਪਲੋਡ ਕੀਤੀ ਗਈ ਹੈ, ਜਿਸ ਨਾਲ ਲੱਖਾਂ ਸਿੱਖ ਸੰਗਤਾਂ ਦੇ ਹਿਰਦੇ ਵਲੂੰਧਰੇ ਗਏ ਹਨ ਅਤੇ ਧਾਰਮਿਕ ਭਾਵਨਾਵਾਂ ਨੂੰ ਗਹਿਰੀ ਠੇਸ ਪਹੁੰਚੀ ਹੈ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਅਤੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਇਸ ਨੂੰ ਗੰਭੀਰ ਮਾਮਲਾ ਦੱਸਦੇ ਹੋਏ ਸਰਕਾਰ ਨੂੰ ਨਵੇਂ ਕਾਨੂੰਨ ਬਣਾਉਣ ਅਤੇ ਸਖ਼ਤ ਕਾਰਵਾਈ ਕਰਨ ਦੀ ਅਪੀਲ ਕੀਤੀ ਹੈ। ਪ੍ਰਬੰਧਕਾਂ ਨੇ ਪੁਲੀਸ ਕਮਿਸ਼ਨਰ ਨੂੰ ਸ਼ਿਕਾਇਤ ਦਰਜ ਕਰਵਾਈ ਹੈ ਅਤੇ ਮੰਗ ਕੀਤੀ ਹੈ ਕਿ ਇਸ ਪੇਜ ਨੂੰ ਤੁਰੰਤ ਹਟਾਇਆ ਜਾਵੇ ਤੇ ਅਪਰਾਧੀਆਂ ਨੂੰ ਗ੍ਰਿਫ਼ਤਾਰ ਕੀਤਾ ਜਾਵੇ।

ਇਹ ਮਾਮਲਾ ਪਿਛਲੇ ਕੁਝ ਸਾਲਾਂ ਤੋਂ ਵਧ ਰਹੇ ਏਆਈ ਤਕਨੀਕ ਨਾਲ ਹੋ ਰਹੇ ਧਾਰਮਿਕ ਬੇਅਦਬੀ ਦੇ ਮਾਮਲਿਆਂ ਦੀ ਇੱਕ ਨਵੀਂ ਕੜੀ ਹੈ। ਸ੍ਰੀ ਦਰਬਾਰ ਸਾਹਿਬ ਦੇ ਜਨਰਲ ਮੈਨੇਜਰ ਭਗਵੰਤ ਸਿੰਘ ਧੰਗੇੜਾ ਨੇ ਦੱਸਿਆ ਕਿ 13 ਅਗਸਤ ਨੂੰ ਉਨ੍ਹਾਂ ਨੇ ਪੁਲੀਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੂੰ ਇੱਕ ਵਿਸਥਾਰਤ ਸ਼ਿਕਾਇਤ ਭੇਜੀ ਹੈ, ਜਿਸ ਵਿੱਚ ਵੀਡੀਓ ਦੇ ਸਕਰੀਨ ਸ਼ਾਟ ਅਤੇ ਫੋਟੋ ਕਾਪੀਆਂ ਸ਼ਾਮਲ ਹਨ। ਧੰਗੇੜਾ ਨੇ ਕਿਹਾ, "ਸ੍ਰੀ ਦਰਬਾਰ ਸਾਹਿਬ ਸਰਬ ਸਾਂਝੀਵਾਲਤਾ ਦਾ ਕੇਂਦਰੀ ਸਥਾਨ ਹੈ। ਇੱਥੇ ਰੋਜ਼ਾਨਾ ਲੱਖਾਂ ਸੰਗਤਾਂ ਦਰਸ਼ਨ ਅਤੇ ਇਸ਼ਨਾਨ ਲਈ ਆਉਂਦੀਆਂ ਹਨ। ਪਰ ਸ਼ਰਾਰਤੀ ਅਨਸਰਾਂ ਵੱਲੋਂ ਪਿਛਲੇ ਕੁਝ ਸਮੇਂ ਤੋਂ ਏਆਈ ਨਾਲ ਛੇੜਛਾੜ ਵਾਲੀਆਂ ਤਸਵੀਰਾਂ ਅਤੇ ਵੀਡੀਓ ਅਪਲੋਡ ਕੀਤੀਆਂ ਜਾ ਰਹੀਆਂ ਹਨ, ਜੋ ਨਾ ਸਿਰਫ਼ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਂਦੀਆਂ ਹਨ ਬਲਕਿ ਸਮਾਜ ਵਿੱਚ ਵਿਵਾਦ ਪੈਦਾ ਕਰਦੀਆਂ ਹਨ। ਇਸ ਵੀਡੀਓ ਵਿੱਚ ਸ੍ਰੀ ਦਰਬਾਰ ਸਾਹਿਬ ਦੀ ਇਮਾਰਤ ਨੂੰ ਦੋ ਹਿੱਸਿਆਂ ਵਿੱਚ ਟੁੱਟਦੇ ਅਤੇ ਹੜ੍ਹਾਂ ਨਾਲ ਨੁਕਸਾਨ ਵਿਖਾਇਆ ਗਿਆ ਹੈ, ਜੋ ਬਹੁਤ ਮੰਦਭਾਗਾ ਹੈ।"

ਪੁਲੀਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਸ਼ਿਕਾਇਤ ਦੀ ਪੁਸ਼ਟੀ ਕਰਦੇ ਹੋਏ ਕਿਹਾ ਕਿ ਮਾਮਲੇ ਨੂੰ ਸਾਈਬਰ ਕਰਾਈਮ ਵਿਭਾਗ ਨੂੰ ਸੌਂਪ ਦਿੱਤਾ ਗਿਆ ਹੈ ਅਤੇ ਜਾਂਚ ਜਾਰੀ ਹੈ। ਉਨ੍ਹਾਂ ਨੇ ਦੱਸਿਆ ਕਿ ਵੀਡੀਓ ਅਪਲੋਡ ਕਰਨ ਵਾਲੇ ਵਿਅਕਤੀ ਦੀ ਸ਼ਨਾਖਤ ਲਈ ਯਤਨ ਕੀਤੇ ਜਾ ਰਹੇ ਹਨ ਉਹਨਾਂ ਕਿਹਾ ਕਿ ਇਹ ਨਾ ਸਿਰਫ਼ ਧਾਰਮਿਕ ਬੇਅਦਬੀ ਹੈ



ਬਲਕਿ ਸਮਾਜ ਵਿੱਚ ਅਸ਼ਾਂਤੀ ਫੈਲਾਉਣ ਦੀ ਸਾਜ਼ਿਸ਼ ਵੀ ਹੋ ਸਕਦੀ ਹੈ।

ਪਰ ਸਵਾਲ ਉੱਠ ਰਿਹਾ ਹੈ ਕਿ ਪੁਲੀਸ ਅਸਲ ਅਪਰਾਧੀਆਂ ਨੂੰ ਕਿਉਂ ਨਹੀਂ ਫੜ ਸਕੀ ? ਪਿਛਲੇ ਮਹੀਨਿਆਂ ਵਿੱਚ ਸ੍ਰੀ ਦਰਬਾਰ ਸਾਹਿਬ ਨੂੰ ਬੰਬ ਨਾਲ ਉਡਾਉਣ ਦੀਆਂ ਧਮਕੀਆਂ ਵੀ ਮਿਲੀਆਂ ਸਨ, ਪਰ ਅਜੇ ਤੱਕ ਕੋਈ ਦੋਸ਼ੀ ਗ੍ਰਿਫ਼ਤਾਰ ਨਹੀਂ ਹੋਇਆ। ਜੁਲਾਈ 2025 ਵਿੱਚ ਤਾਂ ਇੱਕ ਹਫ਼ਤੇ ਵਿੱਚ ਨੌਂ ਧਮਕੀ ਵਾਲੇ ਈਮੇਲ ਆਏ ਸਨ, ਜਿਨ੍ਹਾਂ ਦੇ ਆਈਪੀ ਐਡਰੈੱਸ ਟਰੈਕ ਕੀਤੇ ਗਏ ਸਨ, ਪਰ ਨਤੀਜਾ ਅਜੇ ਵੀ ਜ਼ੀਰੋ ਹੈ।

ਇਸ ਮਾਮਲੇ ਤੇ ਗਿਆਨੀ ਹਰਪ੍ਰੀਤ ਸਿੰਘ ਨੇ ਗੰਭੀਰ ਚਿੰਤਾ ਜ਼ਾਹਰ ਕੀਤੀ ਹੈ। ਉਨ੍ਹਾਂ ਨੇ ਕਿਹਾ, "ਏਆਈ ਤਕਨੀਕ ਨਾਲ ਹੋ ਰਹੀ ਗਲਤ ਵਰਤੋਂ ਭਵਿੱਖ ਵਿੱਚ ਸਾਡੇ ਸਮਾਜਿਕ ਤਾਣੇ-ਬਾਣੇ ਅਤੇ ਸਾਂਝੀਵਾਲਤਾ ਲਈ ਬਹੁਤ ਖ਼ਤਰਨਾਕ ਹੈ। ਗਲਤ ਅਨਸਰ ਇਸ ਨੂੰ ਭਾਈਚਾਰਿਆਂ ਵਿੱਚ ਕੁੜੱਤਣ ਪੈਦਾ ਕਰਨ ਲਈ ਵਰਤ ਰਹੇ ਹਨ, ਜੋ ਫਿਰਕੂ ਸੋਚ ਨੂੰ ਉਤਸ਼ਾਹਿਤ ਕਰੇਗੀ । ਸਰਕਾਰਾਂ ਨੂੰ ਨਵੇਂ ਕਾਨੂੰਨ ਬਣਾਉਣੇ ਚਾਹੀਦੇ ਹਨ। ਪਰ ਹੈਰਾਨੀ ਵਾਲੀ ਗੱਲ ਇਹ ਹੈ ਕਿ ਭਾਰਤ ਸਰਕਾਰ ਜਾਂ ਪੰਜਾਬ ਸਰਕਾਰ ਅਜੇ ਤੱਕ ਅਜਿਹੇ ਕਾਨੂੰਨ ਨਹੀਂ ਲਿਆ ਰਹੀਆਂ। ਸਖ਼ਤ ਤੋਂ ਸਖ਼ਤ ਕਾਨੂੰਨ ਬਣਾਉਣੇ ਚਾਹੀਦੇ ਹਨ ਅਤੇ ਉਨ੍ਹਾਂ ਤਹਿਤ ਕਾਰਵਾਈ ਕਰਨੀ ਚਾਹੀਦੀ ਹੈ।" ਗਿਆਨੀ ਹਰਪ੍ਰੀਤ ਸਿੰਘ ਨੇ ਇਹ ਵੀ ਜ਼ਿਕਰ ਕੀਤਾ ਕਿ ਪਿਛਲੇ ਸਮੇਂ ਵਿੱਚ ਸਿੱਖ ਗੁਰੂਆਂ ਅਤੇ ਪ੍ਰਮੁੱਖ ਸ਼ਖ਼ਸੀਅਤਾਂ ਬਾਰੇ ਵੀ ਏਆਈ ਵੀਡੀਓ ਅਤੇ ਫੋਟੋਆਂ ਵਾਇਰਲ ਕੀਤੀਆਂ ਜਾ ਰਹੀਆਂ ਹਨ, ਜੋ ਧਰਮ ਨੂੰ ਬਦਨਾਮ ਕਰ ਰਹੀਆਂ ਹਨ।

ਗਿਆਨੀ ਰਘਬੀਰ ਸਿੰਘ ਨੇ ਵੀ ਇਸ ਨੂੰ ਮੰਦਭਾਗਾ ਦੱਸਿਆ ਅਤੇ ਕਿਹਾ, "ਹਾਲ ਹੀ ਵਿੱਚ ਅਜਿਹੀ ਵੀਡੀਓ ਵਾਇਰਲ ਹੋਈ ਹੈ ਜਿਸ ਵਿੱਚ ਸ੍ਰੀ ਦਰਬਾਰ ਸਾਹਿਬ ਨੂੰ ਢਾਹਿਆ ਵਿਖਾਇਆ ਗਿਆ ਹੈ। ਅਸੀਂ ਪੁਲੀਸ ਕਮਿਸ਼ਨਰ ਨੂੰ ਸ਼ਿਕਾਇਤ ਦਰਜ ਕਰਵਾਈ ਹੈ ਅਤੇ ਮੰਗ ਕੀਤੀ ਹੈ ਕਿ ਅਜਿਹੇ ਵੀਡੀਓ ਬਣਾਉਣ ਵਾਲਿਆਂ ਵਿਰੁੱਧ ਢੁੱਕਵੀਂ ਕਾਰਵਾਈ ਕੀਤੀ ਜਾਵੇ। ਸਿੱਖ ਧਰਮ ਨੂੰ ਨਿਸ਼ਾਨਾ ਬਣਾਉਣ ਵਾਲੇ ਇਹ ਅਨਸਰ ਸਾਂਝੀਵਾਲਤਾ ਨੂੰ ਤੋੜਨਾ ਚਾਹੁੰਦੇ ਹਨ।"

ਇਸ ਵੀਡੀਓ ਪਿੱਛੇ ਮਨੋਰਥ ਕੀ ਹੈ ? ਕੌਣ ਬਣਾ ਰਿਹਾ ਹੈ ਅਤੇ ਵਾਇਰਲ ਕਰ ਰਿਹਾ ਹੈ ? ਇਹ ਸਵਾਲ ਪੰਥਕ ਮਾਨਸਿਕਤਾ ਵਿੱਚ ਗੂੰਜ ਰਹੇ ਹਨ। ਸ੍ਰੀ ਦਰਬਾਰ ਸਾਹਿਬ ਫਿਰਕੂ ਅਤੇ ਨਸਲਵਾਦੀ ਅਨਸਰਾਂ ਨੂੰ ਕਿਉਂ ਰਾਸ ਨਹੀਂ ਆ ਰਿਹਾ ? ਇਹ ਅਸਥਾਨ ਸਿੱਖ ਧਰਮ ਦਾ ਕੇਂਦਰ ਹੀ ਨਹੀਂ ਬਲਕਿ ਸਾਰੀਆਂ ਜਾਤਾਂ-ਧਰਮਾਂ ਲਈ ਸਾਂਝੀਵਾਲਤਾ ਦਾ ਪ੍ਰਤੀਕ ਹੈ। ਫਿਰ ਵੀ ਇਸ ਤੇ ਵਾਰ-ਵਾਰ ਹਮਲੇ ਕਿਉਂ ਹੋ ਰਹੇ ਹਨ ? ਇਤਿਹਾਸ ਨੂੰ ਵੇਖੀਏ ਤਾਂ ਸ੍ਰੀ ਦਰਬਾਰ ਸਾਹਿਬ ਤੇ ਕਈ ਵਾਰ ਹਮਲੇ ਹੋਏ ਹਨ। 18ਵੀਂ ਸਦੀ ਵਿੱਚ ਅਫ਼ਗਾਨ ਹਮਲਾਵਰਾਂ ਨੇ ਕਈ ਵਾਰ ਇਸ ਨੂੰ ਲੁੱਟਿਆ ਅਤੇ ਨੁਕਸਾਨ ਪਹੁੰਚਾਇਆ। ਅਹਿਮਦ ਸ਼ਾਹ ਅਬਦਾਲੀ ਨੇ 1762 ਵਿੱਚ ਇਸ ਨੂੰ ਤੋਪਾਂ ਨਾਲ ਉਡਾਇਆ ਸੀ, ਪਰ ਸਿੱਖ ਪੰਥ ਨੇ ਇਸ ਨੂੰ ਮੁੜ ਬਣਾਇਆ। 1955 ਵਿੱਚ ਭਾਰਤ ਸਰਕਾਰ ਨੇ ਪੰਜਾਬੀ ਸੂਬੇ ਦੀ ਮੰਗ ਤੇ ਅੰਦੋਲਨ ਨੂੰ ਦਬਾਉਣ ਲਈ ਪੁਲੀਸ ਨਾਲ ਹਮਲਾ ਕੀਤਾ, ਜਿਸ ਵਿੱਚ ਟੀਅਰ ਗੈਸ ਸ਼ੈੱਲ ਵਰਤੇ ਗਏ ਅਤੇ ਕਈ ਸਿੱਖ ਜ਼ਖ਼ਮੀ ਹੋਏ।

ਸਭ ਤੋਂ ਭਿਆਨਕ ਮਾਮਲਾ 1984 ਦਾ ਘੱਲੂਘਾਰਾ ਸੀ, ਜਦੋਂ ਇੰਦਰਾ ਗਾਂਧੀ ਦੀ ਸਰਕਾਰ ਨੇ ਫੌਜ ਨਾਲ ਹਮਲਾ ਕੀਤਾ। 1 ਤੋਂ 8 ਜੂਨ ਤੱਕ ਚੱਲੇ ਇਸ ਆਪ੍ਰੇਸ਼ਨ ਵਿੱਚ ਸੈਂਕੜੇ ਸਿੱਖ ਮਾਰੇ ਗਏ ਅਤੇ ਅਕਾਲ ਤਖ਼ਤ ਸਾਹਿਬ ਨੂੰ ਨੁਕਸਾਨ ਪਹੁੰਚਿਆ। ਹਾਲੀਆ ਸਾਲਾਂ ਵਿੱਚ ਵੀ ਦਰਬਾਰ ਸਾਹਿਬ ਨੂੰ ਖਤਮ ਕਰਨ ਦੀਆਂ ਧਮਕੀਆਂ ਜਾਰੀ ਹਨ। ਜੁਲਾਈ 2025 ਵਿੱਚ ਬੰਬ ਧਮਕੀ ਵਾਲੇ ਈਮੇਲ ਆਏ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸਜੀਪੀਸੀ) ਨੇ ਏਆਈ ਪਲੇਟਫਾਰਮਾਂ ਤੇ ਗਲਤ ਜਾਣਕਾਰੀ ਬਾਰੇ ਵੀ ਚਿੰਤਾ ਜ਼ਾਹਰ ਕੀਤੀ ਹੈ ਅਤੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਅਜਿਹੇ ਮਿਸਇੰਫਰਮੇਸ਼ਨ ਨੂੰ ਰੋਕਿਆ ਜਾਵੇ। ਪਰ ਸਵਾਲ ਇਹ ਹੈ ਕਿ ਅਸਲ ਅਪਰਾਧੀ ਕੌਣ ਹਨ ਅਤੇ ਪੁਲੀਸ ਕਿਉਂ ਨਹੀਂ ਫੜ ਸਕਦੀ ? ਏਆਈ ਨਾਲ ਹੁਣ ਇਹ ਹਮਲੇ ਡਿਜੀਟਲ ਰੂਪ ਲੈ ਰਹੇ ਹਨ, ਜੋ ਵੱਡਾ ਖ਼ਤਰਾ ਹੈ। ਐੱਸਜੀਪੀਸੀ ਨੇ ਏਆਈ ਨੂੰ ਸਿੱਖ ਇਤਿਹਾਸ ਅਤੇ ਗੁਰਬਾਣੀ ਬਾਰੇ ਗਲਤ ਜਾਣਕਾਰੀ ਨੂੰ ਰੋਕਣ ਲਈ ਵੀ ਅਪੀਲ ਕੀਤੀ ਹੈ।

ਸਿੱਖ ਸਮਾਜ ਵਿੱਚ ਇਸ ਨੂੰ ਲੈ ਕੇ ਗੁੱਸਾ ਹੈ ਅਤੇ ਮੰਗ ਕੀਤੀ ਜਾ ਰਹੀ ਹੈ ਕਿ ਸਰਕਾਰ ਨਵੇਂ ਕਾਨੂੰਨ ਬਣਾਏ। ਏਆਈ ਨੂੰ ਨਿਯੰਤਰਿਤ ਕਰਨ ਲਈ ਭਾਰਤ ਵਿੱਚ ਅਜੇ ਕੋਈ ਮਜ਼ਬੂਤ ਕਾਨੂੰਨ ਨਹੀਂ ਹੈ, ਜੋ ਇੱਕ ਵੱਡੀ ਘਾਟ ਹੈ। ਅਜਿਹੇ ਅਨਸਰਾਂ ਨੂੰ ਰੋਕਣ ਲਈ ਸਖ਼ਤ ਕਦਮ ਚੁੱਕੇ ਜਾਣੇ ਚਾਹੀਦੇ ਹਨ, ਨਹੀਂ ਤਾਂ ਭਵਿੱਖ ਵਿੱਚ ਵੱਡੇ ਵਿਵਾਦ ਪੈਦਾ ਹੋ ਸਕਦੇ ਹਨ।

## ਰੈਪਰ ਬਾਦਸ਼ਾਹ ਨੂੰ ਅਦਾਲਤ ਵੱਲੋਂ 2.20 ਕਰੋੜ ਜਮ੍ਹਾਂ ਕਰਾਉਣ ਦਾ ਹੁਕਮ

### ✪ ਵਪਾਰਕ ਵਿਵਾਦ ਵਿੱਚ ਅਦਾਲਤ ਵੱਲੋਂ ਵੱਡਾ ਝਟਕਾ



ਕਰਨਾਲ-ਕਰਨਾਲ-ਗਾਇਕ ਤੇ ਰੈਪਰ ਬਾਦਸ਼ਾਹ ਨੂੰ ਇੱਕ ਵਪਾਰਕ ਵਿਵਾਦ ਵਿੱਚ ਅਦਾਲਤ ਵੱਲੋਂ ਵੱਡਾ ਝਟਕਾ ਲੱਗਿਆ ਹੈ। ਕਰਨਾਲ ਦੀ ਕੋਰਟ ਨੇ ਉਨ੍ਹਾਂ ਨੂੰ ਅੰਤਰਿਮ ਸੁਰੱਖਿਆ ਵਜੋਂ 2.20 ਕਰੋੜ ਫਿਕਸਡ ਡਿਪਾਜ਼ਿਟ ਰਾਹੀਂ ਜਮ੍ਹਾਂ ਕਰਾਉਣ ਦਾ ਹੁਕਮ ਦਿੱਤਾ ਹੈ। ਇਹ ਹੁਕਮ ਇੱਕ ਸੰਗੀਤ ਕੰਪਨੀ ਨਾਲ ਹੋਏ ਸਮਝੌਤੇ ਤਹਿਤ ਆਇਆ ਹੈ। ਕੰਪਨੀ ਦਾ ਦਾਅਵਾ ਹੈ ਕਿ ਬਾਦਸ਼ਾਹ ਨੇ ਉਨ੍ਹਾਂ ਦੇ 2.88 ਕਰੋੜ ਬਕਾਇਆ ਨਹੀਂ ਚੁਕਾਏ। ਅਦਾਲਤ ਨੇ ਕਿਹਾ ਕਿ ਪਹਿਲਾਂ ਜਮ੍ਹਾਂ ਕਰਾਏ 1.70 ਕਰੋੜ ਤੋਂ ਇਲਾਵਾ, ਬਾਦਸ਼ਾਹ ਨੂੰ ਹੁਣ 60 ਦਿਨਾਂ ਦੇ ਅੰਦਰ-ਅੰਦਰ ਹੋਰ 50 ਲੱਖ ਦੀ ਐਫਡੀਆਰ ਜਮ੍ਹਾਂ ਕਰਾਉਣੀ ਪਵੇਗੀ।

# ਕਾਵਿ-ਕਿਆਰੀ

## ਇੱਕ ਤਿਣਕਾ

ਇੱਕ ਤਿਣਕਾ, ਜ਼ਰਾ ਕਮਜ਼ੋਰ ਜਿਹਾ,
ਕੁੱਝ ਸ਼ੋਖ਼ ਜਿਹਾ, ਮੂੰਹ ਜ਼ੋਰ ਜਿਹਾ।

ਸ਼ੱਕ ਹੋਵੇ ਜਿੱਥੇ, ਉਹ ਜਾ ਖੜ੍ਹਦੈ,
ਝੂਠੇ ਦੀ ਦਾੜ੍ਹੀ 'ਚ, ਵੀ ਜਾ ਵੜਦੈ।

ਸੱਚ ਬੋਲਣਾ ਉਸ ਦਾ, ਹੈ ਖਾਸਾ,
ਨਹੀਂ ਫ਼ਰਜ਼ੋਂ ਮੋੜਦਾ, ਕਦੇ ਪਾਸਾ।


ਲੱਖ ਲਿਤਾੜਿਆ ਗਿਆ,
ਪਿਛਾੜਿਆ ਗਿਆ,
ਕਿਤੇ ਝੰਬਿਆ ਗਿਆ,
ਕਿਤੇ ਸਾੜਿਆ ਗਿਆ।

ਤਕੜੇ ਦੇ ਜ਼ੋਰ ਨਾਲ਼, ਝੁਕਿਆ ਨਹੀਂ,
ਸੱਚ ਕਹਿਣੋਂ ਕਦੀ, ਉਹ ਰੁਕਿਆ ਨਹੀਂ।

ਠੱਲ੍ਹ ਪਾ ਦੇਵੇ ਜਿੱਥੇ, ਰੁਕੇ ਤਣ ਕੇ,
ਮੋੜੇ ਦਰਿਆਵਾਂ ਦੇ, ਰੁੱਖ ਠਣ ਕੇ।

ਪਰ ਹੰਕਾਰ ਨਹੀਂ, ਫੁੰਕਾਰ ਨਹੀਂ,
ਕਿਸੇ ਮਦਦ ਦਾ ਕੋਈ, ਇੰਤਜ਼ਾਰ ਨਹੀਂ।

ਬੱਸ ਮਾਣ ਹੈ, ਆਪਣੀ ਕਰਨੀ 'ਤੇ,
ਨਿਰਮਾਣੀ ਜਿਹੀ, ਹਠਧਰਮੀ 'ਤੇ।



ਰਵਿੰਦਰ ਸਿੰਘ ਕੁੰਦਰਾ
ਕੌਵੈਂਟਰੀ ਯੂ ਕੇ

## 'ਆਪ' ਸਰਕਾਰ ਦੀ ਮਾਝੇ ਦੀ ਪਕੜ ਹੋਈ ਕਮਜ਼ੋਰ



ਅੰਮ੍ਰਿਤਸਰ- ਪੰਜਾਬ ਦੀ 'ਆਪ' ਸਰਕਾਰ ਵਿੱਚ ਮਾਝਾ ਖੇਤਰ ਦੀ ਨੁਮਾਇੰਦਗੀ ਲਗਾਤਾਰ ਘੱਟ ਰਹੀ ਹੈ। ਪਹਿਲਾਂ ਇਸ ਖੇਤਰ ਦੇ ਪੰਜ ਮੰਤਰੀ ਸਨ, ਜੋ ਹੁਣ ਘਟ ਕੇ ਤਿੰਨ ਰਹਿ ਗਏ ਹਨ। ਇਸ ਦੇ ਨਾਲ ਹੀ, ਮਾਝੇ ਦੇ ਮੰਤਰੀਆਂ ਤੋਂ ਅਹਿਮ ਵਿਭਾਗ ਵੀ ਵਾਪਸ ਲਏ ਜਾ ਰਹੇ ਹਨ। ਹਾਲ ਹੀ ਵਿੱਚ, ਮੁੱਖ ਮੰਤਰੀ ਨੇ ਜੰਡਿਆਲਾ ਗੁਰੂ ਦੇ ਵਿਧਾਇਕ ਹਰਭਜਨ ਸਿੰਘ ਈਟੀਓ ਤੋਂ ਬਿਜਲੀ ਵਿਭਾਗ ਵਾਪਸ ਲੈ ਲਿਆ, ਹੁਣ ਉਨ੍ਹਾਂ ਕੋਲ ਸਿਰਫ ਪੀਡਬਲਿਊਡੀ ਵਿਭਾਗ ਹੈ। ਇਸ ਤੋਂ ਪਹਿਲਾਂ, ਡਾ. ਇੰਦਰਬੀਰ ਸਿੰਘ ਨਿੱਝਰ ਨੇ ਅਸਤੀਫ਼ਾ ਦੇ ਦਿੱਤਾ ਸੀ ਤੇ ਕੁਲਦੀਪ ਸਿੰਘ ਧਾਲੀਵਾਲ ਤੋਂ ਵੀ ਕਈ ਵਿਭਾਗ ਵਾਪਸ ਲੈ ਕੇ ਉਨ੍ਹਾਂ ਨੂੰ ਮੰਤਰੀ ਮੰਡਲ ਤੋਂ ਬਾਹਰ ਕਰ ਦਿੱਤਾ ਗਿਆ। ਇਹ ਬਦਲਾਅ ਸੂਬੇ ਦੀ ਸਿਆਸਤ ਵਿੱਚ ਨਵੇਂ ਚਰਚੇ ਛੇੜ ਰਹੇ ਹਨ। ਮਾਹਿਰਾਂ ਦਾ ਕਹਿਣਾ ਕਿ ਇਸ ਨਾਲ ਆਪ ਦਾ ਆਧਾਰ ਖੁਰੇਗਾ।

## ਸ਼ਾਇਰੀ : ਅਸੀਂ ਪਾਣੀ ਵਾਂਗ



1. ਅਸੀਂ ਪਾਣੀ ਵਾਂਗ ਵਗਦੇ ਰਹੇ
ਉਹ ਪੱਥਰ ਵਾਂਗ ਉੱਥੇ ਹੀ ਖੜ੍ਹੇ ਰਹੇ ,
ਅਸੀਂ ਵਾਰ - ਵਾਰ ਝੁਕਦੇ ਰਹੇ
ਪਰ ਉਹ ਜਿੱਦ ਆਪਣੀ 'ਤੇ
ਅੜੇ ਰਹੇ....

2. ਸਾਡਾ ਕਾਫ਼ਲਾ ਲੰਘਣਾ ਸੀ
ਤੂੰ ਉਡੀਕ ਲੈਂਦੀ ,
ਅਸੀਂ ਤਾਂ ਰੁਕਦੇ
ਜੇ ਤੂੰ ਦੇਖ ਲੈਂਦੀ.....

3. ਟੁੱਟ ਕੇ ਅਸੀਂ ਜੁੜ ਗਏ
ਉਹ ਤਾਂ ਸਾਨੂੰ ਤੋੜ ਕੇ
ਆਪਣੇ ਹੀ
ਰਾਹ ਵੱਲ ਮੁੜ ਪਏ....

4. ਬੱਦਲਾਂ ਵੱਲ ਦੇਖ ਕੇ
ਵਰਖਾ ਯਾਦ ਆ ਜਾਂਦੀ ,
ਕਦੇ - ਕਦੇ ਕਿਸਮਤ
ਬਹੁਤ ਭਰਮਾਉਂਦੀ....

5. ਤੇਰੀਆਂ ਉਡੀਕਾਂ
ਵਿੱਚ ਖੜ੍ਹੇ ਰਹੇ ,
ਤੇਰੇ ਲਈ
ਹਮੇਸ਼ਾ ਅੜੇ ਰਹੇ....

6. ਕਈ ਮੈਨੂੰ ਈ ਸਿਖਾਲਣ ਲੱਗ ਪੈਂਦੇ
ਅਣਜਾਣ ਤੇ ਮੂਰਖ ਲੋਕ
ਸਮੁੰਦਰ ਨੂੰ ਈ ਉਛਾਲਣ ਲੱਗ ਪੈਂਦੇ ....

7. ਅੱਜ ਫੇਸਬੁੱਕ ਦੇਖਦਿਆਂ - ਦੇਖਦਿਆਂ
ਤੇਰਾ ਚੇਹਰਾ ਸਾਹਮਣੇ ਆ ਗਿਆ ,
ਕੁਝ ਸਮੇਂ ਲਈ ਇੰਝ ਲੱਗਾ
ਜਿਵੇਂ ਸਿਰ ਮੇਰਾ ਚਕਰਾ ਗਿਆ ....

8. ਅਸੀਂ ਕਿਸੇ ਨੂੰ ਮਾੜਾ ਨਹੀਂ ਕਹਿੰਦੇ
ਪਰ ਕਈ ਦੁਸ਼ਮਣੀ ਰੱਖਦੇ ਸਾਡੇ ਨਾਲ ਵਾਹਲੀ ਅਸੀਂ ਤਾਂ ਦੋਸਤੀ
ਨਿਭਾਉਣਾ ਚਾਹੁੰਦੇ
ਨਹੀਂ ਕਰਦੇ ਦੁਸ਼ਮਣੀ ਵਿੱਚ ਵੀ ਕਾਹਲੀ....

9. ਅਸੀਂ ਤੁਹਾਨੂੰ ਵੀ ਸਟੇਜ 'ਤੇ ਬੁਲਾਇਆ ਸੀ
ਅਸੀਂ ਆਪਣੇ - ਆਪ ਨੂੰ ਵੀ ਝੁਕਾਇਆ ਸੀ
ਸਮੇਂ ਦੀ ਅਸੀਂ ਹਰ ਇੱਕ ਗੱਲ ਮੰਨੀ
ਅਸੀਂ ਅਸੰਭਵ ਨੂੰ ਵੀ ਕਰ ਦਿਖਾਇਆ ਸੀ
ਤੁਸੀਂ ਸਾਨੂੰ ਫਿਰ ਵੀ ਨੀਵਾਂ ਦਿਖਾਇਆ
ਅਸੀਂ ਤਾਂ ਆਪਣੇ - ਆਪ ਨੂੰ ਵੀ ਨਿਲਾਮ ਕਰਵਾਇਆ ਸੀ....

10. ਅਲੱਗ - ਅਲੱਗ ਤਾਂ ਦਰੱਖ਼ਤ ,
ਜਾਨਵਰ ਤੇ ਪਹਾੜ ਰਹਿੰਦੇ
ਜੋ ਬੰਦਾ ਵੀ ਅਲੱਗ - ਅਲੱਗ ਰਹਿਣ ਲੱਗ ਜਾਏ
ਤਾਂ ਉਸ ਨੂੰ ਇਨਸਾਨ ਨਹੀਂ ਕਹਿੰਦੇ....

11. ਅਰਜੁਨ ਨੂੰ ਘਮੰਡ ਹੋ ਗਿਆ ਸੀ
ਸ਼੍ਰੀ ਕ੍ਰਿਸ਼ਨ ਨੇ ਫਿਰ ਕਲਾ ਵਰਤਾਈ
ਤੀਰ ਅਰਜੁਨ ਦੇ ਤਰਕਸ਼ ਵਿੱਚ ਹੀ ਰਹਿ ਗਏ
ਅਰਜੁਨ ਨੂੰ ਉਸਦੀ ਫਿਰ ਔਕਾਤ ਦਿਖਾਈ....

12. ਬੱਦਲਾਂ ਵੱਲ ਦੇਖ ਰਿਹਾ ਸੀ
ਇੱਕ ਆਕ੍ਰਿਤੀ ਬਣੀ ਤੇਰੀ ਸ਼ਕਲ ਜਿਹੀ
ਸੋਚਣ ਲੱਗ ਪਿਆ ਮੈਂ
ਤੂੰ ਕਿਹੜੀ ਆਖਰੀ ਗੱਲ ਮੈਨੂੰ ਸੀ ਕਹੀ ....

ਮਾਸਟਰ ਸੰਜੀਵ ਧਰਮਾਣੀ



* * * * * *


## .ਗਜ਼ਲ



ਤੇਰੇ ਗੁਲਸ਼ਨ 'ਚ ਹੁਣ ਉਹ ਫਿਰ ਬਹਾਰਾਂ ਆਉਦੀਆਂ ਕਿ ਨਈਂ।
ਉਹ ਸੁੰਦਰ ਤਿਤਲੀਆਂ ਮੰਡਰਾ ਕੇ ਫੇਰਾ ਪਾਉਦੀਆਂ ਕਿ ਨਈਂ।
ਕੋਈ ਇੰਤਜ਼ਾਰ ਅੱਖਾਂ ਵਿਚ ਗਲੇਡੂ ਰਖਦਾ ਹੋਵੇਗਾ,
ਉਮੰਗਾਂ ਉਲਝ ਕੇ ਵਾਲਾਂ 'ਚ ਨਗਮੇ ਗਾਉਦੀਆਂ ਕਿ ਨਈਂ।
ਮਿਲਣ ਦੀ ਖਾਹਿਸ਼ ਵਿਚ ਜੁਗਨੂੰ ਹਨੇਰੀ ਰਾਤ ਵਿਚ ਆਉਂਦੇ ?
ਤੇਰੇ ਚੇਤੇ 'ਚ ਉਹ ਸਰਗੋਸ਼ੀਆਂ ਸ਼ਰਮਾਉਦੀਆਂ ਕਿ ਨਈਂ।
ਕਦੀ ਹਸਣਾ ਕਦੀ ਰੋਣਾ ਤਾਂ ਆਉਂਦਾ ਯਾਦ ਹੋਵੇਗਾ,
ਪੁਰਾਣੇਂ ਰਾਹ ਦੀਆਂ ਉਹ ਮਿਲਣੀਆਂ ਤੜਪਾਉਦੀਆਂ ਕਿ ਨਈਂ।
ਸਰਦ ਮੌਸਮ 'ਚ ਸੁੰਦਰ ਮਖ਼ਮਲੀ ਫੁੱਲਾਂ ਦੇ ਵਿਚ ਬਹਿ ਕੇ,
ਸ਼ਰਾਰਤ ਕਰਕੇ ਫਿਰ ਸਹੇਲੀਆਂ ਸਮਝਾਉਦੀਆਂ ਕਿ ਨਈਂ।
ਤਰਜਨੀ ਲੈ ਕੇ ਬੁੱਲਾਂ ਵਿਚ ਬੜਾ ਚਿਰ ਸੋਚਦਾ ਹੋਣੈਂ,
ਵਿਛੋੜੇ ਵਿਚ ਉਹ ਕੂੰਜਾਂ ਲੰਘਦੀਆਂ ਕੁਰਲਾਉਦੀਆਂ ਕਿ ਨਈਂ।
ਸਵੇਰਾ ਅਪਣੇ ਸੂਰਜ ਨਾਲ ਨਿਤ ਹੀ ਆਉਂਦਾ ਹੋਵੇਗਾ,
ਕਿ ਰਾਤਾਂ ਤਾਰਿਆਂ ਦੇ ਨਾਲ ਕੱਲੀਆਂ ਆਉਦੀਆਂ ਕਿ ਨਈਂ।
ਲਲਕ ਦੀ ਤੜਪ ਜਗਿਆਸਾ 'ਚ ਗੁੰਝਲ ਪਾਉਂਦੀ ਹੋਵੇਗੀ,
ਇਛਾਵਾਂ ਵਸ 'ਚੋਂ ਹੋ ਕੇ ਬਾਹਰ ਫਿਰ ਤੜਪਾਉਦੀਆਂ ਕਿ ਨਈਂ।
ਅਜੇ ਵੀ ਆਸ ਹੈ ਬਾਲਮ ਨੂੰ ਰਾਹਾਂ ਵਿੱਚ ਮਿਲਣੇ ਦੀ,
ਇਹ ਨੀਂਦਾਂ ਚੈਣ ਦੀ ਸੁਰਤੀ ਦੁਬਾਰਾ ਸਾਉਦੀਆਂ ਕਿ ਨਈਂ।

ਬਲਵਿੰਦਰ ਬਾਲਮ ਗੁਰਦਾਸਪੁਰ
ਮੋ. 98156-25409

## ਤੱਕੜੀ ਦੇ ਨਵੇਂ ਮਾਲਕ !



ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268

ਦੋ ਦਸੰਬਰ ਨੂੰ ਹੋਇਆ ਸੀ ਹੁਕਮਨਾਮਾ
'ਅੱਡੋ ਅੱਡ ਚੁੱਲ੍ਹੇ' ਕਰ ਲਉ ਇੱਕ ਭਾਈ।
'ਝੂੰਦੇ ਹੁਣਾ' ਝੱਟ ਲਿਆ 'ਸਮੇਟ' ਚੁੱਲ੍ਹਾ
ਬਾਦਲ ਧੜੇ ਫੁਲਾ ਲਈ ਸੀ ਹਿੱਕ ਭਾਈ।
ਜੋ 'ਰਲਣ' ਲਈ ਆਏ 'ਸੁਧਾਰ' ਵਾਲੇ
ਕਹਿੰਦੇ ਕੱਢਾਂ ਗੇ ਮਾਰ ਕੇ 'ਕਿੱਕ' ਭਾਈ।
ਪੰਥਕ ਜੋਸ਼ ਵਿਚ ਉਨ੍ਹਾਂ ਨੇ ਕਰੀ ਭਰਤੀ
ਪੰਜੇ ਮੈਂਬਰ ਜੋ ਦਿੱਤੇ ਸੀ 'ਟਿੱਕ' ਭਾਈ।
ਮਾਇਆ ਧੌਂਸ ਹੰਕਾਰ ਨਾਲ ਭਰੇ ਹੋਏ
ਵਾਂਗ ਧੁਖ ਰਹੇ ਹੁਣ ਗਿੱਲੀ ਲੱਕੜੀ ਦੇ।
ਮਿਲ਼ਕੇ ਪੰਥ ਨੇ 'ਨਵਾਂ ਪ੍ਰਧਾਨ' ਚੁਣਿਆਂ
'ਮਾਲਕ ਹੋਰ' ਆ ਗਏ ਐ 'ਤੱਕੜੀ' ਦੇ !

-ਤਰਲੋਚਨ ਸਿੰਘ ਦੁਪਾਲ ਪੁਰ
78146-92724

# ਈਰਾਨ ਵਿਚ ਜਾਸੂਸੀ ਦੇ ਦੋਸ਼ਾਂ 'ਤੇ ਸਖ਼ਤ ਕਾਰਵਾਈ

## ਖਾਸ ਖਬਰ ✪ 21 ਹਜ਼ਾਰ ਗ੍ਰਿਫ਼ਤਾਰ, 7 ਨੂੰ ਫਾਂਸੀ, ਅਮਰੀਕਾ-ਇਜ਼ਰਾਈਲ ਯੁੱਧ ਦਾ ਮੁੱਦਾ

ਈਰਾਨ ਨੇ ਜੂਨ 2025 ਵਿਚ ਇਜ਼ਰਾਈਲ ਅਤੇ ਅਮਰੀਕਾ ਨਾਲ ਹੋਏ 12 ਦਿਨਾਂ ਦੇ ਯੁੱਧ ਤੋਂ ਬਾਅਦ ਜਾਸੂਸੀ ਦੇ ਦੋਸ਼ਾਂ 'ਤੇ ਸਖ਼ਤ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਈਰਾਨੀ ਪੁਲਿਸ ਨੇ ਦੇਸ਼ ਭਰ ਵਿਚ ਵਿਸ਼ੇਸ਼ ਮੁਹਿੰਮ ਚਲਾ ਕੇ 21 ਹਜ਼ਾਰ ਲੋਕਾਂ ਨੂੰ ਜਾਸੂਸੀ ਦੇ ਸ਼ੱਕ ਵਿਚ ਗ੍ਰਿਫ਼ਤਾਰ ਕਰਕੇ ਜੇਲ੍ਹਾਂ ਵਿਚ ਬੰਦ ਕਰ ਦਿੱਤਾ ਹੈ। ਇਨ੍ਹਾਂ ਵਿਚ ਆਮ ਨਾਗਰਿਕਾਂ ਤੋਂ ਇਲਾਵਾ ਡਾਕਟਰ, ਇੰਜਨੀਅਰ, ਪੱਤਰਕਾਰ, ਮਨੁੱਖੀ ਅਧਿਕਾਰ ਕਾਰਕੁੰਨ ਅਤੇ ਪਰਮਾਣੂ ਵਿਗਿਆਨੀ ਵੀ ਸ਼ਾਮਲ ਹਨ।

ਸਥਾਨਕ ਮੀਡੀਆ ਮੁਤਾਬਕ, ਈਰਾਨ ਨੇ ਜਾਸੂਸੀ ਦੇ ਦੋਸ਼ ਵਿਚ ਪਰਮਾਣੂ ਵਿਗਿਆਨੀ ਸਮੇਤ 7 ਲੋਕਾਂ ਨੂੰ ਫਾਂਸੀ 'ਤੇ ਲਟਕਾ ਦਿੱਤਾ ਸੀ। ਇਸ ਮੁਹਿੰਮ ਨੇ ਅਮਰੀਕਾ ਅਤੇ ਇਜ਼ਰਾਈਲ ਨਾਲ ਈਰਾਨ ਦੇ ਤਣਾਅ ਨੂੰ ਹੋਰ ਵਧਾ ਦਿੱਤਾ ਹੈ।

ਈਰਾਨ ਨੇ ਜਾਸੂਸੀ ਦੇ ਦੋਸ਼ਾਂ ਵਿਚ ਸਭ ਤੋਂ ਵੱਡੀ ਕਾਰਵਾਈ ਕਰਦਿਆਂ ਪਰਮਾਣੂ ਵਿਗਿਆਨੀ ਰੁਜ਼ਬੇਹ ਵਾਦੀ ਨੂੰ 6 ਅਗਸਤ 2025 ਨੂੰ ਫਾਂਸੀ ਦੇ ਦਿੱਤੀ ਸੀ। ਵਾਦੀ 'ਤੇ ਇਜ਼ਰਾਈਲ ਦੀ ਖੁਫੀਆ ਏਜੰਸੀ ਮੋਸਾਦ ਨੂੰ ਪਰਮਾਣੂ ਪ੍ਰੀਖਣਾਂ ਨਾਲ ਜੁੜੀਆਂ ਗੁਪਤ ਅਤੇ ਸੰਵੇਦਨਸ਼ੀਲ ਜਾਣਕਾਰੀਆਂ ਸਾਂਝੀਆਂ ਕਰਨ ਦਾ ਦੋਸ਼ ਸੀ।

ਇਸ ਤੋਂ ਇਲਾਵਾ, 2020 ਵਿਚ ਈਰਾਨ ਦੇ ਪਰਮਾਣੂ ਵਿਗਿਆਨੀ ਮੋਹਸਿਨ ਫਖਰੀਜ਼ਾਦੇਹ ਦੀ ਹੱਤਿਆ ਵਿਚ ਮਦਦ ਦੇਣ ਵਾਲੇ ਕਈ ਹੋਰ ਦੋਸ਼ੀਆਂ ਨੂੰ ਵੀ ਫਾਂਸੀ ਦਿੱਤੀ ਗਈ ਸੀ। ਈਰਾਨ ਦੇ ਕਾਨੂੰਨ ਲਾਗੂ ਕਰਨ ਵਾਲੇ ਬੁਲਾਰੇ ਸਈਦ ਮੋਤ ਜੇਰੋਲ ਮਹਿਦੀ ਨੇ ਦੱਸਿਆ ਕਿ 13 ਜੂਨ 2025 ਨੂੰ ਇਜ਼ਰਾਈਲ ਨੇ ਹਵਾਈ ਹਮਲੇ ਕੀਤੇ ਸਨ, ਜਿਸ ਤੋਂ ਬਾਅਦ ਅਮਰੀਕਾ ਨੇ ਵੀ ਈਰਾਨ 'ਤੇ ਹਮਲਾ ਕੀਤਾ ਸੀ। ਇਨ੍ਹਾਂ ਹਮਲਿਆਂ ਲਈ ਜਾਣਕਾਰੀਆਂ ਸਾਂਝੀਆਂ ਕਰਨ ਵਾਲਿਆਂ ਨੂੰ ਪਕੜਨ ਲਈ ਈਰਾਨ ਨੇ ਵਾਧੂ ਚੌਕੀਆਂ ਸਥਾਪਤ ਕੀਤੀਆਂ ਸਨ ਅਤੇ ਸੁਰੱਖਿਆ ਬਲਾਂ ਨੇ ਦੇਸ਼ ਵਿੱਚ "ਗੱਦਾਰਾਂ" ਦੀ ਪਛਾਣ ਲਈ ਵਿਸ਼ੇਸ਼ ਮੁਹਿੰਮ ਚਲਾਈ ਸੀ। ਈਰਾਨ ਦੀ ਸਾਈਬਰ ਅਪਰਾਧ ਸੈੱਲ ਨੇ ਵੀ ਯੁੱਧ ਦੌਰਾਨ 5,700 ਤੋਂ ਵੱਧ ਮਾਮਲਿਆਂ ਵਿਚ ਕਾਰਵਾਈ ਕੀਤੀ ਸੀ।

ਈਰਾਨੀ ਸਰਕਾਰ ਦਾ ਕਹਿਣਾ ਹੈ ਕਿ ਇਹ ਕਾਰਵਾਈ ਦੇਸ਼ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਜ਼ਰੂਰੀ ਸੀ। ਪਰ ਮਨੁੱਖੀ ਅਧਿਕਾਰ ਸੰਗਠਨਾਂ, ਜਿਵੇਂ ਕਿ ਓਸਲੋ ਸਥਿਤ ਈਰਾਨ ਹਿਊਮਨ ਰਾਈਟਸ , ਨੇ ਇਸ ਦੀ ਸਖ਼ਤ ਨਿੰਦਾ ਕੀਤੀ ਹੈ। ਈਰਾਨ ਹਿਊਮਨ ਰਾਈਟਸ ਮੁਤਾਬਕ, ਕਈ ਮਾਮਲਿਆਂ ਵਿਚ ਜਲਦਬਾਜ਼ੀ ਵਿਚ ਮੁਕੱਦਮੇ ਚਲਾਏ ਗਏ ਅਤੇ ਦੋਸ਼ੀਆਂ ਨੂੰ ਵਕੀਲ ਦੀ ਸਹਾਇਤਾ ਵੀ ਨਹੀਂ ਦਿੱਤੀ ਗਈ। ਮਿਸਾਲ ਵਜੋਂ, ਸਿਆਸੀ ਕੈਦੀ ਇਸਮਾਈਲ ਫਕਰੀ ਨੂੰ ਸਿਰਫ਼ 10 ਮਿੰਟ ਦੀ ਸੁਣਵਾਈ ਤੋਂ ਬਾਅਦ ਫਾਂਸੀ ਦੇ ਦਿੱਤੀ ਗਈ ਸੀ।



### ਇਜ਼ਰਾਈਲ-ਈਰਾਨ ਯੁੱਧ 2025: 12 ਦਿਨਾਂ ਦੀ ਜੰਗ ਦੀ ਕਹਾਣੀ

ਜੂਨ 2025 ਦੌਰਾਨ ਇਜ਼ਰਾਈਲ ਅਤੇ ਈਰਾਨ ਵਿਚਕਾਰ 12 ਦਿਨਾਂ ਦੀ ਜੰਗ ਨੇ ਵਿਸ਼ਵ ਭਰ ਵਿਚ ਹਲਚਲ ਮਚਾ ਦਿੱਤੀ ਸੀ। 13 ਜੂਨ 2025 ਨੂੰ ਇਜ਼ਰਾਈਲ ਨੇ "ਆਪਰੇਸ਼ਨ ਰਾਈਜ਼ਿੰਗ ਲਾਇਨ" ਦੇ ਤਹਿਤ ਈਰਾਨ ਦੇ ਪਰਮਾਣੂ ਅਤੇ ਫੌਜੀ ਟਿਕਾਣਿਆਂ 'ਤੇ ਤਾਬੜਤੋੜ ਹਮਲੇ ਸ਼ੁਰੂ ਕੀਤੇ ਸਨ। ਨਤਾਂਜ਼, ਇਸਫਹਾਨ ਵਰਗੇ ਅਹਿਮ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਗਿਆ ਸੀ, ਜਿਸ ਨਾਲ ਈਰਾਨ ਦੇ ਕਈ ਸਿਖਰਲੇ ਫੌਜੀ ਅਫਸਰ ਅਤੇ ਵਿਗਿਆਨੀ ਮਾਰੇ ਗਏ ਸਨ। ਈਰਾਨ ਦੇ ਮਿਸਾਈਲ ਲਾਂਚਰ ਅਤੇ ਹਵਾਈ ਰੱਖਿਆ ਪ੍ਰਣਾਲੀਆਂ ਨੂੰ ਵੀ ਭਾਰੀ ਨੁਕਸਾਨ ਪਹੁੰਚਿਆ ਸੀ।

ਜਵਾਬ ਵਿੱਚ, ਈਰਾਨ ਨੇ ਇਜ਼ਰਾਈਲ 'ਤੇ ਦੋ ਪੜਾਵਾਂ ਵਿਚ ਲਗਭਗ 200 ਮਿਸਾਈਲਾਂ ਦਾਗੀਆਂ ਅਤੇ ਦਾਅਵਾ ਕੀਤਾ ਕਿ ਉਸ ਨੇ ਇਜ਼ਰਾਈਲ ਦੇ ਮਹੱਤਵਪੂਰਨ ਫੌਜੀ ਟਿਕਾਣਿਆਂ ਨੂੰ ਨੁਕਸਾਨ ਪਹੁੰਚਾਇਆ ਸੀ। ਇਜ਼ਰਾਈਲ ਦੇ ਸਮਰਥਨ ਵਿਚ ਅਮਰੀਕਾ ਵੀ ਜੰਗ ਵਿਚ ਸ਼ਾਮਲ ਹੋਇਆ ਸੀ ਅਤੇ ਈਰਾਨ ਦੇ ਪਰਮਾਣੂ ਟਿਕਾਣਿਆਂ 'ਤੇ ਹਮਲੇ ਕੀਤੇ ਸਨ। 12 ਦਿਨਾਂ ਦੀ ਇਸ ਜੰਗ ਦਾ ਅੰਤ 24 ਜੂਨ 2025 ਨੂੰ ਸੰਘਰਸ਼ ਰੁਕਿਆ ਸੀ। ਪਰ ਇਸ ਜੰਗ ਨੇ ਈਰਾਨ ਵਿਚ ਅੰਦਰੂਨੀ ਅਸਥਿਰਤਾ ਨੂੰ ਵਧਾ ਦਿੱਤਾ ਸੀ, ਜਿਸ ਦੇ ਨਤੀਜੇ ਵਜੋਂ ਸਰਕਾਰ ਨੇ ਜਾਸੂਸੀ ਦੇ ਸ਼ੱਕ ਵਿਚ ਸਖ਼ਤ ਕਾਰਵਾਈ ਸ਼ੁਰੂ ਕੀਤੀ ਸੀ।

ਇਸ ਜੰਗ ਦੀਆਂ ਮੁੱਖ ਕਾਰਣਾਂ ਵਿਚ 1979 ਦੀ ਇਸਲਾਮੀ ਕ੍ਰਾਂਤੀ ਤੋਂ ਬਾਅਦ ਈਰਾਨ ਅਤੇ ਇਜ਼ਰਾਈਲ ਵਿਚਕਾਰ ਚੱਲੀ ਆ ਰਹੀ ਇਤਿਹਾਸਕ ਦੁਸ਼ਮਣੀ ਸ਼ਾਮਲ ਹੈ। ਈਰਾਨ ਦਾ ਤੇਜ਼ੀ ਨਾਲ ਵਧਦਾ ਪਰਮਾਣੂ ਪ੍ਰੋਗਰਾਮ ਇਜ਼ਰਾਈਲ ਲਈ ਵੱਡਾ ਖਤਰਾ ਸੀ। ਇਸ ਤੋਂ ਇਲਾਵਾ, ਈਰਾਨ ਵੱਲੋਂ ਹਮਾਸ ਅਤੇ ਹਿਜ਼ਬੁੱਲਾ ਵਰਗੇ ਸੰਗਠਨਾਂ ਨੂੰ ਸਮਰਥਨ, ਸੀਰੀਆ ਅਤੇ ਲੇਬਨਾਨ ਵਿਚ ਅਸਿੱਧੇ ਟਕਰਾਅ ਅਤੇ ਇਜ਼ਰਾਈਲ ਦੀ ਸਿਆਸੀ-ਸੁਰੱਖਿਆ ਰਣਨੀਤੀ ਨੇ ਇਸ ਜੰਗ ਨੂੰ ਹੋਰ ਭੜਕਾਇਆ ਸੀ।

ਇਜ਼ਰਾਈਲ-ਈਰਾਨ ਜੰਗ ਤੋਂ ਬਾਅਦ ਈਰਾਨ ਵਿਚ ਅਫਗਾਨ ਸ਼ਰਨਾਰਥੀਆਂ ਖਿਲਾਫ ਗੁੱਸਾ ਵਧ ਗਿਆ ਹੈ। ਵੱਡੀ ਗਿਣਤੀ 'ਚ ਅਫਗਾਨ ਨਾਗਰਿਕਾਂ ਨੂੰ ਜਾਸੂਸ ਕਰਾਰ ਦੇ ਕੇ ਦੇਸ਼ ਛੱਡਣ ਲਈ ਮਜਬੂਰ ਕੀਤਾ ਜਾ ਰਿਹਾ ਹੈ। ਸੰਯੁਕਤ ਰਾਸ਼ਟਰ ਸ਼ਰਨਾਰਥੀ ਏਜੰਸੀ ਮੁਤਾਬਕ, ਪਿਛਲੇ ਦੋ ਮਹੀਨਿਆਂ ਵਿਚ 13 ਲੱਖ ਤੋਂ ਵੱਧ ਅਫਗਾਨ ਨਾਗਰਿਕਾਂ ਨੂੰ ਈਰਾਨ ਛੱਡਣਾ ਪਿਆ ਹੈ। ਅੰਦਾਜ਼ਾ ਹੈ ਕਿ ਸਾਲ ਦੇ ਅੰਤ ਤੱਕ ਇਹ ਅੰਕੜਾ 30 ਲੱਖ ਤੱਕ ਪਹੁੰਚ ਸਕਦਾ ਹੈ। ਇਸਲਾਮ ਕਲਾ ਸਰਹੱਦੀ ਚੌਕੀ ਤੋਂ ਹਰ ਰੋਜ਼ 30 ਤੋਂ 50 ਹਜ਼ਾਰ ਲੋਕ ਅਫਗਾਨਿਸਤਾਨ ਵਾਪਸ ਜਾ ਰਹੇ ਹਨ।

ਈਰਾਨੀ ਸਰਕਾਰ ਦਾ ਦਾਅਵਾ ਹੈ ਕਿ ਕਈ ਅਫਗਾਨ ਸ਼ਰਨਾਰਥੀਆਂ ਨੇ ਇਜ਼ਰਾਈਲ ਅਤੇ ਅਮਰੀਕਾ ਲਈ ਜਾਸੂਸੀ ਕੀਤੀ, ਜਿਸ ਕਾਰਨ ਉਨ੍ਹਾਂ ਨੂੰ ਦੇਸ਼ ਛੱਡਣ ਦੇ ਹੁਕਮ ਦਿੱਤੇ ਗਏ ਹਨ। ਪਰ ਮਨੁੱਖੀ ਅਧਿਕਾਰ ਸੰਗਠਨਾਂ ਨੇ ਇਸ ਨੂੰ ਅਫਗਾਨ ਸ਼ਰਨਾਰਥੀਆਂ 'ਤੇ ਜ਼ੁਲਮ ਕਰਾਰ ਦਿੱਤਾ ਹੈ। ਈਰਾਨ ਹਿਊਮਨ ਰਾਈਟਸ ਦੇ ਨਿਰਦੇਸ਼ਕ ਮਹਿਮੂਦ ਅਮੀਰੀ-ਮੋਗਦਮ ਨੇ ਕਿਹਾ, "ਈਰਾਨ ਇਤਿਹਾਸ ਦੇ ਸਭ ਤੋਂ ਬੁਰੇ ਦੌਰ 'ਚੋਂ ਲੰਘ ਰਿਹਾ ਹੈ। ਸਰਕਾਰ ਆਪਣੇ ਹੀ ਲੋਕਾਂ ਨੂੰ ਸਭ ਤੋਂ ਵੱਡਾ ਖਤਰਾ ਮੰਨਦੀ ਹੈ ਅਤੇ ਫਾਂਸੀਆਂ ਦੀ ਸੰਖਿਆ ਵਿਚ 119% ਵਾਧਾ ਹੋਇਆ ਹੈ।"

### ਈਰਾਨ ਦੀ ਸਖ਼ਤੀ: ਮਨੁੱਖੀ ਅਧਿਕਾਰਾਂ 'ਤੇ ਸਵਾਲ

ਈਰਾਨ ਦੀ ਇਸ ਮੁਹਿੰਮ ਨੇ ਮਨੁੱਖੀ ਅਧਿਕਾਰਾਂ 'ਤੇ ਸਵਾਲ ਖੜ੍ਹੇ ਕਰ ਦਿੱਤੇ ਹਨ। ਮਨੁੱਖੀ ਅਧਿਕਾਰ ਸੰਗਠਨਾਂ ਦਾ ਕਹਿਣਾ ਹੈ ਕਿ ਜਾਸੂਸੀ ਦੇ ਦੋਸ਼ਾਂ ਵਿਚ ਗ੍ਰਿਫ਼ਤਾਰ ਕੀਤੇ ਗਏ ਜ਼ਿਆਦਾਤਰ ਲੋਕਾਂ ਨੂੰ ਨਿਰਪੱਖ ਸੁਣਵਾਈ ਦਾ ਮੌਕਾ ਨਹੀਂ ਦਿੱਤਾ ਗਿਆ। ਕਈ ਮਾਮਲਿਆਂ ਵਿਚ ਦੋਸ਼ੀਆਂ ਨੂੰ ਜ਼ਬਰਦਸਤੀ ਅਪਰਾਧ ਕਬੂਲ ਕਰਵਾਏ ਗਏ। ਮਿਸਾਲ ਵਜੋਂ, ਮੁਹੰਮਦ ਅਮੀਨ ਮਹਿਦਵੀ ਸ਼ਾਇਸਤੇਹ ਨੂੰ ਤਸੀਹੇ ਦੇ ਕੇ ਅਪਰਾਧ ਕਬੂਲਣ ਲਈ ਮਜਬੂਰ ਕੀਤਾ ਗਿਆ ਅਤੇ ਫਿਰ ਫਾਂਸੀ ਦਿੱਤੀ ਗਈ।

ਇਸ ਤੋਂ ਇਲਾਵਾ, ਈਰਾਨ ਨੇ ਜਾਸੂਸੀ ਤੋਂ ਇਲਾਵਾ ਨਸ਼ੀਲੇ ਪਦਾਰਥਾਂ ਨਾਲ ਜੁੜੇ ਮਾਮਲਿਆਂ ਵਿਚ ਵੀ ਫਾਂਸੀਆਂ ਦਿੱਤੀਆਂ। ਜੂਨ ਵਿਚ 98 ਲੋਕਾਂ ਨੂੰ ਫਾਂਸੀ ਦਿੱਤੀ ਗਈ ਸੀ, ਜਿਨ੍ਹਾਂ ਵਿਚੋਂ ਅੱਧੇ 'ਤੇ ਨਸ਼ੀਲੇ ਪਦਾਰਥਾਂ ਦੇ ਦੋਸ਼ ਸਨ। ਇਸ ਦੇ ਨਾਲ ਹੀ, ਕੁਰਦ, ਅਫਗਾਨ, ਬਲੋਚ ਤੇ ਅਰਬ ਘੱਟਗਿਣਤੀਆਂ ਸਮੇਤ ਇੱਕ ਔਰਤ ਨੂੰ ਵੀ ਮੌਤ ਦੀ ਸਜ਼ਾ ਦਿੱਤੀ ਗਈ ਸੀ। ਈਰਾਨ ਦੀ ਸਰਕਾਰ ਨੇ ਸਪੱਸ਼ਟ ਕੀਤਾ ਕਿ ਦੇਸ਼ ਦੀ ਸੁਰੱਖਿਆ ਨਾਲ ਖਿਲਵਾੜ ਕਰਨ ਵਾਲਿਆਂ ਨੂੰ ਕਿਸੇ ਵੀ ਹਾਲ ਵਿਚ ਮੁਆਫ ਨਹੀਂ ਕੀਤਾ ਜਾਵੇਗਾ। ਪਰ ਅੰਤਰਰਾਸ਼ਟਰੀ ਮੰਚ 'ਤੇ ਈਰਾਨ ਦੀਆਂ ਇਨ੍ਹਾਂ ਕਾਰਵਾਈਆਂ ਨੂੰ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੱਸਿਆ ਜਾ ਰਿਹਾ ਹੈ। ਅਮਰੀਕਾ ਅਤੇ ਇਜ਼ਰਾਈਲ ਨੇ ਵੀ ਈਰਾਨ ਦੀਆਂ ਇਨ੍ਹਾਂ ਕਾਰਵਾਈਆਂ 'ਤੇ ਚਿੰਤਾ ਜ਼ਾਹਰ ਕੀਤੀ ਹੈ, ਜਦਕਿ ਈਰਾਨ ਦਾ ਕਹਿਣਾ ਹੈ ਕਿ ਇਹ ਸਾਰਾ ਕੁਝ ਦੇਸ਼ ਦੀ ਸੁਰੱਖਿਆ ਲਈ ਜ਼ਰੂਰੀ ਹੈ।

# ਪਾਕਿਸਤਾਨ ਦੌਰੇ 'ਤੇ ਜਾ ਚੁਕੇ ਯੂਟਿਊਬਰ ਤੋਂ ਪੁੱਛਗਿੱਛ ਹੋਈ

## ✪ ਦੋ ਦਿਨ ਨਾਜਾਇਜ਼ ਹਿਰਾਸਤ ਵਿਚ ਰਖਿਆ

ਜਲੰਧਰ-ਜਲੰਧਰ ਦੇ ਮਸ਼ਹੂਰ ਯੂਟਿਊਬਰ ਅਤੇ ਟਰੈਵਲ ਵਲੌਗਰ ਅਮਰੀਕ ਸਿੰਘ ਨੂੰ ਉਸ ਦੇ ਪਾਕਿਸਤਾਨ ਦੌਰੇ ਸਬੰਧੀ ਪੁੱਛਗਿੱਛ ਲਈ ਪੰਜਾਬ ਪੁਲਿਸ ਨੇ ਹਿਰਾਸਤ ਵਿਚ ਲਿਆ ਸੀ। ਇਹ ਕਾਰਵਾਈ ਇੰਟੈਲੀਜੈਂਸ ਬਿਊਰੋ (ਆਈਬੀ) ਦੇ ਇਨਪੁੱਟ 'ਤੇ ਕੀਤੀ ਗਈ ਸੀ। ਦਸੰਬਰ 2024 ਵਿੱਚ ਆਪਣੀ ਪਾਕਿਸਤਾਨ ਯਾਤਰਾ ਦੌਰਾਨ ਸ਼ੱਕੀ ਗਤੀਵਿਧੀਆਂ ਨੂੰ ਲੈ ਕੇ ਉਸ 'ਤੇ ਨਜ਼ਰ ਰੱਖੀ ਜਾ ਰਹੀ ਸੀ। ਅਮਰੀਕ ਨੂੰ ਲੋਹੀਆਂ ਖਾਸ ਥਾਣੇ ਵਿੱਚ 20 ਘੰਟੇ ਤੋਂ ਵੱਧ ਸਮੇਂ ਲਈ ਪੁੱਛਗਿੱਛ ਲਈ ਰੱਖਿਆ ਗਿਆ ਸੀ, ਜਿਸ ਤੋਂ ਬਾਅਦ ਉਸ ਨੂੰ ਰਿਹਾਅ ਕਰ ਦਿੱਤਾ ਗਿਆ। ਉਸ ਦਾ ਡਿਜੀਟਲ ਡਿਵਾਈਸ ਜਾਂਚ ਏਜੰਸੀਆਂ ਨੇ ਜ਼ਬਤ ਕਰ ਲਿਆ ਹੈ। ਅਮਰੀਕ ਸਿੰਘ ਨੇ ਆਪਣੀ ਪਤਨੀ ਮਨਪ੍ਰੀਤ ਕੌਰ ਨਾਲ ਮਿਲ ਕੇ ਪਾਕਿਸਤਾਨ ਦੇ ਧਾਰਮਿਕ ਸਥਾਨਾਂ ਦੀਆਂ ਵੀਡੀਓਜ਼ ਬਣਾਈਆਂ ਸਨ। ਪਰ, ਆਈਬੀ ਨੂੰ ਸ਼ੱਕ ਹੈ ਕਿ ਉਸ ਦਾ ਸੰਪਰਕ ਪਾਕਿਸਤਾਨੀ ਖੁਫੀਆ ਏਜੰਸੀ ਆਈਐਸਆਈ ਨਾਲ ਜੁੜੇ ਲੋਕਾਂ ਨਾਲ ਹੋਇਆ ਹੋ ਸਕਦਾ ਹੈ। ਖ਼ਾਸ ਤੌਰ 'ਤੇ, ਉਸ ਦੀ ਹਰਿਆਣਾ ਦੀ ਯੂਟਿਊਬਰ ਜਯੋਤੀ ਮਲਹੋਤਰਾ ਅਤੇ ਪਾਕਿਸਤਾਨੀ ਨਾਸਿਰ ਢਿੱਲੋਂ ਨਾਲ ਸਬੰਧਾਂ ਦੀ ਜਾਂਚ ਕੀਤੀ ਜਾ ਰਹੀ ਹੈ। ਜਯੋਤੀ ਮਲਹੋਤਰਾ ਨੂੰ ਪਹਿਲਾਂ ਹੀ ਜਾਸੂਸੀ ਦੇ ਦੋਸ਼ਾਂ ਵਿੱਚ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ। ਅਮਰੀਕ ਦੇ ਡਿਜੀਟਲ ਡਿਵਾਈਸ, ਬੈਂਕ ਲੈਣ-ਦੇਣ ਅਤੇ ਚੈਟ ਦੀ ਜਾਂਚ ਕੀਤੀ ਜਾ ਰਹੀ ਹੈ ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਉਸ ਦਾ ਕੰਟੈਂਟ ਸਿਰਫ਼ ਧਾਰਮਿਕ ਸੀ ਜਾਂ ਇਸ ਵਿੱਚ ਰਾਸ਼ਟਰੀ ਸੁਰੱਖਿਆ ਨਾਲ ਸਬੰਧਤ ਸੰਵੇਦਨਸ਼ੀਲ ਜਾਣਕਾਰੀ ਵੀ ਸ਼ਾਮਲ ਸੀ।

# ਆਪਸੀ ਵਿਵਾਦ ਮਿਟਾਉਣ ਲਈ ਵਿਸ਼ਵ ਸਿੱਖ ਕੌਂਸਲ ਸਮੇਂ ਦੀ ਲੋੜ

ਡਾਕਟਰ ਰਣਜੀਤ ਸਿੰਘ

ਪਿਛਲੇ ਕੁਝ ਸਮੇਂ ਤੋਂ ਸਿੱਖਾਂ ਵਿਚ ਆਪਸੀ ਤਕਰਾਰ ਵਿਚ ਵਾਧਾ ਹੋ ਰਿਹਾ ਹੈ। ਸਿੱਖੀ ਰਵਾਇਤਾਂ ਅਨੁਸਾਰ ਰਲ਼-ਬੈਠ ਵਿਚਾਰ ਕਰਕੇ ਮਤਭੇਦਾਂ ਨੂੰ ਦੂਰ ਕਰਨ ਦੀ ਥਾਂ ਨਿਮਰਤਾ ਤੇ ਮਿੱਠੀ ਬਾਣੀ ਨੂੰ ਤਿਆਗ ਝਗੜੇ ਹੋ ਰਹੇ ਹਨ। ਗੁਰੂ ਗ੍ਰੰਥ ਸਾਹਿਬ ਵਲੋਂ ਬਖਸ਼ਿਸ਼ ਜੀਵਨ-ਜਾਚ ਨੂੰ ਪ੍ਰਚਾਰਨ ਦੀ ਥਾਂ ਆਪਸੀ ਮਤਭੇਦਾਂ ਵਿਚ ਵਾਧਾ ਹੋ ਰਿਹਾ ਹੈ। ਸਾਡੇ ਬਹੁਤੇ ਬੁੱਧਜੀਵੀ ਤੇ ਪ੍ਰਚਾਰਕ, ਜਿਨ੍ਹਾਂ ਦੀ ਇਹ ਜ਼ਿੰਮੇਵਾਰੀ ਬਣਦੀ ਹੈ, ਉਹ ਖ਼ੁਦ ਰਾਹ ਤੋਂ ਭਟਕ ਰਹੇ ਹਨ। ਬਹੁਤੇ ਬੁੱਧਜੀਵੀ ਪ੍ਰਚਾਰ ਦੀ ਥਾਂ ਇਹ ਖੋਜ ਕਰ ਰਹੇ ਹਨ ਕਿ ਗੁਰੂ ਨਾਨਕ ਦੇਵ ਜੀ ਦਾ ਦਾ ਪ੍ਰਕਾਸ਼ ਕੱਤਕ ਵਿਚ ਹੋਇਆ ਜਾਂ ਵਿਸਾਖ ਵਿਚ, ਉਨ੍ਹਾਂ ਨਾਲ ਬਾਲਾ ਸੀ ਜਾਂ ਨਹੀਂ, ਉਹ ਮੱਕੇ ਮਦੀਨੇ ਗਏ ਸਨ ਜਾਂ ਨਹੀਂ। ਦੂਜੇ ਪਾਸੇ ਪ੍ਰਚਾਰਕ ਆਪਣਾ ਪ੍ਰਚਾਰ ਕਰਾਮਾਤੀ ਸਾਖੀਆਂ ਤੱਕ ਸੀਮਤ ਕਰ ਰਹੇ ਹਨ। ਆਪਸੀ ਵਧ ਰਹੇ ਝਗੜਿਆਂ ਨੂੰ ਨਜਿੱਠਣ ਵੱਲ ਕਿਸੇ ਦਾ ਵੀ ਧਿਆਨ ਨਹੀਂ ਹੈ।

ਗੁਰੂ ਨਾਨਕ ਦੇਵ ਜੀ ਨੇ ਜ਼ੁਲਮ, ਜਬਰ ਤੇ ਮਨੁੱਖੀ ਨਾ-ਬਰਾਬਰੀ ਵਿਰੁੱਧ ਮੁਹਿੰਮ ਸ਼ੁਰੂ ਕੀਤੀ। ਇਸ ਰਾਜਨੀਤਕ, ਸਮਾਜਿਕ ਅਤੇ ਧਾਰਮਿਕ ਇਨਕਲਾਬ ਦੀ ਸੰਪੂਰਨਤਾ ਗੁਰੂ ਜੀ ਦੇ ਦਸਵੇਂ ਜਾਮੇ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕੀਤੀ। ਦਸਮੇਸ਼ ਪਿਤਾ ਨੇ ਖ਼ਾਲਸੇ ਦੀ ਸਿਰਜਣਾ ਕਰਕੇ ਸੰਸਾਰ 'ਚੋਂ ਮਨੁੱਖੀ ਵਿਤਕਰੇ ਮੇਟ ਸਭਨਾਂ ਨੂੰ ਬਰਾਬਰੀ ਦੀ ਬਖ਼ਸ਼ਿਸ਼ ਕੀਤੀ। ਉਨ੍ਹਾਂ ਸਿਰਫ਼ ਸਮਾਜਿਕ ਬਰਾਬਰੀ ਹੀ ਸਥਾਪਤ ਨਹੀਂ ਕੀਤੀ, ਸਗੋਂ ਅੰਮ੍ਰਿਤ ਦੀ ਦਾਤ ਨਾਲ ਨਿਮਾਣਿਆਂ ਨੂੰ ਮਾਣ, ਨਿਤਾਣਿਆਂ ਨੂੰ ਤਾਣ ਤੇ ਨਿਓਟਿਆਂ ਨੂੰ ਓਟ ਬਖ਼ਸ਼ੀ, ਜਿਨ੍ਹਾਂ ਨੇ ਸੱਚ ਤੇ ਹੱਕ ਦੀ ਲੜਾਈ ਲਈ ਆਪਣੇ-ਆਪ ਨੂੰ ਤਿਆਰ ਕੀਤਾ। ਕਿਰਤੀਆਂ ਨੇ ਜਦੋਂ ਹਥਿਆਰ ਚੁੱਕੇ ਤਾਂ ਉਸ ਵੇਲੇ ਦੀ ਸਭ ਤੋਂ ਵੱਡੀ ਜ਼ਾਲਮ ਹਕੂਮਤ ਦਾ ਤਖ਼ਤਾ ਪਲਟ ਕੇ ਰੱਖ ਦਿੱਤਾ। ਸਿੰਘ ਸਜੇ ਲੋਕ ਸੰਤ-ਸਿਪਾਹੀ ਦਾ ਰੂਪ ਬਣੇ, ਜਿਹੜੇ ਗ੍ਰਹਿਸਥੀ ਜੀਵਨ ਵਿਚ ਸੰਤਾਂ ਵਾਲਾ ਜੀਵਨ ਜਿਊਂਦੇ ਸਨ ਪਰ ਜ਼ੁਲਮ ਵਿਰੁੱਧ ਲੜਨ ਤੇ ਮਜ਼ਲੂਮਾਂ ਦੀ ਰਾਖੀ ਸਮੇਂ ਸਿਪਾਹੀ ਦਾ ਰੂਪ ਧਾਰ ਲੈਂਦੇ ਸਨ।

ਸਿੱਖ ਧਰਮ ਕਰਮ ਕਾਂਡਾਂ ਤੋਂ ਰਹਿਤ ਵਿਗਿਆਨਕ ਸੋਚ ਆਧਾਰਿਤ ਇਕ ਨਵਾਂ ਧਰਮ ਹੈ। ਇਸ ਵਿਚ ਸਫ਼ਲ ਤੇ ਸੁਖਾਵਾਂ ਜੀਵਨ ਜਿਊਣ ਦੀ ਅਜਿਹੀ ਜਾਚ ਦਿੱਤੀ ਗਈ ਹੈ, ਜਿਸ ਦੇ ਧਾਰਨੀ ਸਾਰੇ ਪ੍ਰਾਣੀ ਹੋ ਸਕਦੇ ਹਨ। ਇਸੇ ਧਰਮ ਵਿਚ ਸ਼ਬਦ ਨੂੰ ਗੁਰਗੱਦੀ ਦੀ ਬਖ਼ਸ਼ਿਸ਼ ਹੋਈ ਹੈ। ਗੁਰੂ ਸਾਹਿਬਾਨ ਨੇ 239 ਸਾਲਾਂ ਦੇ ਲੰਮੇ ਸਮੇਂ ਵਿਚ ਸਿੱਖ ਰਹਿਤ ਮਰਿਯਾਦਾ, ਸਿੱਖ ਦੇ ਜੀਵਨ ਅਤੇ ਸਿੱਖੀ ਅਸੂਲਾਂ ਨੂੰ ਪ੍ਰਪੱਕ ਕੀਤਾ। ਅਕਾਲ ਤਖ਼ਤ ਸਾਹਿਬ ਸਿੱਖਾਂ ਲਈ ਸਭ ਤੋਂ ਉੱਚਾ ਸਥਾਨ ਹੈ। ਇੱਥੋਂ ਜਾਰੀ ਹੋਏ ਹੁਕਮਨਾਮੇ ਤੋਂ ਬਾਗ਼ੀ ਹੋਣ ਦੀ ਕੋਈ ਵੀ ਸਿੱਖ ਜੁਰਅੱਤ ਨਹੀਂ ਕਰ ਸਕਦਾ। ਸਿੱਖੀ ਵਿਚ ਧਰਮ ਤੇ ਰਾਜਨੀਤੀ ਨੂੰ ਵੱਖਰਾ ਨਹੀਂ ਕੀਤਾ ਗਿਆ, ਕਿਉਂਕਿ ਰਾਜਨੀਤੀ ਵਿਚ ਕੁਰਾਹੇ ਪਏ ਵਿਅਕਤੀ ਨੂੰ ਧਰਮ ਹੀ ਰੋਕ ਸਕਦਾ ਹੈ। ਸਿੱਖ ਕੌਮ ਨੇ ਜਿੱਥੇ ਖ਼ਤਰੇ ਸਹੇੜਨ ਤੇ ਸ਼ਹੀਦੀਆਂ ਦੇਣ ਵਿਚ ਇਤਿਹਾਸ ਸਿਰਜਿਆ ਹੈ, ਉੱਥੇ ਹਲੀਮੀ, ਨਿਮਰਤਾ ਅਤੇ ਸੇਵਾ ਵਿਚ ਵੀ ਆਪਣੀ ਵੱਖਰੀ ਪਹਿਚਾਣ ਬਣਾਈ। ਸਿੱਖਾਂ ਕੋਲ ਜੁਗੋ ਜੁਗ ਅਟਲ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਗੁਰੂ ਸਾਹਿਬਾਨ ਹਨ, ਜਿੱਥੇ ਹਰ ਤਰ੍ਹਾਂ ਦੇ ਸ਼ੰਕੇ ਦੂਰ ਹੁੰਦੇ ਹਨ ਤੇ ਸੱਚੀ ਰਾਹ ਵੇਖੀ ਜਾ ਸਕਦੀ ਹੈ।



ਸਾਰੇ ਧਾਰਮਿਕ ਤੇ ਰਾਜਨੀਤਕ ਸਿੱਖ ਆਗੂਆਂ ਨੂੰ ਆਪਣੇ ਨਿੱਜੀ ਹਿੱਤਾਂ ਨੂੰ ਤਿਆਗ ਅਜਿਹੀ ਕੌਂਸਲ ਦੇ ਗਠਨ 'ਤੇ ਵਿਚਾਰ ਕਰਨੀ ਚਾਹੀਦੀ ਹੈ। ਉਸ ਦੀ ਸ਼ਾਨ ਸਿਰਫ਼ ਬਹਾਲ ਹੀ ਨਾ ਹੋਵੇ, ਸਗੋਂ ਸਾਰੇ ਸੰਸਾਰ ਲਈ ਇਹ ਰਾਹ ਦਸੇਰਾ ਵੀ ਬਣੇ। ਅਕਾਲ ਤਖ਼ਤ ਸਾਹਿਬ ਤੋਂ ਸਿੰਘ ਸਾਹਿਬਾਨ ਵਲੋਂ ਕੀਤੇ ਗਏ ਫ਼ੈਸਲਿਆਂ 'ਤੇ ਰਾਜਸੀ ਪ੍ਰਭਾਵ ਪੈਣਾ ਸ਼ੁਰੂ ਹੋ ਗਿਆ ਹੈ, ਕਿਉਂਕਿ ਜਥੇਦਾਰ ਸਾਹਿਬ ਦੀ ਨਿਯੁਕਤੀ ਰਾਜਸੀ ਆਗੂ ਹੀ ਕਰਦੇ ਹਨ। ਹੁਣ ਅਜਿਹੀ ਕੋਈ ਸ਼ਕਤੀ ਨਹੀਂ ਹੈ, ਜਿਹੜੇ ਸਿੱਖਾਂ ਦੇ ਧਾਰਮਿਕ ਮਾਮਲਿਆਂ ਨੂੰ ਸੁਲਝਾ ਸਕੇ ਅਤੇ ਜਿਸ ਦਾ ਫ਼ੈਸਲਾ ਸਾਰਾ ਸਿੱਖ ਜਗਤ ਪ੍ਰਵਾਨ ਕਰੇ।

ਪਰ ਇਹ ਅਫ਼ਸੋਸ ਨਾਲ ਕਹਿਣ ਪੈਂਦਾ ਹੈ ਕਿ ਇੰਨੇ ਮਹਾਨ ਵਿਰਸੇ ਦੇ ਮਾਲਕ ਸਿੱਖ ਧਰਮ ਦੇ ਆਗੂਆਂ ਵਿਚ ਹਉਮੈ ਭਾਰੂ ਹੋ ਰਹੀ ਹੈ ਤੇ ਹਲੀਮੀ ਖ਼ਤਮ ਹੋ ਰਹੀ ਹੈ। ਸੱਚੇ ਤੇ ਸੁੱਚੇ ਕਿਰਦਾਰ ਵਾਲੇ ਆਗੂ ਅਲੋਪ ਹੋ ਰਹੇ ਹਨ। ਇਸੇ ਕਰਕੇ ਹੀ ਨਵੀਂ ਪੀੜ੍ਹੀ ਸਿੱਖੀ ਤੋਂ ਦੂਰ ਹੋ ਰਹੀ ਹੈ। ਬਾਣੀ ਅਤੇ ਬਾਣੇ ਤੋਂ ਦੂਰੀ ਸਿੱਖੀ ਸਰੂਪ ਲਈ ਘਾਤਕ ਹੈ। ਆਪਸੀ ਮਤਭੇਦਾਂ ਨੂੰ ਦੂਰ ਕਰਨਾ, ਕੁਰਾਹੇ ਪਏ ਹੋਇਆਂ ਨੂੰ ਰਾਹ ਵਿਖਾਉਣ ਵਾਲੀ ਸ਼੍ਰੋਮਣੀ ਸੰਸਥਾ ਦੀ ਅਣਹੋਂਦ ਮਹਿਸੂਸ ਹੋ ਰਹੀ ਹੈ। ਸਿੱਖਾਂ ਦੀ ਇਕ ਅਜਿਹੀ ਸ਼੍ਰੋਮਣੀ ਕੌਂਸਲ ਬਣੇ ਜਿਸ ਦੇ ਮੈਂਬਰ ਸਚਮੁੱਚ ਸੰਤ-ਸਿਪਾਹੀ ਹੋਣ ਅਤੇ ਉਹ ਸੱਚ ਦੇ ਪਹਿਰੇਦਾਰ ਬਣਨ। ਇਹ ਕੌਂਸਲ ਆਪਸੀ ਵਿਵਾਦਾਂ ਦਾ ਨਿਬੇੜਾ ਕਰੇ, ਤਾਂ ਜੋ ਆਪਸੀ ਲੜਾਈ ਜੱਗ ਜ਼ਾਹਰ ਨਾ ਹੋ ਸਕੇ। ਇਸ ਕੌਂਸਲ ਵਲੋਂ ਗੁਰੂ ਗ੍ਰੰਥ ਸਾਹਿਬ ਦਾ ਇਕ ਸਰਬ-ਪ੍ਰਵਾਨਿਤ ਟੀਕਾ ਕਰਵਾਇਆ ਜਾਵੇ। ਮੁੜ ਇਸੇ ਨੂੰ ਹੀ ਸਾਰੇ ਵਿਚਾਰ-ਵਟਾਂਦਰੇ ਦਾ ਆਧਾਰ ਮੰਨਿਆ ਜਾਵੇ। ਇਵੇਂ ਹੀ ਸਿੱਖ ਇਤਿਹਾਸ ਲਿਖਿਆ ਜਾਵੇ ਤੇ ਮੁੜ ਇਸ ਉਤੇ ਕਿੰਤੂ-ਪ੍ਰੰਤੂ ਕਰਨ ਦੀ ਕਿਸੇ ਨੂੰ ਵੀ ਆਗਿਆ ਨਾ ਹੋਵੇ। ਸਾਰੇ ਸਿੱਖ ਜਗਤ ਲਈ ਰਹਿਤ ਮਰਿਯਾਦਾ ਵੀ ਇਹੋ ਹੀ ਹੋਵੇ ਤੇ ਇਹ ਕੌਂਸਲ ਉਸ ਦੀ ਪਹਿਰੇਦਾਰ ਬਣੇ।

ਸਾਰੇ ਧਾਰਮਿਕ ਤੇ ਰਾਜਨੀਤਕ ਸਿੱਖ ਆਗੂਆਂ ਨੂੰ ਆਪਣੇ ਨਿੱਜੀ ਹਿੱਤਾਂ ਨੂੰ ਤਿਆਗ ਅਜਿਹੀ ਕੌਂਸਲ ਦੇ ਗਠਨ 'ਤੇ ਵਿਚਾਰ ਕਰਨੀ ਚਾਹੀਦੀ ਹੈ। ਉਸ ਦੀ ਸ਼ਾਨ ਸਿਰਫ਼ ਬਹਾਲ ਹੀ ਨਾ ਹੋਵੇ, ਸਗੋਂ ਸਾਰੇ ਸੰਸਾਰ ਲਈ ਇਹ ਰਾਹ ਦਸੇਰਾ ਵੀ ਬਣੇ। ਅਕਾਲ ਤਖ਼ਤ ਸਾਹਿਬ ਤੋਂ ਸਿੰਘ ਸਾਹਿਬਾਨ ਵਲੋਂ ਕੀਤੇ ਗਏ ਫ਼ੈਸਲਿਆਂ 'ਤੇ ਰਾਜਸੀ ਪ੍ਰਭਾਵ ਪੈਣਾ ਸ਼ੁਰੂ ਹੋ ਗਿਆ ਹੈ, ਕਿਉਂਕਿ ਜਥੇਦਾਰ ਸਾਹਿਬ ਦੀ ਨਿਯੁਕਤੀ ਰਾਜਸੀ ਆਗੂ ਹੀ ਕਰਦੇ ਹਨ। ਹੁਣ ਅਜਿਹੀ ਕੋਈ ਸ਼ਕਤੀ ਨਹੀਂ ਹੈ, ਜਿਹੜੇ ਸਿੱਖਾਂ ਦੇ ਧਾਰਮਿਕ ਮਾਮਲਿਆਂ ਨੂੰ ਸੁਲਝਾ ਸਕੇ ਅਤੇ ਜਿਸ ਦਾ ਫ਼ੈਸਲਾ ਸਾਰਾ ਸਿੱਖ ਜਗਤ ਪ੍ਰਵਾਨ ਕਰੇ।

ਇਸ ਕਰਕੇ ਹੁਣ ਇਕ ਸ਼੍ਰੋਮਣੀ ਸਿੱਖ ਕੌਂਸਲ ਦੀ ਲੋੜ ਹੈ, ਜਿਹੜੀ ਅਕਾਲ ਤਖ਼ਤ ਸਾਹਿਬ ਦੀ ਅਗਵਾਈ ਹੇਠ ਕਾਰਜ ਕਰੇ। ਇਸੇ ਕੌਂਸਲ ਵਲੋਂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਦੀ ਚੋਣ ਕੀਤੀ ਜਾਵੇ ਅਤੇ ਜਥੇਦਾਰ ਸਾਹਿਬ ਕੌਂਸਲ ਦੇ ਮੁਖੀ ਹੋਣ। ਉਨ੍ਹਾਂ ਦੀ ਚੋਣ ਇਕ ਮਿੱਥੇ ਸਮੇਂ ਲਈ ਹੋਵੇ ਅਤੇ ਇਸ ਸਮੇਂ ਦੌਰਾਨ ਉਨ੍ਹਾਂ ਨੂੰ ਹਟਾਉਣ ਦਾ ਹੱਕ ਕਿਸੇ ਕੋਲ ਨਾ ਹੋਵੇ। ਮੌਜੂਦਾ ਸਮੇਂ 'ਚ ਸਿੱਖ ਕੌਮ ਅਗਵਾਈ ਰਹਿਤ ਹੋ ਰਹੀ ਹੈ। ਸ਼੍ਰੋਮਣੀ ਕੌਂਸਲ ਵਲੋਂ ਕੀਤੇ ਗਏ ਫ਼ੈਸਲੇ ਹੀ ਕੌਮ ਦੀ ਅਗਵਾਈ ਕਰ ਸਕਦੇ ਹਨ। ਕੌਮ ਬੜੇ ਨਾਜ਼ੁਕ ਤੇ ਦੁਖਦਾਈ ਦੌਰ 'ਚੋਂ ਲੰਘ ਰਹੀ ਹੈ, ਉਸ ਨੇ ਆਪਣੇ ਹੱਕਾਂ ਦੀ ਰਾਖੀ ਕਿਵੇਂ ਕਰਨੀ ਹੈ, ਇਸ ਸੰਬੰਧੀ ਕੋਈ ਸਰਬ ਪ੍ਰਮਾਣਿਤ ਅਗਵਾਈ ਨਹੀਂ ਹੈ, ਜਿਸ ਕਰਕੇ ਅਨੇਕਾਂ ਕੁਰਬਾਨੀਆਂ ਤੇ ਸ਼ਹੀਦੀਆਂ ਦੇਣ ਪਿੱਛੋਂ ਵੀ ਲੋੜੀਂਦੀਆਂ ਪ੍ਰਾਪਤੀਆਂ ਪ੍ਰਾਪਤ ਨਹੀਂ ਹੋ ਰਹੀਆਂ ਹਨ। ਇਸ ਕੌਂਸਲ ਵਿਚ ਸਿਰਫ਼ ਭਾਰਤ ਹੀ ਨਹੀਂ, ਸਗੋਂ ਵਿਸ਼ਵ ਭਰ 'ਚੋਂ ਸਿੱਖ ਪ੍ਰਤੀਨਿਧ ਮੈਂਬਰ ਹੋਣ। ਹੁਣ ਦੇ ਸਮੇਂ 'ਚ ਸਿੱਖ ਤੇ ਗੁਰੂ ਘਰ ਵਿਸ਼ਵ ਭਰ ਵਿਚ ਹੀ ਹਨ। ਇਸ ਕਰਕੇ ਵਿਦੇਸ਼ੀ ਸਿੱਖਾਂ ਨੂੰ ਵੀ ਇਸ ਕੌਂਸਲ 'ਚ ਨੁਮਾਇੰਦਗੀ ਦਿੱਤੀ ਜਾਣੀ ਚਾਹੀਦੀ ਹੈ।

ਹੁਣ ਸਿੱਖ ਲਗਭਗ ਵਿਸ਼ਵ ਦੇ ਹਰ ਦੇਸ਼ ਵਿਚ ਵਿਚ ਹਨ। ਨਵੀਂ ਥਾਂ ਪਹੁੰਚ ਪਹਿਲਾ ਕਾਰਜ ਗੁਰਦੁਆਰਾ ਸਾਹਿਬ ਦੀ ਸਥਾਪਨਾ ਹੁੰਦਾ ਹੈ। ਉਹ ਆਪਣੀਆਂ ਧਾਰਮਿਕ, ਰਾਜਨੀਤਕ ਤੇ ਸਮਾਜਿਕ ਉਲਝਣਾਂ ਲਈ ਕਿਸੇ ਕੇਂਦਰ ਵੱਲ ਵੇਖਦੇ ਹਨ। ਹੁਣ ਤੱਕ ਇਹ ਅਗਵਾਈ ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਰਦੀ ਸੀ ਪਰ ਸ਼੍ਰੋਮਣੀ ਕਮੇਟੀ ਦਾ ਘੇਰਾ ਸੀਮਤ ਹੋਣ ਨਾਲ ਇਸ ਦਾ ਪ੍ਰਭਾਵ ਘਟ ਰਿਹਾ ਹੈ ਤੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਨਿਯੁਕਤੀ 'ਤੇ ਕਿੰਤੂ ਹੋਣ ਲੱਗ ਪਿਆ ਹੈ। ਸਿੱਖਾਂ ਅਤੇ ਸੂਬੇ ਦੇ ਰਾਜਸੀ ਹਿਤਾਂ ਦੀ ਰਾਖੀ ਕਰਨ ਵਾਲੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਫੁੱਟ ਦਾ ਸ਼ਿਕਾਰ ਹੋ ਗਈ ਹੈ। ਸਿੱਖਾਂ ਤੇ ਪੰਜਾਬ ਦੇ ਹੱਕਾਂ ਦੀ ਰਾਖੀ ਬਾਰੇ ਸੋਚਣ ਵੱਲ ਧਿਆਨ ਦੇਣ ਦੀ ਥਾਂ ਇਕ-ਦੂਜੇ 'ਤੇ ਚਿੱਕੜ ਸੁੱਟਿਆ ਜਾ ਰਿਹਾ ਹੈ। ਅਨੇਕਾਂ ਕੁਰਬਾਨੀਆਂ ਦੇ ਕੇ ਹੋਂਦ ਵਿਚ ਆਈ ਇਕ ਸਦੀ ਪੁਰਾਣੀ ਪਾਰਟੀ ਆਪਣੀ ਹੋਂਦ ਬਚਾਉਣ ਦੇ ਸੰਕਟ ਨਾਲ ਜੂਝ ਰਹੀ ਹੈ। ਸਾਰੀਆਂ ਪ੍ਰਮੁੱਖ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਵਲੋਂ ਆਪਣੀ ਇਕ ਵਿਸ਼ਵ ਵਿਆਪੀ ਸੰਸਥਾ ਦਾ ਗਠਨ ਕਰਨਾ ਚਾਹੀਦਾ ਹੈ, ਤਾਂ ਜੋ ਸਿੱਖਾਂ ਦੀ ਸਿਰਫ਼ ਧਾਰਮਿਕ ਅਗਵਾਈ ਹੀ ਨਾ ਹੋ ਸਕੇ, ਸਗੋਂ ਉਨ੍ਹਾਂ ਦੀ ਰਾਜਨੀਤਕ ਰੱਖਿਆ ਵੀ ਹੋਵੇ।

ਇਸੇ ਕੌਂਸਲ ਦੇ ਨਿਰਦੇਸ਼ਾਂ ਅਨੁਸਾਰ ਸਿੱਖ ਬੱਚਿਆਂ ਵਿਸ਼ੇਸ਼ ਕਰਕੇ ਗਰੀਬ ਬੱਚਿਆਂ ਦੀ ਪੜ੍ਹਾਈ, ਉਨ੍ਹਾਂ ਨੂੰ ਹੁਨਰੀ ਬਣਾਉਣ ਅਤੇ ਮੁਕਾਬਲੇ ਦੇ ਇਮਤਿਹਾਨਾਂ ਲਈ ਤਿਆਰ ਕਰਨ ਦਾ ਵੀ ਪ੍ਰਬੰਧ ਕੀਤਾ ਜਾਵੇ। ਅਸੀਂ ਸਾਰੇ ਸੰਸਾਰ ਵਿਚ ਲੋੜਵੰਦਾਂ ਤੇ ਮੁਸੀਬਤ ਵਿਚ ਫਸੇ ਲੋਕਾਂ ਦੀ ਸਹਾਇਤਾ ਕਰਦੇ ਹਾਂ ਪਰ ਆਪਣੇ ਲੋੜਵੰਦਾਂ ਦੀ ਸਹਾਇਤਾ ਵੱਲ ਧਿਆਨ ਨਹੀਂ ਦਿੱਤਾ ਜਾ ਰਿਹਾ। ਉਹ ਹੋਰਾਂ ਦੇ ਬਹਿਕਾਵੇ ਵਿਚ ਆ ਕੇ ਆਪਣਾ ਧਰਮ ਤਿਆਗ ਰਹੇ ਹਨ। ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਗੁਰੂ ਨਾਨਕ ਸਾਹਿਬ ਨੇ ਹੀ ਗਰੀਬ, ਬੇਸਹਾਰਾ, ਧਾਰਮਿਕ ਅਤੇ ਰਾਜਸੀ ਜ਼ੁਲਮ ਦੇ ਸ਼ਿਕਾਰ ਲੋਕਾਂ ਦੇ ਹੱਕਾਂ ਦੀ ਰਾਖੀ ਲਈ ਮੁਹਿੰਮ ਸ਼ੁਰੂ ਕੀਤੀ ਸੀ। ਸਿੱਖੀ ਵਿਚ ਭਾਰੂ ਹੋ ਰਹੇ ਵਿਖਾਵੇ ਦੀ ਥਾਂ ਲੋੜਵੰਦਾਂ ਦੀ ਬਾਂਹ ਫੜੀ ਜਾਵੇ, ਤਾਂ ਜੋ ਗੁਰੂ ਸਾਹਿਬਾਨ ਵਲੋਂ ਬਖ਼ਸ਼ਿਸ਼ ਜੀਵਨ ਜਾਚ ਨੂੰ ਵਿਸ਼ਵ ਵਿੱਚ ਪ੍ਰਚਾਰਿਆ ਜਾ ਸਕੇ। ਇਸ ਸਮੇਂ ਸੰਸਾਰ ਵਿਚ ਸ਼ਾਂਤੀ, ਬਰਾਬਰੀ ਅਤੇ ਇਨਸਾਫ਼ ਲਈ ਮੁਹਿੰਮ ਦੀ ਲੋੜ ਹੈ, ਜਿਸ ਦੀ ਅਗਵਾਈ ਗੁਰੂ ਗ੍ਰੰਥ ਸਾਹਿਬ ਹੀ ਕਰ ਸਕਦੇ ਹਨ।

## ਕਹਾਣੀ

ਸ਼ਿਵਚਰਨ ਜੱਗੀ ਕੁੱਸਾ

# ਕਾਲਜਾ ਧਾਫ਼ੜ



ਧੌਲਿਆਂ ਦਾ ਜਿਵੇਂ ਜੂਪੇ ਨਾਲ ਕੋਈ ਪੁਰਾਣਾ ਵੈਰ ਸੀ। ਹਲ ਜਿੱਡਾ ਮੋਚਨਾ ਲੈ ਕੇ ਉਹ ਧੌਲਿਆਂ ਨੂੰ ਘਾਹ ਵਾਂਗੂੰ ਦਾਹੜੀ 'ਚੋਂ ਪੱਟਦਾ। ਪਰ ਉਹ ਤੀਜੇ ਦਿਨ ਹੀ ਖੁੰਬਾਂ ਵਾਂਗੂੰ ਫਿਰ ਉਗ ਪੈਂਦੇ। ਜਿਵੇਂ ਧੌਲੇ ਉਸ ਨਾਲ ਕੋਈ ਖੁੰਧਕ ਰੱਖਦੇ ਸਨ। ਜਿਵੇਂ ਕੋਈ ਆਹਮੋਂ-ਸਾਹਮਣੇਂ ਮੁਕਾਬਲਾ ਸੀ। ਧੌਲੇ ਉਸ ਨੂੰ ਸ਼ਰੀਕਾਂ ਵਾਂਗ ਵੰਗਾਰਦੇ ਸਨ।

ਅੱਖ ਵਿਚ ਮਾਮੂਲੀ 'ਭੈਂਗ' ਹੋਣ ਕਾਰਨ ਲੋਕ ਉਸ ਨੂੰ 'ਜੂਪਾ ਕਾਣਾ' ਆਖ ਕੇ ਬੁਲਾਉਣ ਲੱਗ ਪਏ ਸਨ। ਹਾਣ ਦੇ ਉਸ ਨੂੰ 'ਕਮੰਡਲਾ' ਆਖਦੇ। ਜੂਪਾ ਕੋਈ ਬਹੁਤੀ ਉਮਰ ਦਾ ਨਹੀਂ ਸੀ। ਅਠਾਈ ਕੁ ਸਾਲ ਦਾ ਮੁੰਡਾ ਸੀ। ਖੇਤੀ ਦੇ ਕੰਮ-ਕਾਰ ਨੂੰ ਵੀ ਸੀਟੀ 'ਤੇ ਉਡਦਾ ਸੀ। ਕੰਮ ਦੇ ਉਹ ਅੱਠੇ ਪਹਿਰ ਗੇੜੇ ਖੁਆਈ ਰੱਖਦਾ। ਪੜ੍ਹਾਈ ਨੂੰ ਜੂਪਾ ਬਿਲਕੁਲ ਹੀ ਮੱਠਾ ਸੀ। ਔਖੇ ਸੌਖੇ ਦਸ ਜਮਾਤਾਂ ਕਰਵਾ ਕੇ ਬਾਪੂ ਨੇ ਖੇਤ ਦੀ ਪੰਜਾਲੀ ਹੇਠ ਦੇ ਲਿਆ। ਅਠਾਈ ਸਾਲ ਦੀ ਉਮਰ ਵਿਚ ਹੀ ਜੂਪੇ ਦੇ ਧੌਲੇ ਆਉਣ ਲੱਗ ਪਏ। ਆਂਢ-ਗੁਆਂਢ ਦੀਆਂ ਬੁੜ੍ਹੀਆਂ ਦੱਸਦੀਆਂ ਹੁੰਦੀਆਂ, ਕਿ ਉਸ ਦਾ ਪਿਉ ਤੀਹਾਂ ਸਾਲਾਂ ਦਾ ਹੀ ਬੱਗਾ ਕੁੱਕੜ ਹੋ ਗਿਆ ਸੀ। ਪਰ ਜੂਪਾ ਤਾਂ ਮੋਰ ਬਣਿਆਂ ਹੀ ਰਹਿਣਾ ਚਾਹੁੰਦਾ ਸੀ। ਜਿਸ ਕਰਕੇ ਉਹ ਸ਼ੀਸ਼ਾ-ਮੋਚਨਾ ਲੈ ਕੇ ਹਰ ਤੀਜੇ ਦਿਨ ਕਰੜੀ ਝੁੱਟੀ ਧੌਲਿਆਂ 'ਤੇ ਲਾਉਂਦਾ। ਜਾੜ੍ਹ ਘੁੱਟ, ਕਸੀਸ ਵੱਟ ਕੇ ਧੌਲੇ ਜੜ੍ਹਾਂ 'ਚੋਂ ਧੂੰਹਦਾ। ਪਰ ਤੀਜੇ ਦਿਨ ਉਹ ਹੀ ਬੈਂਹਾਂ ਅਤੇ ਉਹ ਹੀ ਕੁਹਾੜੀ ਹੁੰਦੀ। ਧੌਲੇ ਦੁਸ਼ਮਣਾਂ ਵਾਂਗ ਫਿਰ ਖੜ੍ਹੇ ਹੁੰਦੇ!

ਜੂਪੇ ਦਾ ਵੱਡਾ ਭਰਾ ਇੰਡੀਆ ਅਤੇ ਭੈਣ ਆਸਟਰੀਆ ਵਿਆਹੀ ਹੋਈ, ਰੰਗੀਂ ਵਸਦੀ ਸੀ। ਜੂਪਾ ਬੜਾ ਘਤਿੱਤੀ ਸੀ। ਜਦ ਉਹ ਸ਼ਾਮ ਨੂੰ ਖੇਤੋਂ ਘਰ ਆਉਂਦਾ ਤਾਂ ਭਰਜਾਈ ਕੰਧੋਲੀ ਓਹਲੇ ਰੋਟੀ ਪਕਾ ਰਹੀ ਹੁੰਦੀ। ਉਹ ਕੰਧੋਲੀ ਦੇ ਲਾਗੇ ਇਕ ਖੂੰਜੇ ਬਾਲਟੀ ਰੱਖ, ਨਹਾਉਣ ਲੱਗ ਜਾਂਦਾ। ਕੰਧੋਲੀ ਦੀ ਮੋਰੀ ਵਿਚੋਂ ਜੂਪੇ ਨੂੰ ਭਰਜਾਈ ਦਾ ਮੂੰਹ ਸਾਫ਼ ਦਿਸਦਾ। ਚੁੱਲ੍ਹੇ ਦੀ ਅੱਗ ਦੇ ਸਾਹਮਣੇਂ ਭਰਜਾਈ ਦਾ ਦਗ਼ਦਾ ਸੰਧੂਰੀ ਚਿਹਰਾ ਦੇਖ ਕੇ ਜੂਪੇ ਦੇ ਦਿਲੋਂ ਕਸੀਸ ਉਠਦੀ। ਲਾਟ ਨਿਕਲਦੀ। ਪਰ ਉਹ ਬਾਲਟੀ ਵਿਚੋਂ ਪਾਣੀ ਦੇ ਛੋਟੇ-ਛੋਟੇ ਬੁੱਕ ਭਰ-ਭਰ ਪਿੰਡੇ 'ਤੇ ਪਾਉਂਦਾ, ਦਿਲ ਦੀ ਅੱਗ ਬੁਝਾਉਂਦਾ ਰਹਿੰਦਾ। ਪਰ ਵੱਡੀ ਭਰਜਾਈ ਉਸ ਵੱਲੋਂ ਬੇਪ੍ਰਵਾਹ ਸੀ। ਉਹ ਜੂਪੇ ਵੱਲ ਕੋਈ ਬਹੁਤਾ ਧਿਆਨ ਨਾ ਦਿੰਦੀ। ਭਰਜਾਈ ਉਸ ਨੂੰ 'ਜੂਪਾ-ਕਮਲਾ' ਆਖਦੀ। ਜੂਪੇ ਨੂੰ ਤਾਂ ਤਖ਼ੱਲਸ ਹੀ ਇਤਨੇ ਮਿਲੇ ਹੋਏ ਸਨ ਕਿ ਕਿਸੇ ਲੇਖਕ ਨੂੰ ਨਸੀਬ ਨਹੀਂ ਹੋਏ ਹੋਣੇ। ਕਦੇ-ਕਦੇ ਜੂਪਾ ਮੱਝ ਦੇ ਨੱਕ 'ਤੇ ਮੁੱਕੀ ਮਾਰ ਕੇ ਭਾਬੀ ਵਿਚ ਦੀ ਗੱਲ ਕੱਢਦਾ:

-'ਤੇਰੀਆਂ ਬਿੰਗੀਆਂ ਜੀਆਂ ਲੱਤਾਂ ਮੈਨੂੰ ਕਦੇ ਬੱਦਣੀਆਂ ਪੈਣਗੀਆਂ, ਮੈਂ ਨਿੱਤ ਕਹਿੰਨੈਂ ਕਾਹਨੂੰ ਕਾਹਨੂੰ!" ਪਰ ਭਾਬੀ ਦਿਲ ਵਿਚ ਹੀ ਹੱਸ ਛੱਡਦੀ। ਉਸ ਦੇ ਭਾਅ ਦਾ ਤਾਂ ਕੁੱਤਾ ਭੌਂਕਦਾ ਸੀ। ਉਸ ਦੀ ਜਾਣਦੀ ਸੀ ਜੁੱਤੀ!

ਜੂਪੇ ਦੇ ਪਿਉ ਕੋਲ ਦਸ ਕਿੱਲੇ ਜ਼ਮੀਨ ਸੀ। ਦੋ ਕਿੱਲੇ ਜ਼ਮੀਨ ਉਸ ਨੇ ਬੈਅ ਕਰਕੇ ਕੁੜੀ ਆਸਟਰੀਆ ਵਿਚ ਵਸਦੇ ਮੁੰਡੇ ਨਾਲ ਵਿਆਹ ਦਿੱਤੀ। ਬੜਾ ਲੈਣ-ਦੇਣ ਕੀਤਾ ਸੀ। ਘਰ ਫੂਕ ਕੇ ਤਮਾਸ਼ਾ ਦੇਖਿਆ ਸੀ। ਕੁੜੀ ਦੇ ਸਹੁਰਿਆਂ ਦੇ ਸਾਰੇ ਰਿਸ਼ਤੇਦਾਰਾਂ ਨੂੰ ਮੁੰਦਰੀਆਂ ਦੇ ਤੀਰ ਮਾਰ-ਮਾਰ 'ਵਿੰਨ੍ਹ' ਦਿੱਤਾ ਸੀ। ਬੱਲੇ-ਬੱਲੇ ਕਰਵਾਈ ਸੀ। ਰਿਸ਼ਤੇਦਾਰ ਪੂਰੇ ਬਾਗੋ-ਬਾਗ ਸਨ। ਫਿਰ ਦਿੱਲੀਓਂ ਜਹਾਜ ਚੜ੍ਹਦੀ ਕੁੜੀ ਪਿੰਦਰ ਨੂੰ ਬਾਪੂ ਨੇ ਕਿਹਾ ਸੀ:

-"ਦੋ ਕਿੱਲੇ ਫੂਕ ਕੇ ਤੇਰਾ ਵਿਆਹ ਕੀਤੈ ਪਿੰਦਰ-ਰੂਪ ਤਾਂ ਆਪਣਾ ਵਿਆਹਿਆ ਵਰਿਐ-ਪਰ ਤੂੰ ਆਪਣੇ ਜਗਰੂਪ ਬਾਰੇ ਜਰੂਰ ਕੁਛ ਸੋਚੀਂ-ਚਾਹੇ ਕੋਈ ਅੰਨ੍ਹੀਂ ਕਾਣੀਂ-ਛੱਡੀ ਛੱਡਾਈ ਭਾਲ ਲਈਂ ਧੀਏ-ਐਥੇ ਚਾਰ ਕਿੱਲਿਆਂ ਦੇ ਮੂੰਹ ਨੂੰ ਇਹਨੂੰ ਕਿਸੇ ਨੇ ਸਕੀ ਧੀ ਨਹੀਂ ਦੇਣੀਂ-ਅੱਜ ਕੱਲ੍ਹ ਜੱਟਾਂ ਦੀ ਨਸੌੜ ਬੜੀ ਉਚੀ ਹੋਈ ਵੀ ਐ-ਤੇਰੀ ਖਾਤਰ ਦੋ ਕਿੱਲਿਆਂ ਨੂੰ ਇਸੇ ਕਰਕੇ ਈ ਲਾਂਬੂ ਲਾਇਆ ਸੀ-ਬਈ ਤੇਰੇ ਨਾਲ ਸਾਡੀ ਜੂਨ ਵੀ ਸੁਧਰਜੂ।"

-"ਉਥੇ ਜਾ ਕੇ ਸਹੁਰਿਆਂ ਦੀ ਹੋ ਕੇ ਨਾ ਬਹਿਜੀਂ-ਸਾਡਾ ਵੀ ਖਿਆਲ ਰੱਖੀਂ।" ਬੇਬੇ ਬੋਲੀ ਸੀ ਅਤੇ ਪਿੰਦਰ ਗੱਲਾਂ ਲੜ ਗੰਢ ਦੇ ਕੇ ਜਹਾਜ ਚੜ੍ਹ ਗਈ ਸੀ।

ਆਸਟਰੀਆ ਜਾ ਕੇ ਕੁੜੀ ਨੂੰ ਸਫ਼ਾਈ ਦਾ ਕੰਮ ਮਿਲ ਗਿਆ। ਪਿੰਦਰ ਦੋ-ਦੋ ਕੰਮ ਕਰਨ ਲੱਗ ਪਈ। ਹਰ ਰੋਜ ਸੋਲਾਂ-ਸੋਲਾਂ ਘੰਟੇ ਕੰਮ ਦੇਹ ਤੋੜ ਕੇ ਕਰਦੀ। ਪਿੰਡ ਪੰਦਰਾਂ-ਪੰਦਰਾਂ ਬੰਦਿਆਂ ਦੀਆਂ ਰੋਟੀਆਂ ਪਕਾ ਕੇ ਖੇਤ ਢੋਂਦੀ ਰਹੀ ਮਿਹਨਤੀ ਕੁੜੀ ਨੇ ਕੰਮ ਵਾਲੇ ਆਹੂ ਲਾਹ ਦਿੱਤੇ ਅਤੇ ਪੈਸਿਆਂ ਦਾ ਮੀਂਹ ਵਰ੍ਹਾ ਦਿੱਤਾ। ਉਹ ਇਕ ਤਰ੍ਹਾਂ ਨਾਲ ਇਕ ਮਸ਼ੀਨ ਬਣ ਗਈ ਸੀ। ਰਾਤ ਨੂੰ ਖ਼ਸਮ ਦੀ ਅਤੇ ਦਿਨੇਂ ਕੰਮ ਦੀ! ਪਿੰਦਰ ਦੇ ਘਰਵਾਲਾ ਲੋਲ੍ਹਾ ਜਿਹਾ, ਸਿੱਧਰਾ ਬੰਦਾ ਸੀ। ਪਿੰਦਰ ਉਸ ਨੂੰ 'ਜੀ' ਕਹਿ ਕੇ ਬੁਲਾਉਂਦੀ ਤਾਂ ਉਹ ਖਿਝ ਕੇ ਆਖਦਾ, "ਮੈਨੂੰ ਨਾਂ ਲੈ ਕੇ ਬੁਲਾਇਆ ਕਰ!" ਜੇ ਪਿੰਦਰ ਨਾਂ ਲੈ ਕੇ ਬੁਲਾਉਂਦੀ ਤਾਂ ਉਹ ਫਿਰ ਕਹਿੰਦਾ, "ਤੂੰ ਮੈਨੂੰ 'ਜੀ' ਕਹਿ ਕੇ ਕਿਉਂ ਨਹੀਂ ਬੁਲਾਉਂਦੀ ਭੈਣ ਦੇਣੀਏਂ?" ਉਹ ਦਿਨ ਰਾਤ ਆਪਣੇ ਹੀ ਸਵਿਧਾਨ ਬਦਲਦਾ ਰਹਿੰਦਾ। ਨਾਂ ਉਸ ਦਾ ਲਖਵਿੰਦਰ ਸੀ। ਪਰ ਗੋਰੇ ਉਸ ਨੂੰ 'ਲੱਕੀ' ਆਖ ਕੇ ਬੁਲਾਉਂਦੇ ਅਤੇ ਦੇਸੀ ਭਾਈਬੰਦ 'ਲੱਖੀ ਵਣਜਾਰਾ' ਪੁਕਾਰਦੇ। ਪਿੰਦਰ ਆਪਣੇ ਮਾਂ-ਬਾਪ ਦੀਆਂ ਕਹੀਆਂ ਗੱਲਾਂ ਪ੍ਰਤੀ ਪੂਰੀ ਤਰ੍ਹਾਂ ਸੁਚੇਤ ਸੀ। ਉਸ ਨੇ ਦਿਨ ਰਾਤ ਜੱਬਲ ਜਿਹੇ ਲੱਖੀ ਨੂੰ ਪਲੋਸੀ ਰੱਖਿਆ ਅਤੇ ਸਾਲ ਪਾ ਕੇ ਮਾਪਿਆਂ ਨਾਲੋਂ ਵੱਖ ਕਰ ਲਿਆ। ਘੋਗੜ ਜਿਹੇ ਲੱਖੀ ਨੇ ਮਾਂ-ਬਾਪ ਨੂੰ ਇਕ ਵਿਚ ਹੀ ਟੁੱਕ ਵਾਂਗ ਤੋੜ ਕੇ ਪਰ੍ਹੇ ਮਾਰਿਆ ਸੀ:

-"ਭੈਣ ਦਾ ਮਰਾਓ ਤੁਸੀਂ ਟਣਾ-ਅਸੀਂ ਆਪਦਾ ਕੰਮ ਕਾਰ ਕਰਦੇ ਥੋਡੇ ਛਿੱਤਰ ਕਿਉਂ ਖਾਈਏ? ਤੁਸੀਂ ਤਾਂ ਸਾਂਝੀ ਬੋਤਲ 'ਚੋਂ ਪੈਗ ਵੀ ਨਹੀਂ ਪੀਣ ਦਿੰਦੇ-ਅਖੇ ਪੀ ਕੇ ਕਮਲ ਮਿੱਧੂ-ਹੁਣ ਨਿੱਤ ਪੀਆ ਕਰੂੰ ਤੇ ਨਾਲੇ ਬੁਲਾਇਆ ਕਰੂੰ ਬੱਕਰੇ।"

ਮਾਂ-ਬਾਪ ਘੁੱਟ ਵੱਟੀ ਚੁੱਪ ਕਰ ਗਏ ਸਨ ਕਿ ਚਤਰ ਨੂੰਹ ਨੇ ਸਿੱਧੜ ਪੁੱਤ ਪਲੋਸ ਕੇ ਤੋੜ ਲਿਆ ਹੈ। ਉਹਨਾਂ ਨੇ ਸਬਰ ਕਰ ਲਿਆ। ਕੋਈ ਮੰਦਾ ਬਚਨ ਨਾ ਬੋਲਿਆ। ਬੋਲਦੇ ਵੀ ਕਿਵੇਂ? ਲੋਲ੍ਹੜ ਪੁੱਤ ਨੇ ਛਿੱਤਰ ਲਾਹ ਲੈਣਾ ਸੀ। ਆਪਣੀ ਇੱਜ਼ਤ ਆਪਣੇ ਹੱਥ ਦੇਖ ਕੇ ਉਹਨਾਂ ਨੇ ਲਹੂ ਦਾ ਘੁੱਟ ਭਰ ਲਿਆ। ਕਿਸੇ ਦੀ ਢਾਕ 'ਤੇ ਚੜ੍ਹਿਆ ਬੰਦਾ ਅਤੇ ਅੱਕਿਆ ਬਾਂਦਰ ਵਿਰੋਧੀ ਨੂੰ ਘਰੂਟੀਂ ਪਾੜਦੇ ਹਨ।

ਸ਼ਨਿੱਚਰਵਾਰ ਦਾ ਦਿਨ ਸੀ। ਦੋ ਛੁੱਟੀਆਂ ਸਨ। ਪਿੰਦਰ ਨਿੱਖਰ-ਤਿੱਖਰ ਕੇ ਲੱਖੀ ਦੀ ਬੁੱਕਲ ਵਿਚ ਬੈਠ, ਉਸ ਨੂੰ ਮੰਗ ਮੁਤਾਬਿਕ ਦਾਰੂ ਪਿਆ ਰਹੀ ਸੀ। ਆਸਟਰੀਆ ਦਾ ਉਸ ਨੂੰ ਵਾਹਵਾ 'ਪਾਹ' ਲੱਗ ਗਿਆ ਸੀ। ਹਰ ਕਿਸੇ ਤੋਂ ਚੋਰੀ ਉਸ ਨੇ ਕਾਫ਼ੀ ਪੈਸੇ ਕਾਪੀ ਵਿਚ ਜਮ੍ਹਾਂ ਕਰਵਾਏ ਹੋਏ ਸਨ। ਕਿਸੇ ਨੂੰ ਕੋਈ ਖ਼ਬਰ ਨਹੀਂ ਸੀ। ਨਸ਼ੇ ਕਾਰਨ ਲੱਖੀ ਬਾਂਦਰ ਵਾਂਗ ਲਾਚੜਿਆ ਬੈਠਾ ਸੀ। ਮੁਰਗੇ ਦੀ ਟੰਗ ਨੂੰ ਉਹ ਇਉਂ ਚੱਬਦਾ ਸੀ, ਜਿਵੇ ਬਲਦ ਕੜਬ ਚੱਬਦੈ। ਖਾਂਦੇ ਦੇ ਬੁੱਲ੍ਹ ਅਤੇ ਜੀਭ ਗਿੱਧਾ ਪਾ ਰਹੇ ਸਨ।

-"ਥੋਨੂੰ ਅੱਜ ਮੈਂ 'ਜੀ' ਕਹਿ ਕੇ ਬੁਲਾਵਾਂ ਜਾਂ ਨਾਂ ਲਵਾਂ?" ਪਿੰਦਰ ਨੇ ਪੈੱਗ ਪੇਸ਼ ਕਰਦਿਆਂ ਪੁੱਛਿਆ।

-"ਅੱਜ ਤੂੰ ਮੈਨੂੰ ਖ਼ਸਮ ਆਖ!" ਮੱਝ ਵਾਂਗ ਉਗਾਲਾ ਜਿਹਾ ਕਰਦੇ ਲੱਖੀ ਨੇ ਮੱਤ ਮੁਤਾਬਿਕ ਗੱਲ ਕੀਤੀ।

-"ਮੇਰੇ ਪਿਆਰੇ-ਪਿਆਰੇ ਖ਼ਸਮ ਜੀ! ਇਕ ਗੱਲ ਆਖਾਂ?" ਪਿੰਦਰ ਉਸ ਦੇ ਬਿਲਕੁਲ ਨਜ਼ਦੀਕ ਹੋ ਗਈ।

-"ਸੱਤਰ ਆਖ!" ਉਹ ਪਟਿਆਲੇ ਵਾਲਾ ਰਾਜਾ ਬਣਿਆਂ ਬੈਠਾ ਸੀ।

-"ਨਾਂਹ ਤਾਂ ਨਹੀਂ ਕਰਦੇ?"

-"ਮੈਂ ਕਮਲੈਂ? ਤੇਰੀ ਖਾਤਰ ਮੈਂ ਆਬਦਾ ਪ੍ਰੀਵਾਰ ਛੱਡਤਾ-ਨਾਂਹ ਕਿਉਂ ਕਰੂੰ?"

-"ਸੋ ਮੇਰੇ ਪਿਆਰੇ ਪਿਆਰੇ ਖ਼ਸਮ ਜੀ-ਆਪਣਾ ਜਗਰੂਪ ਐਥੇ ਆਉਣ ਨੂੰ ਬਾਹਲੇ ਰੱਸੇ ਜਿਹੇ ਤੁੜਾਉਂਦੈ।" ਆਖ ਕੇ ਪਿੰਦਰ ਨੇ ਲੱਖੀ ਦਾ ਜਿੰਨ ਵਰਗਾ ਚਿਹਰਾ ਨਿਰਖਿਆ, ਸਪੀਡ ਫੜ੍ਹੀ।

ਲੱਖੀ ਚੁੱਪ ਹੋ ਗਿਆ। ਪਿੰਦਰ ਨੂੰ ਗੱਲ ਸਿਰੇ ਲੱਗਦੀ ਨਜ਼ਰ ਨਾ ਆਈ। ਖ਼ੀਰ ਵਿਚ ਸੁਆਹ ਪੈਂਦੀ ਲੱਗੀ। ਸਕੀਮ ਫ਼ੇਲ੍ਹ ਹੁੰਦੀ ਜਾਪੀ।

-"ਤੁਸੀਂ ਚੁੱਪ ਜਿਹੇ ਕਰ ਗਏ? ਐਥੇ ਆ ਕੇ ਤਾਂ ਉਹ ਆਪਣੀ ਬਾਂਹ ਬਣੂੰ-ਛੇ ਫ਼ੁੱਟਾ ਜੁਆਨ ਮੁੰਡੈ।"

-"ਉਥੇ ਭੁੱਖੇ ਮਰਦੇ ਮਰਦੇ ਐਥੇ ਆ ਕੇ ਰਾਣੀ ਖਾਂ ਦੇ ਸਾਲੇ ਬਣ ਜਾਂਦੇ ਐ-ਰਹਿਣ ਦੇ ਬਾਂਹ ਬਣਾਉਣ ਨੂੰ-ਆਪਾਂ ਕਿਹੜਾ ਕਿਸੇ ਨਾਲ ਜੰਗ ਲੜਨੀ ਐਂ?" ਪਿੰਦਰ ਹੱਦੋਂ ਵੱਧ ਹੈਰਾਨ ਹੋ ਗਈ। ਉਸ ਨੂੰ ਜਾਪਿਆ ਕਿ ਇਹ ਲੱਖੀ ਨਹੀਂ, ਕੋਈ ਬਜ਼ੁਰਗ ਅੰਦਰੋਂ ਬੋਲ ਰਿਹਾ ਸੀ।

-"ਸਾਲਾ ਤਾਂ ਉਹਨੇ ਥੋਡਾ ਈ ਰਹਿਣੈਂ-ਬਰਾਬਰ ਕੰਮ ਕਰੂ-ਆਪਾਂ ਮਕਾਨ ਦਾ ਕਰਜਾ ਲਾਹ ਦਿਆਂਗੇ।"

-"ਕਰਜਾ ਲਹਿਜੂ ਆਪੇ-ਬੇਬੇ ਆਖਦੀ ਹੁੰਦੀ ਸੀ-ਇੱਥੋਂ ਦੀ ਧਰਤੀ ਦਾ ਪਾਣੀ ਈ ਮਾੜੈ-ਬੰਦਾ ਉਹਨੀਂ ਅੱਖੀਂ ਨਹੀਂ ਰਹਿੰਦਾ-ਜਦੋਂ ਚਾਰ ਪੈਸੇ ਕੋਲੇ ਹੋ ਜਾਂਦੇ ਐ-ਮੰਗਵਾਉਣ ਵਾਲਿਆਂ ਨੂੰ ਈ ਮੱਤਾਂ ਦੇਣ ਲੱਗ ਜਾਂਦੇ ਐ ਤੇ ਨਾਲੇ ਕੱਢਦੇ ਐ ਨਿਘੋਚਾਂ!" ਪਿੰਦਰ ਨੇ ਅਜਿਹੀਆਂ ਗੁਣੀ ਗਿਆਨੀ ਗੱਲਾਂ ਆਪਣੇ 'ਧੱਤੂ' ਪਤੀ-ਦੇਵ ਦੇ ਮੂੰਹੋਂ ਪਹਿਲੀ ਵਾਰ ਸੁਣੀਆਂ ਸਨ। ਉਸ ਨੇ ਆਪਣਾ ਆਖਰੀ ਅਤੇ ਸਭ ਤੋਂ ਵੱਡਾ ਹਥਿਆਰ ਵਰਤਿਆ। ਲੱਖੀ ਦੇ ਪੱਟਾਂ 'ਤੇ ਸਿਰ ਧਰ ਰੋਣ ਲੱਗ ਪਈ। ਲੱਖੀ ਦਾ ਹਮਦਰਦ ਦਿਲ ਪਿਘਲ ਗਿਆ। ਪਿੰਦਰ ਰੋਂਦੀ ਉਹ ਕਦਾਚਿੱਤ ਜਰ ਨਹੀਂ ਸਕਦਾ ਸੀ।

-"ਉਠ-ਚੁੱਪ ਕਰ-ਮੈਨੂੰ ਦੁਖੀ ਨਾ ਕਰ-ਜਿਵੇਂ ਕਹੇਂ ਕਰਲਾਂਗੇ।" ਉਹ ਬੋਲਿਆ। ਪਿੰਦਰ ਉਸ ਦੇ ਗਲ ਨੂੰ ਸੱਪ ਵਾਂਗ ਵਲੇਂਵਾਂ ਮਾਰ ਹੋਰ ਉਚੀ ਡੁਸਕਣ ਲੱਗ ਪਈ। ਲੱਖੀ ਨੇ ਮੱਝ ਦੀ ਜੀਭ ਵਰਗੀ ਜੀਭ ਉਸ ਦੀ ਧੌਣ 'ਤੇ ਫੇਰੀ। ਕਾਲੇ ਨਾਗ ਵਰਗੀ ਜੀਭ ਬੜੀ ਫ਼ੁਰਤੀ ਨਾਲ ਫਿਰ ਅੰਦਰ ਚਲੀ ਗਈ।

-"ਬੱਸ ਵੀ ਕਰ ਬੇਬੇ ਮੇਰੀਏ! ਉਠ ਪੇਗ ਪਾ ਕੇ ਦੇਹ-ਸਾਲਿਆਂ ਦੀ ਨੇ ਨਸ਼ਾ ਈ ਖੋਟਾ ਕਰਤਾ।" ਉਸ ਨੇ ਉਸ ਨੂੰ ਵਰਜਿਆ। 'ਬੇਬੇ' ਸੁਣ ਕੇ ਪਿੰਦਰ ਨੂੰ ਖੁਸ਼ੀ ਹੋਈ ਕਿ ਇਹ ਤਾਂ ਲੱਖੀ ਹੀ ਬੋਲ ਰਿਹਾ ਸੀ! ਘਰਵਾਲੀ ਨੂੰ ਬੇਬੇ ਆਖਣ ਵਾਲਾ ਲੱਖੀ ਤੋਂ ਬਿਨਾ ਹੋਰ ਹੋ ਕੌਣ ਸਕਦਾ ਸੀ? ਉਸ ਦੇ ਦਿਲ ਨੂੰ ਪੂਰਾ ਧਰਵਾਸ ਹੋ ਗਿਆ। ਅੱਖਾਂ ਅਤੇ ਨੱਕ ਪੂੰਝਦੀ ਪਿੰਦਰ ਨੇ ਲੱਖੀ ਨੂੰ ਦਾਰੂ ਦਾ ਗਿਲਾਸ ਭਰ ਦਿੱਤਾ।

-"ਇਕ ਗੱਲ ਐ-।" ਉਸ ਨੇ ਗਿਲਾਸ ਖਾਲੀ ਕਰਕੇ ਧੁੜਧੜੀ ਲੈਂਦਿਆਂ ਆਖਿਆ।

-"ਬੇਬੇ ਆਖਦੀ ਹੁੰਦੀ ਸੀ-ਹੱਥਾਂ ਨਾਲ ਦਿੱਤੀਆਂ ਗੰਢਾਂ ਦੰਦਾਂ ਨਾਲ ਖੋਲ੍ਹਣੀਆਂ ਪੈਂਦੀਐਂ-ਮੰਗਵਾ ਮੈਂ ਦਿੰਨੈਂ-ਪਰ ਪਿੱਛੇ ਵਰਤਣ ਵੱਲੋਂ ਵੀ ਜਾਵਾਂਗੇ।" ਉਸ ਨੇ ਫਿਰ ਕੰਨ ਕੀਤੇ। ਪਿੰਦਰ ਨੂੰ ਉਸ ਦਾ ਦਿਮਾਗ ਫਿਰ ਟਿਕਾਣੇਂ ਆਇਆ ਜਾਪਿਆ। ਇਹ ਕਿਹੋ ਜਿਹਾ ਦਿਮਾਗ ਸੀ ਬੰਦੇ ਦਾ? ਕਦੇ ਬਹੁਤੀਆਂ ਹੀ ਸਚਿਆਰੀਆਂ ਗੱਲਾਂ ਕਰਨ ਲੱਗ ਪੈਂਦਾ ਸੀ ਅਤੇ ਕਦੇ ਲੰਡਰ ਕੁੱਤੇ ਵਾਂਗ ਵਾਹਣੀਂ ਜਾ ਖੜ੍ਹਦਾ ਸੀ।

-"ਕਿਵੇਂ ਜਾਵਾਂਗੇ ਵਰਤਣ ਵੱਲੋਂ? ਮੈਂ ਕਾਹਦੇ ਆਸਤੇ ਬੈਠੀ ਐਂ? ਮੇਰਾ ਭਰਾ ਐ-ਮਾਰ ਮਾਰ ਛਿੱਤਰ ਸਿਰ ਨਾ ਗੰਜਾ ਕਰਦੂੰ!"

-"ਚਲੋ! ਮੰਨ ਲੈਨੇ ਐਂ-ਪਰ ਮੰਗਵਾਉਣਾ ਸਿਰਫ਼ ਮੈਂ ਤੇਰੇ ਕਰਕੇ ਐ।"

-"ਮੈਂ ਹਿੱਕ ਠੋਕ ਕੇ ਆਖਦੀ ਆਂ-ਜੇ ਥੋਡਾ ਪਾਣੀ ਨਾ ਭਰੇ-ਮੈਨੂੰ ਆਖ ਦਿਓ।" ਉਹ ਅਮਰ ਵੇਲ ਵਾਂਗ ਲੱਖੀ ਦੁਆਲੇ ਲਿਪਟ ਗਈ। ਗੱਲ ਪੱਕੀ ਹੋ ਗਈ।

ਪੂਰਾ ਹਫ਼ਤਾ ਪਿੰਦਰ ਨੇ ਲੱਖੀ ਨੂੰ ਦਾਰੂ ਵਿਚ ਟੁੰਨ ਰੱਖਿਆ। ਫ਼ੈਕਟਰੀ ਵਿਚੋਂ 'ਬਿਮਾਰ ਐਂ' ਆਖ ਕੇ ਦੋ ਹਫ਼ਤੇ ਦੀ ਛੁੱਟੀ ਦੁਆ ਲਈ। ਦਿਨ ਰਾਤ ਲੱਖੀ ਦੁਆਲੇ ਦਾਰੂ ਦਾ ਗਿਲਾਸ ਗੇੜੀਂ ਪਿਆ ਰਹਿੰਦਾ। ਦਸਾਂ ਦਿਨਾਂ ਦੇ ਵਿਚ-ਵਿਚ ਹੀ ਜੂਪੇ ਕਾਣੇਂ ਦੀ ਟਿਕਟ ਅਤੇ ਰਾਹਦਾਰੀ ਇੰਜ ਪਿੰਡ ਜਾ ਵੱਜੀ, ਜਿਵੇਂ ਮੁੰਡਾ ਹੋਏ ਤੋਂ ਖੁਸਰੇ ਆ ਵੱਜਦੇ ਐ।

ਘਰ ਵਿਚ ਰੌਣਕ ਆ ਗਈ। ਮੁਧਾ ਵੱਜਦਾ ਘਰ ਪੈਰਾਂ 'ਤੇ ਹੁੰਦਾ ਜਾਪਿਆ। ਜੂਪੇ ਕਾਣੇਂ ਨੇ ਸ਼ੀਸ਼ਾ ਅਤੇ ਮੋਚਨਾ ਨਾਲੀ ਵਿਚ ਵਗਾਹ ਕੇ ਮਾਰਿਆ ਅਤੇ ਗੁਰਮੇਲ ਨਾਈ ਦੀ ਦੁਕਾਨ 'ਤੇ ਜਾ ਖੜ੍ਹਾ।

-"ਬਾਈ, ਦਾੜ੍ਹੀ ਤੇ ਮੁੱਛਾਂ 'ਚੋਂ 'ਕੱਲਾ 'ਕੱਲਾ ਧੌਲਾ ਚੁਗ ਦੇਹ-ਇਕ ਨਾ ਰਹੇ!" ਉਸ ਨੇ ਗੁਰਮੇਲ ਨੂੰ ਅਬਦਾਲੀ ਹੁਕਮ ਕੀਤਾ।

ਗੁਰਮੇਲ ਹੱਸ ਪਿਆ।

-"ਜੂਪਿਆ! ਇਹ ਤਾਂ ਸਾਰੀ ਈ ਬੱਗੀ ਹੋਈ ਪਈ ਐ-ਆਖੇਂ ਤਾਂ ਸਾਰੀ ਦਾੜ੍ਹੀ ਈ ਖਿੱਚ ਦਿੰਨੈਂ ਤੇ ਨਾਲੇ ਧੂਹ ਦਿੰਨੈਂ ਮੁੱਛਾਂ-ਕੰਮ ਨਿੱਬੜੂ!"

-"ਬਾਈ ਗੁਰਮੇਲ! ਬਾਹਰ ਜਾਣੈਂ-ਬੱਸ ਅੱਜ ਐਂ, ਪਤਾ ਨਹੀਂ ਕੱਲ੍ਹ ਐਂ।" ਉਸ ਨੇ ਬਹੁਤ ਧੀਮੀ ਅਵਾਜ਼ ਵਿਚ ਕਿਹਾ।

-"ਫੇਰ ਇਉਂ ਕਰ! ਰਾਤ ਨੂੰ ਆ ਜਾਈਂ-ਇਹਦੇ 'ਤੇ ਦੁਆਈ ਲਾ ਦਿਆਂਗੇ-ਨਾਲੇ ਪਾਲਟੀ ਦੀ ਬੋਤਲ ਫੜੀ ਆਈਂ-ਰੰਗ ਵਾਹਵਾ ਚੜੂ।" ਗੁਰਮੇਲ ਬੋਲਿਆ।

ਰਾਤ ਨੂੰ ਮੁਫ਼ਤੀ ਦੀ ਰੂੜੀ-ਮਾਰਕਾ ਪੀ ਕੇ ਗੁਰਮੇਲ ਨੇ ਜੂਪੇ ਕਾਣੇਂ ਨੂੰ ਬਲੀ ਦੇਣ ਵਾਲੇ ਮੁਰਗੇ ਵਰਗਾ ਬਣਾ ਦਿੱਤਾ। ਸਿਰ ਦੇ ਝਾਫ਼ੇ ਵਰਗੇ ਵਾਲ ਵੀ ਰੰਗ ਦਿੱਤੇ।

ਬਾਕੀ ਹਿਸਾ ਸਫ਼ਾ 48 ਤੇ ਪੜ੍ਹੋ

47 ਸਫ਼ੇ ਦੀ ਬਾਕੀ

ਅੰਬੈਸੀ ਦੀ ਕਾਰਵਾਈ ਤੋਂ ਬਾਅਦ ਜੂਪਾ ਆਸਟਰੀਆ ਨੂੰ ਪੰਦਰਾਂ ਦਿਨਾਂ ਦੇ ਵਿਚ ਹੀ ਉਡਾਰੀ ਮਾਰ ਗਿਆ। ਲੱਖੀ ਨੇ ਖੁਸ਼ੀ ਕੀਤੀ। ਪਿੰਦਰ ਦਾ ਕਾਰਜ ਰਾਸ ਆ ਗਿਆ। ਲੋੜੀਂਦੀਆਂ ਕਾਰਵਾਈਆਂ ਕਰਦਿਆਂ ਜੂਪਾ ਕਾਣਾ, ਜਗਰੂਪ ਸਿੰਘ ਸੰਧੂ ਬਣ ਗਿਆ। ਵੀਜ਼ਾ 'ਐੱਕਸਟੈਂਡ' ਹੋਣ ਤੋਂ ਬਾਅਦ ਪਿੰਦਰ ਨੇ ਉਸ ਨੂੰ ਆਪਣੇ ਨਾਲ ਹੀ ਕੰਮ 'ਤੇ ਰਖਵਾ ਲਿਆ। ਡਿਊਟੀ ਮੈਨੇਜਰ ਨਾਲ ਉਹ ਪਹਿਲਾਂ ਤੋਂ ਹੀ ਅੱਖ ਮਟੱਕਾ ਕਰਦੀ ਕਰਦੀ, ਇਕ ਦਿਨ ਸ਼ਰੇਆਮ ਹੀ 'ਨਿਲਾਮ' ਹੋ ਗਈ ਸੀ! ਮੈਨੇਜਰ ਪਿੰਦਰ ਦੀ ਆਪਣੇ ਨਾਲ ਹੀ ਡਿਊਟੀ ਲਾਉਂਦਾ ਸੀ। ਜਦ ਦਿਲ ਕਰਦਾ ਉਹ ਪਿੰਦਰ ਨੂੰ ਬੈਕ-ਆਫ਼ਿਸ ਵਿਚ ਲੈ ਵੜਦਾ। ਇਕ ਸਿੱਧੀ-ਸਾਦੀ ਪੇਂਡੂ ਕੁੜੀ ਯੂਰਪ ਦਾ ਪਾਣੀ ਪੀ ਕੇ 'ਘਾਗ' ਔਰਤ ਬਣ ਗਈ ਸੀ। ਸਮਾਂ ਆਦਮੀ ਨੂੰ ਤੁਰਨਾ ਸਿਖਾਉਂਦਾ ਹੈ। ਪਰ ਲੱਖੀ ਨੂੰ ਇਸ ਦੀ ਕੋਈ ਖ਼ਬਰ ਨਹੀਂ ਸੀ। ਟੈਂਕ ਜਿੱਡਾ ਗੋਰਾ ਮੈਨੇਜਰ ਪਿੰਦਰ ਨੂੰ ਹਰ ਰੋਜ ਘੰਟਾ-ਘੰਟਾ ਰੂੰ ਵਾਂਗ ਪਿੰਜਦਾ। ਪਿੰਦਰ ਦਾ ਕੰਮ ਹੋਰ ਔਰਤਾਂ ਕਰਦੀਆਂ। ਬੋਲਦੀ ਕੋਈ ਵੀ ਨਾ। ਮੈਨੇਜਰ ਨਾਲ ਦੁਸ਼ਮਣੀਂ, ਸਮੁੰਦਰ ਵਿਚ ਰਹਿ ਕੇ ਮਗਰਮੱਛ ਨਾਲ ਦੁਸ਼ਮਣੀ ਪਾਉਣ ਬਰਾਬਰ ਸੀ। ਨੌਕਰੀ ਜਾਣ ਦਾ ਖ਼ਤਰਾ ਸੀ। ਪਿੰਦਰ ਹੁਣ ਇਕ ਤਰ੍ਹਾਂ ਨਾਲ ਮੈਨੇਜਰ ਦੀ ਕਾਮੀ ਨਹੀਂ, 'ਰਖੇਲ' ਬਣ ਕੇ ਰਹਿ ਗਈ ਸੀ।

ਜਗਰੂਪ ਨੂੰ ਪਿੰਦਰ ਲੱਖੀ ਦੇ ਖ਼ਿਲਾਫ਼ ਤਰ੍ਹਾਂ-ਤਰ੍ਹਾਂ ਦੇ ਦੋਸ਼ ਲਾ ਕੇ ਰੇਤਦੀ ਰਹਿੰਦੀ। ਅੱਗਿਓਂ ਜਗਰੂਪ ਵੀ ਪੂਰਾ ਲਾਈਲੱਗ ਬੰਦਾ ਸੀ। ਪਿੰਦਰ ਦੀ ਪੈੜ ਵਿਚ ਪੈਰ ਧਰਦਾ, ਲੱਖੀ ਦੀ ਹਰ ਗੱਲ ਵੱਢਵੀਂ ਕਰਨ ਲੱਗ ਪਿਆ। ਦਾੜ੍ਹੀ ਮੁੱਛਾਂ ਉਸ ਨੇ ਰਗੜ ਕੇ ਮੂੰਹ ਖੁਸਰੇ ਦੀ ਅੱਡੀ ਵਰਗਾ ਕੱਢ ਲਿਆ ਸੀ। ਨਾ ਚੋਰ ਲੱਗੇ ਨਾ ਕੁੱਤੀ ਭੌਂਕੇ! ਧੌਲੇ ਪੱਟਣ ਜਾਂ ਕਾਲੇ ਕਰਨ ਦਾ ਯੱਭ ਹੀ ਨਬੇੜ ਧਰਿਆ ਸੀ। ਲੱਖੀ ਦੀ ਲਿਆਂਦੀ ਬੋਤਲ ਜੂਪਾ ਚਾਰ ਪੈੱਗਾਂ ਵਿਚ ਹੀ ਜੜ੍ਹੀਂ ਲਾ ਦਿੰਦਾ। ਜਦੋਂ ਲੱਖੀ ਕੰਮ ਤੋਂ ਆਉਂਦਾ, ਥਕੇਵਾਂ ਲਾਹੁਣ ਵਾਸਤੇ ਬੋਤਲ ਨੂੰ ਅਹੁਲਦਾ ਤਾਂ ਖਾਲੀ ਬੋਤਲ ਦੇਖ ਕੇ ਪਿਆਸੇ ਕਾਂ ਵਾਂਗ ਝਾਕਦਾ। ਕਰ ਉਹ ਕੁਝ ਵੀ ਨਹੀਂ ਸਕਦਾ ਸੀ। ਅੰਦਰੋ ਅੰਦਰੀ ਕੋਲੇ ਵਾਂਗ ਧੁਖਦਾ ਰਹਿੰਦਾ। ਇਕ ਦਿਨ ਲੱਖੀ ਬਾਹਰੋਂ ਹੀ ਪੀ ਕੇ ਆ ਗਿਆ। ਕਿਚਨ ਵਿਚ ਜਾ ਕੇ ਉਸ ਨੇ ਬੋਤਲ ਦੇਖੀ ਤਾਂ ਬੋਤਲ ਛੜੇ ਦੇ ਚੁੱਲ੍ਹੇ ਵਾਂਗ ਖਾਲੀ-ਖਾਲੀ ਝਾਕ ਰਹੀ ਸੀ। ਲੱਖੀ ਨੂੰ ਚੇਹ ਚੜ੍ਹ ਗਈ। ਉਸ ਨੇ ਕੌੜ ਬੋਤੇ ਵਾਂਗ ਦੰਦ ਪੀਹੇ। ਜਗਰੂਪ ਡਰਾਇੰਗ-ਰੂਮ ਵਿਚ 'ਬਾਬੂ' ਬਣਿਆਂ ਬੈਠਾ ਸੀ। ਲੱਖੀ ਨੂੰ ਹੋਰ ਕਰੋਧ ਚੜ੍ਹ ਗਿਆ।

-''ਗੱਲ ਸੁਣ ਉਏ ਸਾਲਿਆ ਲੇਡਿਆ ਜਿਆ!'' ਉਹ ਸਾਹਨ ਵਾਂਗ ਭੁਸਰਿਆ ਜੂਪੇ ਮੂਹਰੇ ਜਾ ਖੜ੍ਹਿਆ।

-''ਖਾਣ ਦਾ ਤੈਥੋਂ ਕੋਈ ਖਰਚਾ ਨਹੀਂ ਲੈਂਦੇ-ਰਹੀ ਤੂੰ ਮੁਫ਼ਤ ਜਾਨੈਂ-ਤੇ ਸਾਲਿਆ ਉਤੋਂ ਮੇਰੀ ਦਾਰੂ ਵੀ ਸੜ੍ਹਾਕ ਧਰਦੈਂ-ਇਹ ਕੀ ਲੱਛਣ ਫੜਿਐ ਤੂੰ?'' ਲੱਖੀ ਚੰਗਿਆੜੇ ਛੱਡੀ ਜਾ ਰਿਹਾ ਸੀ। ਪਰ ਜੂਪਾ ਸ਼ਿਵ ਜੀ ਮਹਾਰਾਜ ਦੇ ਬੁੱਤ ਵਾਂਗੂੰ ਅਹਿਲ ਬੈਠਾ ਰਿਹਾ। ਦਾਰੂ ਦਾ ਨਸ਼ਾ ਉਸ ਦੀਆਂ ਅੱਖਾਂ ਵਿਚ ਕਲੋਲਾਂ ਕਰ ਰਿਹਾ ਸੀ। ਲੱਖੀ ਦੇ ਸਿਰ ਨੂੰ ਹੋਰ ਫ਼ਤੂਰ ਚੜ੍ਹ ਗਿਆ।

-''ਤੂੰ ਬੋਲਦਾ ਨਹੀਂ ਉਏ ਸਾਲਿਆ ਚੱਪਣਾਂ ਜਿਆ? ਚੰਗਾ ਭਲਾ ਤੂੰ ਕਮਾਈ ਕਰਦੈਂ-ਆਪ ਦੀ ਲਿਆ ਕੇ ਪੀਆ ਕਰ-ਜੇ ਬੰਦਾ ਕੰਮ ਨਾ ਕਰਦਾ ਹੋਵੇ-ਆਦਮੀ ਤਾਂ ਵੀ ਕਹੇ-ਅੱਗੋਂ ਸਾਲਾ ਗੋਹ-ਗਹੀਰਾ ਬਣਿਆ ਬੈਠੈ ਮੁਫ਼ਤ ਦੀ ਪੀ ਕੇ।''

-''ਇਹ ਤਾਂ ਇਉਂ ਈ ਪੀਊ! ਤੂੰ ਕੌਣ ਹੁੰਨੈਂ ਇਹਨੂੰ ਹਟਾਉਣ ਆਲਾ?'' ਉਪਰੋਂ ਪਿੰਦਰ ਨੇ ਅਜ਼ੀਬ ਹੀ ਅਕਾਸ਼ਬਾਣੀ ਕੀਤੀ।

-''ਇਹ ਐਹਨਾਂ ਕੰਜਰਖਾਨਿਆਂ ਨੂੰ ਪੱਲਿਓਂ ਪੈਸੇ ਲਾ ਕੇ ਮੰਗਵਾਇਆ ਸੀ ਕੁੱਤੀਏ ਰੰਨੇ? ਮੈਂ ਇਹਨੂੰ ਆਪਦੇ ਘਰੇ ਈ ਨਹੀਂ ਰੱਖਣਾ-ਚੱਲ ਨਿਕਲ ਬਾਹਰ ਉਏ! ਨਿਕਲ ਮੇਰੇ ਘਰੋਂ ਮੇਰਿਆ ਸਾਲਿਆ ਢੇਡਾ-!''

-''ਤੂੰ ਘਰ ਦਾ ਸਾਲਾ ਲੱਗਦੈਂ? ਘਰ ਮੇਰੇ ਨਾਂ ਐਂ! ਬਾਹਲੀ ਚੀਂ-ਫ਼ੀਂ ਕੀਤੀ-ਪੁਲਸ ਬੁਲਾ ਕੇ ਬਾਹਰ ਵੀ ਮਾਰੂੰ!''

-''ਤੂੰ ਤਾਂ ਭੈਣ ਦੇਣੀਏਂ ਕੁੱਤੀਏ ਕਹਿੰਦੀ ਸੀ ਇਹ ਟੀਰਾ ਜਿਆ ਆਪਣੀ ਬਾਂਹ ਬਣੂੰ-ਤੁਸੀਂ ਹੁਣ ਮੈਨੂੰ ਦੋਵੇਂ ਭੈਣ ਭਰਾ ਰਲ ਕੇ ਈ ਫੁੱਦੂ ਬਣਾਉਣ ਲੱਗ ਪਏ?'' ਮਗਜ਼ ਨੂੰ ਚੜ੍ਹੀ ਹਨ੍ਹੇਰੀ ਕਾਰਨ ਉਸ ਨੇ ਜੂਪੇ ਦੇ ਥੱਪੜ ਜੜ ਦਿੱਤੇ।

-''ਗਟਰ-ਗਟਰ ਝਾਕੀ ਜਾਨੈਂ ਔਤਾਂ ਦਿਆ-ਸਿੱਟ ਲੈ ਫੜ ਕੇ ਲਹਿ ਜਾਣੇਂ ਨੂੰ!'' ਪਿੰਦਰ ਨੇ ਜੂਪੇ ਨੂੰ ਹੱਲਾਸ਼ੇਰੀ ਦਿੱਤੀ। ਜੂਪੇ ਦੀ ਅੱਖ ਦਾ ਭੈਂਗ ਘੁਕਿਆ ਅਤੇ ਉਸ ਨੇ ਚੁੱਕ ਕੇ ਲੱਖੀ ਨੂੰ ਚਰ੍ਹੀ ਦੀ ਪੂਲੀ ਵਾਂਗ ਥੱਲੇ ਧਰ ਲਿਆ ਅਤੇ ਉਸ ਦੇ ਕੰਨ ਮਸਲ ਧਰੇ। ਸ਼ਰਾਬੀ ਲੱਖੀ ਕਤੂਰੇ ਵਾਂਗ ਮਧੋਲਿਆ ਗਿਆ। ਜਦੋਂ ਦੁਰਮਟ ਵਰਗੇ ਜੂਪੇ ਨੇ ਉਸ ਨੂੰ ਛੱਡਿਆ ਤਾਂ ਉਸ ਨੇ ਹਾਰੇ ਕੁੱਕੜ ਵਾਂਗ ਖੰਭ ਜਿਹੇ ਝਾੜੇ।

-''ਇਕ ਗੱਲ ਸੁਣ ਲੈ ਮੇਰੀ ਕੰਨ ਖੋਲ੍ਹ ਕੇ---!'' ਪਿੰਦਰ ਨੇ ਉਸ ਨੂੰ ਹਦਾਇਤ ਕੀਤੀ। ਡਰਾਇਆ।

-''ਦਿਨ ਕਟੀ ਕਰਨੀ ਐਂ ਤਾਂ ਚੁੱਪ ਚਾਪ ਕਰੀ ਚੱਲ-ਤੇ ਜੇ ਬਣਿਐਂ ਗਾਜੀਆਣੇਂ ਆਲਾ ਕੁੰਢਾ ਸਿਉਂ-ਫੇਰ ਨਿੱਤ ਇਉਂ ਈ ਛਿੱਤਰ ਖਾਇਆ ਕਰੇਂਗਾ-ਪੁਲਸ ਨੂੰ ਫੋ ਕਰਕੇ ਘਰੋਂ ਦਿਉਂ ਕਢਵਾ ਤੇ ਇੰਡੀਆ ਤੋਂ ਨਵਾਂ ਖ਼ਸਮ ਵਿਆਹ ਕੇ ਲਿਆਊਂਗੀ-ਬਥੇਰ੍ਹੀਆਂ ਚੱਟ ਲਈਆਂ ਤੇਰੀਆਂ ਲਾਲਾਂ ਮੈਂ!'' ਪਿੰਦਰ ਨੇ ਇਕੋ ਸਾਹ ਬੋਲਾਂ ਦੀਆਂ ਕਈ ਬਰਛੀਆਂ ਉਸ ਦੇ ਸੀਨੇ 'ਚ ਮਾਰੀਆਂ। ਲੱਖੀ ਨੇ ਉਠ ਕੇ ਰਹਿੰਦੀ ਬੋਤਲ ਸੂਤ ਧਰੀ ਅਤੇ ਉਪਰ ਜਾ ਕੇ ਬੈੱਡ-ਰੂਮ ਵਿਚ ਚੁੱਪ ਚਾਪ ਪੈ ਗਿਆ। ਸੀਲ ਗਊ ਵਾਂਗ। ਉਸ ਨੂੰ ਸਾਰੀ ਰਾਤ ਨੀਂਦ ਨਾ ਆਈ। ਪਿੰਦਰ ਨੇ ਬੈੱਡ ਆਪਣੇ ਭਰਾ ਕੋਲ ਹੀ ਡਾਹ ਲਿਆ ਸੀ। ਲੱਖੀ ਕੌਡੀਓਂ ਖੋਟਾ ਹੋ ਗਿਆ। ਅਗਲੀ ਸਵੇਰ ਉਠ ਕੇ ਉਹ ਮਾਂ-ਬਾਪ ਕੋਲ ਚਲਾ ਗਿਆ ਅਤੇ ਬੇਬੇ ਦੇ ਸੀਨੇ ਲੱਗ ਕੇ ਧਾਹ ਮਾਰੀ।

-''ਤੇਰਾ ਲੱਖੀ ਪੱਟਿਆ ਗਿਆ ਬੇਬੇ!''

-''ਕੋਈ ਨਾ ਪੁੱਤ-ਓਸ ਗੱਲ ਦੇ ਆਖਣ ਮਾਂਗੂੰ-ਜੇ ਬਾਗੀਆਂ ਨੇ ਟਾਹ ਦਿੱਤੀ ਤਾਂ ਮਾਲਕਾਂ ਨੇ ਤਾਂ ਨਹੀਂ ਘਰੋਂ ਕੱਢ ਦੇਣੀਂ---!'' ਬੇਬੇ ਨੇ ਆਂਦਰਾਂ ਦੀ ਅੱਗ ਨੂੰ ਦਿਲ ਨਾਲ ਲਾਇਆ ਹੋਇਆ ਸੀ। ਲੱਖੀ ਰੋਈ ਜਾ ਰਿਹਾ ਸੀ।

-''ਮੈਨੂੰ ਤਾਂ ਪੁੱਤ ਉਹਦੀ ਖੋਟੀ ਨੀਅਤ ਦਾ ਉਦੋਂ ਈ ਪਤਾ ਲੱਗ ਗਿਆ ਸੀ-ਜਿੱਦੇਂ ਉਹਨੇ ਤੈਨੂੰ ਸਾਡੇ ਨਾਲੋਂ ਨਖੇੜਿਆ ਸੀ-ਪਰ ਤੂੰ ਫ਼ਿਕਰ ਨਾ ਕਰ-ਜੇ ਉਹ ਨਵਾਂ ਖ਼ਸਮ ਲਿਆਉਂਦੀ ਐ ਤੇ ਫੇਰ ਤੈਨੂੰ ਵੀ ਐਹੋ ਜੀਆਂ ਗਧੀੜਾਂ ਵੀਹ---!''

-''ਤਲਾਕ ਲੈ ਕੇ ਵੀ ਤੂੰ ਘਰ ਦਾ ਅੱਧਾ ਮਾਲਕ ਐਂ-ਵਕੀਲ ਤਾਂ ਪਾ ਦੇਣਗੇ ਖਿਲਾਰੇ-ਬੱਸ ਤੂੰ ਈ ਨਹੀਂ ਸੀ ਭੈਣ ਚੋਦਾ ਕਿਸੇ ਕਰਮ ਦਾ-ਗੋਹਾ ਪੱਥ ਤੀਮੀਂ ਮਗਰ ਲੱਗ ਕੇ ਸਾਨੂੰ ਝੱਗਾ ਚੱਕ ਕੇ ਤੁਰ ਗਿਆ।'' ਲੱਖੀ ਦੇ ਛੋਟੇ ਭਰਾ ਲਾਲੀ ਨੇ ਕਿਹਾ। ਪੜ੍ਹਿਆ ਲਿਖਿਆ ਲਾਲੀ ਕਾਨੂੰਨੀ ਪੱਖਾਂ ਤੋਂ ਪੂਰੀ ਤਰ੍ਹਾਂ ਜਾਣੂੰ ਸੀ। ਲੱਖੀ ਵਾਂਗ ਭੌਂਦੂ ਨਹੀਂ ਸੀ। ਤੁਰਿਆ ਫਿਰਿਆ ਸੀ।

-''ਲਾਲੀ ਮੈਂ ਅੱਗੇ ਦੁਖੀ ਐਂ-ਮੈਨੂੰ ਹੋਰ ਨਾ ਦੁਖੀ ਕਰ ਬਾਈ।''

-''ਹੁਣ ਬੁੜ੍ਹੀਆਂ ਵਾਂਗੂੰ ਬੂਹਕੀ ਨਾ ਜਾਹ-ਚੱਲ ਵਕੀਲ ਕੋਲੇ ਚੱਲ ਕੇ ਮਸ਼ਵਰਾ ਲੈਨੇਂ ਐਂ-ਪਰ ਤੂੰ ਮਹਾਤਮਾ ਗਾਂਧੀ ਬਣ ਕੇ ਕੁੱਟ ਖਾਈ ਗਿਆ-ਸਾਲਿਆ ਪੁਲੀਸ ਬੁਲਾ ਕੇ ਰਪਟ ਕਿਉਂ ਨਾ ਲਿਖਵਾਈ? ਫ਼ੌਜਦਾਰੀ ਦੇ ਕੇਸ 'ਚ ਆਪੇ ਸਾਲਾ ਅੰਦਰ ਹੁੰਦਾ-ਅਗਲਿਆਂ ਨੇ ਫੜ ਕੇ ਨੱਕ ਦੀ ਸੇਧ ਦਿੱਲੀ ਨੂੰ ਜਹਾਜ ਚਾੜ੍ਹ ਦੇਣਾ ਸੀ।''

-''ਵੇ ਲਾਲੀ! ਜੇ ਇਹ ਐਨੀ ਜੋਕਰਾ ਹੁੰਦਾ-ਗੱਲਾਂ ਈ ਕਾਹਦੀਆਂ ਸੀ? ਇਹ ਤਾਂ ਸਾਧ ਐ ਬਿਚਾਰਾ।'' ਮਾਂ ਬੋਲੀ।

ਉਹ ਵਕੀਲ ਦੇ ਤੁਰ ਗਏ। ਬੇਬੇ ਸਿਰ ਫੜੀ ਬੈਠੀ ਸੀ।

ਪਿੰਦਰ ਦੀ ਜ਼ਿੰਦਗੀ ਵਿਚ ਇਕ ਭਾਰੀ ਪੱਥਰ ਡਿੱਗਿਆ। ਜਿਸ ਦੀ ਉਸ ਨੂੰ ਕਦਾਚਿੱਤ ਉਮੀਦ ਨਹੀਂ ਸੀ। ਨਿੱਤ ਦੇ ਕੁੱਤ-ਪੌਅ ਤੋਂ ਦੁਖੀ ਹੋ ਕੇ ਕਿਸੇ ਨੇ ਮੈਨੇਜਰ ਅਤੇ ਪਿੰਦਰ ਦੀ ਸ਼ਕਾਇਤ ਜਨਰਲ ਡਾਇਰੈਕਟਰ ਕੋਲ ਕਰ ਦਿੱਤੀ। ਮੌਕਾ ਪਾ ਕੇ ਡਾਇਰੈਕਟਰ ਨੇ ਦੋਹਾਂ ਨੂੰ 'ਰੰਗੇ-ਹੱਥੀਂ' ਨਗਨ ਫੜ ਲਿਆ। ਜਗਰੂਪ, ਮੈਨੇਜਰ ਅਤੇ ਪਿੰਦਰ ਤੁਰੰਤ ਨੌਕਰੀ ਤੋਂ ਕੱਢ ਦਿੱਤੇ ਗਏ। ਡਿਊਟੀ ਉਪਰ ਕੁਕਰਮ ਕਰਨ ਦਾ ਕੇਸ ਵੱਖਰਾ ਬਣ ਗਿਆ। ਜੂਪੇ ਦਾ ਭੈਂਗ ਡੁੱਬ ਗਿਆ। ਪਿੰਦਰ ਨੂੰ ਹੱਥਾਂ ਪੈਰਾਂ ਦੀ ਪੈ ਗਈ। ਵਕੀਲਾਂ ਦੀਆਂ ਫ਼ੀਸਾਂ ਅਤੇ ਜੇਲ੍ਹ-ਜੁਰਮਾਨੇਂ ਬਾਰੇ ਸੋਚ ਕੇ ਪਿੰਦਰ ਨੂੰ ਗਸ਼ੀ ਪੈਣ ਵਾਲੀ ਹੋ ਗਈ। ਸਭ ਤੋਂ ਵੱਡਾ ਫ਼ਿਕਰ ਪਿੰਦਰ ਨੂੰ ਜੂਪੇ ਦਾ ਪੈ ਗਿਆ। ਉਸ ਦਾ ਵੀਜ਼ਾ ਸਿਰਫ਼ ਇਕ ਹਫ਼ਤੇ ਦਾ ਹੀ ਰਹਿੰਦਾ ਸੀ। ਜਦੋਂ ਕੋਲ ਕੰਮ ਹੀ ਨਹੀਂ ਸੀ ਰਿਹਾ, ਫਿਰ ਵੀਜ਼ਾ ਕਿਸ ਬੇਸ 'ਤੇ ਮਿਲਣਾ ਸੀ? ਵੀਜ਼ਾ ਨਾ ਮਿਲਣ 'ਤੇ ਜੂਪੇ ਦੀ ਡਿਪੋਰਟੇਸ਼ਨ ਪੱਕੀ ਸੀ। ਅੱਜ ਸੱਚ ਸਾਹਮਣੇਂ ਆ ਜਾਣ 'ਤੇ ਜੂਪਾ ਭੈਣ ਨਾਲ ਅੱਖ ਨਹੀਂ ਮਿਲਾ ਰਿਹਾ ਸੀ। ਜੇ ਉਹ ਕਿਤੇ ਇੰਡੀਆ ਹੁੰਦਾ, ਪਿੰਦਰ ਦਾ ਸਿਰ ਕਲਮ ਕਰ ਦਿੰਦਾ। ਪਰ ਉਹ ਬੈਠਾ ਹੀ ਆਸਟਰੀਆ ਦੇ ਵਿਚ ਸੀ। ਜਿੱਥੇ ਵੱਡੇ-ਵੱਡੇ ਲੀਡਰ ਵੀ ਕਾਨੂੰਨ ਤੋਂ ਚੀਕਾਂ ਮਾਰਦੇ ਸਨ। ਪੂਰੀ ਬੋਤਲ ਸੂਤ ਕੇ ਜੂਪਾ ਪਿੰਦਰ ਦੁਆਲੇ ਹੋ ਗਿਆ ਅਤੇ ਪਿੱਠ 'ਚ ਅੱਡੀਆਂ ਮਾਰ-ਮਾਰ ਉਸ ਨੇ ਪਿੰਦਰ ਨਿੱਸਲ ਕਰ ਦਿੱਤੀ।

-''ਵੇ ਮੈਂ ਤੈਨੂੰ ਐਸ ਭਦਰਕਾਰੀ ਨੂੰ ਬੁਲਾਇਆ ਸੀ, ਕੁੱਤਿਆ---!'' ਉਸ ਨੇ ਫ਼ਰਸ਼ 'ਤੇ ਬੈਠ ਕੇ ਦੁਹੱਥੜ ਮਾਰੀ।

-''ਐਦੂੰ ਤਾਂ ਤੂੰ ਮੈਨੂੰ ਬੁਲਾਉਂਦੀ ਹੀ ਨਾ-ਅੱਖੋਂ ਪਰ੍ਹੇ ਜੱਗ ਮਰਦਾ-ਜੀਹਦੇ ਨਾਲ ਮਰਜੀ ਖੇਹ ਖਾਂਦੀ।'' ਉਸ ਨੇ ਇਕ ਕਰੜੀ ਝੁੱਟੀ ਹੋਰ ਲਾ ਦਿੱਤੀ। ਗਿੱਦੜ ਕੁੱਟ ਨਾਲ ਨਿਢਾਲ ਹੋਈ ਉਹ ਫ਼ਰਸ਼ 'ਤੇ ਪਈ ਚੂਕੀ ਜਾ ਰਹੀ ਸੀ।

-''ਲੱਖੀ ਜਮਾਂ ਬੁਰਾ ਬੰਦਾ ਨ੍ਹੀਂ-ਤੇਰੀਆਂ ਐਹਨਾਂ ਕਰਤੂਤਾਂ ਕਰਕੇ ਮਾੜਾ ਬਣਾਇਆ ਵਿਆ ਸੀ-ਵਿਚਾਰਾ ਦਰਵੇਸ਼ ਬਾਧੂ ਦਾ ਮੈਥੋਂ ਕੁਟਵਾ ਧਰਿਆ-।'' ਉਸ ਨੇ ਆਖਰੀ ਲੱਤ ਮਾਰੀ ਤਾਂ ਪਿੰਦਰ ਦੀ ਗਿੱਦੜ ਵਾਂਗ ਚੂਕ ਜਿਹੀ ਨਿਕਲੀ।

ਬਾਹਰੋਂ ਦਰਵਾਜੇ 'ਤੇ ਘੰਟੀ ਵੱਜੀ ਤਾਂ ਜੂਪੇ ਨੇ ਹੀ ਦਰਵਾਜਾ ਖੋਲ੍ਹਿਆ। ਮੈਨੇਜਰ ਖੜ੍ਹਾ ਸੀ। ਅਜੇ ਉਸ ਨੇ 'ਪਿੰਡਰ' ਹੀ ਕਿਹਾ ਸੀ ਕਿ ਜੂਪੇ ਨੇ ਗਲਮੇਂ ਤੋਂ ਫੜ ਕੇ ਉਸ ਨੂੰ ਮਰੇ ਕੱਟੇ ਵਾਂਗ ਅੰਦਰ ਨੂੰ ਧੂਹ ਲਿਆ ਅਤੇ ਭੁਗਤ ਸੁਆਰ ਦਿੱਤੀ। ਜਦੋਂ ਜੂਪੇ ਦਾ ਮਾੜਾ ਜਿਹਾ ਹੱਥ ਢਿੱਲਾ ਪਿਆ ਤਾਂ ਮੈਨੇਜਰ ਡਰੇ ਊਠ ਵਾਂਗ ਬਾਹਰ ਨੂੰ ਦੌੜ ਤੁਰਿਆ। ਸੜਕ 'ਤੇ ਉਹ ਕੁੱਤੇ ਵਾਂਗ ਤੀੜ ਦੇਈ ਜਾ ਰਿਹਾ ਸੀ। ਪੰਜਾਬੀ ਵਿਚ ਜੂਪੇ ਨੇ ਉਸ ਨੂੰ ਅਥਾਹ ਗੰਦੀਆਂ ਗਾਹਲਾਂ ਕੱਢੀਆਂ ਸਨ। ਮਾਂ-ਭੈਣ ਇਕ ਕਰ ਮਾਰੀ ਸੀ ਅਤੇ ਪਈ ਪਿੰਦਰ ਦੇ ਹੋਰ ਚੁਪੇੜਾਂ ਮਾਰੀਆਂ ਸਨ।

ਅਗਲੇ ਦਿਨ ਲੱਖੀ ਦੇ ਵਕੀਲ ਦੀ ਚਿੱਠੀ ਪਿੰਦਰ ਦੇ ਘਰ ਬਿਜਲੀ ਵਾਂਗ ਆ ਡਿੱਗੀ। ਪਿੰਦਰ ਕੱਖੋਂ ਹੌਲੀ ਹੋ ਗਈ। ਕੇਸ ਤਾਂ ਇਕ ਨਹੀਂ ਮਾਨ। ਇਕ ਹੋਰ ਉਪਰੋਂ ਆ ਵੱਜਿਆ ਸੀ। ਖਰਚਾ ਹੀ ਖਰਚਾ, ਆਮਦਨ ਕੋਈ ਵੀ ਨਹੀਂ! ਬਹੁਤੀ 'ਤਾਰੂ' ਪਿੰਦਰ ਅਚਾਨਕ ਹੀ ਮਗਰਮੱਛ ਦੇ ਮੂੰਹ ਜਾ ਡਿੱਗੀ ਸੀ। ਪਿੰਦਰ ਨੇ ਲੱਖੀ ਦੇ ਲੱਖ ਤਰਲੇ ਕੀਤੇ, ਪਰ ਉਸ ਨੇ ਕੌੜ ਮੱਝ ਵਾਂਗ ਪੈਰ ਹੀ ਨਾ ਲਾਏ। ਸਾਰੇ ਪ੍ਰੀਵਾਰ ਨੇ ਲੱਖੀ ਨੂੰ ਕੰਨ ਕੀਤੇ ਹੋਏ ਸਨ:

-''ਜੇ ਉਸ ਕੁੱਤੀ ਦੀਆਂ ਗੱਲਾਂ 'ਚ ਆ ਕੇ ਉਹਦੇ ਨਾਲ ਰਾਜ਼ੀਨਾਵਾਂ ਕੀਤੈ-ਸਾਲਿਆ ਤੇਰਾ ਮੂੰਹ ਹੀ ਮੂੰਹ ਛਿੱਤਰਾਂ ਨਾਲ ਭੰਨਾਂਗੇ!'' ਪਿੰਦਰ ਨੇ ਵਾਸਤੇ ਪਾਏ, ਉਸ ਨੇ ਇਕ ਨਾ ਸੁਣੀਂ।

ਮਹੀਨਾ ਲੰਘ ਗਿਆ। ਜੂਪੇ ਦਾ ਵੀਜ਼ਾ ਲੰਘ ਗਿਆ ਸੀ। ਕੰਮ ਕਿਤੋਂ ਮਿਲਿਆ ਨਹੀਂ ਸੀ। ਪਿੰਦਰ ਵੀ ਵਿਹਲੀ ਸੀ। ਘੜਿਓਂ ਪਾਣੀ ਨੱਸ ਤੁਰਿਆ ਸੀ। ਜੂਪਾ ਨਿੱਤ ਪੀ ਕੇ ਪਿੰਦਰ ਦੇ ਧੌਲ-ਧੱਫ਼ਾ ਕਰ ਦਿੰਦਾ ਸੀ। ਬਰਾਬਰ ਦੇ ਭਰਾ ਮੂਹਰੇ ਉਹ ਕੁਸਕਦੀ ਤੱਕ ਨਹੀਂ ਸੀ। ਸਗੋਂ ਪੈਰ ਫੜਦੀ ਸੀ ਕਿ ਉਹਦੀ ਕਰਤੂਤ ਬਾਰੇ ਘਰੇ ਭਾਫ਼ ਨਾ ਕੱਢੇ। ਜੂਪਾ ਉਸ ਦੇ ਮੂੰਹ 'ਤੇ ਥੁੱਕਦਾ। ਗੁੱਸੇ ਵਿਚ ਉਸ ਦਾ ਭੈਂਗ ਅੱਠੋ ਪਹਿਰ ਘੁਕਦਾ ਰਹਿੰਦਾ। ਇੱਥੇ ਰਹਿਣਾ ਉਸ ਨੂੰ ਦੁੱਭਰ ਹੋਇਆ ਪਿਆ ਸੀ।

ਲੱਖੀ ਦੇ ਮੁਕੱਦਮੇਂ ਦੀ ਤਾਰੀਖ਼ ਆ ਗਈ। ਵਕੀਲ ਝਗੜੇ। ਜੱਜ ਨੇ ਫ਼ੈਸਲਾ ਸੁਣਾਇਆ: ਜੂਪੇ ਨੂੰ ਡਿਪੋਰਟੇਸ਼ਨ ਦੇ ਹੁਕਮ, ਲੱਖੀ ਅਤੇ ਪਿੰਦਰ ਦਾ ਤਲਾਕ, ਮਕਾਨ ਵਿਚੋਂ ਲੱਖੀ ਦਾ ਅੱਧਾ ਹਿੱਸਾ ਪੱਕਾ, ਮਕਾਨ ਰੱਖਣ ਵਾਲੀ ਧਿਰ ਦੂਜੇ ਨੂੰ ਦੋ ਹਫ਼ਤਿਆਂ ਦੇ ਅੰਦਰ ਅੰਦਰ ਅੱਧੀ ਕੀਮਤ ਤਾਰੇਗੀ! ਫ਼ੈਸਲਾ ਸੁਣ ਕੇ ਪਿੰਦਰ ਬੇਹੋਸ਼ ਹੋ ਗਈ। ਐਂਬੂਲੈਂਸ ਪਿੰਦਰ ਨੂੰ ਹਸਪਤਾਲ ਨੂੰ ਲੱਦ ਤੁਰੀ। ਪਿੰਦਰ ਕੋਲ ਪੱਕਾ ਵੀਜ਼ਾ ਹੋਣ ਕਾਰਨ ਉਸ ਨੂੰ ਡਿਪੋਰਟ ਨਹੀਂ ਕੀਤਾ ਜਾ ਸਕਦਾ ਸੀ। ਪੁਲੀਸ ਨੇ ਜੂਪੇ ਦੇ ਹੱਥਕੜੀਆਂ ਜੜ ਲਈਆਂ। ਜਹਾਜ ਦੀ ਸੀਟ ਮਿਲਣ ਤੱਕ ਉਸ ਨੂੰ ਪੁਲੀਸ ਹਿਰਾਸਤ ਵਿਚ ਰਹਿਣਾ ਪੈਣਾ ਸੀ। ਸਾਰਾ ਕਾਰਜ ਕਾਨੂੰਨ ਅਧੀਨ ਹੋ ਰਿਹਾ ਸੀ।

ਹੱਥਕੜੀਆਂ ਵਿਚ ਜਕੜੇ ਜੂਪੇ ਨੂੰ ਲੱਖੀ ਨੇ ਤਰਕ ਦਾ ਬਾਣ ਮਾਰਿਆ।

-''ਕਿਉਂ ਬਈ ਜੂਪਿਆ! ਬਣਨੈਂ ਯੋਧਾ?''

-''ਪ੍ਰਾਹੁਣਿਆਂ-ਮੇਰਾ ਬੋਲਿਆ ਚੱਲਿਆ ਮਾਫ਼ ਕਰੀਂ-ਇਕ ਦੀ ਥਾਂ ਅੱਧੀ ਖਾ ਕੇ 'ਕਾਲਜਾ ਧਾਫ਼ੜ' ਲਿਆ ਕਰੂੰਗਾ-ਪਰ ਮੇਰੀ ਇਕ ਬੇਨਤੀ ਜਰੂਰ ਸੁਣ ਲੈ।''

-''ਬੋਲ?''

-''ਜੇ ਪਿੰਦਰ ਮਰ ਜਾਵੇ-ਐਥੇ ਈ ਕਿਤੇ ਫੂਕ ਦੇਇਓ-ਸਾਡੇ ਪ੍ਰੀਵਾਰ ਵੱਲੀਓਂ ਤਾਂ ਉਹ ਓਦਣ ਈ ਮਰ ਗਈ ਸੀ-ਜਿੱਦੇਂ---!'' ਗੱਲ ਜੂਪੇ ਦੇ ਸੰਘ ਵਿਚ ਹੀ ਮੁੱਕ ਗਈ। ਹੰਝੂ ਉਸ ਦੇ ਗਲ ਵਿਚ ਬਿਲਕੀ ਜਾ ਰਹੇ ਸਨ।

-''ਸਾਡੀ ਬੇਬੇ ਬਾਪੂ ਵੀ ਘੱਟ ਨ੍ਹੀਂ, ਪ੍ਰਾਹੁਣਿਆਂ! ਉਹਨਾਂ ਨੇ ਵੀ ਇਹਨੂੰ ਸਹੁਰਿਆਂ ਦੇ ਖਿਲਾਫ਼ ਈ ਰੇਤੀ ਰੱਖਿਐ-ਸਿਰਫ਼ ਧੀ ਦੀ ਕਮਾਈ 'ਤੇ ਐਸ਼ ਕਰਨ ਵਾਸਤੇ-ਤੇ ਆਹ ਦੇਖਲਾ! ਸਾਰਾ ਕੁਛ ਈ ਮਿੰਟਾਂ 'ਚ ਸੁਆਹ ਹੋ ਗਿਆ।'' ਜੂਪਾ ਤੁਰਿਆ ਜਾਂਦਾ ਕੁਮੈਂਟਰੀ ਕਰਦਾ ਜਾ ਰਿਹਾ ਸੀ।

ਨਵੇਂ ਖਰੀਦੇ ਪਸ਼ੂ ਵਾਂਗ ਸਿਪਾਹੀ ਜੂਪੇ ਨੂੰ ਜੇਲ੍ਹ ਦੀ ਗੱਡੀ ਵੱਲ ਧੂਹੀ ਜਾ ਰਹੇ ਸਨ।

* * * * * * * *

# • ਪੰਜਾਬੀ ਫ਼ਿਲਮ ਦਰਪਣ •

## ਰੇਸ਼ਮ ਛੀਨਾ ਦੀਆਂ ਲਘੂ ਫਿਲਮਾਂ ਤੇ ਬਾਕੀ ਕੰਮ



ਉੱਚ ਪੱਧਰੀ ਗਾਇਕ ਹੈ ਰੇਸ਼ਮ ਛੀਨਾ ਜਿਸ ਦੇ ਕਾਫੀ ਗੀਤ ਆ ਕਿ ਚਰਚਿਤ ਹੋਏ ਨੇ ਤੇ ਬਹੁਤ ਸਾਰੇ ਪੰਜਾਬ ਦੇ ਨਾਮਵਰ ਗਾਇਕੀ ਮੇਲਿਆਂ ਵਿੱਚ ਓਸ ਦੀ ਆਵਾਜ਼ ਗੂੰਜੀ ਹੈ ਤੇ ਇਹ ਸਿਲਸਿਲਾ ਜ਼ਾਰੀ ਹੈ ਰੇਸ਼ਮ ਛੀਨਾ ਬੀਤੇ ਕੁੱਝ ਵਕਤ ਤੋਂ ਪੰਜਾਬੀ ਲਘੂ ਫਿਲਮਾਂ ਕਰ ਰਹੇ ਨੇ ਤੇ ਇਹ ਯੁਟਿਊਬ ਤੇ ਚਰਚਿਤ ਵੀ ਹਨ। "ਮਾਸਟਰ ਜੀ" ਫ਼ਿਲਮ ਦੇ ਨਾਇਕ ਰੇਸ਼ਮ ਛੀਨਾ ਨੇ ਵੈਸੇ ਵੱਡੀ ਫ਼ਿਲਮ "ਜੁਦਾਈਆਂ" ਵੀ ਹੀਰੋ ਬਣ ਕੀਤੀ ਹੈ। ਹੁਣੇ ਜਿਹੇ ਹੀ ਓਸ ਦੀ ਸ਼ੋਰਟ ਫ਼ਿਲਮ "ਬੀਜ" ਨੂੰ ਪੰਜਾਬੀ ਸ਼ੋਰਟ ਫ਼ਿਲਮਾਂ ਦੇ ਫੈਸਟੀਵਲ ਵਿੱਚ ਸਨਮਾਨਿਤ ਕੀਤਾ ਗਿਆ ਹੈ। ਰੇਸ਼ਮ ਛੀਨਾ ਆਖਦੇ ਨੇ ਕਿ ਅੱਜ ਕਲ ਓ ਟੀ ਟੀ ਦਾ ਸਮਾਂ ਹੈ ਤੇ ਓਹ ਚਾਹੁੰਦੇ ਨੇ ਕਿ ਓਹਨਾਂ ਦੀਆਂ ਫ਼ਿਲਮਾਂ ਆ ਰਹੇ ਸਮੇਂ ਵਿੱਚ ਚੌਪਾਲ, ਪੀ ਟੀ ਸੀ ਪੰਜਾਬੀ, ਕੇਬਲ ਵੰਨ ਤੇ ਆਉਣ ਤੇ ਫਿਰ ਓਹ ਐਮ ਐਕਸ ਪਲੇਅਰ, ਐਮਾਜ਼ੋਨ ਪਰਾਇਮ ਤੇ ਨੈੱਟ ਫਲਿਕਸ ਤੇ ਪ੍ਰਸਾਰਿਤ ਹੋਣ। ਸੋਹਣੇ ਯਤਨਾਂ ਤੇ ਕੋਸ਼ਿਸ਼ਾਂ ਦੇ ਨਾਲ ਲਘੂ ਫਿਲਮਾਂ ਕਰ ਰਹੇ ਰੇਸ਼ਮ ਛੀਨਾ ਲਈ ਸ਼ੁੱਭ ਕਾਮਨਾਵਾਂ।

## ਬੋਹਮਿਆਂ ਨਾਲ ਬੰਨੀ ਸ਼ਰਮਾ ਗੱਲਾਂ ਪੰਜਾਬੀ ਸੰਗੀਤ ਦੀਆਂ



ਕਹਿਣ ਦੀ ਗੱਲ ਨਹੀਂ ਬੰਨੀ ਸ਼ਰਮਾ ਦੀ ਪਹੁੰਚ ਸੰਗੀਤ ਖੇਤਰ ਵਿੱਚ ਗੁਰਦਾਸ ਮਾਨ ਤੋਂ ਬੋਹਮੀਆਂ ਤੱਕ ਹੈ ਤੇ ਕਨੇਡਾ ਵਿਖੇ ਬੰਨੀ ਓਸ ਨਾਲ ਮਿਲ ਪੰਜਾਬੀ ਸੰਗੀਤ ਤੇ ਚਰਚਾ ਕਰ ਚੁੱਕੇ ਹਨ। ਓਹ ਆਖਦੇ ਨੇ ਕਿ ਪੰਜਾਬੀ ਪੌਪ ਨੂੰ ਟੌਪ ਬੋਮਿਆਂ ਨੇ ਬਣਾਇਆ ਹੈ ਤੇ ਓਹ ਇਨਸਾਨ ਵੀ ਬਹੁਤ ਪਿਆਰੇ ਹਨ। ਬੰਨੀ ਸ਼ਰਮਾ ਇੱਕ ਰੀਆਲਟੀ ਸ਼ੋ "ਪੰਜਾਬੀ ਜ਼ਿੰਦਾਬਾਦ" ਕਰ ਰਹੇ ਨੇ ਤੇ ਬੋਹਮਿਆ ਇਹ ਸ਼ੋ ਕਰ ਵੀ ਸਕਦੇ ਹਨ। ਬੰਨੀ ਸ਼ਰਮਾ ਨੇ ਕਿਹਾ ਕਿ ਵਕਤ ਦੀ ਘਾਟ ਰਹਿ ਗਈ ਵਰਨਾ ਪੰਜਾਬ ਵਿੱਚ ਓਹ ਬੋਹਮਿਆ ਦੇ ਸ਼ੋ ਕਰਨ ਦੀ ਸੋਚ ਰਹੇ ਸਨ। ਬੰਨੀ ਸ਼ਰਮਾ ਦੂਰਦਰਸ਼ਨ ਜਲੰਧਰ ਦੇ ਮਾਣ ਮੱਤੇ ਨਿੱਜੀ ਨਿਰਮਾਤਾ ਨਿਰਦੇਸ਼ਕ ਰਹੇ ਹਨ ਤੇ ਮਾਣ ਪੰਜਾਬ ਦੇ ਜਿਹੇ ਸ਼ੋ ਕਰ ਚੁੱਕੇ ਹਨ। ਗੁਰਦਾਸ ਮਾਨ, ਹੰਸ ਰਾਜ ਹੰਸ, ਜਸਬੀਰ ਜੱਸੀ ਦੇ ਨਾਲ ਓਹਨਾਂ ਦੇ ਸੰਬੰਧ ਪਰਿਵਾਰਕ ਹੀ ਇੱਕ ਤਰਾਂ ਹਨ। ਬੋਹਮਿਆ ਦਾ ਸਮਾਂ ਸੰਗੀਤ ਵਿੱਚ ਸਦਾਬਹਾਰ ਹੈ ਇਹ ਕਹਿੰਦੇ ਬੰਨੀ ਸ਼ਰਮਾ ਸੁਣੇ ਗਏ ਹਨ। ਬੋਹਮਿਆ ਨੇ ਕਿਹਾ ਕਿ ਬੰਨੀ ਬਹੁਤ ਪਿਆਰੇ ਇਨਸਾਨ ਹਨ ਤੇ ਸੰਗੀਤ ਖੇਤਰ ਹੀ ਮੋਹਬੱਤ ਵਾਲਾ ਖੇਤਰ ਹੈ ਤੇ ਓਹ ਵੀ ਚਾਹੁੰਦੇ ਹਨ ਕਿ ਬੰਨੀ ਸ਼ਰਮਾ ਦਾ ਜਰਨੈਲ ਘੁਮਾਣ ਨਾਲ ਨਵਾਂ ਸ਼ੋ "ਪੰਜਾਬੀ ਜ਼ਿੰਦਾਬਾਦ" ਹਿੱਟ ਰਹੇ।

## ਹਰਦੀਪ ਕੌਰ ਦੇ ਆ ਰਹੇ ਨੇ ਦੋ ਤਿੰਨ ਵੱਡੇ ਪ੍ਰੋਜੈਕਟ



ਮੁੰਬਈ ਦੇ ਸਮੁੰਦਰ ਕਿਨਾਰੇ ਜਦ ਸਾੜੀ ਪਹਿਨ ਅਦਾ ਨਾਲ ਹਰਦੀਪ ਕੌਰ ਮਿਲੀ ਤਾਂ ਸੱਚੀ ਗੱਲ ਕਰੀਨਾ ਕਪੂਰ ਤੇ ਕਟਰੀਨਾ ਭੁਲਾ ਦਿੱਤੀਆਂ। ਇੱਕ ਦਮ ਐਨੀ ਖਿੱਚ ਭਰਪੂਰ, ਅੱਖਾਂ ਵਿੱਚ ਇਨਸਾਨੀ ਦਿਲ ਪਿਆਰ ਦੇ ਹਥਿਆਰ ਨਾਲ ਪ੍ਰੇਮ ਕਤਲ ਕਰਨ ਵਾਲੇ ਮਨਸੂਬੇ ਹਰਦੀਪ ਕੌਰ ਬਹੁਤ ਕਾਮੁਕ ਤੇ ਖਿੱਚ ਭਰਪੂਰ ਐਕਟ੍ਰੈਸ ਲੱਗੀ। ਹਿੰਦੀ ਤੇ ਪੰਜਾਬੀ ਫ਼ਿਲਮਾਂ ਦੀ ਇਹ ਐਕਟ੍ਰੈਸ ਇਸ ਸਮੇਂ ਬਹੁਤ ਵੱਡੀ ਬਾਲੀਵੁੱਡ ਫ਼ਿਲਮ ਦੀ ਸ਼ੂਟਿੰਗ ਕਰ ਰਹੀ ਹੈ ਤੇ ਇੱਕ ਵੱਡਾ ਸੀਰੀਅਲ ਓਸ ਦਾ ਸਟਾਰ ਪਲੱਸ ਤੇ ਆਉਣਾ ਹੈ। ਹਰਦੀਪ ਕੌਰ ਮੁੜ ਲੋਕ ਪ੍ਰਿਅ ਹੋਣ ਦੇ ਰਸਤੇ ਚਲ ਪਈ ਹੈ। ਇਸ ਤਰਾਂ ਲੱਗਦਾ ਇਸ ਵਾਰ ਹਰਦੀਪ ਕੌਰ ਲੋਕ ਪ੍ਰਿਅ ਫ਼ਿਲਮ ਸਟਾਰ ਬਣ ਹੀ ਦਮ ਲੈਣ ਵਾਲੀ ਹੈ। ਧਰਮ ਕਰਮ ਦੇ ਬਜ਼ਾਰ ਤਾਂ ਸੰਤਨ੍ਰੀ ਹੈ ਓਹ ਤੇ ਗਲੈਮਰ ਦੀ ਮੰਡੀ ਤਾਂ ਮਹਿੰਗੀ ਚੀਜ਼ ਏ ਹੁਸਨ ਬਜ਼ਾਰ ਦੀ ਹਰਦੀਪ ਕੌਰ, ਦੀਵਾਲੀ ਤੱਕ ਇੱਕ ਵਾਰ ਫਿਰ ਟੌਪ ਪੰਜਾਬੀ ਕਲਾਕਾਰਾਂ ਦੀ ਲਿਸਟ ਵਿੱਚ ਹੋਊ ਹਰਦੀਪ ਕੌਰ ਤੇ ਹਰ ਘਰ ਦਾ ਐਕਟਿੰਗ ਦੀਪ ਬਣ ਰੌਸ਼ਨੀ ਨਾਲ ਨਿਹਾਰ ਰਹੀ ਹੋਏਗੀ।

## ਕਿਰਨ ਤੇ ਸ਼ੰਮੀ ਵੀ ਕਰਨਗੇ ਫ਼ਿਲਮੀ ਬਜ਼ਾਰ ਦੀ ਜਲਦੀ ਸੈਰ ਖ਼ੁਦਾ ਖ਼ੈਰ

ਇਸ ਵਕਤ ਮਾਝੇ ਖੇਤਰ ਵਿੱਚ ਸ਼ੰਮੀ ਖਾਨ ਤੇ ਕਿਰਨ ਰੰਧਾਵਾ ਦੀ ਗਾਇਕੀ ਜੋੜੀ ਟੌਪ ਵੱਲ ਹੈ ਤੇ ਸ਼ੰਮੀ ਖਾਨ ਖੁਦ ਵੀ ਇੱਕਲੇ ਗੀਤ ਗਾ ਹਿੱਟ ਹੈ। "ਕੋਹੇਨੂਰ" "ਜੱਟ ਲਾਈਫ" ਓਸ ਦੇ ਗਾਣੇ ਸੁਪਰ ਹਿੱਟ ਰਹੇ ਹਨ। "ਕ੍ਰਾਂਤੀ ਦੂਤ" ਫ਼ਿਲਮ ਲਈ ਅਸ਼ੋਕ ਪੁਰੀ ਨੇ ਸ਼ੰਮੀ ਖਾਨ ਤੋਂ ਪਲੇ ਬੈਕ ਲਿਆ ਹੈ। ਕਿਰਨ ਰੰਧਾਵਾ ਮੂੰਹ ਮੱਥੇ ਸੋਹਣੀ ਲੱਗਦੀ ਹੈ ਤੇ ਇਸ ਸਮੇਂ ਦੋਵਾਂ ਨੂੰ



ਪੇਸ਼ਕਸ਼ ਫ਼ਿਲਮਾਂ ਦੀ ਆ ਰਹੀ ਹੈ। ਸ਼ੰਮੀ ਖਾਨ ਨੇ ਵਿਦੇਸ਼ ਵੀ ਸ਼ੋ ਕੀਤੇ ਹਨ ਤੇ ਕਿਰਨ ਰੰਧਾਵਾ ਨਾਲ ਓਹ ਕਿਸੇ ਫ਼ਿਲਮ ਵਿੱਚ ਚੰਗੀ ਭੂਮਿਕਾ ਦੀ ਭਾਲ ਵਿੱਚ ਹੈ ਸ਼ੰਮੀ ਖਾਨ ਦਾ "ਮਿਰਜ਼ਾ ਸਾਹਿਬਾਂ" ਵੀਡਿਓ ਬਹੁਤ ਜਿਆਦਾ ਚਲਿਆ ਸੀ ਤੇ ਸਟੇਜ ਤੇ "ਮਿਰਜ਼ਾ", "ਜਿਓਣਾ ਮੌੜ" ਓਸ ਦੇ ਹਿੱਟ ਜਾਂਦੇ ਗੀਤ ਹਨ। ਕਿਰਨ ਰੰਧਾਵਾ ਨੇ ਅਜੇ ਤੱਕ ਸ਼ੰਮੀ ਨਾਲ ਦੋਗਾਣੇ ਹੀ ਗਾਏ ਹਨ। ਕਿਰਨ ਰੰਧਾਵਾ ਨੇ ਆਪਣੀ ਲੁਕ ਵੀ ਫ਼ਿਲਮਜ਼ ਦੇ ਅਨੁਕੂਲ ਬਣਾਈ ਹੈ। ਸ਼ੰਮੀ ਖਾਨ ਦੇ ਗੀਤਾਂ ਦੇ ਵੀਡੀਓ ਵੀ ਅਮਰਪਾਲ, ਅਜੇ ਤੇ ਗੁਰਦੀਪ ਸੰਧੂ ਜਿਹੇ ਫਿਲਮੀ ਲੋਕਾਂ ਨੇ ਬਣਾਏ ਹਨ। ਸ਼ੰਮੀ ਖਾਨ ਨੇ ਕਿਹਾ ਕਿ ਓਹ ਐਸੇ ਗੀਤ ਦੀ ਭਾਲ ਵਿੱਚ ਨੇ ਜਿਹੜਾ ਓਹਨਾਂ ਦੀ ਪਹਿਚਾਣ ਚਿੰਨ ਬਣ ਜਾਏ। ਬਾਕੀ ਰਹਿ ਗਈ ਗੱਲ ਫ਼ਿਲਮਾਂ ਦੀ ਤਾਂ ਓਹ ਇਹ ਖੁਸ਼ਖਬਰੀ ਜਲਦੀ ਹੀ ਸੁਣਾ ਸਕਦੇ ਹਨ।

## ਦੀਪਕ ਬਾਲੀ ਨਾਲ ਖੇਡ, ਗਾਇਕੀ ਤੇ ਸਮਾਜ ਦਾ ਅਪਾਰ ਪਿਆਰ




ਪਲਾਜ਼ਮਾਂ ਰਿਕਾਰਡਜ਼ ਨੂੰ ਸਥਾਪਿਤ ਕਰਨ ਤੋਂ ਮਨਮੋਹਨ ਵਾਰਿਸ ਦਾ ਮਿਊਜ਼ਿਕ ਸਿਸਟਮ ਤੇ ਫਿਰ ਰਾਜਨੀਤੀ ਤੇ ਸਿੱਧੇ ਜਨਰਲ ਸਕੱਤਰ ਤੇ ਸਲਾਹਕਾਰ ਸੈਰ ਸਪਾਟਾ ਵਿਭਾਗ ਤੇ ਕਲਚਰ ਖੇਤਰ ਦੀਪਕ ਚਲ ਸੋ ਚਲ ਹਨ। ਕ੍ਰਿਕਟ ਐਸੋਸੀਏਸ਼ਨ ਦੇ ਉਪ ਪ੍ਰਧਾਨ ਦੀਪਕ ਬਾਲੀ ਸਮਾਜਿਕ ਖੇਤਰ ਵਿੱਚ ਖੂਬ ਸਰਗਰਮ ਹਨ। ਪਦਮ ਸ੍ਰੀ ਹੰਸ ਰਾਜ ਹੰਸ ਨਾਲ ਦੀਪਕ ਬਾਲੀ ਦਾ ਪੁਰਾਣਾ ਪ੍ਰੇਮ ਤੇ ਅਮਰ ਨੂਰੀ ਨਾਲ ਪਰਿਵਾਰਕ ਸਬੰਧ ਹਨ। ਇੱਕ ਸੰਗੀਤ ਸਮਾਰੋਹ ਵਿੱਚ ਇਕੱਠੇ ਤੇ ਫਿਰ ਵਿਸ਼ਵ ਅੰਗ ਦਾਨ ਮੌਕੇ ਲੁਧਿਆਣਾ ਦੇ ਇੱਕ ਵੱਡੇ ਹਸਪਤਾਲ ਦੀਪਕ ਬਾਲੀ ਜਦ ਅਮਰ ਨੂਰੀ ਤੇ ਹੰਸ ਰਾਜ ਹੰਸ ਨਾਲ ਮਿਲੇ ਤੇ ਸਮਾਜ ਅੰਗ ਦਾਨ ਜ਼ਰੂਰੀ ਤੇ ਗੱਲਾਂ ਹੋਈਆਂ। ਦੀਪਕ ਬਾਲੀ ਦੇ ਕਾਰਜ ਦੀ ਸਿਫਤ ਹੰਸ ਰਾਜ ਹੰਸ ਜੀ ਨੇ ਕੀਤੀ ਤੇ ਓਹਨਾਂ ਨੂੰ ਸੁਰਤਾਲ ਸੰਸਾਰ ਦੇ ਮਸੀਹਾ ਤੇ ਸਮਾਜ ਖੇਤਰ ਦੇ ਆਇਕਨ ਨਾਲ ਸੰਬੋਧਿਤ ਕੀਤਾ। ਇਸ ਤਰਾਂ ਅਮਰ ਨੂਰੀ ਨੇ ਕਿਹਾ ਕਿ ਦੀਪਕ ਹਰ ਸਾਂਚੇ ਵਿੱਚ ਫਿੱਟ ਨਗੀਨਾ ਹਨ। ਦੀਪਕ ਬਾਲੀ ਨੇ ਕਿਹਾ ਕਿ ਸੰਗੀਤ ਜਗਤ ਨੇ ਸਾਰੀਆਂ ਸਰਦਾਰੀਆਂ ਦਿੱਤੀਆਂ ਹਨ ਇਸ ਨੂੰ ਸਦਾ ਯਾਦ ਰੱਖਣਾ ਹੈ ਤੇ ਸਮਾਜ ਹੀ ਤੁਸਾ ਨੂੰ ਇੱਜ਼ਤ ਸਤਿਕਾਰ ਦਿੰਦਾ ਹੈ ਤੇ ਸਮਾਜ ਲਈ ਤੁਹਾਡੇ ਵੀ ਫਰਜ਼ ਹਨ ਦੀਪਕ ਬਾਲੀ ਜਲਦੀ ਮੁੰਬਈ ਬਾਲੀਵੁੱਡ ਜਾ ਕਿ ਸਿਹਤ ਖੇਤਰ ਲਈ ਪੰਜਾਬ ਵਿੱਚ ਦਸਤਾਵੇਜ਼ੀ ਫ਼ਿਲਮਜ਼ ਵਾਸਤੇ ਖਾਸ ਫ਼ਿਲਮਜ਼ ਦੇ ਲੋਕਾਂ ਨੂੰ ਮਿਲ ਸਮਾਜ ਭਲਾਈ ਦਾ ਨਵਾਂ ਚਰਿੱਤਰ ਤੇ ਚੈਪਟਰ ਸ਼ੁਰੂ ਕਰਨਗੇ।

## ਵਿਨੀਤ ਅਟਵਾਲ ਐਕਟਰ ਵੀ ਕਾਮਯਾਬ ਤੇ ਡਾਇਰੈਕਟਰ ਬਣ ਸਰਗਰਮ



"ਚੰਨ ਤਾਰਾ" ਡਾਇਰੈਕਟ ਕਰ ਕਿ ਪਾਲੀਵੁੱਡ ਫਿਲਮ ਡਾਇਰੈਕਟਰ ਬਣ ਚੁੱਕੇ ਵਿਨੀਤ ਅਟਵਾਲ ਅਸਲ ਵਿੱਚ ਸ਼ਾਨਦਾਰ ਅਭਿਨੇਤਾ ਹਨ। "ਜ਼ਖਮੀਂ" ਤੋਂ "ਉਡੀਕ" ਤੱਕ ਓਹਨਾਂ ਫ਼ਿਲਮੀ ਕਿਰਦਾਰ ਕੀਤੇ ਹਨ। ਵਿਨੀਤ ਅਟਵਾਲ ਜਿਹਨਾਂ ਨੇ ਪਿਛਲੇ ਸਮੇਂ ਦੌਰਾਨ "ਗੈਂਗਸਟਰ ਵ੍ਰਸਿਜ ਰਾਜਨੀਤਿ" ਫ਼ਿਲਮ ਕੀਤੀ ਹੈ ਓਥੇ ਓਹ ਇੱਕ ਹੋਰ ਵੱਡੀ ਫ਼ਿਲਮ ਦਾ ਹਿੱਸਾ ਬਣੇ ਹਨ। ਵਿਨੀਤ ਅਟਵਾਲ ਨੇ ਕਿਹਾ ਕਿ ਐਕਟਿੰਗ ਕਰਨ ਦਾ ਓਹਨਾਂ ਦਾ ਸ਼ੌਕ ਤੇ ਜਨੂੰਨ ਸਦਾ ਲਈ ਹੈ। ਓਹ ਨਰਿੰਦਰ ਗੱਖੜ ਨਾਲ "ਚਲ ਮੁੜ ਚੱਲੀਏ" ਫ਼ਿਲਮ ਕਰ ਰਹੇ ਹਨ। ਵਿਨੀਤ ਅਟਵਾਲ ਨੇ ਕਿਹਾ ਕਿ ਓਹ ਮੁੰਬਈ ਵੀ ਰਹਿ ਚੁੱਕੇ ਹਨ ਪਰ ਅੱਜ ਦੇ ਵਕਤ ਪੰਜਾਬ ਵਿੱਚ ਕਾਫੀ ਕੰਮ ਹੈ ਤੇ ਓਹ ਆਪਣੀ ਇੱਕ ਲੜੀਵਾਰ ਵੈੱਬ ਫ਼ਿਲਮ "ਉਡੀਕ" ਵਿੱਚ ਵੀ ਐਕਟਿੰਗ ਕਰ ਚੁੱਕੇ ਹਨ। ਵਨਿਤ ਅਟਵਾਲ ਨੇ ਕਿਹਾ ਕਿ ਸਤਨਾਮ ਟਾਟਲਾ ਦੇ ਨਾਲ ਓਹ ਨਵੀਂ ਫ਼ਿਲਮ, "ਕਰਜ਼ਾ" ਜਲਦੀ ਹੀ ਸ਼ੁਰੂ ਕਰਨ ਵਾਲੇ ਹਨ। ਵਿਨੀਤ ਅਟਵਾਲ ਨੇ ਕਿਹਾ ਕਿ ਅਸ਼ੋਕ ਪੁਰੀ ਨਾਲ ਵੀ ਓਹ ਫ਼ਿਲਮਾਂ ਕਰਦੇ ਨੇ ਤੇ ਐਕਟਰ ਨੀਟੂ ਪੰਧੇਰ ਨਾਲ ਓਹਨਾਂ ਦਾ ਕਾਫੀ ਮੋਹ ਹੈ ਜਦ ਕਿ ਓਹਨਾਂ ਨੇ ਇੱਕ ਬਾਲੀਵੁੱਡ ਫ਼ਿਲਮ ਵੀ ਡਾਇਰੈਕਟ ਕੀਤੀ ਸੀ ਪਰ ਓਹਨਾਂ ਨੇ ਇੱਕ ਤਰਾਂ ਨਾਲ ਵਿਨੀਤ ਅਟਵਾਲ ਨੂੰ ਵਰਤਿਆ ਪਰ ਓਹ ਇਹਨਾਂ ਚੀਜ਼ਾਂ ਨੂੰ ਫ਼ਿਲਮ ਨਗਰ ਵਿੱਚ ਨਾਰਮਲ ਗੱਲਾਂ ਮੰਨਦੇ ਹਨ।

-ਅੰਮ੍ਰਿਤ ਪਵਾਰ

# ਸੰਗਰੂਰ ਦੇ ਪਿੰਡ ਉੱਪਲੀ ਦੀ ਪੰਚਾਇਤ ਨੇ ਐਨਰਜੀ ਡਰਿੰਕ ਅਤੇ ਡਰੱਗ 'ਤੇ ਲਗਾਈ ਪਾਬੰਦੀ



ਉਪਲੀ-ਸੰਗਰੂਰ ਜ਼ਿਲ੍ਹੇ ਦੇ ਪਿੰਡ ਉੱਪਲੀ ਦੀ ਪੰਚਾਇਤ ਨੇ ਨੌਜਵਾਨਾਂ ਅਤੇ ਬੱਚਿਆਂ ਨੂੰ ਨਸ਼ਿਆਂ ਤੋਂ ਬਚਾਉਣ ਲਈ ਸਖ਼ਤ ਫ਼ੈਸਲੇ ਲੈਂਦਿਆਂ ਇੱਕ ਮਹੱਤਵਪੂਰਨ ਮੁਹਿੰਮ ਸ਼ੁਰੂ ਕੀਤੀ ਹੈ। ਪੰਚਾਇਤ ਨੇ ਮਤਾ ਪਾਸ ਕਰਕੇ ਪਿੰਡ ਵਿੱਚ ਸਟਿੰਗ, ਚਾਰਜ, ਰੈੱਡ ਬੁੱਲ ਅਤੇ ਹੈਲ ਵਰਗੀਆਂ ਐਨਰਜੀ ਡਰਿੰਕਸ 'ਤੇ ਪੂਰਨ ਬੈਨ ਲਗਾ ਦਿੱਤਾ ਹੈ। ਪਿੰਡ ਦੇ ਸਾਰੇ ਐਂਟਰੀ ਪੁਆਇੰਟਾਂ 'ਤੇ ਇਸ ਸਬੰਧੀ ਵੱਡੀਆਂ ਫਲੈਕਸਾਂ ਲਗਾਈਆਂ ਗਈਆਂ ਹਨ, ਜਿਨ੍ਹਾਂ 'ਤੇ ਸਪੱਸ਼ਟ ਸੁਨੇਹਾ ਹੈ ਕਿ ਕੋਈ ਵੀ ਦੁਕਾਨਦਾਰ ਇਹ ਡਰਿੰਕਸ ਨਾ ਰੱਖੇ ਅਤੇ ਨਾ ਹੀ ਵੇਚੇ। ਜੇਕਰ ਕੋਈ ਦੁਕਾਨਦਾਰ ਇਸ ਦੀ ਉਲੰਘਣਾ ਕਰਦਾ ਹੈ, ਤਾਂ ਉਸ ਦਾ ਸਮਾਜਕ ਬਾਈਕਾਟ ਕੀਤਾ ਜਾਵੇਗਾ। ਪਿੰਡ ਦੇ ਦੁਕਾਨਦਾਰਾਂ ਨੇ ਪੰਚਾਇਤ ਦੇ ਇਸ ਫ਼ੈਸਲੇ ਦਾ ਪੂਰਾ ਸਮਰਥਨ ਕੀਤਾ ਅਤੇ ਵਾਅਦਾ ਕੀਤਾ ਕਿ ਉਹ ਅਜਿਹੀਆਂ ਨੁਕਸਾਨਦੇਹ ਡਰਿੰਕਸ ਨਹੀਂ ਵੇਚਣਗੇ।

ਨੌਜਵਾਨ ਸਰਪੰਚ ਨੇ ਦੱਸਿਆ ਕਿ ਐਨਰਜੀ ਡਰਿੰਕਸ, ਖਾਸ ਕਰਕੇ ਲਾਲ ਅਤੇ ਨੀਲੇ ਰੰਗ ਦੀਆਂ ਡਰਿੰਕਸ ਵਿੱਚ ਕੈਫੀਨ ਦੀ ਮਾਤਰਾ ਬਹੁਤ ਜ਼ਿਆਦਾ ਹੁੰਦੀ ਹੈ, ਜੋ ਬੱਚਿਆਂ ਨੂੰ ਨਸ਼ੇ ਦੀ ਆਦਤ ਵੱਲ ਲੈ ਜਾਂਦੀ ਹੈ। ਇਹ ਆਦਤ ਅੱਗੇ ਚੱਲ ਕੇ ਹੋਰ ਗੰਭੀਰ ਨਸ਼ਿਆਂ ਦੀ ਸ਼ੁਰੂਆਤ ਦਾ ਕਾਰਨ ਬਣਦੀ ਹੈ। ਇਸ ਲਈ, ਪੰਚਾਇਤ ਨੇ ਇਸ ਸਮੱਸਿਆ ਨੂੰ ਜੜ੍ਹੋਂ ਖਤਮ ਕਰਨ ਦਾ ਫ਼ੈਸਲਾ ਕੀਤਾ।

**ਇਸ ਮੁਹਿੰਮ ਦੇ ਹਿੱਸੇ ਵਜੋਂ, ਪੰਚਾਇਤ ਨੇ ਹੋਰ ਵੀ ਅਹਿਮ ਫ਼ੈਸਲੇ ਲਏ**

ਐਨਰਜੀ ਡਰਿੰਕਸ 'ਤੇ ਪਾਬੰਦੀ: ਕੋਈ ਵੀ ਦੁਕਾਨਦਾਰ ਐਨਰਜੀ ਡਰਿੰਕਸ ਨਹੀਂ ਵੇਚ ਸਕਦਾ, ਨਹੀਂ ਤਾਂ ਸਮਾਜਕ ਬਾਈਕਾਟ ਦਾ ਸਾਹਮਣਾ ਕਰਨਾ ਪਵੇਗਾ।

ਨਸ਼ਾ ਵੇਚਣ ਜਾਂ ਕਰਨ ਵਾਲਿਆਂ 'ਤੇ ਸਖ਼ਤੀ: ਜੇਕਰ ਕੋਈ ਵਿਅਕਤੀ ਨਸ਼ਾ ਵੇਚਦਾ ਜਾਂ ਵਰਤਦਾ ਫੜਿਆ ਜਾਂਦਾ ਹੈ, ਤਾਂ ਪੰਚਾਇਤ ਜਾਂ ਪਿੰਡ ਵਾਸੀ ਉਸ ਦੀ ਜ਼ਮਾਨਤ ਜਾਂ ਗਵਾਹੀ ਨਹੀਂ ਦੇਣਗੇ, ਅਤੇ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਬਾਹਰੀ ਵਿਆਹ 'ਤੇ ਪਾਬੰਦੀ: ਪਿੰਡ ਦੀ ਕੁੜੀ ਨਾਲ ਵਿਆਹ ਕਰਕੇ ਆਉਣ ਵਾਲੇ ਮੁੰਡੇ ਨੂੰ ਪਿੰਡ ਵਿੱਚ ਦਾਖਲ ਨਹੀਂ ਹੋਣ ਦਿੱਤਾ ਜਾਵੇਗਾ।

ਪ੍ਰਵਾਸੀਆਂ ਦੀ ਵੈਰੀਫਿਕੇਸ਼ਨ: ਮਕਾਨ ਮਾਲਕ ਨੂੰ ਪ੍ਰਵਾਸੀਆਂ ਦੀ ਪੁਲਿਸ ਵੈਰੀਫਿਕੇਸ਼ਨ ਕਰਵਾਉਣੀ ਪਵੇਗੀ ਅਤੇ ਇਸ ਦੀ ਕਾਪੀ ਪੰਚਾਇਤ ਨੂੰ ਦੇਣੀ ਹੋਵੇਗੀ। ਪ੍ਰਵਾਸੀਆਂ ਦੇ ਆਧਾਰ ਜਾਂ ਵੋਟਰ ਕਾਰਡ ਨਹੀਂ ਬਣਾਏ ਜਾਣਗੇ।

ਜਾਇਦਾਦ ਦੀ ਖਰੀਦ-ਵੇਚ: ਜਾਇਦਾਦ ਦੀ ਵਿਕਰੀ ਲਈ ਪਰਿਵਾਰ ਦੀ ਸਹਿਮਤੀ ਜ਼ਰੂਰੀ ਹੋਵੇਗੀ, ਨਹੀਂ ਤਾਂ ਕੋਈ ਗਵਾਹੀ ਨਹੀਂ ਦਿੱਤੀ ਜਾਵੇਗੀ।

ਡੀਜੇ 'ਤੇ ਸਮਾਂ ਸੀਮਾ: ਖੁਸ਼ੀ ਦੇ ਮੌਕਿਆਂ 'ਤੇ ਡੀਜੇ ਰਾਤ 10 ਵਜੇ ਤੱਕ ਹੀ ਵਜਾਇਆ ਜਾ ਸਕਦਾ ਹੈ, ਨਹੀਂ ਤਾਂ ਕਾਨੂੰਨੀ ਕਾਰਵਾਈ ਹੋਵੇਗੀ।

ਟਰੈਕਟਰ ਡੈਕ 'ਤੇ ਪਾਬੰਦੀ: ਪਿੰਡ ਦੀਆਂ ਸੜਕਾਂ 'ਤੇ ਟਰੈਕਟਰ ਡੈਕ ਨਹੀਂ ਚੱਲਣਗੇ।

ਮੋਟਰਸਾਈਕਲ ਦੇ ਪਟਾਕੇ ਅਤੇ ਹਾਰਨ: ਪਟਾਕੇ ਵਾਲੀਆਂ ਮੋਟਰਸਾਈਕਲਾਂ ਜਾਂ ਵੱਡੇ ਹਾਰਨ ਵਰਤਣ ਵਾਲਿਆਂ 'ਤੇ ਕਾਰਵਾਈ ਹੋਵੇਗੀ।

ਮੈਡੀਕਲ ਸਖ਼ਤੀ: ਕੋਈ ਮੈਡੀਕਲ ਸਟੋਰ ਸਰਿੰਜ ਨਹੀਂ ਦੇ ਸਕਦਾ, ਅਤੇ ਉਲੰਘਣਾ 'ਤੇ ਕਾਨੂੰਨੀ ਕਾਰਵਾਈ ਹੋਵੇਗੀ।

## ਯੂਕਰੇਨ ਲਈ ਸੁਰੱਖਿਆ ਗਾਰੰਟੀਆਂ ਬਾਰੇ ਕੰਮ 10 ਦਿਨਾਂ 'ਚ ਪੂਰਾ ਹੋ ਜਾਵੇਗਾ: ਜ਼ੇਲੈਂਸਕੀ

ਯੂਕਰੇਨ ਦੇ ਰਾਸ਼ਟਰਪਤੀ ਵਲੋਦੀਮੀਰ ਜ਼ੇਲੈਂਸਕੀ ਨੇ ਆਪਣੇ ਅਮਰੀਕੀ ਹਮਰੁਤਬਾ ਡੋਨਲਡ ਟਰੰਪ ਤੇ ਯੂਰੋਪੀਅਨ ਆਗੂਆਂ ਨਾਲ ਮੁਲਾਕਾਤ ਤੋਂ ਬਾਅਦ ਮੰਗਲਵਾਰ ਨੂੰ ਕਿਹਾ ਕਿ ਕੀਵ ਦੀ ਸੁਰੱਖਿਆ ਨਾਲ ਜੁੜੀਆਂ ਜਾਮਨੀਆਂ ਬਾਰੇ 10 ਦਿਨਾਂ ਅੰਦਰ ਕੰਮ ਕੀਤੇ ਜਾਣ ਦੀ ਸੰਭਾਵਨਾ ਹੈ।

ਜ਼ੇਲੈਂਸਕੀ ਨੇ ਆਗੂਆਂ ਨਾਲ ਬੈਠਕਾਂ ਮਗਰੋਂ ਪ੍ਰੈੱਸ ਬ੍ਰੀਫਿੰਗ ਦੌਰਾਨ ਕਿਹਾ, ''ਸੁਰੱਖਿਆ ਗਾਰੰਟੀਆਂ ਸ਼ਾਇਦ ਸਾਡੇ ਭਾਈਵਾਲਾਂ ਵੱਧਲੋਂ 'ਖੋਲ੍ਹੀਆਂ' ਜਾਣਗੀਆਂ, ਅਤੇ ਹੋਰ ਵੇਰਵੇ ਸਾਹਮਣੇ ਆਉਣਗੇ। ਇਹ ਸਭ ਕੁਝ ਅਗਲੇ ਹਫ਼ਤੇ ਤੋਂ 10 ਦਿਨਾਂ ਅੰਦਰ ਰਸਮੀ ਤੌਰ 'ਤੇ ਦਸਤਾਵੇਜ਼ੀ ਰੂਪ ਵਿਚ ਲਾਗੂ ਹੋ ਜਾਵੇਗਾ।''


## CHANGE OF NAME

I, JOGA S/O MR PAKHAR WHOSE PERMANENT ADDRESS IN INDIA IS VPO BHARSINGHPUR, JALANDHAR, PUNJAB AND IS NOW LIVING AT 1103 FOLESHILL ROAD, COVENTRY CV6 6EP HEREBY GIVE NOTICE OF MY INTENTION TO CHANGE MY NAME TO JOGA (GIVEN NAME) SINGH (SURNAME). (U/I)

## CHANGE OF NAME

Please one tick box
- ☐ £30 Print in UK only
- ☐ £60 Print UK & India
- ☐ £80 Print UK & India (Express)

NOTE: Please allow 28 days for publication in India

I MR / MRS / MISS ____

SON / DAUGHTER / WIFE OF MR ____

WHOSE PERMANENT ADDRESS IN INDIA IS ____

____

AND IS NOW LIVING AT ____

____ HEREBY GIVE NOTICE OF MY INTENTION

TO CHANGE MY NAME TO ____

TEL ____

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**

**TO PAY BY CREDIT CARD TEL: 01332-372851**

Account Name: Punjab Times Trust Ltd
Account No: 20853011 Sort Code: 20-25-85


## ਇੰਗਲੈਂਡ ਦੇ ਸਿੱਖ ਆਗੂਆਂ ਨੇ ਗਿਆਨੀ ਹਰਪ੍ਰੀਤ ਸਿੰਘ ਨੂੰ ਅਕਾਲੀ ਦਲ ਦਾ ਪ੍ਰਧਾਨ ਬਣਾਏ ਜਾਣ ਦਾ ਕੀਤਾ ਸੁਵਾਗਤ

### ✪ ਬੀਬੀ ਸਤਵੰਤ ਕੌਰ ਨੂੰ ਧਾਰਮਿਕ ਕੌਂਸਲ ਦੇ ਚੇਅਰਪਰਸਨ ਬਣਾਉਣ ਤੇ ਸਮੁੱਚੇ ਆਗੂਆਂ ਦਾ ਕੀਤਾ ਧੰਨਵਾਦ



ਲੈਸਟਰ-(ਸੁਖਜਿੰਦਰ ਸਿੰਘ ਢੱਡੇ)-ਇੰਗਲੈਂਡ ਦੇ ਸਿੱਖ ਆਗੂਆਂ ਸ ਰਾਜਮਨਵਿੰਦਰ ਸਿੰਘ ਰਾਜਾ ਕੰਗ ਬੁਲਾਰਾ ਤੀਰ ਗਰੁੱਪ,ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਗੁਰਦੁਆਰਾ ਸਾਹਿਬ ਲੈਸਟਰ ਦੇ ਪ੍ਰਧਾਨ ਸ ਗੁਰਨਾਮ ਸਿੰਘ ਨਵਾਂ ਸ਼ਹਿਰ, ਤੀਰ ਗਰੁੱਪ ਦੇ ਚੇਅਰਮੈਨ ਬਰਿੰਦਰ ਸਿੰਘ ਬਿੱਟੂ ਅਤੇ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸਮੁੱਚੇ ਪ੍ਰਬੰਧ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਨਵ ਨਿਯੁਕਤ ਪ੍ਰਧਾਨ ਸਾਬਕਾ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜੀ ਨੂੰ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਨਿਯੁਕਤ ਹੋਣ ਅਤੇ ਸ਼ਹੀਦ ਭਾਈ ਅਮਰੀਕ ਸਿੰਘ ਜੀ ਦੀ ਸਪੁੱਤਰੀ ਬੀਬੀ ਸਤਵੰਤ ਕੌਰ ਜੀ ਨੂੰ ਧਾਰਮਿਕ ਕੌਂਸਲ ਦੇ ਚੇਅਰਪਰਸਨ ਬਣਾਉਣ ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਹਾਈ ਕਮਾਂਡ ਦਾ ਧੰਨਵਾਦ ਕੀਤਾ ਹੈ।

ਸ ਕੰਗ, ਸ ਬਿੱਟੂ ਅਤੇ ਗੁਰਨਾਮ ਸਿੰਘ ਨੇ ਸਾਂਝੇ ਤੌਰ ਤੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪ੍ਰਵਾਨਿਤ ਪੰਜ ਮੈਂਬਰੀ ਭਰਤੀ ਕਮੇਟੀ ਦੇ ਮੈਂਬਰਾਂ ਵੱਲੋਂ ਬਹੁਤ ਇਮਾਨਦਾਰੀ ਨਾਲ ਆਪਣੀ ਜ਼ਿੰਮੇਵਾਰੀ ਨਿਭਾਈ ਗਈ, ਜਿਸ ਦੇ ਫਲਸਰੂਪ ਬਿਨਾਂ ਕਿਸੇ ਤਣਾਓ ਤੋ ਪ੍ਰਧਾਨਗੀ ਦੀ ਚੋਣ ਕੀਤੀ ਗਈ। ਉਕਤ ਆਗੂਆਂ ਨੇ ਕਿਹਾ ਕਿ ਅਸੀਂ ਆਸ ਕਰਦੇ ਹਾਂ ਕਿ ਸਾਡੀ ਨਵੀਂ ਲੀਡਰਸ਼ਿਪ ਨਿਮਰਤਾ ਸਹਿਤ ਬਾਕੀ ਆਗੂਆਂ ਨਾਲ ਪੇਸ਼ ਆਉਣ ਜਿਸ ਨਾਲ ਆਪਸੀ ਇਤਫਾਕ ਅਤੇ ਏਕਤਾ ਦੀ ਸੰਭਾਵਨਾ ਵੱਧ ਸਕੇ।

# UNITED NATIONS CHARTER PROMISES (WHAT WOULD HAPPEN WITHOUT RULES)

Right now something very dangerous is unfolding, not just in Sudan or Gaza but in our international system. We are witnessing the slow unravelling of a promise made nearly 80 years ago, that no country should again unchecked power to dominate, destroy or displace. The promise was in the United Nation charter in 1945 , which came out of the horrors of world wars and the atrocities of the holocaust. Countries around the world came together, not only in hope, but in fear of what humanity could do when left without rules. The charter mission was simple but profound to prevent war and protect countries ad there people and promote peace and reconciliation. In today world have we not learned from the past, we have to reflect on this as the same kind of bystander behaviour that existed during the holocaust. Silence then cost millions of lives. In 1945, 50 nations gathered in San Francisco to create a framework for peace. The UN charter was clear no country could use force to seize another and every person had the right to safety. It laid the foundation for a world where there is diplomacy not wars. A world where national budget favored cooperation and understanding over militarization, but now the framework is crackling. This is not just about one country it is about a principle that no one is above the law, because if some are, then no one is safe. Imagining a world without UN charter. No agreed rules No accountability. No Geneva convention or No international courts and no peacekeepers just power and money and force. Peace is never passive it takes planning, people and funding but right now the scales are tipped towards destruction and its people and our world who pays the price. We must ask ourselves what kind of world are we leaving behind. A world where there is no consequences where the cries of a family are drowned out by greed, power and control. The international community is watching as the pillars of international law and the accountability are cracklings across the world. From Ukraine to Gaza and beyond, the erosion of humanity is unfolding in plain sights its civilians who bear the brunt. Bombing and devestation, Children suffering and buried beneath the rubble. Starvation used as weapon, while the world watches and those who care deeply the pain of witnessing this unfolding horror is unbearable. When the UN charter was written it promised never again but what happens when the charter is ignored, when those with power to act look away, walk away from their responsibility. Silence is not neutral its a decision and one history will remember, we will remember





ਲੰਬੜਦਾਰ ਧਰਮਵੀਰ ਸਿੰਘ ਕਲੇਰ, ਕਵੈਂਟਰੀ

**From : LAMBARDAR DHARMVEER SINGH CLAIRE COVENTRY**

# ਆਓ ਘਰੇ ਬੈਠੇ ਆਪਣੀ ਮਾਂ ਬੋਲੀ ਪੰਜਾਬੀ ਸਿੱਖੀਏ

ਪੰਜਾਬ ਟਾਈਮਜ਼ ਨੂੰ ਲਗਾਤਾਰ ਸਹਿਯੋਗ ਦੇਣ ਵਾਲੇ ਸਾਡੇ ਬਹੁਤ ਹੀ ਸੁਹਿਰਦ ਸੱਜਣਾਂ ਦੇ ਸੁਝਾਅ ’ਤੇ ਇਹ ਨਵਾਂ ਕਾਲਮ ਪੰਜਾਬੀ ਸਿੱਖਣ ਦੇ ਚਾਹਵਾਨਾਂ ਲਈ ਸ਼ੁਰੂ ਕੀਤਾ ਗਿਆ ਹੈ। ਇਸ ਵਿੱਚ ਹਰ ਹਫ਼ਤੇ ਅਗਲਾ ਨਵਾਂ ਪਾਠ ਲਈ ਦਿੱਤਾ ਜਾਂਦਾ ਹੈ ....


**ਜਿਸ ਕਿਤਾਬ ਤੋਂ ਇਹ ਸਬਕ ਸ਼ੁਰੂ ਕੀਤਾ ਗਿਆ ਹੈ, ਇਸ ਦੇ ਚਾਰ ਭਾਗ (ਲੈਵਲ) ਹਨ। ਇਥੇ ਇਹ ਸਬਕ ਪਹਿਲੇ ਭਾਗ ਵਿੱਚੋਂ ਹੈ .....**

**ਹੁਣ ਤੁਸੀਂ ਕੀ ਕਰਨਾ ਹੈ?**

ਆਪਣੇ ਬੱਚੇ ਨੂੰ ਗੁਰਮੁਖੀ ਅੱਖਰਾਂ ਦੀ ਪਛਾਣ ਕਰਵਾਓ ਤੇ ਅੱਖਰ ਬੋਲਣੇ ਦੱਸੋ। ਪੂਰਾ ਹਫਤਾ ਹਰ ਰੋਜ਼ ਇੱਕ ਵਾਰ ਬੱਚੇ ਨਾਲ ਕੁੱਝ ਮਿੰਟ ਸਮਾਂ ਜ਼ਰੂਰ ਬਿਤਾਓ, ਉਹ ਜਲਦੀ ਹੀ ਸਿੱਖਣਾ ਸ਼ੁਰੂ ਕਰ ਦੇਵੇਗਾ। ਇੰਝ ਆਪਾਂ ਆਪਣੇ ਬੱਚਿਆਂ ਨੂੰ ਆਪਣੀ ਮਾਂ ਬੋਲੀ ਅਤੇ ਵਿਰਸੇ ਨਾਲ ਜੋੜ ਸਕਾਂਗੇ।

**ਜਿਹਨਾਂ ਨੇ ਬੱਚਿਆਂ ਨੂੰ ਪੰਜਾਬੀ ਸਿਖਾਉਣੀ ਸ਼ੁਰੂ ਕੀਤੀ ਹੈ, ਸਾਨੂੰ ਇਸ ਬਾਰੇ ਲਿਖ ਕੇ ਸੁਝਾਅ ਜ਼ਰੂਰ ਭੇਜੋ ...**


ਘਰ ਬੈਠੇ ਆਪ ਵੀ ਗੁਰਮੁਖੀ (ਪੰਜਾਬੀ) ਸਿੱਖ ਸਕਦੇ ਹੋ ਤੇ ਆਪਣੇ ਬੱਚਿਆਂ ਨੂੰ ਵੀ ਇਹਨਾਂ ਕਿਤਾਬਾਂ ਦੀ ਮਦਦ ਨਾਲ ਸਿਖਾ ਸਕਦੇ ਹੋ। 4 ਕਿਤਾਬਾਂ ਦੇ ਸੈਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ ’ਤੇ ਡਿਸਕਾਊਂਟ ਦਿੰਦੇ ਹਾਂ।




ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ ’ਤੇ ਸੰਪਰਕ ਕਰ ਸਕਦੇ ਹੋ

PANJAB TIMES, Bridle Gate Lane, Derby, DE24 0QW, U.K.
Email:panjabtimes@gmail.com, www.panjabtimes.uk
WhatsApp No. 07966 388 388


## ਆਓ ਪੈਂਤੀ ਅੱਖਰਾਂ ਨੂੰ ਪੜ੍ਹਨਾ ਤੇ ਲਿਖਣਾ ਸਿਖੀਏ...

ਪਾਠ 15

ਪੈਂਤੀ (Gurmukhi Alphabet) Practice reading & writing

| | | | | |
|---|---|---|---|---|
| ੳ<br>O<br>ਊੜਾ<br>OORAA | ਅ<br>A<br>ਐੜਾ<br>AIRAA | ੲ<br>E or I<br>ਈੜੀ<br>EEREE | ਸ<br>S<br>ਸੱਸਾ<br>SA'SSAA | ਹ<br>H<br>ਹਾਹਾ<br>HA'HAA |
| ਕ<br>K<br>ਕੱਕਾ<br>KA'KKAA | ਖ<br>KH<br>ਖੱਖਾ<br>KH'KHAA | ਗ<br>G<br>ਗੱਗਾ<br>GA'GGAA | ਘ<br>GH<br>ਘੱਗਾ<br>GHA'GGAA | ਙ<br>NGA<br>ਙੰਙਾ<br>AGA'NGAA |
| ਚ<br>CH<br>ਚੱਚਾ<br>CHA'CHAA | ਛ<br>CHH<br>ਛੱਛਾ<br>CHHA'CHHAA | ਜ<br>J<br>ਜੱਜਾ<br>JA'JJAA | ਝ<br>JH<br>ਝੱਜਾ<br>JHA'JJAA | ਞ<br>NJA<br>ਞੰਞਾ<br>YAN'YAAN |
| ਟ<br>T<br>ਟੈਂਕਾ<br>TAIN'KAA | ਠ<br>TH<br>ਠੱਠਾ<br>THA'TTHAA | ਡ<br>D<br>ਡੱਡਾ<br>DA'DDAA | ਢ<br>DH<br>ਢੱਡਾ<br>DHA'DDAA | ਣ<br>NA<br>ਣਾਣਾ<br>NAH'NHAA |
| ਤ<br>T<br>ਤੱਤਾ<br>TA'TTAA | ਥ<br>TH<br>ਥੱਥਾ<br>THA'THAA | ਦ<br>D<br>ਦੱਦਾ<br>DA'DAA | ਧ<br>DH<br>ਧੱਦਾ<br>DHA'DAA | ਨ<br>N<br>ਨੰਨਾ<br>NA'NNAA |
| ਪ<br>P<br>ਪੱਪਾ<br>PA'PPAA | ਫ<br>F<br>ਫੱਫਾ<br>FAFAA | ਬ<br>B<br>ਬੱਬਾ<br>BA'BBAA | ਭ<br>BH<br>ਭੱਬਾ<br>BHA'BBAA | ਮ<br>M<br>ਮੰਮਾ<br>MA'MMAA |
| ਯ<br>Y<br>ਯਈਆ<br>YAIYYAA | ਰ<br>R<br>ਰਾਰਾ<br>RAARAA | ਲ<br>L<br>ਲੱਲਾ<br>LA'LLAA | ਵ<br>V or W<br>ਵਾਵਾ<br>VAVVAA | ੜ<br>RH<br>ੜਾੜਾ<br>RAHRHAA |
| ਸ਼<br>SH<br>ਸ਼ਸ਼ਾ | ਖ਼<br>KH<br>ਖ਼ਖ਼ਾ | ਗ਼<br>G<br>ਗ਼ਗ਼ਾ | ਜ਼<br>Z<br>ਜ਼ਜ਼ਾ | ਫ਼<br>PH<br>ਫ਼ਫ਼ਾ |

ਸਿੱਖਿਆ - ਗੁਰਮੁਖੀ Page 31 Level I

# MANAK SOLICITORS



## Aneeta Kaur Kang
Family Director

Aneeta heads up our Family department and is accredited by the Law Society's Advanced Family Law panel, evidencing her excellent knowledge. She prides herself on being approachable and will always ensure her clients receive the utmost level of care.

Gravesend | Orpington | Sevenoaks | London



manaksolicitors.co.uk
**0800 634 9726**

Google
4.9/5 CUSTOMER REVIEWS

Lexcel
Legal Practice Quality Mark
Law Society Accredited



**Rajbir Singh Manak MA (Hons)**

**Surinder Singh Manak LLB (Hons)**


Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.

# ਗੁਰੂ ਹਰਕ੍ਰਿਸ਼ਨ ਸਕੂਲਾਂ ਦੇ ਅਧਿਆਪਕਾਂ ਦੀਆਂ ਤਨਖਾਹਾਂ ਦਾ ਸੰਕਟ ਗੰਭੀਰ ਹੋਇਆ

## ✪ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਜ਼ਿੰਮੇਵਾਰ ✪ ਕਿਉਂ ਹਨ ਅਧਿਆਪਕਾਂ ਦੀਆਂ ਤਨਖਾਹਾਂ ਪੈਡਿੰਗ ?

### ਨਿਊਜ ਵਿਸ਼ਲੇਸ਼ਣ

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਚੱਲ ਰਹੇ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲਾਂ ਵਿੱਚ ਕੰਮ ਕਰਦੇ ਅਧਿਆਪਕਾਂ ਅਤੇ ਸਟਾਫ ਦੀਆਂ ਬਕਾਇਆ ਤਨਖਾਹਾਂ ਦਾ ਮਸਲਾ ਹੁਣ ਸਿਰਫ਼ ਵਿੱਤੀ ਵਿਵਾਦ ਨਹੀਂ ਰਿਹਾ, ਸਗੋਂ ਇਹ ਸਿੱਖ ਸੰਸਥਾਵਾਂ ਦੀ ਪਾਰਦਰਸ਼ਤਾ, ਜਵਾਬਦੇਹੀ ਅਤੇ ਪ੍ਰਬੰਧਕੀ ਸਮਰੱਥਾ 'ਤੇ ਸਵਾਲ ਖੜ੍ਹੇ ਕਰਦਾ ਹੈ। ਇਹ ਸਕੂਲ, ਜੋ ਸਿੱਖ ਵਿਦਿਆਰਥੀਆਂ ਨੂੰ ਪੰਜਾਬੀ ਅਤੇ ਗੁਰਮਤਿ ਅਧਾਰਿਤ ਸਿੱਖਿਆ ਦੇਣ ਦੇ ਦਾਅਵੇ ਨਾਲ ਸਥਾਪਿਤ ਕੀਤੇ ਗਏ ਸਨ, ਅੱਜ ਆਪਣੇ ਹੀ ਕਰਮਚਾਰੀਆਂ ਨੂੰ ਸਮੇਂ ਸਿਰ ਤਨਖਾਹਾਂ ਅਦਾ ਕਰਨ ਵਿੱਚ ਅਸਫਲ ਸਾਬਤ ਹੋ ਰਹੇ ਹਨ। ਅਧਿਆਪਕਾਂ ਦੀਆਂ ਬਕਾਇਆ ਤਨਖਾਹਾਂ ਦੀ ਰਕਮ 150 ਕਰੋੜ ਰੁਪਏ ਤੋਂ ਵੱਧ ਹੋ ਚੁੱਕੀ ਹੈ, ਜਿਸ ਵਿੱਚ 6ਵੇਂ ਅਤੇ 7ਵੇਂ ਤਨਖਾਹ ਕਮਿਸ਼ਨ ਅਨੁਸਾਰ ਬਕਾਇਆ ਤਨਖਾਹਾਂ ਅਤੇ ਰਿਟਾਇਰਮੈਂਟ ਲਾਭ ਸ਼ਾਮਲ ਹਨ।

ਇਸ ਸੰਕਟ ਦੀ ਸ਼ੁਰੂਆਤ ਕਈ ਸਾਲ ਪਹਿਲਾਂ ਹੋਈ ਸੀ, ਜਦੋਂ ਦਿੱਲੀ ਗੁਰਦੁਆਰਾ ਕਮੇਟੀ ਨੇ ਸਕੂਲਾਂ ਦੇ ਸਟਾਫ ਨੂੰ ਸਮੇਂ ਸਿਰ ਤਨਖਾਹਾਂ ਅਦਾ ਕਰਨ ਵਿੱਚ ਅਣਗਹਿਲੀ ਵਰਤੀ। ਅਧਿਆਪਕਾਂ ਦਾ ਦੋਸ਼ ਹੈ ਕਿ ਕਮੇਟੀ ਦੀ ਲਾਪਰਵਾਹੀ ਅਤੇ ਮਾੜੇ ਪ੍ਰਬੰਧਕੀ ਫੈਸਲਿਆਂ ਕਾਰਨ ਉਨ੍ਹਾਂ ਨੂੰ ਆਰਥਿਕ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਨਾਲ ਨਾ ਸਿਰਫ਼ ਅਧਿਆਪਕਾਂ ਦੀ ਜੀਵਨ-ਪੱਧਰ 'ਤੇ ਅਸਰ ਪਿਆ, ਸਗੋਂ ਸਕੂਲਾਂ ਦੀ ਸਿੱਖਿਆ ਦੀ ਗੁਣਵੱਤਾ ਵੀ ਪ੍ਰਭਾਵਿਤ ਹੋਈ।

ਸਿੱਖ ਭਾਈਚਾਰੇ ਵਿੱਚ ਇਹ ਸਵਾਲ ਉੱਠ ਰਿਹਾ ਹੈ ਕਿ ਜੇ ਗੁਰਦੁਆਰਾ ਸਾਹਿਬ ਵਰਗੀਆਂ ਪਵਿੱਤਰ ਸੰਸਥਾਵਾਂ ਅਧੀਨ ਚੱਲਣ ਵਾਲੇ ਸਕੂਲ ਆਪਣੇ ਕਰਮਚਾਰੀਆਂ ਦੀਆਂ ਬੁਨਿਆਦੀ ਜ਼ਰੂਰਤਾਂ ਨਹੀਂ ਪੂਰੀਆਂ ਕਰ ਸਕਦੇ, ਤਾਂ ਇਹ ਸੰਸਥਾਵਾਂ ਸਿੱਖ ਕੌਮ ਦੀ ਸੇਵਾ ਕਿਵੇਂ ਕਰ ਸਕਦੀਆਂ ਹਨ ?

#### ਅਦਾਲਤ ਵਿਚ ਮੱਸਲਾ ਨਮੋਸ਼ੀ ਦਾ ਕਾਰਣ

ਇਸ ਮਸਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਅਧਿਆਪਕਾਂ ਨੇ ਮਜਬੂਰਨ ਦਿੱਲੀ ਹਾਈ ਕੋਰਟ ਦਾ ਰੁਖ ਕੀਤਾ। 16 ਨਵੰਬਰ 2021 ਨੂੰ ਅਦਾਲਤ ਨੇ ਸਪੱਸ਼ਟ ਹੁਕਮ ਜਾਰੀ ਕੀਤੇ ਸਨ ਕਿ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲਾਂ ਦੇ ਅਧਿਆਪਕਾਂ ਨੂੰ 6ਵੇਂ ਅਤੇ 7ਵੇਂ ਤਨਖਾਹ ਕਮਿਸ਼ਨ ਅਨੁਸਾਰ ਤਨਖਾਹਾਂ ਅਤੇ ਬਕਾਇਆ 6% ਵਿਆਜ ਸਮੇਤ ਛੇ ਮਹੀਨਿਆਂ ਦੇ ਅੰਦਰ ਅਦਾ ਕੀਤੇ ਜਾਣ। ਪਰ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਨ੍ਹਾਂ ਹੁਕਮਾਂ ਦੀ ਪਾਲਣਾ ਨਹੀਂ ਕੀਤੀ, ਜਿਸ ਨੂੰ ਅਦਾਲਤ ਨੇ 2022-2023 ਵਿੱਚ "ਜਾਣਬੁੱਝ ਕੇ ਅਣਪਾਲਣਾ" ਮੰਨਿਆ।



ਇਸ ਅਣਪਾਲਣਾ ਕਾਰਨ ਅਦਾਲਤ ਨੇ ਫਰਵਰੀ 2024 ਵਿੱਚ ਦਿਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਵਿੱਤੀ ਸਥਿਤੀ 'ਤੇ ਸਵਾਲ ਉਠਾਏ ਅਤੇ ਇੱਕ ਫੋਰੈਂਸਿਕ ਆਡੀਟਰ ਨਿਯੁਕਤ ਕੀਤਾ। ਅਦਾਲਤ ਨੇ ਸਕੂਲਾਂ ਦੀ ਆਮਦਨੀ, ਜਿਵੇਂ ਕਿ ਕਿਰਾਏ ਦੀ ਆਮਦਨ, ਨੂੰ ਬਕਾਇਆ ਅਦਾਇਗੀ ਲਈ ਰੋਕਣ ਦੇ ਹੁਕਮ ਦਿੱਤੇ। ਮਈ 2025 ਵਿੱਚ ਜਸਟਿਸ ਅਨੀਸ਼ ਦਿਆਲ ਨੇ ਇੱਕ ਮਹੱਤਵਪੂਰਨ ਫੈਸਲਾ ਸੁਣਾਉਂਦੇ ਹੋਏ ਦਿਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਸੋਸਾਇਟੀ ਨੂੰ ਹਰਿਆਣਾ ਦੇ ਬਿਗਾਰ ਵਿੱਚ 292 ਏਕੜ ਅਤੇ ਦਿੱਲੀ ਦੇ ਸ਼ਾਹਦਰਾ ਵਿੱਚ 15 ਏਕੜ ਜ਼ਮੀਨ 'ਤੇ ਕਿਸੇ ਵੀ ਤੀਜੀ ਧਿਰ ਦਾ ਹੱਕ ਬਣਾਉਣ, ਤਬਦੀਲ ਕਰਨ ਜਾਂ ਲੀਜ਼ 'ਤੇ ਦੇਣ ਤੋਂ ਰੋਕ ਦਿੱਤਾ।

ਅਦਾਲਤ ਨੇ ਸਰਕਾਰੀ ਮੁੱਲਕਰਤਾ ਨਿਤੇਸ਼ ਸ੍ਰੀਵਾਸਤਵਾ ਨੂੰ ਇਨ੍ਹਾਂ ਜਾਇਦਾਦਾਂ ਦਾ ਮੁੱਲਾਂਕਣ ਕਰਨ ਅਤੇ 7 ਸਤੰਬਰ 2025 ਤੱਕ ਰਿਪੋਰਟ ਪੇਸ਼ ਕਰਨ ਦੇ ਹੁਕਮ ਦਿੱਤੇ, ਕਿਉਂਕਿ ਅਦਾਲਤ ਦਾ ਮੰਨਣਾ ਹੈ ਕਿ ਇਨ੍ਹਾਂ ਜਾਇਦਾਦਾਂ ਦੀ ਕੀਮਤ ਲਗਭਗ 400 ਕਰੋੜ ਰੁਪਏ ਹੋ ਸਕਦੀ ਹੈ, ਜੋ ਬਕਾਇਆ ਅਦਾਇਗੀ ਲਈ ਮਦਦਗਾਰ ਸਾਬਤ ਹੋ ਸਕਦੀ ਹੈ।

#### ਸਿੱਖ ਸੰਗਤਾਂ ਵਿਚ ਰੋਸ

ਕਈ ਸਿੱਖ ਪੰਥਕ ਆਗੂ ਅਤੇ ਸੰਗਤਾਂ ਦਾ ਮੰਨਣਾ ਹੈ ਕਿ ਦਿਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅਣਗਹਿਲੀ ਕਾਰਨ ਸਕੂਲਾਂ ਦੀ ਵਿੱਤੀ ਸਥਿਤੀ ਇੰਨੀ ਖਰਾਬ ਹੋਈ ਕਿ ਹੁਣ ਗੁਰਦੁਆਰਾ ਸਾਹਿਬ ਅਧੀਨ ਜਾਇਦਾਦ ਵੇਚਣ ਦੀ ਨੌਬਤ ਆ ਗਈ। ਸਾਬਕਾ ਦਿਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਮੌਜੂਦਾ ਪ੍ਰਬੰਧਕਾਂ 'ਤੇ ਵਿੱਲੀ ਕਾਨੂੰਨੀ ਪੈਰਵਾਈ ਅਤੇ ਲਾਪਰਵਾਹੀ ਦੇ ਦੋਸ਼ ਲਗਾਏ ਹਨ। ਉਨ੍ਹਾਂ ਅਨੁਸਾਰ, 30 ਜੂਨ 2023 ਤੱਕ ਦੀ ਕਰਜ਼ਾ ਰਿਪੋਰਟ ਵਿੱਚ 726 ਸੇਵਾਮੁਕਤ ਕਰਮਚਾਰੀਆਂ ਨੂੰ 77.23 ਕਰੋੜ ਅਤੇ 1152 ਸੇਵਾਮੁਕਤ ਕਰਮਚਾਰੀਆਂ ਨੂੰ 234.16 ਕਰੋੜ ਰੁਪਏ ਦੀ ਦੇਣਦਾਰੀ ਸੀ। ਇਸ ਤੋਂ ਇਲਾਵਾ, ਪ੍ਰਾਵੀਡੈਂਟ ਫੰਡ ਅਤੇ ਈ.ਐਸ.ਆਈ. ਫੰਡ ਵਿੱਚ ਵੀ ਵੱਡੀ ਦੇਣਦਾਰੀ ਬਕਾਇਆ ਹੈ।

ਸਿੱਖ ਪ੍ਰਚਾਰਕ ਅਤੇ ਵਿਦਵਾਨ ਸੱਜਣ ਗਿਆਨੀ ਜਗਤਾਰ ਸਿੰਘ ਜਾਚਕ ਨੇ ਦਿਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਭੇਜੇ ਗਏ ਕਾਨੂੰਨੀ ਨੋਟਿਸ ਨੂੰ "ਸਿੱਖ ਬੁੱਧੀਜੀਵੀਆਂ ਨੂੰ ਚੁੱਪ ਕਰਾਉਣ ਦੀ ਸ਼ਰਮਨਾਕ ਕੋਸ਼ਿਸ਼" ਦੱਸਿਆ। ਉਨ੍ਹਾਂ ਦਾ ਦਾਅਵਾ ਹੈ ਕਿ ਇਹ ਨੋਟਿਸ 13 ਮਈ 2025 ਦੇ ਹਾਈ ਕੋਰਟ ਦੇ ਹੁਕਮਾਂ ਦੀ ਉਲੰਘਣਾ ਹੈ, ਜਿਸ ਵਿੱਚ ਜਾਇਦਾਦਾਂ ਦੇ ਤਬਾਦਲੇ 'ਤੇ ਪਾਬੰਦੀ ਲਗਾਈ ਗਈ ਸੀ। ਜਾਚਕ ਨੇ ਚਿਤਾਵਨੀ ਦਿੱਤੀ ਹੈ ਕਿ ਇਸ ਮਸਲੇ ਨੂੰ ਅਗਲੀ ਸੁਣਵਾਈ ਵਿੱਚ ਅਦਾਲਤ ਸਾਹਮਣੇ ਰੱਖਿਆ ਜਾਵੇਗਾ। ਸਿੱਖ ਸੰਗਤਾਂ ਅਤੇ ਪੰਥਕ ਆਗੂਆਂ ਵਿੱਚ ਇਹ ਰੋਸ ਵਧ ਰਿਹਾ ਹੈ ਕਿ ਦਿਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਜਾਇਦਾਦਾਂ, ਜੋ ਸਿੱਖ ਕੌਮ ਦੀ ਅਮਾਨਤ ਹਨ, ਨੂੰ ਵੇਚਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।

#### ਪੰਥਕ ਸੰਸਥਾਵਾਂ ਦੀ ਜਵਾਬਦੇਹੀ ਅਤੇ ਸੁਧਾਰਾਂ ਦੀ ਲੋੜ

ਇਹ ਮਸਲਾ ਸਿਰਫ਼ ਅਧਿਆਪਕਾਂ ਦੀਆਂ ਤਨਖਾਹਾਂ ਦਾ ਨਹੀਂ, ਸਗੋਂ ਸਿੱਖ ਸੰਸਥਾਵਾਂ ਦੀ ਪਾਰਦਰਸ਼ਤਾ ਅਤੇ ਜਵਾਬਦੇਹੀ ਦਾ ਵੀ ਹੈ। ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਜੋ ਪਬਲਿਕ ਟਰੱਸਟ ਵਜੋਂ ਕੰਮ ਕਰਦੀਆਂ ਹਨ, 'ਤੇ ਸਿੱਖ ਭਾਈਚਾਰੇ ਅਤੇ ਕਰਮਚਾਰੀਆਂ ਪ੍ਰਤੀ ਵਿਸ਼ੇਸ਼ ਜ਼ਿੰਮੇਵਾਰੀ ਹੁੰਦੀ ਹੈ। ਪਰ ਦਿਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਗਤੀਵਿਧੀਆਂ ਨੇ ਇਸ ਜ਼ਿੰਮੇਵਾਰੀ 'ਤੇ ਸਵਾਲ ਖੜ੍ਹੇ ਕਰ ਦਿੱਤੇ ਹਨ। ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਸੁਝਾਅ ਦਿੱਤਾ ਹੈ ਕਿ ਸਕੂਲਾਂ ਦਾ ਪ੍ਰਬੰਧ ਸਿਵਲ ਸੋਸਾਇਟੀ ਦੇ ਕਾਬਲ ਅਤੇ ਤਜਰਬੇਕਾਰ ਸਿੱਖਾਂ ਨੂੰ ਸੌਂਪਿਆ ਜਾਵੇ, ਤਾਂ ਜੋ ਵਿੱਤੀ ਸੰਕਟ ਨੂੰ ਹੱਲ ਕੀਤਾ ਜਾ ਸਕੇ।

ਸਿੱਖ ਸੰਗਤਾਂ ਅਤੇ ਪੰਥਕ ਆਗੂਆਂ ਦਾ ਮੰਨਣਾ ਹੈ ਕਿ ਦਿਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੌਜੂਦਾ ਲੀਡਰਸ਼ਿਪ, ਜਿਸ ਵਿੱਚ ਪ੍ਰਧਾਨ ਹਰਮੀਤ ਸਿੰਘ ਕਾਲਕਾ ਅਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਸ਼ਾਮਲ ਹਨ, ਨੇ ਆਪਣੀ ਨੈਤਿਕ ਜਵਾਬਦੇਹੀ ਗੁਆ ਦਿੱਤੀ ਹੈ। ਉਨ੍ਹਾਂ 'ਤੇ ਦੋਸ਼ ਹੈ ਕਿ ਉਹ ਅਦਾਲਤੀ ਹੁਕਮਾਂ ਦੀ ਪਾਲਣਾ ਕਰਨ ਦੀ ਬਜਾਏ ਵਿਰੋਧੀਆਂ 'ਤੇ ਮਨਘੜਤ ਦੋਸ਼ ਲਗਾ ਰਹੇ ਹਨ। ਅਗਸਤ 2025 ਵਿੱਚ ਦਿਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਦਾਅਵਾ ਕੀਤਾ ਕਿ ਉਨ੍ਹਾਂ ਨੇ 2006 ਤੋਂ 2018 ਤੱਕ ਦੀਆਂ ਬਕਾਇਆ ਰਕਮਾਂ ਦੀ ਅਦਾਇਗੀ ਜੁਲਾਈ 2025 ਵਿੱਚ ਪੂਰੀ ਕਰ ਦਿੱਤੀ ਹੈ ਅਤੇ ਅੰਤਿਮ ਕਿਸ਼ਤ ਅਗਸਤ ਦੇ ਅੰਤ ਤੱਕ ਅਦਾ ਕਰ ਦਿੱਤੀ ਜਾਵੇਗੀ। ਪਰ, ਅਧਿਆਪਕਾਂ ਅਤੇ ਵਿਰੋਧੀ ਧਿਰ ਦਾ ਕਹਿਣਾ ਹੈ ਕਿ ਇਹ ਦਾਅਵੇ ਪੂਰੀ ਤਰ੍ਹਾਂ ਸਹੀ ਨਹੀਂ ਹਨ ਅਤੇ ਅਜੇ ਵੀ ਵੱਡੀ ਰਕਮ ਬਕਾਇਆ ਹੈ।

ਇਸ ਮਸਲੇ ਨੇ ਸਿੱਖ ਸੰਸਥਾਵਾਂ ਵਿੱਚ ਸੁਧਾਰਾਂ ਦੀ ਲੋੜ ਨੂੰ ਵੀ ਉਜਾਗਰ ਕੀਤਾ ਹੈ। ਕਈ ਪੰਥਕ ਆਗੂ ਮੰਗ ਕਰ ਰਹੇ ਹਨ ਕਿ ਦਿਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਜਾਇਦਾਦਾਂ ਅਤੇ ਵਿੱਤੀ ਲੈਣ-ਦੇਣ ਦੀ ਪੂਰੀ ਪੜਤਾਲ ਕੀਤੀ ਜਾਵੇ, ਤਾਂ ਜੋ ਇਹ ਸਾਫ ਹੋ ਸਕੇ ਕਿ ਅਧਿਆਪਕਾਂ ਦੀਆਂ ਤਨਖਾਹਾਂ ਲਈ ਪੈਸੇ ਕਿੱਥੇ ਗਏ ? ਸੰਗਤਾਂ ਦਾ ਮੰਨਣਾ ਹੈ ਕਿ ਜੇ ਗੁਰਦੁਆਰਾ ਸਾਹਿਬ ਦੀਆਂ ਜਾਇਦਾਦਾਂ 'ਤੇ ਸਿੱਖ ਕੌਮ ਦਾ ਹੱਕ ਹੈ, ਤਾਂ ਇਨ੍ਹਾਂ ਨੂੰ ਵੇਚਣ ਦੀ ਬਜਾਏ ਸਕੂਲਾਂ ਦੀ ਵਿੱਤੀ ਸਥਿਤੀ ਸੁਧਾਰਨ ਲਈ ਪਾਰਦਰਸ਼ੀ ਪ੍ਰਬੰਧ ਕੀਤੇ ਜਾਣ।

ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲਾਂ ਦੇ ਅਧਿਆਪਕਾਂ ਦੀਆਂ ਬਕਾਇਆ ਤਨਖਾਹਾਂ ਦਾ ਮਸਲਾ ਸਿੱਖ ਭਾਈਚਾਰੇ ਲਈ ਇੱਕ ਵੱਡੀ ਚੁਣੌਤੀ ਬਣ ਗਿਆ ਹੈ। ਇਹ ਸਿਰਫ਼ ਵਿੱਤੀ ਸੰਕਟ ਨਹੀਂ, ਸਗੋਂ ਧਸ਼ਘਫਛ ਦੀ ਪ੍ਰਬੰਧਕੀ ਅਸਫਲਤਾ ਅਤੇ ਅਦਾਲਤੀ ਹੁਕਮਾਂ ਦੀ ਅਣਪਾਲਣਾ ਦਾ ਪ੍ਰਤੀਕ ਹੈ। 7 ਸਤੰਬਰ 2025 ਨੂੰ ਅਦਾਲਤ ਵਿੱਚ ਜਾਇਦਾਦ ਮੁੱਲਾਂਕਣ ਦੀ ਰਿਪੋਰਟ ਪੇਸ਼ ਹੋਣੀ ਹੈ, ਜੋ ਇਸ ਮਸਲੇ ਦੇ ਹੱਲ ਵਿੱਚ ਅਹਿਮ ਭੂਮਿਕਾ ਨਿਭਾਏਗੀ। ਇਸ ਦੌਰਾਨ, ਸਿੱਖ ਸੰਗਤਾਂ ਅਤੇ ਪੰਥਕ ਆਗੂਆਂ ਨੂੰ ਇਸ ਮਾਮਲੇ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਦੀ ਲੋੜ ਹੈ, ਤਾਂ ਜੋ ਸਿੱਖ ਸੰਸਥਾਵਾਂ ਦੀ ਸਾਖ ਅਤੇ ਪਾਰਦਰਸ਼ਤਾ ਨੂੰ ਬਚਾਇਆ ਜਾ ਸਕੇ।

ਇਹ ਕੇਸ ਭਵਿੱਖ ਵਿੱਚ ਧਾਰਮਿਕ ਸੰਸਥਾਵਾਂ ਦੇ ਪ੍ਰਬੰਧਨ ਲਈ ਇੱਕ ਮਹੱਤਵਪੂਰਨ ਮਾਡਲ ਸਥਾਪਤ ਕਰ ਸਕਦਾ ਹੈ। ਜੇ ਦਿਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੇਂ ਸਿਰ ਬਕਾਇਆ ਅਦਾਇਗੀ ਕਰਨ ਵਿੱਚ ਅਸਫਲ ਰਹਿੰਦੀ ਹੈ, ਤਾਂ ਸੰਗਤ ਵਿਚ ਇਹਨਾਂ ਧਾਰਮਿਕ ਸੰਸਥਾਵਾਂ 'ਤੇ ਭਰੋਸਾ ਘਟ ਸਕਦਾ ਹੈ। ਸੰਗਤਾਂ ਦੀ ਮੰਗ ਹੈ ਕਿ ਸਰਕਾਰ ਅਤੇ ਅਦਾਲਤ ਇਸ ਮਸਲੇ 'ਤੇ ਸਖ਼ਤ ਕਾਰਵਾਈ ਕਰੇ, ਤਾਂ ਜੋ ਅਧਿਆਪਕਾਂ ਨੂੰ ਉਨ੍ਹਾਂ ਦਾ ਹੱਕ ਮਿਲ ਸਕੇ ਅਤੇ ਸਿੱਖ ਸੰਸਥਾਵਾਂ ਵਿੱਚ ਜਵਾਬਦੇਹੀ ਯਕੀਨੀ ਬਣਾਈ ਜਾ ਸਕੇ।

# ਸਾਲ 2025 ਦੇ 51,000 ਕੈਨੇਡੀਅਨ ਡਾਲਰ ਦੇ ਢਾਹਾਂ ਸਾਹਿਤ ਇਨਾਮ ਦੇ ਫਾਈਨਲ ਵਿਚ ਪੁੱਜੀਆਂ ਤਿੰਨ ਪੰਜਾਬੀ ਪੁਸਤਕਾਂ ਤੇ ਉਨ੍ਹਾਂ ਲੇਖਕਾਂ ਦੇ ਨਾਵਾਂ ਦਾ ਐਲਾਨ

## ✪ ਮਾਂ-ਬੋਲੀ ਪੰਜਾਬੀ ਦੇ ਸਭ ਤੋਂ ਵੱਡੇ ਢਾਹਾਂ ਸਾਹਿਤ ਇਨਾਮ - 2025 ਵਾਸਤੇ ਤਿੰਨ ਪੰਜਾਬੀ ਪੁਸਤਕਾਂ ਤੇ ਉਨ੍ਹਾਂ ਲੇਖਕਾਂ ਦੇ ਨਾਵਾਂ ਐਲਾਨ ✪ ਪੰਜਾਬੀ ਦੇ ਸਭ ਤੋਂ ਵੱਡੇ 51 ਹਜ਼ਾਰ ਡਾਲਰ ਵਾਲੇ ਢਾਹਾਂ ਸਾਹਿਤ ਇਨਾਮ - 2025 ਲਈ ਬਲਬੀਰ ਪਰਵਾਨਾ, ਮੁਦੱਸਰ ਬਸ਼ੀਰ ਤੇ ਭਗਵੰਤ ਰਸੂਲਪੁਰੀ ਦੀਆਂ ਪੁਸਤਕਾਂ ਦੀ ਚੋਣ




*ਸਾਲ 2025 ਦੇ ਢਾਹਾਂ ਸਾਹਿਤ ਇਨਾਮ ਲਈ ਚੁਣੇ ਗਏ ਤਿੰਨ ਲੇਖਕਾਂ ਬਲਬੀਰ ਪਰਵਾਨਾ, ਮੁਦੱਸਰ ਬਸ਼ੀਰ ਤੇ ਭਗਵੰਤ ਰਸੂਲਪੁਰੀ ਅਤੇ ਉਹਨਾਂ ਪੁਸਤਕਾਂ ਦੀ ਤਸਵੀਰ*

ਸਰੀ-ਕੈਨੇਡਾ ਦੀ ਧਰਤੀ ਤੋਂ ਸਾਲ 2013 ਵਿਚ ਆਰੰਭ ਹੋਏ ਅਤੇ ਪੰਜਾਬੀ ਸਾਹਿਤ ਦੇ ਪ੍ਰਚਾਰ-ਪ੍ਰਸਾਰ ਨੂੰ ਸਮਰਪਿਤ 51000 ਕੈਨੇਡੀਅਨ ਡਾਲਰ ਦੇ ਢਾਹਾਂ ਸਾਹਿਤ ਇਨਾਮ 2025 ਦੇ ਆਖਰੀ ਪੜਾਅ ਵਿਚ ਪੁੱਜੀਆਂ ਤਿੰਨ ਪੁਸਤਕਾਂ ਅਤੇ ਉਹਨਾਂ ਦੇ ਲੇਖਕਾਂ ਦੇ ਨਾਵਾਂ ਦਾ ਐਲਾਨ ਸਰੀ ਲਾਇਬ੍ਰੇਰੀ ਦੀ ਨਿਊਟਨ ਸਾਖਾ ਵਿਖੇ ਹੋਈ ਪ੍ਰੈਸ ਕਾਨਫਰੰਸ ਦੌਰਾਨ ਕਰ ਦਿੱਤਾ ਗਿਆ ਹੈ। ਇਸ ਮੌਕੇ ਸ. ਬਰਜਿੰਦਰ ਸਿੰਘ ਢਾਹਾਂ ਬਾਨੀ ਢਾਹਾਂ ਸਾਹਿਤ ਇਨਾਮ ਨੇ ਸੰਬੋਧਨ ਕਰਦੇ ਤਿੰਨ ਫਾਈਨਲਿਸਟਾਂ ਸ੍ਰੀ ਬਲਬੀਰ ਪਰਵਾਨਾ (ਜਲੰਧਰ) ਦੇ ਨਾਵਲ 'ਰੌਲਿਆਂ ਵੇਲੇ', ਸ੍ਰੀ ਮੁਦੱਸਰ ਬਸ਼ੀਰ (ਲਾਹੌਰ) ਦੇ ਨਾਵਲ 'ਗੋਇਲ' ਅਤੇ ਸ੍ਰੀ ਭਗਵੰਤ ਰਸੂਲਪੁਰੀ (ਜਲੰਧਰ) ਦੇ ਕਹਾਣੀ ਸੰਗ੍ਰਹਿ 'ਡਲਿਵਰੀ ਮੈਨ' ਦੇ ਨਾਵਾਂ ਦਾ ਐਲਾਨ ਕੀਤਾ। ਉਹਨਾਂ ਦੱਸਿਆ ਕਿ ਨੌਰਥਵਿਊ ਗੋਲਫ ਐਂਡ ਕੰਟਰੀ ਕਲੱਬ ਸਰੀ ਵਿਚ 13 ਨਵੰਬਰ 2025 ਨੂੰ ਹੋ ਰਹੇ ਸਨਮਾਨ ਸਮਾਰੋਹ ਵਿਚ ਇਹਨਾਂ ਵਿਚੋਂ ਇੱਕ ਪੁਸਤਕ ਨੂੰ 25 ਹਜ਼ਾਰ ਕੈਨੇਡੀਅਨ ਡਾਲਰ ਦਾ ਇਨਾਮ ਅਤੇ ਦੋਵਾਂ ਨੂੰ 10-10 ਹਜ਼ਾਰ ਕੈਨੇਡੀਅਨ ਡਾਲਰ ਦਾ ਢਾਹਾਂ ਸਾਹਿਤ ਇਨਾਮ ਬਹੁਤ ਸਤਿਕਾਰ ਸਹਿਤ ਭੇਟ ਕੀਤਾ ਜਾਵੇਗਾ। ਇਸ ਮੌਕੇ ਜੇਤੂ ਕਿਤਾਬਾਂ ਦੇ ਗੁਰਮੁਖੀ ਜਾਂ ਸਾਹਮੁਖੀ ਵਿੱਚ ਲਿਪੀਅੰਤਰਨ ਕਰਨ ਲਈ ਵੀ 6,000 ਕੈਨੇਡੀਅਨ ਡਾਲਰ ਦਾ ਸਨਮਾਨ ਭੇਟ ਕੀਤਾ ਜਾਵੇਗਾ।

ਸ. ਬਰਜਿੰਦਰ ਸਿੰਘ ਢਾਹਾਂ ਨੇ ਗੱਲਬਾਤ ਕਰਦੇ ਕਿਹਾ ਕਿ ਢਾਹਾਂ ਸਾਹਿਤ ਇਨਾਮ ਦਾ ਉਦੇਸ਼ ਮਾਂ ਬੋਲੀ ਪੰਜਾਬੀ ਵਿਚ ਰਚੇ ਪੰਜਾਬੀ ਸਾਹਿਤ ਦਾ ਵਿਸਵ ਪੱਧਰ 'ਤੇ ਪ੍ਰਚਾਰ ਅਤੇ ਪਸਾਰ ਕਰਨਾ, ਪੰਜਾਬੀ ਗਲਪ ਦੀਆਂ ਨਵੀਆਂ ਉੱਤਮ ਰਚਨਾਵਾਂ ਲਈ ਪੰਜਾਬੀ ਪਾਠਕਾਂ ਨੂੰ ਪ੍ਰੇਰਿਤ ਕਰਨਾ, ਲੇਖਕਾਂ ਦੀ ਹੌਸਲਾ ਅਫ਼ਜ਼ਾਈ ਕਰਨੀ ਅਤੇ ਸਰਹੱਦੋਂ ਪਾਰ ਸੱਭਿਆਚਾਰਕ ਸਬੰਧਾਂ ਨੂੰ ਮਜਬੂਤ ਕਰਨਾ ਹੈ। ਇਸ ਦੇ ਇਨਾਮ ਦੇ ਜੇਤੂ ਜਿੱਥੇ ਪੰਜਾਬੀ ਸਾਹਿਤ ਜਗਤ ਦੇ ਉੱਚ ਕੋਟੀ ਦੇ ਨਾਵਲਕਾਰ ਅਤੇ ਕਹਾਣੀਕਾਰ ਹਨ, ਉੱਥੇ ਉਹਨਾਂ ਦੀਆਂ ਪੁਸਤਕਾਂ ਦੇ ਵਿਸ਼ੇ ਪੰਜਾਬੀ ਸਾਹਿਤ ਜਗਤ ਨੂੰ ਇਕ ਵਿੱਲਖਣ ਸੁਨੇਹਾ ਦਿੰਦੀਆਂ ਹਨ। ਸ. ਢਾਹਾਂ ਨੇ ਦੱਸਿਆ ਕਿ ਜਿਊਰੀ ਨੂੰ ਇਸ ਸਾਲ ਇਨਾਮ ਲਈ ਕੈਨੇਡਾ, ਭਾਰਤ, ਪਾਕਿਸਤਾਨ, ਆਸਟ੍ਰੇਲੀਆ, ਅਮਰੀਕਾ ਅਤੇ ਯੂ.ਕੇ. ਤੋਂ 55 ਪੁਸਤਕਾਂ ਪ੍ਰਾਪਤ ਹੋਈਆਂ। ਸ. ਢਾਹਾਂ ਨੇ ਕਿਹਾ ਕਿ ਢਾਹਾਂ ਸਾਹਿਤ ਇਨਾਮ ਨੇ ਹੱਦਾਂ-ਸਰਹੱਦਾਂ ਤੋਂ ਉੱਪਰ ਉੱਠਕੇ ਗੁਰਮੁਖੀ ਅਤੇ ਸਾਹਮੁਖੀ ਦੋਵਾਂ ਲਿਪੀਆਂ ਵਿੱਚ ਪੰਜਾਬੀ ਸਾਹਿਤ ਦੇ ਸਥਾਪਿਤ ਅਤੇ ਨਵੇਂ ਲੇਖਕਾਂ ਨੂੰ ਉਤਸਾਹਿਤ ਕਰ ਰਿਹਾ ਹੈ ਤੇ ਦੋਵਾਂ ਪੰਜਾਬਾਂ ਵਿਚ ਸਾਂਝਾਂ ਦਾ ਪੁਲ ਬਣ ਰਿਹਾ ਹੈ। ਉਹਨਾਂ ਇਹ ਵੀ ਜਾਣਕਾਰੀ ਦਿੱਤੀ ਕਿ 13 ਨਵੰਬਰ ਨੂੰ ਹੋ ਰਹੇ ਸਨਮਾਨ ਸਮਾਰੋਹ ਵਿੱਚ ਪ੍ਰਸਿੱਧ ਕੈਨੇਡੀਅਨ ਨਾਵਲਕਾਰ ਗੁਰਜਿੰਦਰ ਬਸਰਾਨ ਮੁੱਖ ਬੁਲਾਰੇ ਵਜੋਂ ਸਾਮਲ ਹੋਣਗੇ ਅਤੇ ਇਸ ਮੌਕੇ ਕਲਾਕਾਰਾਂ ਵੱਲੋਂ ਸ਼ਾਨਦਾਰ ਸੰਗੀਤਕ ਪੇਸ਼ਕਾਰੀਆਂ ਵੀ ਹੋਣਗੀਆਂ।

ਢਾਹਾਂ ਇਨਾਮ ਸਲਾਹਕਾਰ ਕਮੇਟੀ ਦੇ ਚੇਅਰਮੈਨ ਸ੍ਰੀ ਬਲਬੀਰ ਮਾਧੋਪੁਰੀ ਨੇ ਕਿਹਾ ਕਿ ਜਿਊਰੀ ਵੱਲੋਂ ਇਨਾਮਾਂ ਲਈ ਪ੍ਰਾਪਤ ਅਰਜ਼ੀਆਂ ਵਿੱਚੋਂ ਤਿੰਨ ਫਾਈਨਲਿਸਟਾਂ ਦੀ ਚੋਣ ਬਹੁਤ ਹੀ ਯੋਗ ਤੇ ਨਿਰਪੱਖ ਢੰਗ ਨਾਲ ਕੀਤੀ ਗਈ ਹੈ। ਸਨਮਾਨਿਤ ਪੁਸਤਕਾਂ ਦਾ ਐਲਾਨ ਕਰਨ ਮੌਕੇ ਹੋਏ ਸਮਾਗਮ ਦੇ ਮੁੱਖ ਮਹਿਮਾਨ ਕੈਨੇਡੀਅਨ ਸੈਨੇਟਰ ਬਲਤੇਜ ਸਿੰਘ ਢਿੱਲੋਂ ਸਨ। ਇਸ ਮੌਕੇ ਪ੍ਰਸਿੱਧ ਨਾਵਲਕਾਰ ਸ. ਜਰਨੈਲ ਸਿੰਘ ਸੇਖਾ, ਸ਼ਾਇਰ ਸ੍ਰੀ ਮੋਹਨ ਗਿੱਲ, ਸ੍ਰੀ ਅਜਮੇਰ ਰੋਡੇ, ਸ੍ਰੀ ਸਾਧੂ ਬਿਨਿੰਗ ਤੋਂ ਇਲਾਵਾ ਅਨੇਕਾਂ ਸਾਹਿਤ ਪ੍ਰੇਮੀ ਵੀ ਹਾਜ਼ਰ ਸਨ। ਵਰਨਣਯੋਗ ਹੈ ਕਿ ਢਾਹਾਂ ਸਾਹਿਤ ਇਨਾਮ ਵੈਨਕੂਵਰ, ਕੈਨੇਡਾ ਵਿਚ ਕੈਨੇਡਾ ਇੰਡੀਆ ਐਜੂਕੇਸ਼ਨ ਸੋਸਾਇਟੀ ਦੁਆਰਾ ਦਿੱਤਾ ਜਾਂਦਾ ਹੈ ਅਤੇ ਜੋ ਯੂਨੀਵਰਸਿਟੀ ਆਫ ਬ੍ਰਿਟਿਸ ਕੋਲੰਬੀਆ ਦੇ ਡਿਪਾਰਟਮੈਂਟ ਆਫ ਏਸ਼ੀਅਨ ਸਟੱਡੀਜ ਦੇ ਸਹਿਯੋਗ ਨਾਲ ਬਣਾਇਆ ਗਿਆ ਸੀ। ਇਸ ਇਨਾਮ ਦੇ ਬਾਨੀ ਸੰਸਥਾਪਕ ਸ. ਬਰਜਿੰਦਰ ਸਿੰਘ ਢਾਹਾਂ ਤੇ ਉਹਨਾਂ ਸੁਪਤਨੀ ਬੀਬੀ ਰੀਟਾ ਢਾਹਾਂ ਹਨ।

ਦੱਖਣ ਏਸ਼ਿਆਈ ਭਾਸ਼ਾਵਾਂ ਵਿੱਚੋਂ ਢਾਹਾਂ ਸਾਹਿਤ ਇਨਾਮ ਪੰਜਾਬੀ ਭਾਸ਼ਾ ਦੀ ਗੁਰਮੁਖੀ ਜਾਂ ਸ਼ਾਹਮੁਖੀ ਲਿਪੀ ਦੀਆਂ ਗਲਪ ਪੁਸਤਕਾਂ ਲਈ ਸਭ ਤੋਂ ਵੱਡਾ ਅੰਤਰਰਾਸ਼ਟਰੀ ਸਾਹਿਤਕ ਇਨਾਮ ਹੈ, ਜੋ ਵੈਨਕੂਵਰ, ਬ੍ਰਿਟਿਸ਼ ਕੋਲੰਬੀਆ ਵਿਖੇ ਸਾਲ 2013 ਵਿਚ ਸਥਾਪਿਤ ਕੀਤਾ ਗਿਆ ਸੀ, ਜਿੱਥੇ ਪੰਜਾਬੀ ਲੋਕਾਂ ਦਾ, ਪੰਜਾਬੀ ਭਾਸ਼ਾ ਦਾ ਅਤੇ ਪੰਜਾਬੀ ਸੱਭਿਆਚਾਰ ਦਾ ਇੱਕ ਅਮੀਰ ਇਤਿਹਾਸ ਹੈ। ਪੰਜਾਬੀ ਹੁਣ ਕੈਨੇਡਾ ਵਿੱਚ ਤੀਜੀ ਸਭ ਤੋਂ ਵੱਧ ਬੋਲੀ ਜਾਣ ਵਾਲੀ ਭਾਸ਼ਾ ਹੈ ਅਤੇ ਦੇਸ਼ ਦੇ ਬਹੁ-ਸੱਭਿਆਚਾਰ ਦਾ ਪ੍ਰਮੁੱਖ ਹਿੱਸਾ ਹੈ।

# ਚੌਥੇ ਸ਼ੋਟੋਕਾਨ ਨਾਰਥ ਇੰਡੀਆ ਕਰਾਟੇ ਚੈਂਪੀਅਨਸ਼ਿਪ 2025 ਵਿੱਚ ਗੰਭੀਰਪੁਰ ਲੋਅਰ ਦੇ ਤਿੰਨ ਵਿਦਿਆਰਥੀਆਂ ਨੇ ਗੱਡੇ ਝੰਡੇ * ਹਾਸਲ ਕੀਤੀਆਂ ਪੁਜੀਸ਼ਨਾਂ *ਵਧਾਇਆ ਸਕੂਲ ਦਾ ਮਾਣ

ਸ੍ਰੀ ਅਨੰਦਪੁਰ ਸਾਹਿਬ– ਇਲਾਕੇ ਦੇ ਪ੍ਰਸਿੱਧ ਅਤੇ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਲਈ ਜਾਣੇ ਜਾਂਦੇ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਗੰਭੀਰਪੁਰ ਲੋਅਰ ਦੇ ਵਿਦਿਆਰਥੀਆਂ ਨੇ ਚੌਥੇ ਸ਼ੋਟੋਕਾਨ ਨਾਰਥ ਇੰਡੀਆ ਕਰਾਟੇ ਚੈਂਪੀਅਨਸ਼ਿਪ 2025 ਜੋ ਕਿ ਬੰਗਿਆਂ (ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ/ ਨਵਾਂਸ਼ਹਿਰ) ਵਿਖੇ ਆਯੋਜਿਤ ਹੋਈ, ਇਸ ਵਿੱਚ ਇਸ ਸਕੂਲ ਦੇ ਤਿੰਨ ਵਿਦਿਆਰਥੀਆਂ ਸਰਤਾਜ ਸਿੰਘ ਸਪੁੱਤਰ ਸ੍ਰੀ ਜਸਵੀਰ ਸਿੰਘ ਜਮਾਤ ਤੀਸਰੀ ਨੇ ਤੀਸਰੀ ਪੁਜੀਸ਼ਨ ਹਾਸਿਲ ਕਰਕੇ ਕਾਂਸੇ ਦਾ ਤਗਮਾ ਜਿੱਤਿਆ, ਚੌਥੀ ਜਮਾਤ ਦੇ ਸੁਖਮਨ ਸਿੰਘ ਸਪੁੱਤਰ ਸ੍ਰੀ ਸੁਖਦੇਵ ਸਿੰਘ ਨੇ ਦੂਸਰੀ ਪੁਜੀਸ਼ਨ ਹਾਸਲ ਕਰਕੇ ਸਿਲਵਰ ਮੈਡਲ ਹਾਸਲ ਕੀਤਾ ਤੇ ਚੌਥੀ ਜਮਾਤ ਦੇ ਹਰਸਾਹਿਬ ਸਿੰਘ ਸਪੁੱਤਰ ਸ੍ਰੀ ਮਨਜੀਤ ਸਿੰਘ ਨੇ ਤੀਸਰੀ ਪੁਜੀਸ਼ਨ ਹਾਸਲ ਕਰਕੇ ਕਾਂਸੇ ਦਾ ਮੈਡਲ ਪ੍ਰਾਪਤ ਕਰਕੇ ਆਪਣੇ ਸਕੂਲ ਦਾ ਨਾਮ ਰੋਸ਼ਨ ਕੀਤਾ। ਇਹਨਾਂ ਤਿੰਨਾਂ ਵਿਦਿਆਰਥੀਆਂ ਦੇ ਕੋਚ ਸ੍ਰੀ ਰਵਿੰਦਰ ਸਿੰਘ ਮੋਨੂੰ ਅਗੰਮਪੁਰ ਵਾਲਿਆਂ ਨੇ ਵੀ ਇਹਨਾਂ ਨੂੰ ਵਧਾਈ ਦਿੱਤੀ ਤੇ ਇਸ ਮੌਕੇ ਸਮੂਹ ਸਕੂਲ ਸਟਾਫ ਵੱਲੋਂ ਇਹਨਾਂ ਵਿਦਿਆਰਥੀਆਂ ਤੇ ਇਨ੍ਹਾਂ ਦੇ ਮਾਪਿਆਂ ਅਤੇ ਮਿਹਨਤੀ ਕੋਚ ਨੂੰ ਵਧਾਈ ਦਿੱਤੀ ਤੇ ਇਹਨਾਂ ਦੇ ਸਮੁੱਚੇ ਸਹਿਯੋਗ ਤੇ ਸਮਰਪਣ ਨੂੰ ਵੀ ਸਲਾਮ ਕੀਤਾ। ਇਸ ਮੌਕੇ ਸਕੂਲ ਸਟਾਫ ਮੈਡਮ ਅਮਨਪ੍ਰੀਤ ਕੌਰ, ਸਟੇਟ ਐਵਾਰਡੀ ਮਾਸਟਰ ਸੰਜੀਵ ਧਰਮਾਣੀ, ਸ਼ਾਮ ਲਾਲ, ਅਮਨਦੀਪ ਸਿੰਘ ਅਤੇ ਇਹਨਾਂ ਵਿਦਿਆਰਥੀਆਂ ਦੇ ਮਾਪੇ ਆਦਿ ਹਾਜ਼ਰ ਸਨ।



# ਵਿਸ਼ਵ ਦਾ ਨਿਰਾਲਾ ਗ੍ਰੰਥ- ਗੁਰੂ ਗ੍ਰੰਥ ਸਾਹਿਬ ਜੀ

ਜਸਵਿੰਦਰ ਸਿੰਘ ਰੁਪਾਲ
9814715796



ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮਨੁੱਖਤਾ ਦਾ ਚਾਨਣ ਮੁਨਾਰਾ ਅਤੇ ਸਰਬ ਸਾਂਝਾ ਗ੍ਰੰਥ ਵਜੋਂ ਜਾਣਿਆ ਜਾਂਦਾ ਹੈ। ਅਤੇ ਖਾਲਸਾ ਪੰਥ ਨਿਆਰਾ ਪੰਥ ਵਜੋਂ ਪ੍ਰਸਿੱਧ ਹੈ। ਪਰ ਸਾਡਾ ਵਿਚਾਰ ਹੈ ਕਿ ਗੁਰੂ ਗ੍ਰੰਥ ਸਾਹਿਬ ਇੱਕ ਨਿਆਰਾ ਗ੍ਰੰਥ ਵੀ ਹੈ ਅਤੇ ਖਾਲਸਾ ਪੰਥ ਸਰਬ ਸਾਂਝਾ ਪੰਥ ਵੀ ਹੈ। ਅਸੀਂ ਆਪਣੇ ਇਸ ਦੇ ਪਹਿਲੇ ਭਾਗ ਤੇ ਵਿਚਾਰ ਕਰਦੇ ਹੋਏ ਗੁਰੂ ਗ੍ਰੰਥ ਸਾਹਿਬ ਜੀ ਦੇ ਨਿਰਾਲੇਪਣ ਬਾਰੇ ਗੱਲ ਕਰਾਂਗੇ।

ਕਿਸੇ ਵੀ ਵਸਤੂ ਵਿਅਕਤੀ ਜਾਂ ਵਰਤਾਰੇ ਨੂੰ ਨਿਰਾਲਾ ਕਦੋਂ ਕਿਹਾ ਜਾਂਦਾ ਹੈ ?? ਭਾਈ ਸਾਹਿਬ ਭਾਈ ਕਾਹਨ ਸਿੰਘ ਜੀ ਨਾਭਾ, ਮਹਾਨ ਕੋਸ਼ ਵਿੱਚ ਨਿਰਾਲਾ ਸ਼ਬਦ ਦੇ ਅਰਥ ਇਉਂ ਕਰਦੇ ਹਨ--


ਭਿੰਨ ਪ੍ਰਕਾਰ ਦਾ ਜੁਦਾ, ਜੁਦੀ, "ਭਗਤਾ ਕੀ ਚਾਲ ਨਿਰਾਲੀ" (ਅਨੰਦ) ੨ ਏਕਾਂਤ ੩ ਵਿਲੱਖਣ ਅਜੀਬ ੪ ਜਿਸ ਦੇ ਮੁਕਾਬਲੇ ਦੂਸਰਾ ਨਹੀਂ ਅਦ੍ਵੀਤਯ (ਅਦੁੱਤੀ)

ਸੋ ਨਿਰਾਲਾ ਦਾ ਭਾਵ ਹੈ, ਦੂਜੇ ਉਸ ਵਰਗਿਆਂ ਨਾਲੋਂ ਭਿੰਨ। ਅਸੀਂ ਗ੍ਰੰਥ ਦੀ ਗੱਲ ਕਰ ਰਹੇ ਹਾਂ। ਸਾਰੇ ਧਰਮਾਂ ਦੇ ਸਾਰੇ ਗ੍ਰੰਥ ਸਤਿਕਾਰਯੋਗ ਹਨ, ਪਵਿੱਤਰ ਹਨ ਅਤੇ ਪੂਜਣਯੋਗ ਹਨ। ਅਸੀਂ ਦੇਖਾਂਗੇ ਕਿ ਗੁਰੂ ਗ੍ਰੰਥ ਸਾਹਿਬ ਜੀ ਕਿਵੇਂ ਦੂਸਰੇ ਗ੍ਰੰਥਾਂ ਨਾਲੋਂ ਭਿੰਨ ਹਨ। ਕੀ ਅਸੀਂ ਇਹ ਕਹਿ ਸਕਦੇ ਹਾਂ ਕਿ ਗੁਰੂ ਗ੍ਰੰਥ ਸਾਹਿਬ ਦੇ ਮੁਕਾਬਲੇ ਕੋਈ ਦੂਸਰਾ ਗ੍ਰੰਥ ਨਹੀਂ ?ਆਓ ਵਿਚਾਰ ਕਰੀਏ...

1. ਗ੍ਰੰਥ ਦਾ ਕਰਤਾ ਅਤੇ ਲਿਖਣ ਕਾਲ: ਸਭ ਤੋਂ ਪਹਿਲਾਂ ਮਹੱਤਵਪੂਰਨ ਹੈ ਕਿ ਉਸ ਗ੍ਰੰਥ ਨੂੰ ਕਿਸ ਨੇ ਲਿਖਿਆ ਹੈ ਅਤੇ ਕਦੋਂ। ਵੱਖ ਵੱਖ ਮੁੱਖ ਪ੍ਰਚੱਲਿਤ ਧਰਮਾਂ ਦੇ ਗ੍ਰੰਥ ਅਤੇ ਉਹਨਾਂ ਦੇ ਲੇਖਕ ਇੰਝ ਹਨ--

ਹਿੰਦੂ ਧਰਮ :- ਹਿੰਦੂ ਧਰਮ ਦੇ ਗ੍ਰੰਥ ਕਾਫੀ ਜ਼ਿਆਦਾ ਹਨ ਜਿਵੇਂ ਵੇਦ, ਪੁਰਾਣ, ਸਿਮਰਤੀਆਂ ਆਦਿ

ਵੇਦ ਚਾਰ ਹਨ ਜੋ ਰਿਗ ਵੇਦ, ਯਜੁਰ ਵੇਦ, ਅਥਰਵ ਵੇਦ ਅਤੇ ਸਾਮ ਵੇਦ ਹਨ। ਇਹਨਾਂ ਦਾ ਕਰਤਾ ਵਿਆਸ ਰਿਸ਼ੀ ਨੂੰ ਮੰਨਿਆ ਗਿਆ ਹੈ ਪਰ ਇਸ ਗੱਲ ਦੇ ਭਰੋਸੇਯੋਗ ਪ੍ਰਮਾਣ ਨਹੀਂ ਹਨ। ਬਹੁਤ ਜਿਆਦਾ ਪੁਰਾਤਨ ਹੋਣ ਕਾਰਨ ਕੋਈ ਵੀ ਗੱਲ ਲਿਖਤੀ ਸਬੂਤਾਂ ਦੇ ਅਧਾਰ ਤੇ ਨਹੀਂ ਕਹਿ ਸਕਦੇ। ਸਤਿਯੁਗ ਦੁਆਪਰ ਤ੍ਰੇਤਾ ਯੁੱਗਾਂ ਤੋਂ ਹੁਣ ਤੱਕ ਕਿਸੇ ਵੀ ਵਸਤੂ ਦਾ ਹੂਬਹੂ ਪ੍ਰਾਪਤ ਹੋਣ ਦੀ ਕੋਈ ਗੁੰਜਾਇਸ਼ ਨਹੀਂ ਹੈ। ਰਿਸ਼ੀਆਂ ਮੁਨੀਆਂ ਦਾ ਬਹੁਤਾ ਗਿਆਨ ਮੌਖਿਕ ਹੁੰਦਾ ਸੀ ਲਿਖਤੀ ਨਹੀਂ। ਦੂਸਰੀ ਗੱਲ ਕਿ ਜਦੋਂ ਉਹ ਨਾਇਕ ਵਿਚਰੇ ਜਿਵੇਂ ਰਾਮ ਚੰਦਰ ਜੀ, ਕ੍ਰਿਸ਼ਨ ਜੀ ਆਦਿ , ਨਾ ਤਾਂ ਇਹ ਗ੍ਰੰਥ ਉਹਨਾਂ ਨੇ ਆਪ ਲਿਖੇ ਹਨ ਅਤੇ ਨਾ ਹੀ ਇਹ ਗ੍ਰੰਥ ਉਹਨਾਂ ਦੇ ਆਪਣੇ ਸਮੇਂ ਵਿਚ ਨਹੀਂ ਲਿਖੇ ਗਏ। ਜਾਂ ਤਾਂ ਜਿਵੇਂ ਬਾਲਮੀਕੀ ਰਾਮਾਇਣ ਨੂੰ ਵਾਪਰਨ ਤੋਂ ਬਹੁਤ ਸਮਾਂ ਪਹਿਲਾਂ ਲਿਖਿਆ ਮੰਨਿਆ ਜਾਂਦਾ



**ਗੁਰੂ ਗ੍ਰੰਥ ਸਾਹਿਬ ਇੱਕੋ ਇੱਕ ਅਜਿਹਾ ਗ੍ਰੰਥ ਹੈ ਜਿਹੜਾ ਸਮੇਂ ਅਤੇ ਸਥਾਨ ਦੀਆਂ ਹੱਦਬੰਦੀਆਂ ਤੋਂ ਪਾਰ ਹਮੇਸ਼ਾ ਇੱਕੋ ਸੱਚਾਈ ਦੀ ਗੱਲ ਕਰਦਾ ਹੈ। ਇੰਸ ਵਿੱਚ ਬਿਆਨਿਆ ਗਿਆ ਸੱਚ ਜਿੰਨਾ ਇਸ ਦੇ ਲਿਖਣ ਸਮੇਂ ਸਾਰਥਕ ਅਤੇ ਮਹੱਤਵਪੂਰਨ ਸੀ, ਉਤਨਾ ਹੀ ਅੱਜ ਹੈ ਅਤੇ ਉਤਨਾ ਹੀ ਭਵਿੱਖ ਵਿੱਚ ਵੀ ਰਹੇਗਾ। ਇਸ ਦਾ ਕਾਰਨ ਇਸ ਦੀ ਸਮਦ੍ਰਿਸ਼ਟੀ, ਸਰਬ ਸਾਂਝੀਵਾਲਤਾ, ਮਨੁੱਖਤਾ ਦੀਆਂ ਮੁੱਢਲੀਆਂ ਨੈਤਿਕ ਕਦਰਾਂ ਕੀਮਤਾਂ ਤੇ ਜੋਰ, ਕੁਦਰਤ ਦੀ ਸੰਭਾਲ ਅਤੇ ਉਸ ਨਾਲ ਇੱਕਮਿੱਕਤਾ, ਜਾਤਾਂ, ਧਰਮਾਂ, ਰੰਗਾਂ, ਨਸਲਾਂ, ਬੋਲੀਆਂ, ਇਲਾਕਿਆਂ ਦੇ ਬਹੁਤ ਹਲਕੇ ਵਿਤਕਰੇ ਲਈ ਇਸ ਵਿਚ ਕੋਈ ਥਾਂ ਨਹੀਂ ਹੈ। ਇਹ ਇੱਕ ਵੱਖਰੀ ਤ੍ਰਾਸਦੀ ਹੈ ਕਿ ਅਸੀਂ ਇਸਦੀਆਂ ਇਹਨਾਂ ਖੂਬੀਆਂ ਦਾ ਭਰਪੂਰ ਪ੍ਰਚਾਰ ਅਤੇ ਪ੍ਰਸਾਰ ਨਹੀਂ ਕਰ ਸਕੇ।**

ਹੈ। ਅਤੇ ਜਾਂ ਉਹ ਘਟਨਾ ਬੀਤ ਜਾਣ ਤੇ ਸ਼ਰਧਾਲੂਆਂ ਦੁਆਰਾ ਬਾਅਦ ਵਿੱਚ ਲਿਖੇ ਗਏ। ਦੋਹਾਂ ਹੀ ਹਾਲਤਾਂ ਵਿਚ ਸਚਾਈ ਦੀ ਭਰੋਸੇਯੋਗਤਾ ਤੇ ਪ੍ਰਸ਼ਨ ਚਿੰਨ੍ਹ ਲੱਗ ਜਾਂਦਾ ਹੈ।

ਇਸਲਾਮ ਧਰਮ :- ਇਸਲਾਮ ਧਰਮ ਦੇ ਮੁਖੀ ਹਜ਼ਰਤ ਮੁਹੰਮਦ ਸਾਹਿਬ ਸਨ। ਕੁਰਾਨ ਸ਼ਰੀਫ ਉਨ੍ਹਾਂ ਦਾ ਮੁੱਖ ਗ੍ਰੰਥ ਹੈ। ਇਸ ਬਾਰੇ ਇਹ ਪ੍ਰਚੱਲਿਤ ਹੈ ਕਿ ਅੱਲਾਹ ਨੇ ਜਿਬਰਾਈਲ ਫਰਿਸ਼ਤੇ ਦੁਆਰਾ ਇਸ ਦਾ ਇਲਹਾਮ ਹਜ਼ਰਤ ਮੁਹੰਮਦ ਨੂੰ ਸੁਣਾਇਆ ਸੀ। ਇਹ ਇਲਹਾਮ 610 ਈਸਵੀ ਪੂਰਵ ਤੋਂ 623 ਈਸਵੀ ਪੂਰਵ ਤੱਕ ਹੋਇਆ ਪਰ ਇਹ ਗ੍ਰੰਥ ਹਜ਼ਰਤ ਮੁਹੰਮਦ ਸਾਹਿਬ ਦੇ ਜਿਉਂਦੇ ਹੋਏ ਪੁਸਤਕ ਰੂਪ ਵਿਚ ਨਹੀਂ ਆਇਆ ਸੀ। ਉਨ੍ਹਾਂ ਦੀ ਮੌਤ ਤੋਂ ਬਾਅਦ 633 ਈਸਵੀ ਪੂਰਵ ਵਿਚ ਪੁਸਤਕ ਰੂਪ ਵਿਚ ਹੋਇਆ।

ਬੁੱਧ ਧਰਮ :- ਬੁੱਧ ਧਰਮ ਦੇ ਗ੍ਰੰਥ ਸੁਤ ਪਿਟਕ, ਵਿਨੈ ਪਿਟਕ ਅਤੇ ਅਭਿਧਮ ਪਿਟਕ ਹਨ। ਇਨ੍ਹਾਂ ਗ੍ਰੰਥਾਂ ਵਿਚ ਬੁੱਧ ਦੇ ਜੀਵਨ ਅਤੇ ਸਿੱਖਿਆਵਾਂ ਦਾ ਵਰਨਣ ਹੈ ਪਰ ਇਹ ਗ੍ਰੰਥ ਬੁੱਧ ਦੇ ਸ਼ਾਗਿਰਦਾਂ ਦੁਆਰਾ ਉਨ੍ਹਾਂ ਦੀ ਮੌਤ ਤੋਂ ਬਾਅਦ ਹੀ ਲਿਖਿਆ ਹੈ।

ਈਸਾਈ ਧਰਮ :- ਮੁੱਖ ਧਾਰਮਿਕ ਗ੍ਰੰਥ ਬਾਈਬਲ ਹੈ। ਇਹ ਕਿਸੇ ਇੱਕ ਲੇਖਕ ਵਲੋਂ ਨਹੀਂ ਲਿਖੀ ਗਈ। ਸਗੋਂ 40 ਦੇ ਕਰੀਬ ਲੇਖਕਾਂ ਦੁਆਰਾ ਲਿਖੀਆਂ ਪੁਸਤਕਾਂ ਦਾ ਸੰਗ੍ਰਹਿ ਹੈ। ਇਸ ਦੇ ਦੋ ਰੂਪ ਮਿਲਦੇ ਹਨ। ਓਲਡ ਟੈਸਟਾਮੈਂਟ ਅਤੇ ਨਿਊ ਟੈਸਟਾਮੈਂਟ । ਓਲਡ ਟੈਸਟਾਮੈਂਟ ਈਸਾ ਮਸੀਹ ਤੋਂ ਕਾਫੀ ਸਮਾਂ ਪਹਿਲਾਂ(ਪੰਜ ਤੋਂ ਅੱਠ ਸਦੀਆਂ ਪਹਿਲਾਂ ) ਲਿਖੀ ਗਈ ਸੀ । ਨਿਊ ਟੈਸਟਾਮੈਂਟ ਈਸਾ ਮਸੀਹ ਦੀ ਮੌਤ ਤੋਂ 20-65 ਸਾਲ ਪਿੱਛੋਂ ਲਿਖੀ ਗਈ । ਇਸ ਤਰਾਂ ਇਹ ਨਾ ਤਾਂ ਈਸਾ ਮਸੀਹ ਨੇ ਆਪ ਲਿਖਿਆ, ਤੇ ਨਾ ਉਸਦੇ ਸਮੇਂ ਹੀ ਲਿਖਿਆ ਗਿਆ।

ਸਿੱਖ ਧਰਮ -ਗੁਰੂ ਗ੍ਰੰਥ ਸਾਹਿਬ :- ਗੁਰੂ ਨਾਨਕ ਜੀ ਆਪਣੀਆਂ ਉਦਾਸੀਆਂ ਸਮੇਂ ਆਪਣੇ ਨਾਲ ਇਕ ਪੋਥੀ ਰੱਖਦੇ ਸਨ ਜਿਸ ਵਿਚ ਉਹ ਆਪ ਆਪਣੀ ਲਿਖੀ ਹੋਈ ਬਾਣੀ ਅਤੇ ਭਗਤਾਂ ਦੀ ਬਾਣੀ ਜੋ ਉਹ ਵੱਖ ਵੱਖ ਥਾਵਾਂ ਤੋਂ ਇੱਕਤਰ ਕਰ ਰਹੇ ਸਨ, ਉਹ ਉਤਾਰ ਰਹੇ ਸਨ। ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਆਪਣੀ ਵਾਰ ਵਿਚ ਇਸ ਗੱਲ ਦੀ ਪ੍ਰੋੜ੍ਹਤਾ ਕੀਤੀ ਹੈ--

ਬਾਬਾ ਫਿਰਿ ਮਕੇ ਗਇਆ
ਨੀਲ ਬਸਤ੍ਰ ਧਾਰੇ ਬਨਵਾਰੀ॥
ਆਸਾ ਹਥਿ ਕਿਤਾਬ ਕਛਿ
ਕੂਜਾ ਬਾਂਗ ਮੁਸਲਾ ਧਾਰੀ॥
(ਭਾਈ ਗੁਰਦਾਸ ਜੀ,
ਵਾਰ ੧ ਪਉੜੀ ੩੨)

ਇਸ ਤਰਾਂ ਗੁਰੂ ਨਾਨਕ ਦੇਵ ਜੀ ਨੇ ਬਾਣੀ ਨੂੰ ਆਪ ਲਿਖਿਆ ਅਤੇ ਗੱਦੀ ਦੇਣ ਸਮੇਂ ਇਹ ਪੋਥੀ ਗੁਰੂ ਅੰਗਦ ਦੇਵ ਜੀ ਨੂੰ ਦਿੱਤੀ ਸੀ। ਗੁਰੂ ਅੰਗਦ ਦੇਵ ਜੀ ਨੇ ਆਪਣੀ ਲਿਖੀ ਬਾਣੀ ਇਸ ਵਿਚ ਸ਼ਾਮਲ ਕਰਕੇ ਅੱਗੋਂ ਇਹ ਪੋਥੀ ਤੀਸਰੇ ਗੁਰੂ ਅਮਰਦਾਸ ਜੀ ਨੂੰ ਦਿੱਤੀ। ਇਸ ਤਰਾਂ ਹੀ ਚੱਲਦਾ ਗਿਆ ਅਤੇ ਗੁਰੂ ਅਰਜਨ ਦੇਵ ਜੀ ਨੇ ਇਸ ਸਾਰੀ ਬਾਣੀ ਨੂੰ ਤਰਤੀਬ ਦੇ ਕੇ ਆਦਿ ਗ੍ਰੰਥ ਦੇ ਰੂਪ ਵਿਚ ਸੰਕਲਿਤ ਕੀਤਾ ਜਿਸ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਤੇਗ ਬਹਾਦਰ ਜੀਂ ਦੀ ਬਾਣੀ ਸ਼ਾਮਲ ਕੀਤੀ ਅਤੇ ਇਸਨੂੰ ਗੁਰੂ ਗ੍ਰੰਥ ਸਾਹਿਬ ਆਖਿਆ ਜਾਣ ਲੱਗਿਆ। ਇਸ ਤਰਾਂ ਗੁਰੂ ਸਾਹਿਬਾਨ ਨੇ ਸਾਰੀ ਬਾਣੀ ਆਪਣੇ ਹੱਥੀਂ ਆਪਣੇ ਜੀਵਨ ਕਾਲ ਦੌਰਾਨ ਹੀ ਲਿਖੀ। ਭਗਤਾਂ ਦੀ ਇੱਕਠੀ ਕੀਤੀ ਗਈ ਬਾਣੀ ਵੀ ਕਿਉਂਕਿ ਉਹਨਾਂ ਦੀ ਗੱਦੀ ਤੇ ਜੋ ਵੀ ਉਸ ਸਮੇ ਬੈਠਾ ਸੀ, ਉਸ ਤੋਂ ਪ੍ਰਾਪਤ ਕੀਤੀ ਹੋਣ ਕਾਰਨ ਭਰੋਸੇਯੋਗ ਮੰਨੀ ਜਾ ਸਕਦੀ ਹੈ।

2. ਗ੍ਰੰਥਾਂ ਦੀ ਭਾਸ਼ਾ :-ਹਿੰਦੂਆਂ ਦੇ ਸਾਰੇ ਦੇ ਸਾਰੇ ਗ੍ਰੰਥ ਸੰਸਕ੍ਰਿਤ ਭਾਸ਼ਾ ਵਿਚ ਹਨ। ਜੋ ਕਿ ਆਮ ਲੋਕਾਂ ਨੂੰ ਨਹੀਂ ਆਉਂਦੀ। ਇਸ ਲਈ ਜਣ ਸਧਾਰਨ ਸੰਸਕ੍ਰਿਤ ਦੇ ਵਿਦਵਾਨ ਪੰਡਿਤਾਂ ਅਤੇ ਪੁਜਾਰੀਆਂ ਦੇ ਮੁਹਤਾਜ ਹੋ ਜਾਂਦੇ ਰਹੇ। ਪੰਡਿਤਾਂ ਵਲੋਂ ਜਨ ਸਾਧਾਰਨ ਦੀ ਕੀਤੀ ਜਾਂਦੀ ਲੁੱਟ ਦਾ ਇੱਕ ਕਾਰਨ ਇਹ ਵੀ ਬਣਿਆ ਹੋਇਆ ਹੋਏਗਾ।

ਇਸਲਾਮਿਕ ਗ੍ਰੰਥਾਂ ਦੀ ਮੁਖ ਭਾਸ਼ਾ ਅਰਬੀ ਹੈ। ਇਸ ਲਈ ਹਰ ਮੁਸਲਮਾਨ ਨੂੰ ਅਰਬੀ ਸਿੱਖਣੀ ਹੀ ਪੈਂਦੀ ਹੈ, ਜੇ ਉਨ੍ਹਾਂ ਨੇ ਕੁਰਾਨ ਪੜ੍ਹਨੀ ਹੈ ਤਾਂ। ਓਲਡ ਟੈਸਟਾਮੈਂਟ ਹੈਬਰਿਊ ਭਾਸ਼ਾ ਵਿੱਚ ਸੀ। ਜਦ ਕਿ ਨਿਊ ਟੈਸਟਾਮੈਂਟ ਦੀ ਮੂਲ ਭਾਸ਼ਾ ਯੂਨਾਨੀ ਸੀ। ਭਾਵੇਂ ਅੱਜ ਉਹਨਾਂ ਦੇ ਸਾਰੀਆਂ ਭਾਸ਼ਾਵਾਂ ਵਿਚ ਅਨੁਵਾਦ ਹੋ ਚੁੱਕੇ ਹਨ।

ਸਿੱਖ ਧਰਮ ਦੇ ਗ੍ਰੰਥ ਗੁਰੂ ਸਾਹਿਬਾਨ ਨੇ ਪੂਰੇ ਦੇ ਪੂਰੇ ਲੋਕ ਬੋਲੀ ਵਿਚ ਲਿਖੇ/ ਲਿਖਵਾਏ। ਗੁਰੂ ਗ੍ਰੰਥ ਸਾਹਿਬ ਜੀ ਦੀ ਲਿਪੀ ਭਾਵੇਂ ਗੁਰਮੁਖੀ ਹੈ, ਜੋ ਪੰਜਾਬ ਦੀ ਲੋਕ ਬੋਲੀ ਪੰਜਾਬੀ ਦੀ ਲਿਪੀ ਹੈ। ਪਰ ਉਂਝ ਗੁਰੂ ਗ੍ਰੰਥ ਸਾਹਿਬ ਜੀ ਨੂੰ ਵੱਖ ਵੱਖ ਭਾਸ਼ਾਵਾਂ ਦਾ ਇੱਕ ਵਧੀਆ ਗੁਲਦਸਤਾ ਵੀ ਕਿਹਾ ਜਾ ਸਕਦਾ ਹੈ, ਕਿਉਂਕਿ ਗੁਰੂ ਸਾਹਿਬ ਜਿੱਥੇ ਵੀ ਗਏ,ਉੱਥੇ ਦੀ ਬੋਲੀ ਦੇ ਸ਼ਬਦ ਉਨ੍ਹਾਂ ਦੀ ਬਾਣੀ ਵਿਚ ਆਉਂਦੇ ਗਏ। ਇਸ ਤਰਾਂ ਇਹ ਗ੍ਰੰਥ ਲੋਕ-ਮਨ ਦੇ ਜ਼ਿਆਦਾ ਨੇੜੇ ਹੈ।

3. ਮਨੁੱਖਤਾ ਦਾ ਗ੍ਰੰਥ - ਵਿਸ਼ਵ ਦੀਆਂ ਕਦਰਾਂ ਕੀਮਤਾਂ :- ਗੁਰੂ ਗ੍ਰੰਥ ਸਾਹਿਬ ਇੱਕੋ ਇੱਕ ਅਜਿਹਾ ਗ੍ਰੰਥ ਹੈ ਜਿਹੜਾ ਸਮੇਂ ਅਤੇ ਸਥਾਨ ਦੀਆਂ ਹੱਦਬੰਦੀਆਂ ਤੋਂ ਪਾਰ ਹਮੇਸ਼ਾ ਇੱਕੋ ਸੱਚਾਈ ਦੀ ਗੱਲ ਕਰਦਾ ਹੈ। ਇੰਸ ਵਿੱਚ ਬਿਆਨਿਆ ਗਿਆ ਸੱਚ ਜਿੰਨਾ ਇਸ ਦੇ ਲਿਖਣ ਸਮੇਂ ਸਾਰਥਕ ਅਤੇ ਮਹੱਤਵਪੂਰਨ ਸੀ,

ਬਾਕੀ ਹਿਸਾ ਸਫ਼ਾ 56 ਤੇ ਪੜ੍ਹੋ

55 ਸਫ਼ੇ ਦੀ ਬਾਕੀ

ਉਤਨਾ ਹੀ ਅੱਜ ਹੈ ਅਤੇ ਉਤਨਾ ਹੀ ਭਵਿੱਖ ਵਿੱਚ ਵੀ ਰਹੇਗਾ। ਇਸ ਦਾ ਕਾਰਨ ਇਸ ਦੀ ਸਮਦ੍ਰਿਸ਼ਟੀ, ਸਰਬ ਸਾਂਝੀਵਾਲਤਾ, ਮਨੁੱਖਤਾ ਦੀਆਂ ਮੁੱਢਲੀਆਂ ਨੈਤਿਕ ਕਦਰਾਂ ਕੀਮਤਾਂ ਤੇ ਜੋਰ, ਕੁਦਰਤ ਦੀ ਸੰਭਾਲ ਅਤੇ ਉਸ ਨਾਲ ਇੱਕਮਿੱਕਤਾ, ਜਾਤਾਂ, ਧਰਮਾਂ, ਰੰਗਾਂ, ਨਸਲਾਂ, ਬੋਲੀਆਂ, ਇਲਾਕਿਆਂ ਦੇ ਬਹੁਤ ਹਲਕੇ ਵਿਤਕਰੇ ਲਈ ਇਸ ਵਿਚ ਕੋਈ ਥਾਂ ਨਹੀਂ ਹੈ। ਇਹ ਇੱਕ ਵੱਖਰੀ ਤ੍ਰਾਸਦੀ ਹੈ ਕਿ ਅਸੀਂ ਇਸਦੀਆਂ ਇਹਨਾਂ ਖੂਬੀਆਂ ਦਾ ਭਰਪੂਰ ਪ੍ਰਚਾਰ ਅਤੇ ਪ੍ਰਸਾਰ ਨਹੀਂ ਕਰ ਸਕੇ। ਜੇ ਅਸੀਂ ਪੂਰੀ ਸੁਹਿਰਦਤਾ, ਇਮਾਨਦਾਰੀ ਅਤੇ ਮਿੱਠਤ ਨਾਲ ਇਸ ਦੇ ਸਿਧਾਂਤ ਫੈਲਾਏ ਹੁੰਦੇ, ਤਾਂ ਨਾ ਕੇਵਲ ਅੱਜ ਇਹ ਸਾਰੇ ਵਿਸ਼ਵ ਦਾ ਇੱਕੋ ਇੱਕ ਗ੍ਰੰਥ ਹੋਣਾ ਸੀ, ਸਗੋਂ ਵਿਸ਼ਵ ਦਾ ਇਤਿਹਾਸ ਵੀ ਕੁਝ ਹੋਰ ਹੀ ਹੋਣਾ ਸੀ। ਸੰਖੇਪ ਵਿੱਚ ਉਹ ਵਿਸ਼ੇਸ਼ਤਾਵਾਂ ਸਾਂਝੀਆਂ ਕਰਨੀਆਂ ਜਰੂਰੀ ਹਨ -- ਇਹ ਵਿਸ਼ੇਸ਼ਤਾਈਆਂ ਹੋਰ ਕਿਸੇ ਵੀ ਗ੍ਰੰਥ ਵਿਚ ਨਹੀਂ ਮਿਲਦੀਆਂ ।

੧. ਸਰਬ ਸਾਂਝੀਵਾਲਤਾ :- ਕਿਸੇ ਹੋਰ ਗ੍ਰੰਥ ਵਿੱਚ ਏਨੀ ਸਰਲਤਾ ਅਤੇ ਏਨੇ ਜੋਰ ਦੇ ਕੇ ਸਰਬ-ਸਾਂਝੀਵਾਲਤਾ ਦੀ ਗੱਲ ਨਹੀਂ ਹੋਣੀ, ਜਿੰਨੀ ਇਸ ਗ੍ਰੰਥ ਵਿੱਚ ਮਿਲਦੀ ਹੈ-

ਅਵਲਿ ਅਲਹ ਨੂਰੁ ਉਪਾਇਆ,
ਕੁਦਰਤਿ ਕੇ ਸਭ ਬੰਦੇ ॥
ਏਕ ਨੂਰ ਤੇ ਸਭੁ ਜਗੁ ਉਪਜਿਆ,
ਕਉਨ ਭਲੇ ਕੋ ਮੰਦੇ ॥
(ਪੰਨਾ ੧੩੪੯, ਪ੍ਰਭਾਤੀ)

ਜਦੋਂ ਸਭ ਨੂੰ ਇੱਕੋ ਪਿਤਾ ਦੀ ਸੰਤਾਨ ਸਮਝ ਲਿਆ, ਤਾਂ ਦੂਸਰ ਭਾਵ ਰਿਹਾ ਹੀ ਕਿੱਥੇ ? ਜਦੋਂ ਸਭ ਜੀਵਾਂ ਵਿੱਚ ਇੱਕੋ ਜੋਤ ਪਸਰ ਰਹੀ ਆਖ ਦਿੱਤਾ ਤਾਂ ਕੋਈ ਦੂਈ ਦਵੈਤ, ਝਗੜਾ,ਤਕਰਾਰ,ਊਚ ਨੀਚ ਦੇ ਭੇਦ ਕਿਵੇਂ ਰਹਿ ਸਕਦੇ ਹਨ ??

ਏਕੁ ਪਿਤਾ ਏਕਸ ਕੇ ਹਮ ਬਾਰਿਕ
ਤੂ ਮੇਰਾ ਗੁਰ ਹਾਈ।
(ਪੰਨਾ ੬੧੧, ਸੋਰਠਿ ਮਹਲਾ ੫
ਘਰੁ ੨ ਚਉਪਦੇ)

ਬਾਣੀ ਤਾਂ ਡੰਕੇ ਦੀ ਚੋਟ ਤੇ ਆਖ ਰਹੀ ਹੈ -

ਸਭੁ ਕੋ ਮੀਤੁ ਹਮ ਆਪਨ ਕੀਨਾ
ਹਮ ਸਭਨਾ ਕੇ ਸਾਜਨ ॥
ਦੂਰਿ ਪਰਾਇਓ ਮਨ ਕਾ ਬਿਰਹਾ
ਤਾਂ ਮੇਲੁ ਕੀਓ ਮੇਰੈ ਰਾਜਨ॥
(ਪੰਨਾ ੬੭੧,ਧਨਾਸਰੀ ਮ : ੫ .)

੨. ਗੁਣ ਕਉ ਧਾਵੈ, ਅਉਗਣ ਧੋਵੈ :- ਸਾਰੇ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦੋ ਹੀ ਗੱਲਾਂ ਤੇ ਸਭ ਤੋਂ ਵੱਧ ਜੋਰ ਹੈ ਇੱਕ ਪ੍ਰਭੂ ਦਾ ਨਾਮ ਜਪਣਾ ਅਤੇ ਦੂਜਾ ਨਿਰਮਲ ਕਰਮ ।ਨਿਰਮਲ ਕਰਮ ਬਹੁਤ ਵੱਡੀ ਅਤੇ ਵਿਸ਼ਾਲ ਧਾਰਨਾ ਹੈ। ਬਾਣੀਕਾਰ ਮਨੁੱਖ ਦੇ ਅੰਦਰੂਨੀ ਵਿਕਾਰ- ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਈਰਖਾ, ਦਵੈਤ, ਨਿੰਦਾ ਆਦਿ ਸਾਰੇ ਔਗਣਾਂ ਨੂੰ ਦੂਰ ਕਰਕੇ ਸਤ, ਸੰਤੋਖ, ਦਇਆ, ਧਰਮ, ਸਹਿਣਸ਼ੀਲਤਾ, ਖਿਮਾ, ਨਿਮਰਤਾ ਆਦਿ ਵਰਗੇ ਦੈਵੀ ਗੁਣਾਂ ਨੂੰ ਧਾਰਨ ਕਰਨ ਤੇ ਜੋਰ ਦਿੰਦੇ ਹਨ। ਇਸ ਲਈ ਉਹ ਪ੍ਰਭੂ ਦਾ ਨਾਮ ਜਪਣ, ਗੁਰੂ ਦੀ ਸ਼ਰਨ ਵਿੱਚ ਜਾਣਾ ਅਤੇ ਭਲਿਆਂ ਦੀ ਲਗਾਤਾਰ ਸੰਗਤ ਕਰਦੇ ਰਹਿਣ ਦੇ ਤਰੀਕੇ ਵੀ ਦੱਸਦੇ ਹਨ। ਅਜਿਹੇ ਗੁਣਾਂ ਵਾਲਾ ਇਨਸਾਨ ਸੰਸਾਰ ਦੇ ਕਿਸੇ ਵੀ ਕੋਨੇ ਵਿੱਚ ਕਿਸੇ ਵੀ ਵਰਗ ਦੇ ਇਨਸਾਨ ਕੋਲ ਜਾ ਬੈਠੇ, ਉਸਨੂੰ ਆਪਣਾ ਬਣਾ ਲੈਣ ਦੀ ਯੋਗਤਾ ਰੱਖਦਾ ਹੈ।

ਗੁਣਾ ਕਾ ਹੋਵੈ ਵਾਸੁਲਾ
ਕਢਿ ਵਾਸੁ ਲਈਜੈ ॥
ਜੇ ਗੁਣ ਹੋਵਨਿ ਸਾਜਨਾ
ਮਿਲਿ ਸਾਝ ਕਰੀਜੈ॥
ਸਾਝ ਕਰੀਜੈ ਗੁਣਹ ਕੇਰੀ
ਛੋਡਿ ਅਵਗੁਣ ਚਲੀਐ॥
ਪਹਿਰੇ ਪਟੰਬਰ ਕਰਿ ਅਡੰਬਰ
ਆਪਣਾ ਪਿੜੁ ਮਲੀਐ॥
(ਪੰਨਾ ੭੬੫,
ਰਾਗੁ ਸੂਹੀ ਛੰਤ ਮਹਲਾ ੧ ਘਰੁ ੪)

੩. ਵਿਸ਼ਵ ਸ਼ਾਂਤੀ ਦਾ ਪਹਿਰੇਦਾਰ :- ਗੁਰੂ ਗ੍ਰੰਥ ਸਾਹਿਬ ਦੀ ਬਾਣੀ ਇਨਸਾਨ ਨੂੰ ਪ੍ਰੇਮ ਕਰਨਾ ਸਿਖਾਉਂਦੀ ਹੈ। ਦਇਆ ਨੂੰ ਧਰਮ ਦਾ ਮੂਲ ਦੱਸਦੀ ਹੈ। ਆਪਾ ਭਾਵ ਗਵਾ ਕੇ ਮਨੁੱਖਤਾ ਦੀ ਸੇਵਾ ਕਰਨ ਦੀ ਤਾਕੀਦ ਕਰਦੀ ਹੈ। ਖਲਕਤ ਵਿਚੋਂ ਖਾਲਕ ਨੂੰ ਦੇਖਦੀ ਹੈ ਅਤੇ ਪ੍ਰਭੂ ਦੇ ਸਾਜੇ ਹੋਏ ਸਾਰੇ ਇਨਸਾਨਾਂ ਨੂੰ ਉਸਦਾ ਰੂਪ ਜਾਣ ਕੇ ਮਨੁੱਖ ਜਾਤੀ ਦਾ ਸਤਿਕਾਰ ਕਰਨਾ ਅਤੇ ਲੋੜ ਪੈਣ ਤੇ ਜਾਨ ਤੱਕ ਕੁਰਬਾਨ ਕਰ ਦੇਣੀ ਸਿਖਾਉਂਦੀ ਹੈ। ਇਹੀ ਕਾਰਨ ਹੈ ਕਿ ਵਿਸ਼ਵ ਵਿੱਚ ਕਿਸੇ ਵੀ ਥਾਂ ਤੇ ਕੋਈ ਵੀ ਕੁਦਰਤੀ ਜਾਂ ਮਨੁੱਖ ਨਿਰਮਿਤ ਆਫ਼ਤ ਆਈ ਹੈ, ਭੁਚਾਲ, ਤੂਫ਼ਾਨ, ਹੜ੍ਹ, ਸੁਨਾਮੀ, ਜੰਗ, ਕੋਈ ਮਹਾਂਮਾਰੀ, ਕੋਈ ਮੰਦੀ....ਕੁਝ ਵੀ ਹੋਵੇ, ਇਸ ਗ੍ਰੰਥ ਦੇ ਮੰਨਣ ਵਾਲਿਆਂ ਨੇ ਆਪਣੀਆਂ ਜਾਨਾਂ ਤੇ ਖੇਡ ਕੇ ਵੀ ਦੁਖੀ ਲੋਕਾਂ ਦੀ ਮੱਦਦ ਕੀਤੀ ਹੈ। ਇਹ ਤਦ ਹੀ ਹੋ ਸਕਿਆ ਹੈ ਜੇ ਇਸ ਬਾਣੀ ਦਾ ਸੰਦੇਸ਼ ਇਹਨਾਂ ਦੇ ਖੂਨ ਵਿੱਚ ਰਮਿਆ ਹੋਇਆ ਸੀ।

੪. ਔਰਤ ਦਾ ਸਤਿਕਾਰ :- ਇਸ ਨਿਰਾਲੇ ਗ੍ਰੰਥ ਵਿਚ ਸਦੀਆਂ ਪਹਿਲਾਂ ਤੋਂ ਹੀ ਔਰਤ ਨੂੰ ਜੱਗ-ਜਨਨੀ ਆਖ ਕੇ ਸਤਿਕਾਰਿਆ ਗਿਆ ਹੈ। ਸੰਸਾਰ ਦੀਆਂ ਅੰਤਰਰਾਸ਼ਟਰੀ ਸੰਸਥਾਵਾਂ ਤਾਂ ਬਹੁਤ ਜੋਰ ਲਗਾ ਕੇ ਅੱਜ ਤੱਕ ਔਰਤ ਨੂੰ ਉਸਦਾ ਬਣਦਾ ਸਨਮਾਨ ਨਹੀਂ ਦੇ ਸਕੀਆਂ, ਪਰ ਬਾਣੀਕਾਰਾਂ ਨੇ ਉਸਨੂੰ ਮਰਦ ਦੇ ਬਰਾਬਰ ਦਾ ਸਤਿਕਾਰ ਦਿੱਤਾ ਹੈ। ਜਿੱਥੇ ਕਈ ਧਰਮਾਂ ਵਿੱਚ ਅੱਜ ਵੀ ਔਰਤ ਨੂੰ ਆਪਣੇ ਧਾਰਮਿਕ ਸਥਾਨ ਵਿੱਚ ਜਾਣ ਦੀ ਇਜਾਜ਼ਤ ਨਹੀਂ, ਕੁਝ ਵਿਚ ਉਹ ਧਾਰਮਿਕ ਰਸਮਾਂ ਨਹੀਂ ਨਿਭਾ ਸਕਦੀ। ਕੁਝ ਉਸਨੂੰ ਮੁੱਢੋਂ ਹੀ ਅਧੂਰੀ ਅਤੇ ਅਸ਼ੁੱਧ ਸਮਝਦੇ ਹਨ, ਪਰ ਇਸ ਗ੍ਰੰਥ ਦੇ ਸਾਰੇ ਰਚਣਹਾਰਿਆਂ ਨੇ ਉਸਨੂੰ ਪੂਰਨ ਸਤਿਕਾਰ ਦਿੱਤਾ ਹੈ।

ਸੋ ਕਿਉ ਮੰਦਾ ਆਖੀਐ
ਜਿਤੁ ਜੰਮਹਿ ਰਾਜਾਨੁ ॥
(ਪੰਨਾ ੪੭੩, ਮ:੧)

੫.ਸਾਰੇ ਧਰਮਾਂ ਦਾ ਸਤਿਕਾਰ :- ਗੁਰੂ ਗ੍ਰੰਥ ਸਾਹਿਬ ਜੀ ਇੱਕੋ ਇੱਕ ਅਜਿਹਾ ਗ੍ਰੰਥ ਹੈ ਜਿਸ ਵਿੱਚ ਸਾਰੇ ਧਰਮਾਂ ਨੂੰ ਬਰਾਬਰ ਦਾ ਸਤਿਕਾਰ ਦਿੱਤਾ ਗਿਆ ਹੈ। ਇਸ ਦੇ ਬਾਣੀਕਾਰ ਹਿੰਦੂ ਵੀ ਹਨ, ਮੁਸਲਿਮ ਵੀ ਹਨ, ਹੋਰ ਹੋਰ ਮੱਤਾਂ ਦੇ ਵੀ ਹਨ, ਪਰ ਸਾਰੇ ਇੱਕ ਅਕਾਲ ਪੁਰਖ ਦੀ ਸਿਫਤ ਸਲਾਹ ਕਰਦੇ ਹੋਏ ਇੱਕ ਹੋ ਜਾਂਦੇ ਹਨ। ਗੁਰੂ ਨਾਨਕ ਜੀ ਸਾਫ ਸ਼ਬਦਾਂ ਵਿੱਚ ਆਖਦੇ ਹਨ ਕਿ ਜਿਸ ਮਨੁੱਖ ਦੇ ਹਿਰਦੇ ਵਿਚ ਪ੍ਰਭੂ ਪਿਤਾ ਦੀ ਉਪਮਾ ਹੋ ਰਹੀ ਹੈ, ਉਸਨੂੰ ਮਾਣ ਵਡਿਆਈ ਦੇ ਅਤੇ ਉਸਦਾ ਸਤਿਕਾਰ ਕਰ ॥

ਬਾਬਾ ਜੈ ਘਰਿ ਕਰਤੇ ਕੀਰਤਿ ਹੋਇ॥
ਸੋ ਘਰੁ ਰਾਖੁ ਵਡਾਈ ਤੋਇ ॥
(ਪੰਨਾ ੧੨, ਰਾਗੁ ਆਸਾ ਮਹਲਾ ੧)

੫. ਵਿਗਿਆਨਕ ਸੋਚ ਦਾ ਸੰਦੇਸ਼ਵਾਹਕ:- ਇਸ ਗ੍ਰੰਥ ਵਿੱਚ ਕਿਸੇ ਵੀ ਤਰਾਂ ਦੀਆਂ ਮਿਥਿਹਾਸਕ ਕਥਾ ਕਹਾਣੀਆਂ ਨਹੀਂ ਹਨ। ਅੱਜ ਸਾਰੇ ਸੰਸਾਰ ਵਿੱਚ ਵਿਗਿਆਨਕ ਸੋਚ ਨੂੰ ਮਾਣਤਾ ਮਿਲੀ ਹੋਈ ਹੈ। ਅਤੇ ਜਿਵੇਂ ਈਸਾਈਆਂ ਦੇ ਗ੍ਰੰਥ ਪੀਹਲਾਂ ਵਿਗਿਆਨ ਦੇ ਵਿਰੁੱਧ ਲਿਖਦੇ ਸਨ। ਉਹਨਾਂ ਨੇ ਵਿਗਿਆਨਕਾਂ ਤੇ ਜ਼ੁਲਮ ਵੀ ਕੀਤੇ। ਪਰ ਅਖੀਰ ਉਹਨਾਂ ਨੂੰ ਆਪਣੀ ਇਸ ਗਲਤੀ ਨੂੰ ਸੁਧਾਰਨਾ ਵੀ ਪਿਆ ਅਤੇ ਮੁਆਫੀ ਵੀ ਮੰਗਣੀ ਪਈ। ਇਸੇ ਤਰਾਂ ਹਿੰਦੂ ਗ੍ਰੰਥਾਂ ਵਿੱਚ ਬਹੁਤ ਕੁਝ ਅਜਿਹਾ ਹੈ ਜੋ ਵਿਗਿਆਨਕ ਸੋਚ ਦੀ ਨਵੀਂ ਪੀੜ੍ਹੀ ਲਈ ਹਜ਼ਮ ਕਰਨਾ ਔਖਾ ਹੈ। ਪਰ ਸਾਰੇ ਗੁਰੂ ਗ੍ਰੰਥ ਸਾਹਿਬ ਵਿੱਚ ਕੋਈ ਇੱਕ ਵੀ ਪੰਕਤੀ ਅਜਿਹੀ ਨਹੀਂ ਹੈ ਜਿਹੜੀ ਵਿਗਿਆਨ ਦੀ ਕਸਵੱਟੀ ਤੇ ਪੂਰੀ ਨਾ ਉੱਤਰਦੀ ਹੋਵੇ। ਕਿਉਂ ਅਤੇ ਕਿਵੇਂ ਪ੍ਰਸ਼ਨਾਂ ਨੂੰ ਗੁਰੂ ਸਾਹਿਬ ਨੇ ਵਡਿਆਇਆ ਹੈ ਅਤੇ ਸਾਰਥਕ ਸੰਵਾਦ ਰਚਾਉਣ ਦੀ ਪ੍ਰੇਰਨਾ ਵੀ ਦਿੱਤੀ ਹੈ।

੬. ਕਿਰਤੀ ਵਰਗ ਦੇ ਹੱਕਾਂ ਦਾ ਰਖਵਾਲਾ:- ਸਾਰਾ ਸੰਸਾਰ ਕਿਰਤੀ ਵਰਗ ਨੂੰ ਪੂਰਾ ਮਾਣ ਮਿਲਦੇ ਦੇਖਣ ਦਾ ਇੱਛਕ ਹੈ ਕਿਉਂਕਿ ਸੰਸਾਰ ਵਿੱਚ ਬਹੁ ਗਿਣਤੀ ਤਾਂ ਆਮ ਕਾਮੇ ਵਰਗ ਦੀ ਹੈ, ਪਰ ਬਹੁਤ ਘੱਟ ਗਿਣਤੀ ਦੇ ਸਰਮਾਏਦਾਰ ਵਰਗ ਨੇ ਵਿਸ਼ਵ ਆਰਥਿਕਤਾ ਨੂੰ ਕਾਬੂ ਕੀਤਾ ਹੋਇਆ ਹੈ ਅਤੇ ਉਹ ਆਪਣੇ ਮੁਨਾਫੇ ਲਈ ਸੰਸਾਰ ਨੂੰ ਲੁੱਟ ਰਹੇ ਹਨ।

ਗੁਰੂ ਸਾਹਿਬ ਦਸਾਂ ਨਹੁੰਆਂ ਦੀ ਇਮਾਨਦਾਰੀ ਦੀ ਕਿਰਤ ਕਰਨ ਦਾ ਸੰਦੇਸ਼ ਦਿੰਦੇ ਹਨ ।ਅਤੇ ਉਸਨੂੰ ਵੀ ਵੰਡ ਕੇ ਛਕਣ ਲਈ ਆਖਦੇ ਹਨ ਕਿਉਂਕਿ ਉਹਨਾਂ ਦਾ ਵਿਸ਼ਵਾਸ ਹੈ ਕਿ ਕਿਰਤ ਕੀਤਿਆਂ ਅਤੇ ਵੰਡ ਕੇ ਛਕਣ ਨਾਲ ਫਾਲਤੂ ਦੀ ਮਾਇਆ ਜਮ੍ਹਾਂ ਹੀ ਨਹੀਂ ਹੁੰਦੀ, ਜਿਹੜੀ ਵਿਕਾਰਾਂ ਦਾ ਕਾਰਨ ਬਣਦੀ ਹੈ।

ਘਾਲਿ ਖਾਇ ਕਿਛੁ ਹਥਹੁ ਦੇਇ॥
ਨਾਨਕ ਰਾਹੁ ਪਛਾਣਹਿ ਸੇਇ ॥
(ਪੰਨਾ ੧੨੪੫, ਸਲੋਕ ਮ : ੧)

੭ ਛੋਟੀਆਂ ਅਤੇ ਨੀਚ ਕਹਾਉਣ ਵਾਲਿਆਂ ਦਾ ਪੱਖ ਪੂਰਨਾ :- ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤ ਅਨੁਸਾਰ ਨੀਚ ਕਹਾਉਣ ਵਾਲੇ, ਕਥਿਤ ਛੋਟੀ ਜਾਤ ਵਾਲੇ, ਦੱਬੇ ਕੁਚਲੇ ਅਤੇ ਲਤਾੜੇ ਲੋਕਾਂ ਦੀ ਬਾਂਹ ਫੜਨੀ ਹਰ ਇਨਸਾਨ ਦਾ ਮੁਢਲਾ ਫਰਜ ਹੈ। ਉਹ ਆਪ ਗੱਜ ਵੱਜ ਕੇ ਨੀਵਿਆਂ ਨਾਲ ਖੜ੍ਹੇ ਹੋਣ ਦਾ ਹੋਕਾ ਦਿੰਦੇ ਹਨ -

ਨੀਚਾ ਅੰਦਰਿ ਨੀਚ ਜਾਤਿ
ਨੀਚੀ ਹੂ ਅਤਿ ਨੀਚੁ ॥
ਨਾਨਕੁ ਤਿਨ ਕੈ ਸੰਗ ਸਾਥਿ
ਵਡਿਆ ਸਿਉ ਕਿਆ ਰੀਸ ॥
ਜਿਥੈ ਨੀਚ ਸਮਾਲੀਅਨਿ ਤਿਥੈ
ਨਦਰਿ ਤੇਰੀ ਬਖਸ਼ੀਸ਼॥
(ਪੰਨਾ ੧੫,ਸਿਰਿਰਾਗੁ ਮਹਲਾ ੧)

ਇਸ ਤੋਂ ਵੱਧ ਕੇ ਕਿਹੜਾ ਸਮਾਜਵਾਦ ਹੋ ਸਕਦਾ ਹੈ ?

੮. ਮਨੁੱਖੀ ਆਜ਼ਾਦੀ, ਸਵੈ ਮਾਣ ਅਤੇ ਹੱਕਾਂ ਦਾ ਪਹਿਰੇਦਾਰ :-ਗੁਰੂ ਗ੍ਰੰਥ ਸਾਹਿਬ ਜੀ ਵਿੱਚ ਜਿੱਥੇ ਆਪਣੇ ਫਰਜ਼ ਪੂਰੇ ਕਰਨ ਲਈ ਸਿੱਖਿਆ ਦਿੱਤੀ ਗਈ ਹੈ। ਉੱਥੇ ਪੂਰੇ ਮਾਣ ਸਤਿਕਾਰ ਨਾਲ ਜਿਉਣ ਦੀ ਗੱਲ ਵੀ ਕੀਤੀ ਹੈ। ਆਪਣੇ ਬਣਦੇ ਹੱਕ ਲੈਣੇ ਵੀ ਹਨ। ਆਪਣੀ ਆਜ਼ਾਦੀ ਨੂੰ ਹਰਗਿਜ਼ ਨਹੀਂ ਗੁਆਉਣਾ ਅਤੇ ਆਪਣਾ ਸਨਮਾਨ ਬਣਾਈ ਰੱਖਣਾ ਹੈ।

ਜੇ ਜੀਵੈ ਪਤਿ ਲਥੀ ਜਾਇ ॥
ਸਭੁ ਹਰਾਮੁ ਜੇਤਾ ਕਿਛੁ ਖਾਇ ॥
(ਪੰਨਾ ੧੪੨, ਮ ::੧ ਸਲੋਕੁ)

ਇਸ ਤਰਾਂ ਦੀਆਂ ਅਣਗਿਣਤ ਖੂਬੀਆਂ ਇਸ ਨਿਰਾਲੇ ਗ੍ਰੰਥ ਵਿੱਚ ਹਨ। ਇਹ ਰਾਜਿਆਂ, ਸਰਮਾਰਦਾਰਾਂ, ਨਵਾਬਾਂ, ਧਨੀਆਂ, ਧਾਰਮਿਕ ਅਤੇ ਸਮਾਜਿਕ ਲੀਡਰਾਂ, ਪੁਜਾਰੀਆਂ, ਸੰਤਾਂ, ਕਾਜੀਆਂ, ਪੰਡਿਤਾਂ, ਜੋਗੀਆਂ, ਕਿਸੇ ਦੀ ਵੀ ਬੇਲੋੜੀ ਅਧੀਨਗੀ ਨਹੀਂ ਝੱਲਦਾ। ਗੁਰਮਤਿ ਸਿਧਾਂਤ ਨਾ ਡਰਨਾ ਅਤੇ ਨਾ ਡਰਾਉਣਾ ਹੈ। ਉਹ ਇੱਕ ਨਿਰਭਉ ਅਤੇ ਨਿਰਵੈਰ ਇਨਸਾਨ ਬਣਾਉਣ ਦੀ ਸਿੱਖਿਆ ਦਿੰਦੇ ਹਨ, ਜਿਹੜਾ ਪੂਰਨ ਇਨਸਾਨ ਕਹਾਏਗਾ


4.ਇੱਕੋ ਇੱਕ ਗ੍ਰੰਥ ਜੋ ਗੁਰੂ ਹੈ -ਗੁਰੂ ਗ੍ਰੰਥ ਸਾਹਿਬ ਜੀ :- ਸਾਰੇ ਸੰਸਾਰ ਵਿੱਚ, ਸਾਰੇ ਧਰਮਾਂ ਵਿਚੋਂ ਇਹ ਇੱਕੋ ਇੱਕ ਅਜਿਹਾ ਗ੍ਰੰਥ ਹੈ, ਜਿਸ ਨੂੰ ਗੁਰੂ ਦਾ ਦਰਜਾ ਹਾਸਿਲ ਹੈ। ਇਸ ਦੇ ਨਾਮ ਤੇ ਜਾਇਦਾਦ ਰਜਿਸਟਰ ਕਰਵਾਈ ਜਾ ਸਕਦੀ ਹੈ ਅਤੇ ਅਦਾਲਤਾਂ ਨੇ ਵੀ ਜੀਵਤ-ਗੁਰੂ ਦਾ ਦਰਜਾ ਦੇਣਾ ਪ੍ਰਵਾਨ ਕਰ ਲਿਆ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਇਸ ਨੂੰ ਗੁਰੂ ਮੰਨਣ ਦੇ ਆਦੇਸ਼ ਤੇ ਸਿੱਖਾਂ ਨੇ ਫੁੱਲ ਚੜ੍ਹਾਏ ਹਨ। ਬਹੁਤ ਜਿਆਦਾ ਸਤਿਕਾਰ ਗੁਰੂ ਸਾਹਿਬ ਦੇ ਸਮੇਂ ਤੋਂ ਅੱਜ ਤੱਕ ਇਸ ਗ੍ਰੰਥ ਨੂੰ ਦਿੱਤਾ ਗਿਆ ਹੈ, ਜਿਸ ਦਾ ਇਹ ਹੱਕਦਾਰ ਵੀ ਹੈ। ਇਸ ਇੱਕੋ ਇੱਕ ਗ੍ਰੰਥ ਦੇ ਸਤਿਕਾਰ ਨੂੰ ਕਾਇਮ ਰੱਖਣ ਲਈ ਅਨੇਕਾਂ ਸਿੰਘਾਂ ਨੇ ਆਪਣੀਆਂ ਜਿੰਦਗੀਆਂ ਦੀ ਆਹੂਤੀ ਦਿੱਤੀ ਹੈ ਅਤੇ ਇਸ ਤੇ ਵਾਰ ਕਰਨ ਵਾਲੇ ਦੀ ਜਾਨ ਲੈਣ ਤੋਂ ਵੀ ਗੁਰੇਜ਼ ਨਹੀਂ ਕੀਤਾ। ਇਸ ਤਰਾਂ ਦੀਆਂ ਹੋਰ ਵਿਸ਼ੇਸ਼ਤਾਈਆਂ ਗਿਣਨ ਲੱਗੇ, ਤਾਂ ਲੇਖ ਬਹੁਤ ਲੰਮਾ ਹੋ ਜਾਏਗਾ।

ਅੰਤਿਕਾ :-ਇੰਨੇ ਖੂਬਸੂਰਤ ਗੁਣਾਂ ਨਾਲ ਸ਼ਿੰਗਾਰੇ ਹੋਏ ਇਸ ਗ੍ਰੰਥ ਦੀ ਸਿੱਖਿਆ ਨੂੰ ਜੇ ਅਸੀਂ ਕੁਝ ਕੁ ਹਿਰਦਿਆਂ ਤੱਕ ਹੀ ਸੀਮਿਤ ਕਰ ਦਿੱਤਾ ਹੈ, ਤਾਂ ਅਸੀਂ ਖੁਦ ਬਹੁਤ ਵੱਡੇ ਅਪਰਾਧੀ ਹਾਂ। ਕਿਉ ਨਹੀ ਅੱਜ ਸੰਸਾਰ ਦੇ ਲੋਕ ਇਸ ਤੋਂ ਸੇਧ ਲੈਣ ਆਉਂਦੇ ??? ਸਾਨੂੰ ਮਿਲ ਬੈਠਣ ਦੀ ਲੋੜ ਹੈ। ਨਵੀਂਆਂ ਨੀਤੀਆਂ ਬਣਾਉਣ ਦੀ ਲੋੜ ਹੈ। ਬੇਲੋੜੀਆਂ ਸ਼ਰਧਾ ਪੂਰਨ ਕਰਮ ਕਾਂਡ ਵਾਲੀਆਂ ਰਸਮਾਂ ਅਤੇ ਕੱਟੜਤਾ ਨੂੰ ਤਿਆਗ ਕੇ ਇਸ ਦਾ ਵਿਸ਼ਵ-ਵਿਆਪੀ ਪ੍ਰੇਮ ਦਾ ਸੰਦੇਸ਼ ਸਾਰੀ ਦੁਨੀਆਂ ਤੱਕ ਪਹੁੰਚਾਏ ਜਾਣ ਦੀ ਲੋੜ ਹੈ। ਲੱਖ ਸਾਡੇ ਵਿਰੋਧੀ ਸਾਜਿਸ਼ਾਂ ਕਰਦੇ ਰਹਿਣ, ਲੱਖ ਹਮਲਾਵਰ ਹਮਲੇ ਕਰਦੇ ਰਹਿਣ, ਜੇ ਸਾਨੂੰ ਸ਼ਬਦ ਤੋਂ ਸੇਧ ਲੈਣੀ ਆ ਗਈ, ਤਾਂ ਉਸਦੀ ਸੁਗੰਧੀ ਸਾਡੇ ਵਿਵਹਾਰ ਅਤੇ ਕਿਰਦਾਰ ਵਿੱਚੋਂ ਝਲਕੇਗੀ ਅਤੇ ਕੋਈ ਵਿਰੋਧੀ ਕਦੇ ਕਾਮਯਾਬ ਨਹੀਂ ਹੋ ਸਕੇਗਾ। ਬ੍ਰਹਿਮੰਡੀ ਪ੍ਰੇਮ ਆਏ ਸ਼ਾਂਤੀ ਦਾ ਇਹ ਅਨੂਠਾ ਸੰਦੇਸ਼ ਸਾਰੇ ਸੰਸਾਰ ਨੂੰ ਜਰੂਰ ਮਹਿਕਾਏਗਾ। ਯਤਨ ਸਾਡੇ, ਬਖਸ਼ਿਸ਼ ਅਕਾਲ ਪੁਰਖ ਦੀ।

* * * * * * * *

# ਇਕ ਵਜ਼ਨਦਾਰ ਗੀਤਕਾਰ ਦਲਜੀਤ ਸਿੰਘ ਅਰੋੜਾ

**ਬਲਵਿੰਦਰ ਬਾਲਮ ਗੁਰਦਾਸਪੁਰ**
9815625409



ਦਲਜੀਤ ਸਿੰਘ ਅਰੋੜਾ ਨੇ ਜ਼ਿਆਦਾਤਰ ਗੀਤ ਪੰਜਾਬੀ ਫ਼ਿਲਮਾਂ ਲਈ ਹੀ ਲਿਖੇ ਹਨ,ਜਿਹਨਾਂ ਨੂੰ ਪ੍ਰਸਿੱਧ ਗਾਇਕਾਂ ਨੇ ਅਲਕਰਿਤ ਕੀਤਾ ਹੈ। ਉਹਨਾਂ ਨੇ ਸਮਾਜਿਕ,ਧਾਰਮਿਕ, ਵੀਰਰਸ,ਕਰੁਨਾਰਸ ਅਤੇ ਰੋਮਾਂਟਿਕ ਗੀਤਾਂ ਨੂੰ ਫਿਲਮੀ ਪਟਕਥਾ ਅਨੁਸਾਰ ਲਿਖਿਆ ਹੈ। ਗੀਤਕਾਰੀ ਦੇ ਜਗਤ ਵਿਚ ਇਕ ਵਜ਼ਨਦਾਰ ਗੀਤਾਂ ਦੇ ਸੰਕੇਤ ਉਭਰਦੇ ਸੁਣਾਈ ਦਿੰਦੇ ਹਨ। ਭਾਸ਼ਾ ਦਾ ਪ੍ਰਯੋਗ ਦਰਪਣ ਉਪਰ ਪਾਰੇ ਦੀ ਪਰਤ ਵਰਗਾ ਹੁੰਦਾ ਹੈ। ਗੀਤ ਯੁਕਤੀ, ਵਿਚਾਰ, ਤਕਦੀਦ ਅਤੇ ਲੈਅ ਦੇ ਏਵਜ ਵਿਚ ਬਿੰਬਾਂ ਦੀ ਸਿਰਜਨਾ ਉਪਰ ਪੂਰੇ ਉਤਰਦੇ ਹਨ। ਗੀਤ ਸ਼ਬਦਾਂ ਦੀ ਰਚਨਾ ਅਤੇ ਸ਼ਬਦ ਸਮਾਜਿਕ ਸਮਰਿਤੀ ਚਿੰਨ ਹੁੰਦੇ ਹਨ, ਨਾਲ ਨਾਲ ਹੀ ਓਥੇ ਸਮਰਿਤੀ ਅਤੇ ਕਲਪਨਾ ਇਕ ਉੱਦਮ ਗੀਤਾਂ ਦੇ ਹਰ ਏਕ ਸ਼ਬਦ ਵਿਚ ਬੋਲਦਾ ਸੁਣਾਈ ਦਿੰਦਾ ਹੈ। ਉਸ ਦੇ ਗੀਤ ਮੁਗਧਕਾਰੀ ਅਤੇ ਊਰਜਾ ਨਾਲ ਅਲਕਰਿਤ ਹਨ। ਵੈਸੇ ਤਾਂ ਦਲਜੀਤ ਸਿੰਘ ਅਰੋੜਾ ਨੂੰ ਸਾਰਾ ਪੰਜਾਬੀ ਫ਼ਿਲਮ ਜਗਤ ਫਿਲਮੀ ਰਸਾਲੇ ਪੰਜਾਬੀ ਸਕਰੀਨ ਦੇ ਸੰਪਾਦਕ ਵਜੋਂ ਜਾਣਦਾ ਹੀ ਹੈ ਅਤੇ ਉਹ ਕਦੇ ਕਦੇ ਪੰਜਾਬੀ ਤੇ ਬਾਲੀਵੁੱਡ ਫ਼ਿਲਮਾਂ ਵਿਚ ਬਤੌਰ ਕਲਾਕਾਰ ਵੀ ਹਾਜ਼ਰੀ ਭਰਦਾ ਦਿਸਦਾ ਹੈ। ਇਸ ਤੋਂ ਪਹਿਲਾਂ ਉਹ ਪੰਜਾਬ ਵਿਚ ਪਦਮਨੀ ਕੋਹਲਾਪੁਰੇ ਐਕਟਿੰਗ ਸਕੂਲ ਦੇ ਡਾਇਰੈਕਟਰ ਵਜੋਂ ਕਈ ਕਲਾਕਾਰ ਨੂੰ ਵੀ ਅੱਗੇ ਲਿਆ ਚੁੱਕਿਆ ਹੈ। ਪਰ ਅੱਜ ਮੈਂ ਤੁਹਾਨੂੰ ਉਹਨਾਂ ਵਿਚਲੇ ਵਿਲੱਖਣ ਗੀਤਕਾਰੀ ਦੇ ਹੁਨਰ ਤੋਂ ਜਾਣੂ ਕਰਵਾ ਰਿਹਾ ਹਾਂ। ਹੁਣ ਤੱਕ ਉਸ ਦੀ ਕਲਮ ਚੋਂ ਨਿਕਲੇ ਕਈ ਫਿਲਮੀ ਗੀਤ ਪੰਜਾਬੀ ਤੇ ਬਾਲੀਵੁੱਡ ਗਾਇਕਾਂ ਦੀ ਜ਼ੁਬਾਨ ਦਾ ਸ਼ਿੰਗਾਰ ਬਣ ਚੁੱਕੇ ਹਨ। ਜਦੋਂ ਗੱਲ ਦੇਸ਼ ਭਗਤੀ ਤੇ ਵੀਰਤਾ ਭਰਪੂਰ ਗੀਤ ਲਿਖਣ ਦੀ ਹੋਵੇ ਤਾਂ ਦਲਜੀਤ ਸਿੰਘ ਅਰੋੜਾ ਦੀ ਕਲਮ ਚੋਂ ਜਨਮੇ ਗੀਤ 'ਦੁਨੀਆਂ ਦੇ ਹਰ ਇਕ ਝੰਡੇ ਤੇ ਸਾਡਾ ਇਕ ਤਿੰਰਗਾ ਭਾਰੀ" (ਗਾਇਕ ਨਛੱਤਰ ਗਿੱਲ ਅਤੇ ਫਿਰੋਜ਼ ਖਾਨ) ਫ਼ਿਲਮ 'ਸਲਿਊਟ' ਤੇ ਗੀਤ ਦੂਜਾ ਗੀਤ "ਡੌਲੇ" (ਦਲੇਰ ਮਹਿੰਦੀ)ਫ਼ਿਲਮ 'ਨਿਡਰ' ਵਿਚ ਕੋਈ ਕਸਰ ਬਾਕੀ ਨਜ਼ਰ ਨਹੀਂ ਆਉਂਦੀ ਅਤੇ ਅਕਸਰ ਇਹ ਗੀਤ ਫੌਜੀ ਕੈਂਪਾਂ ਅਤੇ ਸਰਕਾਰੀ ਪ੍ਰੋਗਰਾਮਾਂ ਵਿਚ ਕੋਰੀਓਗ੍ਰਾਫ ਕੀਤੇ ਜਾਂਦੇ ਹਨ। ਜੇ ਗੱਲ ਵੈਰਾਗ ਮਈ ਗੀਤਾਂ ਦੀ ਕਰੀਏ ਤਾਂ ਗੱਲ 'ਬੇਵੱਸ ਹੋਈ' (ਫਿਲਮ ਪਾਵਰਕੱਟ) ਅਤੇ 'ਦਰਦ ਵਿਛੋੜੇ ਦੇ' (ਦੋਨੋ ਗੀਤ ਮਾਸਟਰ ਸਲੀਮ), 'ਕੀ ਮਿਲਿਆ ਤੇਰੀ ਹੋ ਕੇ' (ਜਾਵੇਦ ਬਾਸ਼ੀਰ-ਅਕਬਰ ਅਲੀ-ਪਾਕਿਸਤਾਨੀ ਗਾਇਕ), 'ਸਾਰੀ ਉਮਰਾਂ ਦੇ ਪੈ ਗਏ ਵਿਛੋੜੇ' (ਤਰਲੋਚਨ ਸਿੰਘ-ਜੋਤੀਕਾ ਟਾਂਗਰੀ) ਤੋਂ ਇਉਂ ਲੱਗਦਾ ਹੈ ਕਿ ਇਹਨਾਂ ਵਿਚ ਹਰ ਨਾਕਾਮ ਆਸ਼ਕ ਦੀ ਗਾਥਾ ਲੁਕੀ ਹੈ। ਇਸ ਦੇ ਉਲਟ ਜੇ ਉਸ ਨੂੰ ਰੋਮਾਂਟਿਕ ਗੀਤ ਲਿਖਣ ਲਈ ਕਿਹਾ ਜਾਂਦਾ ਹੈ ਤਾਂ "ਲਵ ਯੂ ਮੇਰੀ ਸਰਕਾਰ" (ਮੰਨਤ ਨੂਰ- ਗੁਰਮੀਤ ਸਿੰਘ) ਦੇ ਬੋਲਾਂ ਵਿੱਚ ਪਿਆਰ ਦਾ ਹਰ ਰੰਗ ਮੌਜੂਦ ਹੈ। ਹੁਣ ਜੇ ਨੌਜਵਾਨਾਂ ਦਾ ਧਿਆਨ ਖਿੱਚਦੇ ਬੀਟ ਗੀਤਾਂ ਦੀ ਗੱਲ ਕਰੀਏ ਤਾਂ ਇੱਥੇ ਵੀ ਉਸ ਦੇ ਬੋਲਾਂ ਦੇ ਨਵਾਂ ਰੂਪ ਸਾਹਮਣੇ ਆਉਂਦਾ ਹੈ। ਜਿਹਨਾਂ ਵਿੱਚ ਬਾਲੀਵੁੱਡ ਗਾਇਕ ਮੀਕਾ ਸਿੰਘ ਦਾ ਗਾਇਆ ਗੀਤ "ਯੰਗ ਮਲੰਗ", "ਬੁਲਟ ਦੀ ਗੇੜੀ" (ਸਿਮਰਨ ਭਾਰਦਵਾਜ),



ਲਾਹਿੰਬਰ ਹੁਸੈਨ ਪੂਰੀ ਦਾ ਗਾਇਆ ਗੀਤ "ਯਾਰਾ ਦੇ ਯਾਰ" ਅਤੇ ਫ਼ਿਲਮ ਯਾਰ ਅਣਮੁੱਲੇ 2 ਦਾ ਗੀਤ "ਮਨ ਡੋਲੇ ਤਨ ਡੋਲੇ" ਲੇਖਕ ਦੇ ਜਵਾਨ ਦਿਲ ਦੀ ਗਵਾਹੀ ਭਰਦੇ ਹਨ। ਗੱਲ ਇੱਥੇ ਹੀ ਨਹੀ ਮੁਕਦੀ ਦਲਜੀਤ ਅਰੋੜਾ ਦੀ ਕਲਮ ਧਾਰਮਿਕ/ ਸਮਾਜਿਕ ਗੀਤਾਂ ਵੱਲ ਵੀ ਕਾਮਯਾਬੀ ਦੇ ਝੰਡੇ ਬੁਲੰਦ ਕਰਦੀ ਹੈ। ਫ਼ਿਲਮ "ਆਸਰਾ" ਦਾ ਜਸਪਿੰਦਰ ਨਰੂਲਾ ਵੱਲੋਂ ਗਾਇਆ ਗੀਤ "ਸ਼ੁਕਰਾਨਾ", 'ਤੇਰਾ ਤੇਰਾ ਬੋਲ ਗਿਆ' (ਮੀਤ ਕੌਰ) ਦੇ ਅਲਫਾਜ਼ ਵੀ ਬਾਕਮਾਲ ਹਨ ਅਤੇ ਬੇਜ਼ੁਬਾਨ ਜਾਨਵਰਾਂ ਦੀ ਦਾਸਤਾਨ ਬਿਆਨ ਕਰਦੇ ਦੋ ਹਿੰਦੀ ਗੀਤ 'ਬੇਜ਼ੁਬਾਨ' ਅਤੇ 'ਬੇਜ਼ੁਬਾਨ 2' (ਗਾਇਕ ਯਾਕੂਬ) ਸਰੋਤਿਆਂ ਦੇ ਕਰੋੜਾ ਵਿਊਜ਼ ਹਾਸਲ ਕਰ ਚੁੱਕੇ ਹਨ ਅਤੇ ਇਹਨਾਂ ਗੀਤਾਂ ਦੇ ਲੱਖਾਂ ਦੀ ਗਿਣਤੀ ਵਿਚ ਇੰਸਟਾਗਰਾਮ ਅਤੇ ਯੁਟਿਊਬ ਸ਼ੋਰਟਸ ਵੇਖੇ ਜਾ ਸਕਦੇ ਹਨ। ਜੇ ਸਿੱਖ ਨੌਜਵਾਨ ਵਿਚ ਸਿੱਖੀ ਦਾ ਜਜ਼ਬਾ ਭਰਨ ਲਈ ਗੀਤ ਘੜਣ ਦੀ ਗੱਲ ਹੋਵੇ ਤਾਂ ਫ਼ਿਲਮ "ਗੁਰਮੁਖ" ਦਾ ਨਛੱਤਰ ਗਿੱਲ ਵੱਲੋਂ ਗਾਇਆ ਗੀਤ "ਦੁੱਕੀ ਤਿੱਕੀ" ਆਪਣੇ ਆਪ ਵਿਚ ਉਦਹਾਰਣ ਹੈ। ਕਿਸੇ ਲੇਖਕ ਦੀ ਕਲਮ ਨੂੰ ਚੈਲੰਜ ਦਾ ਉਸ ਵੇਲੇ ਸਾਹਮਣਾ ਕਰਨਾ ਪੈਂਦਾ ਹੈ ਜਦੋਂ ਦੇਸ਼ ਭਗਤੀ ਤੇ ਵੀਰਤਾ ਦੇ ਗੀਤ ਲਿਖਣ ਵਾਲੀ ਕਲਮ ਨੂੰ ਆਪਣੇ ਹੀ ਦੇਸ਼ ਪ੍ਰਤੀ ਰੋਸ ਜਾਹਰ ਕਰਨ ਦੇ ਲਫਜ਼ ਘੜਣੇ ਪੈਂਦੇ ਹਨ ਤਾ ਫ਼ਿਲਮ 47 ਤੋਂ 84 ਦੀ ਗੀਤ "ਘਰ ਵਿਚ ਬੇ ਘਰ ਹੋਏ ਇਸ ਮੁਲਕ ਦੇ ਵਾਸੀ ਦੀ, ਏ ਲੰਬੀ ਕਹਾਣੀ ਏ 47 ਤੋਂ 84 ਦੀ" ਸਰੋਤਿਆਂ ਦੇ ਰੋਂਗਟੇ ਖੜੇ ਕਰਦਾ ਹੈ। ਦਲਜੀਤ ਅਰੋੜਾ ਦੀ ਕਲਮ ਨੇ ਅਨੇਕਾਂ ਗੀਤਾਂ ਦੀ ਰਚਨਾ ਕੀਤੀ ਹੈ ਅਤੇ ਇਸ ਤਰਾਂ ਹੀ ਉਸ ਦੀ ਕਲਮ ਕੋਲ ਹਰ ਵਿਸ਼ੇ ਤੇ ਗੀਤ ਲਿਖਣ ਲਈ ਅਲਫਾਜ਼ਾਂ ਦਾ ਗਹਿਰਾਂ ਸਮੁੰਦਰ ਹੈ। ਆਉਣ ਵਾਲੇ ਦਿਨਾਂ ਵਿਚ ਇਸੇ ਤਰਾਂ ਦੇ ਵਰਸਟਾਈਲ ਬਾਲੀਵੁੱਡ ਫ਼ਿਲਮੀ ਅਤੇ ਪੰਜਾਬੀ ਗੀਤ ਤੁਹਾਨੂੰ ਵੇਖਣ-ਸੁਣਨ ਨੂੰ ਮਿਲਣਗੇ, ਜਿਹਨਾਂ ਵਿਚ ਕਨਿਕਾ ਕਪੂਰ, ਫਿਰੋਜ਼ ਖਾਨ ਅਤੇ ਕੰਵਰ ਗਰੇਵਾਲ ਸਮੇਤ ਹੋਰ ਵੀ ਵੱਡੇ ਗਾਇਕਾਂ ਦੀਆਂ ਆਵਾਜ਼ਾਂ ਸ਼ਾਮਲ ਹਨ।

# ਧਾਰਮਿਕ ਅਤੇ ਸਮਾਜ ਸੁਧਾਰਕ ਬੈਂਤ ਮਈ ਕਵਿਤਾ ਦਾ ਸਿਰਜਕ : ਕਵੀ ਦਲਬੀਰ ਸਿੰਘ ਰਿਆੜ

**ਬਲਵਿੰਦਰ ਬਾਲਮ ਗੁਰਦਾਸਪੁਰ**
9815625409

ਉਮਰ ਦੀਆਂ 67 ਬਹਾਰਾਂ ਮਾਣ ਚੁਕੇ ਪੰਥਕ ਕਵੀ, ਲੇਖਕ ਪ੍ਰਚਾਰਕ ਦਲਬੀਰ ਸਿੰਘ ਰਿਆੜ ਬਤੌਰ ਗਣਿਤ ਪ੍ਰਾਧਿਆਪਕ, ਸਰਕਾਰੀ ਕੰਨਿਆ ਸੀ.ਸੈ. ਸਕੂਲ ਆਬਾਦਪੁਰਾ, ਨਕੋਦਰ ਰੋਡ, ਜਾਲੰਧਰ, ਪੰਜਾਬ ਤੋਂ ਸੇਵਾ ਮੁਕਤ ਹੋ ਚੁੱਕੇ ਹਨ। ਪੰਜਾਬੀ ਸਾਹਿਤ ਦੀ ਝੋਲੀ ਵਿਚ ਉਹ ਧਾਰਮਿਕ ਅਤੇ ਸਮਾਜ ਸੁਧਾਰਕ ਕਵਿਤਾਵਾਂ ਦੀਆਂ ਪੰਜ ਪੁਸਤਕ ਪਾ ਚੁੱਕੇ ਹਨ। ਉਹ ਸ਼੍ਰੋਮਣੀ ਗੁਰਸਿੱਖ ਕਵੀ ਸਭਾ ਦੇ ਪ੍ਰਧਾਨ, ਪੰਜਾਬੀ ਲਿਖਾਰੀ ਸਭਾ (ਰਜਿ.) ਜਾਲੰਧਰ ਦੇ ਚੇਅਰਮੈਨ, ਕੰਵਰ ਸਤਨਾਮ ਸਿੰਘ ਖ਼ਾਲਸਾ ਸਕੂਲ ਜਾਲੰਧਰ ਦੇ ਡਾਇਰੈਕਟਰ, ਸਿੱਖ ਮਿਸ਼ਨਰੀ ਕਾਲਜ ਲੁਧਿਆਣਾ ਤੋਂ ਗੁਰਮਤਿ ਡਿਪਲੋਮਾ, ਭਾਸ਼ਾ ਵਿਭਾਗ ਪੰਜਾਬ ਤੇ ਹਰਿਆਣਾ ਉਰਦੂ ਅਕੈਡਮੀ ਤੋਂ ਉਰਦੂ ਡਿਪਲੋਮਾ ਆਦਿ ਪ੍ਰਾਪਤੀਆਂ ਦੇ ਬੰਦਨਵਾਰ ਸਜਾ ਚੁੱਕੇ ਹਨ।

ਪੰਥਕ ਕਵੀ ਦੇ ਤੌਰ 'ਤੇ ਉਹ ਦੇਸ਼ ਵਿਦੇਸ਼ ਵਿਚ ਲਗਭਗ ਪ੍ਰਸਿੱਧ ਧਾਰਮਿਕ ਸਥਾਨਾਂ ਵਿਖੇ ਅਪਣੀਆਂ ਕਵਿਤਾਵਾਂ ਦੇ ਜੌਹਰ ਵਿਖਾ ਚੁਕੇ ਹਨ। ਉਨ੍ਹਾਂ ਦੀਆਂ ਕਵਿਤਾਵਾਂ ਸਿਧੇ ਤੌਰ 'ਤੇ ਦਿਲ ਦਿਮਾਗ ਵਿਚ ਉਤਰਦੀਆਂ ਹਨ। ਸਰਲ ਅਤੇ ਸਪਸ਼ਟ ਭਾਸ਼ਾ ਵਿਚ ਦ੍ਰਿਸ਼ ਚਿੱਤਰਣ ਦੀ ਠਾਠ ਅਲੱਗ ਹੀ ਹੁੰਦੀ ਹੈ। ਕਵਿਤਾ ਦਾ ਰੂਪ ਇਸ ਕੋਸ਼ਲਤਾ ਨਾਲ ਰਚਦੇ ਹਨ ਕਿ ਨਵ ਨਿਰਮਿਤ ਵਿਚਾਰ ਸਾਧਨਾ ਵਿਚ ਭਾਵ ਰੂਪ ਧਾਰਣ ਕਰ ਲੈਂਦੇ ਹਨ। ਪਰੰਪਰਾਵਾਂ ਵਿਚ ਰਹਿ ਕੇ ਨਵੇਂ ਮੋੜ, ਇਤਿਹਾਸਕ ਘਟਨਾਵਾਂ ਅਤੇ ਚਰਿਤਰਾਂ ਨੂੰ ਉਭਾਰਦੇ ਹਨ। ਕਵਿਤਾ ਵਿਚ ਰਿਧਮ ਲੈਅ ਝਰਨੇ ਦੀ ਰਵਾਨਗੀ ਵਾਗੂੰ ਅੰਤਰ ਨਿਹਿਤ ਹੁੰਦਾ ਹੈ। ਬਹੁਤ ਘੱਟ ਕਵੀ ਹਨ ਜੋ ਆਧਿਆਤਮਿਕ ਅਤੇ ਸਮਾਜ ਸੁਧਾਰਕ ਕਿਰਿਆਵਾਂ ਉਪਰ ਕਵਿਤਾ ਸਿਰਜਨ ਦਾ ਕਾਰਜ ਕਰਦੇ ਹਨ। ਸ਼ਬਦ ਹੀ ਕਵੀ ਦੀ ਸੰਪਦਾ ਹੈ। ਵਾਸਤਵ ਵਿਚ ਸੰਵੇਦਨਸ਼ੀਲਤਾ ਜੋ ਕਿ ਕਵੀ ਦੇ ਵਿਅਕਤੀਤਵ ਦਾ ਦੂਸਰਾ ਪਹਿਲੂ ਹੈ। ਉਸ ਦੀ ਹੋਂਦ ਦਾ ਗਤੀਸ਼ੀਲ ਅਤੇ ਪਰਿਵਰਤਨ ਸ਼ੀਲ ਅੰਗ ਹੁੰਦਾ ਹੈ।

ਰਿਆੜ ਨੇ ਇਹ ਕਵਿਤਾਵਾਂ, ਮਾਨਵ ਭਵਿੱਖ ਦੇ ਗੁਰੂਤਾ ਆਕਰਸ਼ਨ ਤੋਂ ਖਿੱਚ ਕੇ ਅਪਣੀ ਹੀ ਅੰਤਰ ਦ੍ਰਿਸ਼ਟੀ ਤੋਂ ਪ੍ਰੇਰਿਤ ਹੋ ਕੇ ਲਿਖੀਆਂ ਕਵਿਤਾਵਾਂ ਵਿਚ ਸੰਤਾਂ, ਮਹਾਂਪੁਰਸ਼ਾਂ ਦੀ ਵਾਸਤਵਿਤ ਸ਼ੈਲੀ ਵਿਚ ਸ਼ਰਧਾ ਪੂਰਵਕ ਸੰਦਰਭ ਨੂੰ ਮੁੱਖ ਰੱਖਿਆ ਗਿਆ ਹੈ ਜੋ ਮਾਨਵੀਏ ਪ੍ਰਤਿਸ਼ਠਾ ਦੇ ਪ੍ਰਤੀਕੂਲ ਹੈ। ਇਹ ਕਵਿਤਾਵਾਂ ਮਾਰਗ ਦਰਸ਼ਨ ਕਰਦੀਆਂ ਹੋਈਆਂ ਵਿਚਾਰਾਂ ਵਿਚ ਮਿੱਤਰਤਾ, ਦੇਸ਼ ਭਗਤੀ, ਪੈਦਾ ਕਰਦੀਆਂ ਹੋਈਆਂ ਅੰਧ ਵਿਸ਼ਵਾਸ਼ਾਂ ਨੂੰ ਨਜ਼ਰ ਅੰਦਾਜ਼ ਕਰਦੀਆਂ ਹਨ। ਹਨੇਰੇ ਵਿਚ ਪ੍ਰਕਾਸ਼ ਕਰਦੀਆਂ ਕਵਿਤਾਵਾਂ ਵਿਚਲੀ ਲੈਅ ਮੰਤਰ ਮੁਗਧਤਾ ਨੂੰ ਛੂਹਦੀਆਂ ਹਨ। ਅਪਣੀ ਵਿਰਾਸਤ ਨੂੰ ਸ਼ਾਨਦਾਰ ਢੰਗ ਨਾਲ ਬਣਾਏ ਰੱਖਣ ਦੀ ਦਲੀਲ ਅਪੀਲ ਉਜਾਗਰ ਕਰਦੀਆਂ ਹਨ। ਉਹ ਵੈਦਿਕ, ਦੈਹਿਕ, ਭੌਤਿਕ ਅਤੇ ਅਧਿਆਤਮਿਕਤਾ ਦਾ ਸੁਭਾਵਿਕ ਤੌਰ 'ਤੇ ਪਰਾਏਦਾਰੀ ਹੈ। ਆਸ਼ਾਵਾਂ, ਚਿੰਤਾਵਾਂ, ਨਿਰਾਸ਼ਾਵਾ, ਅੰਧ ਵਿਸ਼ਵਾਸੀ ਕਿਰਿਆਵਾਂ ਦੇ ਉਪਰ ਉਸ ਦੀ ਅੱਖਰ ਜਨਨੀ ਨੇ ਵਾਸਤਵਿਕ ਲੱਛਣ ਪੇਸ਼ ਕੀਤੇ ਹਨ। ਉਸ ਨੇ ਇਤਿਹਾਸਿਕ ਸ਼ਖ਼ਸੀਅਤਾਂ ਗੁਰੂ ਸਾਹਿਬਾਨਾਂ ਉਪਰ ਵੀ ਮਜ਼ਬੂਤ ਅਤੇ ਲੈਅਬੱਧ ਹਿਰਦੇ ਵੇਦਕ ਕਵਿਤਾਵਾਂ ਲਿਖ ਕੇ ਕਵੀ ਹੋਣ ਦਾ ਮਾਨ ਹਾਸਿਲ ਕੀਤਾ ਹੈ। ਉਸ ਦੀਆਂ ਕਵਿਤਾਵਾਂ ਵਿਚ ਭਾਵਬੋਧ, ਮਾਨਵੀਏ ਸੋਚ, ਸਾਮਜਿਕ ਸਰੋਕਾਰ ਦੀ ਯਥਾਰਥ ਤਸਵੀਰ ਉਭਰਦੀ ਨਜ਼ਰ ਆਉਂਦੀ ਹੈ।

ਕਵਿਤਾਵਾਂ ਦੀ ਭਾਸ਼ਾ ਸ਼ੈਲੀ, ਉਚਾਰਣ ਉਸ ਦੇ ਨਿਵੇਕਲੇ, ਦਿਲਖਿੱਚਵੇਂ ਅੰਦਾਜ਼ ਵਿਚ ਪੂਰੇ ਪੂਰੇ ਉਤਰਦੇ ਹਨ। ਕੁਝ ਕਵਿਤਾਵਾਂ ਵਿਚ ਦਵੰਦਾਤਮਿਕ ਅੰਤਰ ਦ੍ਰਿਸ਼ਟੀ ਨੂੰ ਉਜਾਗਰ ਕਰਕੇ ਮੌਲਿਕ ਅਤੇ ਅਛੂਤੇ ਬਿੰਧ ਪ੍ਰਦਾਨ ਕੀਤੇ ਹਨ। ਬੇਤੁਕੇਪਣ ਦੀ ਦਸ਼ਾ, ਦਿਸ਼ਾ ਜਾਂ ਘਟਨਾਵਾਂ ਦਾ ਵਰਨਣ ਕੋਹਾਂ ਮੀਲ ਦੂਰ ਹੈ। ਕਵਿਤਾਵਾਂ ਵਿਚ ਵੱਖ-ਵੱਖ ਛੰਦਾਂ ਦਾ ਪ੍ਰਯੋਗ ਕੀਤਾ ਗਿਆ ਹੈ। ਕਵਿਤਾ ਵਿਚ ਛੰਦੋਮਈ, ਲੈਯਾਤ ਮਿਕਤਾ, ਮਰਮਸ਼ਪਰਸ਼ੀ ਛੂਹਣ ਲੂੰਅ ਕੰਡੇ ਖੜ੍ਹੇ ਕਰਨ ਦੀ ਸਮਰਥਾ ਰਖਦੀ ਹੈ। ਸਿਖਿਅਕ ਅਤੇ ਮੱਧ ਵਰਗ ਦੇ ਦਰਮਿਆਨ ਕਾਵਿ ਸ਼ਕਤੀ ਅਪਣੀ ਹੋਂਦ ਬਣਾਉਂਦੀ ਹੋਈ ਨਜ਼ਰ ਆਉਂਦੀ ਹੈ। ਦਰਅਸਲ ਰਿਆੜ ਦੀ ਕਵਿਤਾ ਵਿਚ ਛੰਦਬੰਦੀ ਦੇ ਰੁਕਣਾ ਵਿਚ ਰਵਾਨਗੀ ਅਤੇ ਬਹਿਰਾਂ ਦੀ ਪਰਪੱਕਤਾ ਵਿਚ ਅਹਿਸਾਸ ਦੀ ਸ਼ਿੱਦਤ ਟਣਕਦੀ ਨਜ਼ਰ ਆਉਂਦੀ ਹੈ।

ਸਟੇਜੀ ਕਵਿਤਾ ਦਾ ਸਭ ਤੋਂ ਵੱਡਾ ਮੌਲਿਕ ਗੁਣ ਹੈ ਕਿ ਕਵੀ ਅਪਣੀ ਕਵਿਤਾ ਵਿਚ ਕੋਈ ਵੀ ਕਹਾਣੀ ਨੁਮਾ ਪ੍ਰਸੰਗ ਜਦ ਪੇਸ਼ ਕਰਦਾ ਹੈ ਤਾਂ ਕਵਿਤਾ ਦੀ ਅਗਲੀ ਲਾਈਨ ਅਪਣੇ ਨਿੱਜੀ ਅੰਦਾਜ਼ ਵਿਚ ਜਦ ਲਮਗਾ ਕੇ ਬੋਲਦਾ ਹੈ ਤਾਂ ਸਰੋਤੇ ਦੂਸਰੀ ਲਾਈਨ ਦਾ ਕਾਫੀਆ ਰਦੀਫ਼ ਸਹਿਜ ਸੁਭਾਅ ਹੀ ਫੜ ਲੈਂਦੇ ਹਨ। ਇਸ ਵਿਚ ਕਵੀ ਤੇ ਸਰੋਤਿਆਂ ਦਾ ਨਿੱਘਾ ਦਿਮਾਗੀ ਤਾਲਮੇਲ ਇਕਾਗਰਤਾ ਵਿਚ ਵਹਿਣ ਲਗਦਾ ਹੈ। ਇਹ ਗੁਣ ਰਿਆੜ ਦੀ ਕਵਿਤਾ ਤੇ ਅੰਦਾਜ਼ ਵਿਚ ਹੈ। ਉਹ ਦੇਸ਼ ਵਿਦੇਸ਼ ਦੇ ਕਵੀ ਦਰਬਾਰਾਂ ਵਿਚ ਭਾਗ ਲੈਂਦਾ ਆ ਰਿਹਾ ਹੈ। ਕਈ ਮਾਨ ਸਨਮਾਨ ਹਾਸਿਲ ਕਰ ਚੁੱਕਾ ਹੈ।

ਰਿਆੜ ਨੇ ਕਿਹਾ ਕਿ ਨੌਜਵਾਨਾਂ ਦੇ ਨਾਮ ਸੰਦੇਸ਼ ਹੈ ਕਿ ਅਪਣੀਆਂ ਪਰੰਪਰਾਵਾਂ ਵਾਲੀਆਂ ਕਵਿਤਾਵਾਂ, ਵਿਧਾਵਾਂ ਦੀ ਜ਼ਮੀਨ ਨਾ ਛੱਡੋ। ਵਿਦੇਸ਼ੀ ਆਧੁਨਿਕ ਕਾਵਿ ਨਿਯਮਾਂ, ਵਿਧਾਵਾਂ ਛੜ ਕੇ ਅਪਣੀ ਪੰਜਾਬੀ ਮਾਂ ਬੋਲੀ ਵਿਚ ਪਰੰਪਰਾਗਤ ਵਿਧਾਵਾਂ ਨੂੰ ਅਪਣਾਇਆ ਜਾਏ। ਉਸ ਦਾ ਪਤਾ ਹੈ ਹਾਊਸ ਨੰਬਰ 9 ਗੁਰੂ ਰਾਮਦਾਸ ਕਾਲੋਨੀ ਮਿੱਠਾਪੁਰ, ਜਾਲੰਧਰ। ਉਸ ਦਾ ਕਨੇਡਾ ਦਾ ਪਤਾ ਹੈ, 41 ਐਵੀਨੀਊ ਐਡਮਿੰਟਨ।

# ਦੁਨੀਆ ਦਾ ਸਭ ਤੋਂ ਦਲੇਰ ਇਨਸਾਨ - ਫ਼ੇਲਿਕਸ ਬੌਮਗਾਰਟਨਰ

ਸੰਦੀਪ ਕੁਮਾਰ
7009807121



ਜਦੋਂ ਅਸੀਂ ਹਿੰਮਤ ਅਤੇ ਦਲੇਰੀ ਦੀਆਂ ਕਹਾਣੀਆਂ ਸੁਣਦੇ ਹਾਂ, ਤਾਂ ਕੁਝ ਨਾਮ ਇਤਿਹਾਸ ਦੇ ਪੰਨਿਆਂ ਵਿੱਚ ਸਦਾ ਲਈ ਅਮਰ ਹੋ ਜਾਂਦੇ ਹਨ। ਅਜਿਹਾ ਹੀ ਇੱਕ ਨਾਮ ਹੈ ਫ਼ੇਲਿਕਸ ਬੌਮਗਾਰਟਨਰ, ਉਹ ਵਿਅਕਤੀ ਜਿਸ ਨੇ ਸਪੇਸ ਦੇ ਕੰਢੇ ਤੋਂ ਧਰਤੀ ਵੱਲ ਛਾਲ ਮਾਰ ਕੇ ਨਾ ਸਿਰਫ਼ ਵਿਸ਼ਵ ਰਿਕਾਰਡ ਬਣਾਏ, ਸਗੋਂ ਮਨੁੱਖੀ ਸੀਮਾਵਾਂ ਦੀ ਪਰਖ ਦਾ ਇੱਕ ਨਵਾਂ ਅਧਿਆਏ ਵੀ ਲਿਖਿਆ। ਮਿਤੀ 14 ਅਕਤੂਬਰ 2012 ਦਾ ਉਹ ਦਿਨ, ਜਦੋਂ ਫ਼ੇਲਿਕਸ ਨੇ ਸਟ੍ਰੈਟੋਸਫੀਅਰ ਤੋਂ ਛਾਲ ਮਾਰੀ, ਸਿਰਫ਼ ਇੱਕ ਐਡਵੈਂਚਰ ਨਹੀਂ ਸੀ, ਸਗੋਂ ਵਿਗਿਆਨ, ਹਿੰਮਤ ਅਤੇ ਮਨੁੱਖੀ ਇੱਛਾ-ਸ਼ਕਤੀ ਦਾ ਅਨੋਖਾ ਸੰਗਮ ਸੀ। ਇਹ ਕਹਾਣੀ ਹੈ ਇੱਕ ਅਜਿਹੇ ਇਨਸਾਨ ਦੀ, ਜਿਸ ਨੇ ਅਸੰਭਵ ਨੂੰ ਸੰਭਵ ਬਣਾ ਕੇ ਦੁਨੀਆ ਨੂੰ ਹੈਰਾਨ ਕਰ ਦਿੱਤਾ।

ਫ਼ੇਲਿਕਸ ਬੌਮਗਾਰਟਨਰ ਦਾ ਜਨਮ 20 ਅਪ੍ਰੈਲ 1969 ਨੂੰ ਆਸਟਰੀਆ ਦੇ ਸਾਲਜ਼ਬਰਗ ਸ਼ਹਿਰ ਵਿੱਚ ਹੋਇਆ। ਉਸ ਦਾ ਬਚਪਨ ਕਿਸੇ ਸਾਧਾਰਨ ਬੱਚੇ ਵਾਂਗ ਹੀ ਸੀ, ਪਰ ਉਸ ਦੇ ਸੁਪਨੇ ਸਾਧਾਰਨ ਨਹੀਂ ਸਨ। ਜਦੋਂ ਹੋਰ ਬੱਚੇ ਖਿਡੌਣਿਆਂ ਜਾਂ ਖੇਡਾਂ ਵਿੱਚ ਮਸਤ ਹੁੰਦੇ ਸਨ, ਫ਼ੇਲਿਕਸ ਦੀਆਂ ਅੱਖਾਂ ਅਕਸਰ ਆਕਾਸ਼ ਵੱਲ ਉੱਠਦੀਆਂ ਸਨ। ਉੱਡਦੇ ਜਹਾਜ਼, ਪੈਰਾਸ਼ੂਟ ਨਾਲ ਉਤਰਦੇ ਜੰਪਰ ਅਤੇ ਅਸਮਾਨ ਦੀਆਂ ਬੁਲੰਦੀਆਂ ਉਸ ਨੂੰ ਕਿਸੇ ਜਾਦੂ ਵਾਂਗ ਖਿੱਚਦੀਆਂ ਸਨ। ਉਸ ਦੇ ਦਿਲ ਵਿੱਚ ਇੱਕ ਸੁਪਨਾ ਪਲ ਰਿਹਾ ਸੀ-ਉਹ ਸੁਪਨਾ ਜੋ ਆਮ ਲੋਕ ਸੋਚਣ ਤੋਂ ਵੀ ਡਰਦੇ ਹਨ। ਫ਼ੇਲਿਕਸ ਨੂੰ ਉੱਚਾਈਆਂ ਨਾਲ ਪਿਆਰ ਸੀ, ਅਤੇ ਉਸ ਨੇ ਇਹ ਪਿਆਰ ਆਪਣੀ ਜ਼ਿੰਦਗੀ ਦਾ ਮਕਸਦ ਬਣਾ ਲਿਆ। ਬਚਪਨ ਦੇ ਲਏ ਹੋਏ ਸੁਪਨੇ ਅਤੇ ਸੋਚਾਂ, ਉਸ ਨੂੰ ਉਸ ਰਾਹ ਵੱਲ ਲੈ ਗਈਆਂ ਜਿੱਥੇ ਉਸ ਨੇ ਨਾ ਸਿਰਫ਼ ਆਪਣੇ ਸੁਪਨਿਆਂ ਨੂੰ ਸੱਚ ਕਰਨ ਦੀ ਤਿਆਰੀ ਸ਼ੁਰੂ ਕੀਤੀ, ਸਗੋਂ ਮਨੁੱਖੀ ਸਮਰੱਥਾ ਦੀਆਂ ਸੀਮਾਵਾਂ ਨੂੰ ਵੀ ਚੁਣੌਤੀ ਦਿੱਤੀ। ਉਸ ਦੀ ਇਹ ਖਿੱਚ ਅਤੇ ਜਨੂੰਨ ਉਸ ਨੂੰ ਉਸ ਮੰਜ਼ਿਲ ਵੱਲ ਲੈ ਗਿਆ ਜਿੱਥੇ ਉਸ ਨੇ ਇਤਿਹਾਸ ਰਚਿਆ।

ਫ਼ੇਲਿਕਸ ਦੀ ਜਵਾਨੀ ਵਿੱਚ ਉਸ ਨੇ ਆਸਟਰੀਆ ਦੀ ਫ਼ੌਜ ਵਿੱਚ ਸੇਵਾ ਕੀਤੀ, ਜਿੱਥੇ ਉਸ ਨੂੰ ਪੈਰਾਸ਼ੂਟ ਜੰਪਿੰਗ ਅਤੇ ਸਕਾਈਡਾਈਵਿੰਗ ਦੀ ਸਿਖਲਾਈ ਮਿਲੀ। ਇਹ ਸਿਖਲਾਈ ਉਸ ਦੇ ਜੀਵਨ ਦਾ ਇੱਕ ਮਹੱਤਵਪੂਰਨ ਮੋੜ ਸੀ। ਫ਼ੌਜ ਵਿੱਚ ਉਸ ਨੇ ਨਾ ਸਿਰਫ਼ ਸਕਾਈਡਾਈਵਿੰਗ ਦੀਆਂ ਬਰੀਕੀਆਂ ਸਿੱਖੀਆਂ, ਸਗੋਂ ਅਨੁਸ਼ਾਸਨ ਅਤੇ ਜੋਖਮ ਝੱਲਣ ਦੀ ਸਮਰੱਥਾ ਵੀ ਵਿਕਸਤ ਕੀਤੀ। ਫ਼ੌਜ ਤੋਂ ਬਾਅਦ, ਫ਼ੇਲਿਕਸ ਨੇ ਬੇਸ ਜੰਪਿੰਗ ਦੀ ਦੁਨੀਆ ਵਿੱਚ ਕਦਮ ਰੱਖਿਆ। ਬੇਸ ਜੰਪਿੰਗ, ਜੋ ਕਿ ਬਿਲਡਿੰਗ, ਐਂਟੇਨਾ, ਸਪੈਨ (ਪੁਲ) ਅਤੇ ਅਰਥ (ਪਹਾੜ ਜਾਂ ਚੱਟਾਨਾਂ) ਤੋਂ ਛਾਲ ਮਾਰਨ ਦੀ ਇੱਕ ਖਤਰਨਾਕ ਖੇਡ ਹੈ, ਫ਼ੇਲਿਕਸ ਦੀ ਹਿੰਮਤ ਅਤੇ ਮੁਹਾਰਤ ਦੀ ਅਸਲ ਪਰਖ ਸੀ। ਉਸ ਨੇ ਸੰਸਾਰ ਭਰ ਵਿੱਚ ਉੱਚੀਆਂ ਇਮਾਰਤਾਂ, ਪੁਲਾਂ ਅਤੇ ਪਹਾੜਾਂ ਤੋਂ ਛਾਲਾਂ ਮਾਰੀਆਂ। ਉਸ ਦੀਆਂ ਇਨ੍ਹਾਂ ਛਾਲਾਂ ਨੇ ਉਸ ਨੂੰ



ਸੰਸਾਰ ਭਰ ਵਿੱਚ ਮਸ਼ਹੂਰੀ ਦਿਵਾਈ, ਪਰ ਉਸ ਦਾ ਸੁਪਨਾ ਇਸ ਤੋਂ ਕਿਤੇ ਵੱਡਾ ਸੀ। ਉਹ ਸਪੇਸ ਦੇ ਕੰਢੇ ਤੋਂ ਧਰਤੀ ਵੱਲ ਛਾਲ ਮਾਰਨਾ ਚਾਹੁੰਦਾ ਸੀ- ਇੱਕ ਅਜਿਹਾ ਕਾਰਨਾਮਾ ਜੋ ਨਾ ਸਿਰਫ਼ ਖਤਰਨਾਕ ਸੀ, ਸਗੋਂ ਅਸੰਭਵ ਜਾਪਦਾ ਸੀ। ਇਸ ਸੁਪਨੇ ਨੂੰ ਸੱਚ ਕਰਨ ਲਈ ਉਸ ਨੂੰ ਸਾਲਾਂ ਦੀ ਤਿਆਰੀ, ਵਿਗਿਆਨਕ ਸਹਾਇਤਾ ਅਤੇ ਅਟੁੱਟ ਹਿੰਮਤ ਦੀ ਲੋੜ ਸੀ।

“ਰੈੱਡ ਬੁੱਲ ਸਟ੍ਰੈਟੋਸ ਪ੍ਰੋਜੈਕਟ” ਫ਼ੇਲਿਕਸ ਦੇ ਇਸ ਅਸੰਭਵ ਸੁਪਨੇ ਨੂੰ ਹਕੀਕਤ ਵਿੱਚ ਬਦਲਣ ਦਾ ਜ਼ਰੀਆ ਬਣਿਆ। ਇਹ ਪ੍ਰੋਜੈਕਟ ਸਿਰਫ਼ ਇੱਕ ਐਡਵੈਂਚਰ ਨਹੀਂ ਸੀ, ਸਗੋਂ ਵਿਗਿਆਨ ਅਤੇ ਖੇਡਾਂ ਦਾ ਇੱਕ ਅਨੋਖਾ ਮਿਲਾਪ ਸੀ। ਇਸ ਦਾ ਮੁੱਖ ਮਕਸਦ ਸੀ ਮਨੁੱਖੀ ਸਰੀਰ ਦੀਆਂ ਸੀਮਾਵਾਂ ਦੀ ਪਰਖ ਕਰਨਾ, ਉੱਚਾਈਆਂ ਤੋਂ ਛਾਲ ਮਾਰਨ ਨਾਲ ਜੁੜੀਆਂ ਸੁਰੱਖਿਆ ਤਕਨੀਕਾਂ ਦਾ ਵਿਕਾਸ ਕਰਨਾ ਅਤੇ ਨਵੇਂ ਪੈਰਾਸ਼ੂਟ ਸਿਸਟਮ ਤੇ ਪ੍ਰੈਸ਼ਰ ਸੂਟ ਦੀ ਜਾਂਚ ਕਰਨਾ। ਇਸ ਪ੍ਰੋਜੈਕਟ ਦੀ ਤਿਆਰੀ ਵਿੱਚ ਲਗਭਗ ਪੰਜ ਸਾਲ ਲੱਗੇ। ਇੰਜੀਨੀਅਰਾਂ, ਡਾਕਟਰਾਂ, ਅੰਤਰਿਕਸ਼ ਵਿਗਿਆਨੀਆਂ ਅਤੇ ਹੋਰ ਮਾਹਰਾਂ ਦੀ ਇੱਕ ਵੱਡੀ ਟੀਮ ਨੇ ਫ਼ੇਲਿਕਸ ਦੇ ਸੁਪਨੇ ਨੂੰ ਸੰਭਵ ਬਣਾਉਣ ਲਈ ਦਿਨ-ਰਾਤ ਮਿਹਨਤ ਕੀਤੀ। ਇਸ ਦੌਰਾਨ ਇੱਕ ਖ਼ਾਸ ਪ੍ਰੈਸ਼ਰ ਸੂਟ ਤਿਆਰ ਕੀਤਾ ਗਿਆ, ਜੋ ਫ਼ੇਲਿਕਸ ਨੂੰ ਸਟ੍ਰੈਟੋਸਫੀਅਰ ਦੇ ਅਤਿ-ਨੀਚੇ ਦਬਾਅ ਅਤੇ ਠੰਢ ਵਿੱਚ ਜਿਉਂਦਾ ਰੱਖ ਸਕੇ। ਨਾਲ ਹੀ, ਇੱਕ ਵਿਸ਼ਾਲ ਹੀਲਿਅਮ ਗੁਬਾਰਾ ਤਿਆਰ ਕੀਤਾ ਗਿਆ, ਜੋ ਫ਼ੇਲਿਕਸ ਨੂੰ 39 ਕਿਲੋਮੀਟਰ ਦੀ ਉਚਾਈ ਤੱਕ ਲੈ ਜਾ ਸਕੇ। ਇਹ ਸਾਰੀ ਤਿਆਰੀ ਸਿਰਫ਼ ਇੱਕ ਛਾਲ ਲਈ ਨਹੀਂ ਸੀ, ਸਗੋਂ ਇੱਕ ਅਜਿਹੇ ਕਾਰਨਾਮੇ ਲਈ ਸੀ ਜੋ ਮਨੁੱਖੀ ਇਤਿਹਾਸ ਨੂੰ ਨਵਾਂ ਮੋੜ ਦੇਵੇ।

14 ਅਕਤੂਬਰ 2012 ਦੀ ਸਵੇਰ, ਅਮਰੀਕਾ ਦੇ ਨਿਊ ਮੈਕਸੀਕੋ ਰਾਜ ਦੇ ਰੇਗਿਸਤਾਨ ਵਿੱਚ, ਸਾਰੀ ਦੁਨੀਆ ਦੀਆਂ ਅੱਖਾਂ ਫ਼ੇਲਿਕਸ ਬੌਮਗਾਰਟਨਰ ’ਤੇ ਟਿਕੀਆਂ ਹੋਈਆਂ ਸਨ। ਉਹ ਇੱਕ ਹੀਲਿਅਮ ਗੁਬਾਰੇ ਨਾਲ ਜੁੜੇ ਕੈਪਸੂਲ ਵਿੱਚ ਸਵਾਰ ਹੋ ਕੇ ਆਕਾਸ਼ ਵੱਲ ਉਡਾਣ ਭਰਨ ਲਈ ਤਿਆਰ ਸੀ। ਇਹ ਚੜ੍ਹਾਈ ਲਗਭਗ ਦੋ ਘੰਟੇ 40 ਮਿੰਟ ਚੱਲੀ, ਅਤੇ ਫ਼ੇਲਿਕਸ 39,045 ਮੀਟਰ (ਲਗਭਗ 39 ਕਿਲੋਮੀਟਰ) ਦੀ ਉਚਾਈ ਤੱਕ ਪਹੁੰਚ ਗਿਆ। ਇਹ ਉਚਾਈ ਸਟ੍ਰੈਟੋਸਫੀਅਰ ਦੇ ਅੰਦਰ ਸੀ, ਜਿੱਥੇ ਧਰਤੀ ਇੱਕ ਨੀਲੀ ਗੋਲੀ ਵਾਂਗ ਦਿਖਾਈ ਦਿੰਦੀ ਹੈ ਅਤੇ ਅਸਮਾਨ ਕਾਲਾ ਹੁੰਦਾ ਹੈ। ਉਸ ਸਮੇਂ ਬਾਹਰ ਦਾ ਤਾਪਮਾਨ-57 ਡਿਗਰੀ ਸੈਲਸੀਅਸ ਦੇ ਨੇੜੇ ਸੀ, ਅਤੇ ਹਵਾ ਦਾ ਦਬਾਅ ਲਗਭਗ ਜ਼ੀਰੋ ਸੀ। ਅਜਿਹੇ ਮਾਹੌਲ ਵਿੱਚ ਜੀਉਣਾ ਆਮ ਇਨਸਾਨ ਲਈ ਅਸੰਭਵ ਸੀ, ਪਰ ਫ਼ੇਲਿਕਸ ਦਾ ਪ੍ਰੈਸ਼ਰ ਸੂਟ ਅਤੇ ਉਸ ਦੀ ਅਟੁੱਟ ਹਿੰਮਤ ਨੇ ਉਸ ਨੂੰ ਇਸ ਚੁਣੌਤੀ ਲਈ ਤਿਆਰ ਕੀਤਾ ਸੀ। ਕੈਪਸੂਲ ਦੇ ਦਰਵਾਜ਼ੇ ’ਤੇ ਖੜ੍ਹੇ ਹੋ ਕੇ, ਫ਼ੇਲਿਕਸ ਨੇ ਧਰਤੀ ਵੱਲ ਵੇਖਿਆ। ਉਸ ਦੇ ਸਾਹਮਣੇ ਸੀ ਸਪੇਸ ਦੀ ਸੀਮਾ ਅਤੇ ਹੇਠਾਂ ਧਰਤੀ ਦੀ ਅਥਾਹ ਡੂੰਘਾਈ। ਉਸ ਨੇ ਇੱਕ ਪਲ ਲਈ ਰੁਕ ਕੇ ਕਿਹਾ, “ਕਈ ਵਾਰ ਤੁਹਾਨੂੰ ਬਹੁਤ ਉੱਚਾ ਜਾਣਾ ਪੈਂਦਾ ਹੈ ਤਾਂ ਕਿ ਤੁਸੀਂ ਜਾਣ ਸਕੋ ਕਿ ਤੁਸੀਂ ਕਿੰਨੇ ਛੋਟੇ ਹੋ।” ਇਹ ਸ਼ਬਦ ਸਿਰਫ਼ ਇੱਕ ਵਾਕ ਨਹੀਂ ਸਨ, ਸਗੋਂ ਉਸ ਦੀ ਜ਼ਿੰਦਗੀ ਦੇ ਉੱਚੇ ਆਦਰਸ਼ਾਂ ਦਾ ਪ੍ਰਤੀਕ ਸਨ।

ਫਿਰ ਆਇਆ ਉਹ ਪਲ ਜਿਸ ਦੀ ਦੁਨੀਆ ਉਡੀਕ ਕਰ ਰਹੀ ਸੀ। ਫ਼ੇਲਿਕਸ ਨੇ ਆਪਣੇ ਆਪ ਨੂੰ ਸਟ੍ਰੈਟੋਸਫੀਅਰ ਦੀ ਅਥਾਹ ਖਾਈ ਵਿੱਚ ਛੱਡ ਦਿੱਤਾ। ਜਿਵੇਂ ਹੀ ਉਸ ਨੇ ਛਾਲ ਮਾਰੀ, ਉਹ ਤੇਜ਼ੀ ਨਾਲ ਧਰਤੀ ਵੱਲ ਡਿੱਗਣ ਲੱਗਾ। ਕੁਝ ਹੀ ਸਕਿੰਟਾਂ ਵਿੱਚ, ਉਸ ਨੇ ਧੁਨੀ ਦੀ ਗਤੀ (1236 ਕਿਲੋਮੀਟਰ ਪ੍ਰਤੀ ਘੰਟਾ) ਨੂੰ ਪਾਰ ਕਰ ਲਿਆ। ਉਸ ਦੀ ਵੱਧ ਤੋਂ ਵੱਧ ਗਤੀ 1,357.6 ਕਿਲੋਮੀਟਰ ਪ੍ਰਤੀ ਘੰਟਾ (843.6 ਮੀਲ ਪ੍ਰਤੀ ਘੰਟਾ) ਸੀ, ਜੋ ਮਨੁੱਖੀ ਇਤਿਹਾਸ ਵਿੱਚ ਪਹਿਲੀ ਵਾਰ ਸੀ ਜਦੋਂ ਕਿਸੇ ਨੇ ਬਿਨਾਂ ਜਹਾਜ਼ ਜਾਂ ਰਾਕਟ ਦੀ ਮਦਦ ਦੇ ਧੁਨੀ ਦੀ ਗਤੀ ਤੋੜੀ। ਉਸ ਦੀ ਇਹ ਛਲਾਂਗ ਲਗਭਗ 4 ਮਿੰਟ 20 ਸਕਿੰਟ ਚੱਲੀ। ਇਸ ਦੌਰਾਨ, ਉਸ ਨੂੰ ਕਈ ਖਤਰਿਆਂ ਦਾ ਸਾਹਮਣਾ ਕਰਨਾ ਪਿਆ, ਜਿਵੇਂ ਕਿ ਤੇਜ਼ ਘੁੰਮਣ (ਸਪਿਨ) ਕਾਰਨ ਬੇਹੋਸ਼ੀ ਦਾ ਖਤਰਾ। ਪਰ ਫ਼ੇਲਿਕਸ ਦੀ ਸਿਖਲਾਈ ਅਤੇ ਮਾਨਸਿਕ ਮਜ਼ਬੂਤੀ ਨੇ ਉਸ ਨੂੰ ਸਥਿਰ ਰੱਖਿਆ। ਅੰਤ ਵਿੱਚ, ਉਸ ਨੇ ਸਹੀ ਸਮੇਂ ’ਤੇ ਪੈਰਾਸ਼ੂਟ ਖੋਲ੍ਹਿਆ ਅਤੇ ਨਿਊ ਮੈਕਸੀਕੋ ਦੇ ਰੇਗਿਸਤਾਨ ਵਿੱਚ ਸੁਰੱਖਿਅਤ ਉਤਰਿਆ। ਜਦੋਂ ਉਸ ਦੇ ਪੈਰ ਧਰਤੀ ਨੂੰ ਛੂਹੇ, ਸਾਰੀ ਦੁਨੀਆ ਨੇ ਰਾਹਤ ਦਾ ਸਾਹ ਲਿਆ ਅਤੇ ਉਸ ਦੀ ਹਿੰਮਤ ਨੂੰ ਸਲਾਮ ਕੀਤਾ।

ਫ਼ੇਲਿਕਸ ਦੀ ਇਸ ਛਾਲ ਨੇ ਤਿੰਨ ਮੁੱਖ ਵਿਸ਼ਵ ਰਿਕਾਰਡ ਬਣਾਏ। ਪਹਿਲਾ, ਸਭ ਤੋਂ ਉੱਚੀ ਉਚਾਈ ਤੋਂ ਛਾਲ, ਜੋ 39,045 ਮੀਟਰ ਸੀ। ਦੂਜਾ, ਬਿਨਾਂ ਜਹਾਜ਼ ਜਾਂ ਰਾਕਟ ਦੀ ਮਦਦ ਦੇ ਧੁਨੀ ਦੀ ਗਤੀ ਤੋੜਨ ਵਾਲਾ ਪਹਿਲਾ ਮਨੁੱਖ ਅਤੇ ਤੀਜਾ, ਹੀਲਿਅਮ ਗੁਬਾਰੇ ਨਾਲ ਸਭ ਤੋਂ ਉੱਚੀ ਉਚਾਈ ਤੱਕ ਯਾਤਰਾ। ਇਹ ਰਿਕਾਰਡ ਸਿਰਫ਼ ਨੰਬਰ ਨਹੀਂ ਸਨ, ਸਗੋਂ ਮਨੁੱਖੀ ਹਿੰਮਤ, ਵਿਗਿਆਨ ਅਤੇ ਤਕਨੀਕ ਦੀ ਜਿੱਤ ਦੇ ਪ੍ਰਤੀਕ ਸਨ। ਇਸ ਛਾਲ ਦੌਰਾਨ ਫ਼ੇਲਿਕਸ ਨੂੰ ਕਈ ਜਾਨਲੇਵਾ ਖਤਰਿਆਂ ਦਾ ਸਾਹਮਣਾ ਕਰਨਾ ਪਿਆ। ਸਟ੍ਰੈਟੋਸਫੀਅਰ ਦੇ ਨੀਚੇ ਦਬਾਅ ਵਿੱਚ, ਜੇਕਰ ਪ੍ਰੈਸ਼ਰ ਸੂਟ ਵਿੱਚ ਜਰਾ ਜਿਹਾ ਵੀ ਰਿਸਾਵ ਹੁੰਦਾ, ਤਾਂ ਫ਼ੇਲਿਕਸ ਦੀ ਮੌਤ ਸਕਿੰਟਾਂ ਵਿੱਚ ਹੋ ਸਕਦੀ ਸੀ। ਤੇਜ਼ ਗਤੀ ਨਾਲ ਘੁੰਮਣ (ਸਪਿਨ) ਕਾਰਨ ਉਸ ਦੇ ਦਿਮਾਗ ਨੂੰ ਨੁਕਸਾਨ ਜਾਂ ਬੇਹੋਸ਼ੀ ਦਾ ਖਤਰਾ ਸੀ। ਇਸ ਦੇ ਨਾਲ ਹੀ -57 ਡਿਗਰੀ ਸੈਲਸੀਅਸ ਦੇ ਤਾਪਮਾਨ ਵਿੱਚ ਸਰੀਰ ਦੇ ਜਮ ਜਾਣ ਦੀ ਸੰਭਾਵਨਾ ਵੀ ਸੀ। ਪਰ ਫ਼ੇਲਿਕਸ ਅਤੇ ਉਸ ਦੀ ਟੀਮ ਨੇ ਹਰ ਸੰਭਵ ਖਤਰੇ ਲਈ ਤਿਆਰੀ ਕੀਤੀ ਸੀ। ਸਾਲਾਂ ਦੀ ਸਿਖਲਾਈ, ਵਿਗਿਆਨਕ ਖੋਜ ਅਤੇ ਅਤਿ-ਆਧੁਨਿਕ ਤਕਨੀਕ ਨੇ ਇਸ ਅਸੰਭਵ ਮਿਸ਼ਨ ਨੂੰ ਸੰਭਵ ਬਣਾਇਆ।

ਫ਼ੇਲਿਕਸ ਬੌਮਗਾਰਟਨਰ ਦੀ ਇਹ ਛਾਲ ਸਿਰਫ਼ ਇੱਕ ਐਡਵੈਂਚਰ ਨਹੀਂ ਸੀ, ਸਗੋਂ ਵਿਗਿਆਨ ਅਤੇ ਅੰਤਰਿਕਸ਼ ਖੋਜ ਲਈ ਇੱਕ ਵੱਡਾ ਯੋਗਦਾਨ ਸੀ। ਇਸ ਮਿਸ਼ਨ ਨੇ ਭਵਿੱਖ ਦੇ ਅੰਤਰਿਕਸ਼ ਯਾਤਰੀਆਂ ਲਈ ਸੁਰੱਖਿਆ ਤਕਨੀਕਾਂ ਦੇ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਨਵੇਂ ਪ੍ਰੈਸ਼ਰ ਸੂਟ, ਪੈਰਾਸ਼ੂਟ ਸਿਸਟਮ ਅਤੇ ਹੀਲਿਅਮ ਗੁਬਾਰੇ ਦੀ ਤਕਨੀਕ ਨੇ ਅੰਤਰਿਕਸ਼ ਯਾਤਰਾ ਦੇ ਨਵੇਂ ਦਰਵਾਜ਼ੇ ਖੋਲ੍ਹੇ। ਇਸ ਤੋਂ ਇਲਾਵਾ, ਫ਼ੇਲਿਕਸ ਦੀ ਇਸ ਕਾਰਗੁਜ਼ਾਰੀ ਨੇ ਦੁਨੀਆ ਭਰ ਦੇ ਲੋਕਾਂ ਨੂੰ ਪ੍ਰੇਰਿਤ ਕੀਤਾ। ਉਸ ਨੇ ਸਾਬਤ ਕਰ ਦਿੱਤਾ ਕਿ ਜੇਕਰ ਦਿਲ ਵਿੱਚ ਜਨੂੰਨ ਹੋਵੇ, ਮਨ ਵਿੱਚ ਦ੍ਰਿੜਤਾ ਹੋਵੇ ਅਤੇ ਸਹੀ ਤਿਆਰੀ ਹੋਵੇ, ਤਾਂ ਕੋਈ ਵੀ ਸੁਪਨਾ ਅਸੰਭਵ ਨਹੀਂ ਹੈ। ਉਸ ਦੀ ਇਹ ਛਾਲ ਸਿਰਫ਼ ਇੱਕ ਵਿਅਕਤੀ ਦੀ ਜਿੱਤ ਨਹੀਂ ਸੀ, ਸਗੋਂ ਮਨੁੱਖੀ ਇੱਛਾ-ਸ਼ਕਤੀ ਅਤੇ ਵਿਗਿਆਨ ਦੀ ਸਾਂਝੀ ਜਿੱਤ ਸੀ। ਫ਼ੇਲਿਕਸ ਬੌਮਗਾਰਟਨਰ ਦੀ ਸਪੇਸ ਤੋਂ ਧਰਤੀ ਵੱਲ ਛਾਲ ਇੱਕ ਅਜਿਹਾ ਕਾਰਨਾਮਾ ਹੈ ਜੋ ਸਦੀਆਂ ਤੱਕ ਯਾਦ ਰਹੇਗਾ। ਉਸ ਨੇ ਨਾ ਸਿਰਫ਼ ਆਪਣੇ ਸੁਪਨਿਆਂ ਨੂੰ ਪੂਰਾ ਕੀਤਾ, ਸਗੋਂ ਦੁਨੀਆ ਨੂੰ ਇੱਕ ਨਵੀਂ ਪ੍ਰੇਰਣਾ ਦਿੱਤੀ। ਉਸ ਦੀ ਹਿੰਮਤ, ਦ੍ਰਿੜਤਾ ਅਤੇ ਅਸੰਭਵ ਨੂੰ ਸੰਭਵ ਬਣਾਉਣ ਦੀ ਲਗਨ ਨੇ ਉਸ ਨੂੰ “ਦੁਨੀਆ ਦਾ ਸਭ ਤੋਂ ਦਲੇਰ ਇਨਸਾਨ” ਦਾ ਖਿਤਾਬ ਦਿਵਾਇਆ। ਫ਼ੇਲਿਕਸ ਦੀ ਕਹਾਣੀ ਸਾਨੂੰ ਸਿਖਾਉਂਦੀ ਹੈ ਕਿ ਸੁਪਨੇ ਜੋ ਅਸੰਭਵ ਜਾਪਦੇ ਹਨ, ਉਹ ਵੀ ਸੱਚ ਹੋ ਸਕਦੇ ਹਨ, ਜੇਕਰ ਅਸੀਂ ਉਨ੍ਹਾਂ ਨੂੰ ਪੂਰਾ ਕਰਨ ਦੀ ਹਿੰਮਤ ਰੱਖੀਏ।

ਐਮ.ਸੀ.ਏ, ਐਮ.ਏ ਮਨੋਵਿਗਿਆਨ, ਰੂਪਨਗਰ
liberalthinker1621@gmail.com